# ਇਸਲਾਮ ਧਰਮ

ਸੱਯਦ ਅਬੁਲ ਆਲਾ ਮੌਦੂਦੀ (ਰਹਿ.)

Scanned with CamScanner

ਈਸ਼ਵਰ ਦੇ ਨਾਂ ਨਾਲ ਜਿਹੜਾ ਅਤਿਅੰਤ ਦਯਾਵਾਨ ਅਤੇ ਕ੍ਰਿਪਾਸ਼ੀਲ ਹੈ

# ਭੂਮਿਕਾ

ਇਹ ਨਿੱਕੀ ਜਿਹੀ ਪੁਸਤਕ ਵਿਸ਼ੇਸ਼ ਕਰ ਕੇ ਉਹਨਾਂ ਨੌਜਵਾਨਾਂ ਲਈ ਲਿਖੀ ਗਈ ਹੈ ਜਿਹੜੇ ਹਾਈ ਸਕੂਲਾਂ ਦੀਆਂ ਅਖੀਰਲੀਆਂ ਤੇ ਕਾਲਜ ਦੀਆਂ ਮੁਢਲੀਆਂ ਸ਼੍ਰੇਣੀਆਂ ਦੇ ਵਿਦਿਆਰਥੀ ਹਨ। ਇਹਨਾਂ ਤੋਂ ਬਿਨਾਂ ਆਮ ਪਾਠਕ ਵੀ ਇਸ ਤੋਂ ਲਾਭ ਉਠਾ ਸਕਦੇ ਹਨ। ਇਸ ਦੇ ਪਹਿਲੇ ਹੀ ਐਡੀਸ਼ਨ ਨੂੰ ਜਿਹੜਾ 1937 ਈ: ਵਿੱਚ ਪ੍ਰਕਾਸ਼ਤ ਹੋਇਆ, ਭਾਰਤ ਦੇ ਬਹੁਤ ਸਾਰੇ ਮਦਰਸਿਆਂ ਨੇ ਅਤੇ ਪਾਕਿਸਤਾਨ ਦੀ ਸਥਾਪਨਾ ਪਿੱਛੋਂ ਪਾਕਿਸਤਾਨ ਦੇ ਬਹੁਤ ਸਾਰੇ ਸਕੂਲਾਂ ਨੇ ਆਪਣੀਆਂ ਉੱਚ ਸ਼੍ਰੇਣੀਆਂ ਦੇ ਸਿਲੇਬਸ ਵਿੱਚ ਸ਼ਾਮਲ ਕਰ ਲਿਆ। ਇਹ ਬਹੁਤ ਵਾਰ ਪ੍ਰਕਾਸ਼ਤ ਹੋ ਚੁੱਕੀ ਹੈ। ਸੰਸਾਰ ਦੀਆਂ ਪੰਜ ਅੰਤਰ-ਰਾਸ਼ਟਰੀ ਭਾਸ਼ਾਵਾਂ ਵਿੱਚ ਇੱਕ ਲੱਖ ਤੋਂ ਵੱਧ ਛਪ ਚੁੱਕੀ ਹੈ।

ਸਾਡੇ ਇੱਥੇ ਦੀਨਯਾਤ ਦੀ ਸਮੁੱਚੀ ਸਿੱਖਿਆ ਦਾ ਹੁਣ ਤੱਕ ਆਮ ਢੰਗ ਇਹ ਰਿਹਾ ਹੈ ਕਿ ਵਿਦਿਆਰਥੀਆਂ ਨੂੰ ਵਧੇਰੇ ਕਰ ਕੇ ਇਸਲਾਮੀ ਧਰਮ-ਸ਼ਾਸਤਰ ਹੀ ਪੜ੍ਹਾਇਆ ਜਾਂਦਾ ਹੈ। ਜਿਸ ਵਿੱਚ ਨਮਾਜ਼, ਰੋਜ਼ਾ, ਪਵਿੱਤਰਤਾ ਤੇ ਇਸੇ ਕਿਸਮ ਦੀਆਂ ਦੂਜੀਆਂ ਚੀਜ਼ਾਂ ਦਾ ਵੇਰਵਾ ਹੁੰਦਾ ਹੈ। ਆਸਥਾ (ਅਕੀਦੇ) ਬਾਰੇ ਸਿੱਖਿਆ ਘੱਟ ਹੀ ਹੁੰਦੀ ਹੈ ਤੇ ਉਹ ਵੀ ਸਿੱਟਾ ਪੂਰਨ ਨਹੀਂ ਹੁੰਦੀ। ਵਿਦਿਆਰਥੀ ਨੂੰ ਅਖ਼ੀਰ ਤੱਕ ਇਹ ਨਹੀਂ ਪਤਾ ਲੱਗਦਾ ਕਿ ਇਸਲਾਮ ਕੀ ਹੈ ? ਕੀ ਚਾਹੁੰਦਾ ਹੈ ਅਤੇ ਕਿਉਂ ਚਾਹੁੰਦਾ ਹੈ ? ਇਸ ਦੇ ਅਕੀਦਿਆਂ ਦਾ ਮਨੁੱਖੀ ਜੀਵਨ ਨਾਲ ਕੀ ਸੰਬੰਧ ਹੈ ? ਉਹ ਜੇਕਰ ਸਵੀਕਾਰ ਕਰ ਲਏ ਜਾਣ ਤਾਂ ਲਾਭ ਕੀ ਹੈ ਜੇਕਰ ਨਾ ਸਵੀਕਾਰ ਕੀਤੇ ਜਾਣ ਤਾਂ ਕੀ ਹਾਨੀ ਹੁੰਦੀ ਹੈ ? ਇਸਲਾਮ ਕੇਵਲ ਮੱਲੋਜ਼ੋਰੀ ਇਹਨਾਂ ਅਕੀਦਿਆਂ ਨੂੰ ਮਨਵਾ ਲੈਣਾ ਚਾਹੁੰਦਾ ਹੈ ਜਾਂ ਇਹਦੇ ਕੋਲ ਇਹਨਾਂ ਦੇ ਠੀਕ ਤੇ ਸੱਚੇ ਹੋਣ ਦਾ ਪਰਮਾਣ ਵੀ ਹੈ। ਇਹ ਸਮੂਹ ਗੱਲਾਂ ਦੀਨ ਦੀ ਸਮਝ ਅਤੇ ਅਕੀਦਿਆਂ ਦੀ ਸ਼ੁੱਧਤਾ ਲਈ ਅਤਿਅੰਤ ਜ਼ਰੂਰੀ ਹਨ। ਜਦੋਂ ਤੱਕ ਇਹ ਦਿਲ ਵਿੱਚ ਨਾ ਉੱਤਰ ਜਾਣ ਧਰਮ-ਸ਼ਾਸਤਰ ਦੀ ਸਿੱਖਿਆ ਕੋਈ ਲਾਭ ਨਹੀਂ ਪਹੁੰਚਾ ਸਕਦੀ। ਕਿਉਂਕਿ ਈਮਾਨ ਵਾਝੋਂ ਆਦੇਸ਼ਾਂ ਦੀ ਪਾਲਣਾ ਸੰਭਵ ਨਹੀਂ ਅਤੇ ਈਮਾਨ ਕੇਵਲ ਅਕੀਦਿਆਂ ਨੂੰ ਠੀਕ-ਠੀਕ ਸਮਝਣ ਨਾਲ ਹੀ ਦ੍ਰਿੜ੍ਹ ਹੋ ਸਕਦਾ ਹੈ।

ਇਸੇ ਤਰ੍ਹਾਂ ਨਮਾਜ਼, ਰੋਜ਼ੇ ਸੰਬੰਧੀ ਆਦੇਸ਼ ਦੱਸਣ ਨਾਲੋਂ ਵਧੇਰੇ ਜ਼ਰੂਰੀ ਇਹ ਹੈ ਕਿ ਵਿਦਿਆਰਥੀ ਨੂੰ ਇਬਾਦਤਾਂ ਅਤੇ ਸ਼ਰੀਅਤ ਦੇ ਹੁਕਮਾਂ ਦੀਆਂ ਯੁਕਤੀਆਂ ਤੋਂ ਜਾਣੂ ਕਰਵਾਇਆ ਜਾਵੇ ਤਾਂ ਕਿ ਉਹ ਦਿਲੋਂ ਇਹਨਾਂ ਹੁਕਮਾਂ ਦੀ ਪੈਰਵੀ ਕਰਨ ਲਈ ਤਿਆਰ ਹੋਵੇ। ਨਮਾਜ਼ ਦਾ ਢੰਗ ਸਪਸ਼ਟ ਹੈ ਕਿ ਉਸੇ ਵਿਅਕਤੀ ਲਈ ਲਾਹੇਵੰਦ ਹੋ ਸਕਦਾ ਹੈ ਜਿਹੜਾ ਨਮਾਜ਼ ਪੜ੍ਹਨੀ ਚਾਹੁੰਦਾ ਹੋਵੇ। ਨਹੀਂ ਤਾਂ, ਜਿਹੜਾ ਸਿਰੇ ਤੋਂ ਨਮਾਜ਼ ਹੀ ਪੜ੍ਹਨ ਲਈ ਤਿਆਰ ਨਾ ਹੋਵੇ, ਉਹਨੂੰ ਇਹ ਦੱਸਣ ਦਾ ਕੀ ਲਾਭ ਕਿ ਨਮਾਜ਼ ਕਿਵੇਂ ਪੜ੍ਹਨੀ ਚਾਹੀਦੀ ਹੈ। ਇਸ ਲਈ ਨਮਾਜ਼ ਦੇ ਹੁਕਮ ਬਿਆਨ ਕਰਨ ਤੋਂ ਪਹਿਲਾਂ ਵਿਦਿਆਰਥੀ ਨੂੰ ਇਹ ਦੱਸਣ ਦੀ ਜ਼ਰੂਰਤ ਹੈ ਕਿ ਨਮਾਜ਼ ਅਸਲ ਵਿੱਚ ਕੀ ਚੀਜ਼ ਹੈ ? ਇਹ ਤੁਹਾਡੇ ਉੱਪਰ ਕਿਉਂ ਫ਼ਰਜ਼ ਕੀਤੀ ਗਈ ਹੈ ? ਇਸ ਦਾ ਲਾਭ ਕੀ ਹੈ ? ਇਸ ਨੂੰ ਅਜਾਈਂ ਗੁਆ ਦੇਣ ਨਾਲ ਤੁਹਾਨੂੰ ਕੀ ਹਾਣ ਪੁੱਜੇਗਾ ? ਇਸੇ ਤਰ੍ਹਾਂ ਦੂਸਰੇ ਹੁਕਮਾਂ ਨੂੰ ਵੀ ਕਿਆਸ ਕਰ ਲਉ ਕਿ ਇਹਨਾਂ ਸਭਨਾਂ ਨੂੰ ਪਹਿਲਾਂ ਦਿਲ ਵਿੱਚ ਬਿਠਾਉਣਾ ਜ਼ਰੂਰੀ ਹੈ ਫੇਰ ਕਿਧਰੇ ਇਹਨਾਂ ਦੀ ਵਿਆਖਿਆ ਕਰਨਾ ਲਾਹੇਵੰਦ ਹੋ ਸਕਦਾ ਹੈ।

ਮੈਂ ਇਸ ਪੁਸਤਕ ਦਾ ਸੰਪਾਦਨ ਇਸੇ ਜ਼ਰੂਰਤ ਨੂੰ ਮੁੱਖ ਰੱਖ ਕੇ ਕੀਤਾ ਹੈ। ਇਸ ਵਿੱਚ ਦੀਨ ਦੀ ਸਿੱਖਿਆ ਦਾ ਇੱਕ ਨਵਾਂ ਢੰਗ ਅਪਣਾਇਆ ਗਿਆ ਹੈ ਜਿਹੜਾ ਪੁਰਾਣੇ ਢੰਗ ਨਾਲੋਂ ਬਹੁਤ ਵੱਖਰਾ ਹੈ ਅਤੇ ਖਾਸ ਕਰਕੇ ਵਰਤਮਾਨ ਕਾਲ ਲਈ ਲਾਹੇਵੰਦ ਹੈ।

ਇਹ ਪੁਸਤਕ ਕੁਰਆਨ ਮਜੀਦ ਦੀਆਂ ਸਿੱਖਿਆਵਾਂ ਦਾ ਸਾਰਅੰਸ਼ ਹੈ ਅਤੇ ਕੁਰਆਨ ਦਾ ਹੀ ਤਰਕ ਢੰਗ ਅਪਣਾਇਆ ਹੈ। ਰੱਬ ਕਰੇ ਇਹ ਉਪਰਾਲਾ ਜਿਸ ਉਦੇਸ਼ ਲਈ ਕੀਤਾ ਗਿਆ ਹੈ ਉਹ ਪੂਰਾ ਹੋਵੇ ਅਤੇ ਦੀਨੀ ਸਿੱਖਿਆ ਦੇ ਨਵੇਂ ਢੰਗ ਦਾ ਬੂਹਾ ਖੋਲ੍ਹ ਦੇਵੇ ਜਿਹੜਾ ਤੁਲਨਾਤਮਕ ਰੂਪ ਵਿੱਚ ਵਧੇਰੇ ਸਿੱਟਾ ਪੂਰਨ ਹੋਵੇ।

**ਅਬੁਲ-ਆਲਾ-ਮੌਦੂਦੀ**

Scanned with CamScanner

ਪ੍ਰਸਤੁਤ ਪੁਸਤਕ "ਇਸਲਾਮ ਧਰਮ" ਸਤਿਕਾਰਯੋਗ ਮੌਲਾਨਾ ਸੱਯਦ ਅਬੂਲ ਆਲਾ ਮੌਦੂਦੀ (ਰਹ) ਦੀ ਕਿਤਾਬ "ਰਿਸਾਲਾ-ਏ-ਦੀਨਯਤ" ਦਾ ਪੰਜਾਬੀ ਅਨੁਵਾਦ ਹੈ। ਮੌਲਾਨਾ ਮੌਦੂਦੀ ਛੋਟੀਆਂ-ਵੱਡੀਆਂ 60 ਤੋਂ ਵੱਧ ਕਿਤਾਬਾਂ ਦੇ ਲੇਖਕ ਹਨ। ਉਹਨਾਂ ਨੇ ਇਸਲਾਮੀ ਸਭਿਅਤਾ ਅਤੇ ਸੰਸਕ੍ਰਿਤੀ ਦੇ ਹਰੇਕ ਸੰਬੰਧ ਉੱਤੇ ਲਿਖਿਆ ਹੈ ਅਤੇ ਜੋ ਕੁੱਝ ਵੀ ਲਿਖਿਆ ਹੈ, ਸ਼ਲਾਘਾਯੋਗ ਹੈ।

ਪ੍ਰਸਤੁਤ ਕਿਤਾਬ ਵੀ ਉਹਨਾਂ ਦੀ ਇੱਕ ਮਹੱਤਵਪੂਰਨ ਰਚਨਾ ਹੈ। ਇਹ ਕਿਤਾਬ ਅਸਲ ਵਿੱਚ ਕੁਰਆਨ ਦੀਆਂ ਸਿੱਖਿਆਵਾਂ ਦਾ ਸਾਰ ਹੈ। ਇਸਲਾਮ ਕੀ ਹੈ? ਇਹ ਜੀਵਨ ਦਾ ਕੀ ਉਦੇਸ਼ ਨਿਰਧਾਰਤ ਕਰਦਾ ਹੈ? ਉਸਨੇ ਮਨੁੱਖ ਨੂੰ ਕਿਹੜਾ ਮਾਰਗ ਦਿਖਾਇਆ ਹੈ? ਉਸ ਦੀਆਂ ਕਲਪਨਾਵਾਂ ਅਤੇ ਮੌਲਿਕ ਧਾਰਨਾਵਾਂ ਕੀ ਹਨ? ਇਸਲਾਮ ਵਿੱਚ ਉਪਾਸਨਾ ਅਤੇ ਅਰਾਧਨਾ ਦਾ ਕੀ ਸਥਾਨ ਹੈ? ਇਸਲਾਮੀ ਜੀਵਨ ਵਿਵਸਥਾ ਦੀ ਰੂਪ ਰੇਖਾ ਕੀ ਹੈ? ਆਦਿ। ਇਸਲਾਮ ਨਾਲ ਸੰਬੰਧਤ ਸਾਰੇ ਪ੍ਰਸ਼ਨਾਂ ਦਾ ਉੱਤਰ ਲੇਖਕ ਨੇ ਆਪਣੀ ਇਸ ਪੁਸਤਕ ਦੇ ਰੂਪ ਵਿੱਚ ਦੇ ਦਿੱਤਾ ਹੈ।

ਇਸ ਪੁਸਤਕ ਦੀ ਇੱਕ ਵਿਸ਼ੇਸ਼ਤਾ ਇਹ ਵੀ ਹੈ ਕਿ ਇਸ ਵਿੱਚ ਮਨ ਅਤੇ ਦਿਮਾਗ ਦੋਵਾਂ ਨੂੰ ਇਕੋ ਸਮੇਂ ਸੰਤੁਸ਼ਟ ਕਰਨ ਦੀ ਉਮੀਦ ਕੀਤੀ ਗਈ ਹੈ ਅਤੇ ਇਸ ਉਦੇਸ਼ ਦੀ ਪੂਰਤੀ ਲਈ ਉਹੀ ਸਰਲ ਅਤੇ ਸੁਭਾਵਿਕ ਢੰਗ ਅਪਣਾਇਆ ਗਿਆ ਹੈ ਜੋ ਕੁਰਆਨ ਵਿੱਚ ਮਿਲਦਾ ਹੈ। ਇਸ ਕਿਤਾਬ ਵਿੱਚ ਇਸਲਾਮ ਦੇ ਆਚਾਰ-ਵਿਚਾਰ, ਉਪਾਸਨਾ, ਇਸਲਾਮੀ ਜੀਵਨ-ਵਿਵਸਥਾ ਆਦਿ ਦੀ ਜਾਣ-ਪਹਿਚਾਣ ਹੀ ਨਹੀਂ ਕਰਵਾਈ ਗਈ ਹੈ, ਸਗੋਂ ਇਸਦੇ ਪਿੱਛੇ ਪਾਈ ਜਾਣ ਵਾਲੀ ਬੁੱਧੀਮਾਨਤਾ ਅਤੇ ਸੁਆਰਥ ਰਹਿਤ ਹਿੱਤਾਂ ਨੂੰ ਵੀ ਪ੍ਰਗਟ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਪੁਸਤਕ ਬਹੁਤ ਸਾਰੇ ਇਸਲਾਮੀ ਸਕੂਲਾਂ ਅਤੇ ਕਾਲਜਾਂ ਦੇ ਪਾਠਕ੍ਰਮ ਵਿੱਚ ਸ਼ਾਮਿਲ ਹੈ। ਵਿਦਿਆਰਥੀਆਂ ਤੋਂ ਇਲਾਵਾ ਦੂਜੇ ਲੋਕ ਵੀ ਇਸ ਤੋਂ ਪੂਰਾ ਫਾਇਦਾ ਉਠਾ ਰਹੇ ਹਨ। ਭਾਰਤ ਦੀਆਂ ਰਾਸ਼ਟਰੀ ਭਾਸ਼ਾਵਾਂ ਤੋਂ ਬਿਨਾ ਅਰਬੀ, ਅੰਗਰੇਜੀ, ਫ੍ਰੈਂਚ ਆਦਿ ਸੰਸਾਰ ਦੀਆਂ ਕਈ ਭਾਸ਼ਾਵਾਂ ਵਿੱਚ ਇਸ ਦਾ ਤਰਜਮਾ ਹੋ ਚੁੱਕਿਆ ਹੈ। ਉਰਦੂ ਵਿੱਚ, ਸਿਰਫ ਭਾਰਤ ਵਿੱਚ ਹੁਣ ਤੱਕ ਅਨੇਕਾਂ ਐਡੀਸ਼ਨ ਪ੍ਰਕਾਸ਼ਿਤ ਹੋ ਚੁੱਕੇ ਹਨ।

ਇਸ ਪੁਸਤਕ ਦਾ ਪ੍ਰਸੁਤਤ ਪੰਜਾਬੀ ਅਨੁਵਾਦ ਮੂਲ ਕਿਤਾਬ ਦੇ ਨਵੇਂ ਅਤੇ ਸੋਧੇ ਐਡੀਸ਼ਨ ਦਾ ਨਵਾਂ ਰੁਪਾਂਤਰ ਹੈ।

ਇਸ ਤੋਂ ਇਲਾਵਾ ਜਿੱਥੇ ਜਰੂਰੀ ਸਮਝਿਆ ਗਿਆ, ਵਿਆਖਿਆ ਸੰਬੰਧੀ ਨੋਟ ਵੀ ਦਿੱਤੇ ਗਏ ਹਨ। ਕਿਸੇ ਵੀ ਵਿਸ਼ੇ ਦੇ ਆਪਣੇ ਪਰਿਭਾਸ਼ਿਕ ਸ਼ਬਦ ਹੁੰਦੇ ਹਨ, ਅਜਿਹੇ ਸ਼ਬਦਾਂ ਦਾ ਬਹੁਤ ਮਹੱਤਵ ਹੁੰਦਾ ਹੈ। ਇਹਨਾਂ ਦੀ ਆਪਣੀ ਇੱਕ ਆਤਮਾ ਅਤੇ ਉਹਨਾਂ ਦਾ ਆਪਣਾ ਇੱਕ ਵਿਸ਼ੇਸ਼ ਜੀਵਨ ਅਤੇ ਵਾਤਾਵਰਨ ਹੁੰਦਾ ਹੈ। ਉਹਨਾਂ ਸ਼ਬਦਾਂ ਇੱਕ ਅਜਿਹਾ ਅਨੁਵਾਦ, ਜਿਸ ਨਾਲ ਉਸ ਦੇ ਭਾਵ ਵਿੱਚ ਕੋਈ ਅੰਤਰ ਨਾ ਆਵੇ, ਅਤਿਅੰਤ ਮੁਸ਼ਕਿਲ ਹੈ। ਇਸ ਲਈ ਪ੍ਰਸਤੁਤ ਅਨੁਵਾਦ ਵਿੱਚ ਪਰਿਭਾਸ਼ਕ ਸ਼ਬਦਾਂ ਨੂੰ ਜਿਉਂ ਦਾ ਤਿਉਂ ਲੈ ਲਿਆ ਹੈ, ਤਾਂ ਜੋ ਇਸ ਤਰ੍ਹਾਂ ਅਰਥ ਦੇ ਨਾਲ ਉਸਦੀ ਆਤਮਾ ਅਤੇ ਉਸਦੇ ਸੂਖਮ ਅਤੇ ਕੋਮਲ ਭਾਵਾਂ ਦੀ ਰੱਖਿਆ ਹੋ ਸਕੇ।

ਉਮੀਦ ਹੈ ਇਹ ਪੁਸਤਕ ਜੀਵਨ ਦੇ ਮੂਲ ਤੱਤਾਂ ਅਤੇ ਸਮੱਸਿਆਵਾਂ ਨੂੰ ਸਮਝਣ ਵਿੱਚ ਸਹਾਇਕ ਸਿੱਧ ਹੋਵੇਗੀ। ਇਸ ਰਾਹੀਂ ਪਾਠਕਾਂ ਨੂੰ ਇਸਲਾਮ ਦੀ ਪੂਰੀ ਜਾਣਕਾਰੀ ਪ੍ਰਾਪਤ ਹੋਵੇਗੀ। ਇਹ ਪੁਸਤਕ ਮੁਸਲਿਮ ਅਤੇ ਗੈਰ ਮੁਸਲਿਮ, ਦੋਹਾਂ ਲਈ ਉਪਯੋਗੀ ਹੈ। ਗੈਰ-ਮੁਸਲਿਮ ਨੂੰ ਅਸੀਂ ਖਾਸ ਤੌਰ ਤੇ ਬੇਨਤੀ ਕਰਾਂਗੇ ਕਿ ਉਹ ਹਰੇਕ ਪੱਖ-ਪਾਤ ਤੋਂ ਅਲੱਗ ਹੋ ਕੇ ਇਸ ਪੁਸਤਕ ਦਾ ਅਧਿਐਨ ਕਰਨ ਅਤੇ ਇਸਲਾਮ ਨੂੰ ਸਮਝਣ ਅਤੇ ਉਸ ਬਾਰੇ ਠੀਕ ਫੈਸਲੇ ਤੇ ਪਹੁੰਚਣ ਦੀ ਕੋਸ਼ਿਸ਼ ਕਰਨ। ਇਸਲਾਮ ਮਾਨਵ ਜਾਤੀ ਤੱਕ ਦਾਅਵਤ ਦੇ ਰੂਪ ਵਿੱਚ ਪਹੁੰਚਿਆ ਹੈ। ਕਿਸੇ ਵੀ ਦਾਅਵਤ ਦੀ ਬਿਨਾ ਵਜ੍ਹਾ ਵਿਰੋਧਤਾ ਕਦੇ ਵੀ ਨਹੀਂ ਹੋ ਸਕਦੀ। ਤਰਕ ਢੰਗ ਅਪਣਾਇਆ ਹੈ। ਰੱਬ ਕਰੇ ਇਹ ਉਪਰਾਲਾ ਜਿਸ ਉਦੇਸ਼ ਲਈ ਕੀਤਾ ਗਿਆ ਹੈ ਉਹ ਪੂਰਾ ਹੋਵੇ। ਇਹ ਪੁਸਤਕ ਦੀਨੀ ਸਿੱਖਿਆ ਦੇ ਨਵੇਂ ਢੰਗ ਦਾ ਬੂਹਾ ਖੋਲ੍ਹ ਦੇਵੇ ਜਿਹੜਾ ਤੁਲਨਾਤਮਕ ਰੂਪ ਵਿੱਚ ਵਧੇਰੇ ਸਿੱਟਾ ਪੂਰਨ ਹੋਵੇ।

ਮਿਤੀ 27-11-1967

**ਮੁਹੱਮਦ ਫਾਰੂਕ ਖਾਂ**

Scanned with CamScanner

# ਵਿਸ਼ਾ ਸੂਚੀ


ਭੂਮਿਕਾ

ਅਧਿਆਇ-1 ਇਸਲਾਮ 7-23

ਨਾਉਂ ਰੱਖਣ ਦਾ ਕਾਰਨ 7

ਇਸਲਾਮ ਦਾ ਅਰਥ 7

ਇਸਲਾਮ ਦੀ ਹਕੀਕਤ 8

ਕੁਫ਼ਰ ਦੀ ਵਾਸਤਵਿਕਤਾ 11

ਕੁਫ਼ਰ ਦੀਆਂ ਹਾਨੀਆਂ 12

ਇਸਲਾਮ ਦੇ ਫ਼ਾਇਦੇ 16

ਅਧਿਆਇ-2 ਈਮਾਨ ਤੇ ਆਗਿਆ ਪਾਲਣ 24-31

ਆਗਿਆ ਪਾਲਣ ਲਈ ਗਿਆਨ ਤੇ ਵਿਸ਼ਵਾਸ ਦੀ ਜ਼ਰੂਰਤ 24

ਈਮਾਨ ਦਾ ਅਰਥ 26

ਗਿਆਨ ਪ੍ਰਾਪਤੀ ਦਾ ਸਾਧਨ 28

ਪਰੋਖ (ਗ਼ੈਬ) ਉੱਤੇ ਇਮਾਨ 30

ਅਧਿਆਇ-3 ਨਬੁਵੱਤ 32-63

ਪੈਗੰਬਰੀ ਦੀ ਹਕੀਕਤ 32

ਪੈਗ਼ੰਬਰ ਦੀ ਪਛਾਨ 36

ਪੈਗ਼ੰਬਰ ਦਾ ਆਗਿਆ ਪਾਲਣ 37

ਪੈਗ਼ੰਬਰ ਉੱਤੇ ਈਮਾਨ ਲਿਆਉਣ ਦੀ ਜ਼ਰੂਰਤ 39

ਪੈਗ਼ੰਬਰੀ ਦਾ ਸੰਖੇਪ ਇਤਿਹਾਸ 41

ਹਜ਼ਰਤ ਮੁਹਮੰਦ ਸ. ਦੀ ਨਬੁਵੱਤ 48

ਹਜ਼ਰਤ ਮੁਹੱਮਦ ਸ. ਦੀ ਨਬੁਵਤ ਦੇ ਪ੍ਰਮਾਣ 50

ਨਬੁਵੱਤ ਦੀ ਸਮਾਪਤੀ 60

ਨਬੁਵੱਤ ਦੀ ਸਮਾਪਤੀ ਦੇ ਪ੍ਰਮਾਣ 60

ਅਧਿਆਏ-4 ਵਿਸਤ੍ਰਿਤ ਈਮਾਨ 64-98

ਅੱਲਾਹ ਉੱਤੇ ਈਮਾਨ 65

ਲਾ ਇਲਾਹ ਇਲੱਲਾਹ ਦਾ ਅਰਥ 66


Scanned with CamScanner

ਲਾ ਇਲਾਹ ਇਲੱਲਾਹ ਦੀ ਅਸਲੀਅਤ 67
ਮਨੁੱਖੀ ਜੀਵਨ ਉੱਤੇ ਤੌਹੀਦ (ਇੱਕ ਈਸ਼ਵਰਵਾਦ) ਦਾ ਪ੍ਰਭਾਵ 74
ਅੱਲਾਹ ਦੇ ਫ਼ਰਿਸ਼ਤਿਆਂ ਉੱਤੇ ਈਮਾਨ 79
ਅੱਲਾਹ ਦੀਆਂ ਕਿਤਾਬਾਂ ਉੱਤੇ ਈਮਾਨ 81
ਅੱਲਾਹ ਦੇ ਰਸੂਲਾਂ ਉੱਤੇ ਈਮਾਨ 86
ਆਖਰਤ ਉੱਤੇ ਈਮਾਨ 89
ਆਖ਼ਰਤ ਉੱਤੇ ਈਮਾਨ ਦੀ ਜ਼ਰੂਰਤ 90
ਆਖਰਤ ਦੀ ਧਾਰਨਾ ਦੀ ਸੱਚਾਈ 93
ਕਲਮਾ ਤੱਯਬ 98

**ਅਧਿਆਏ-5 ਇਬਾਦਤਾਂ** **99-115**
ਇਬਾਦਤ ਦਾ ਅਰਥ 100
ਨਮਾਜ਼ 102
ਰੋਜ਼ਾ 106
ਜ਼ਕਾਤ 108
ਹੱਜ 110
ਇਸਲਾਮ ਦੀ ਸਹਾਇਤਾ 112

**ਅਧਿਆਏ-6 ਦੀਨ ਅਤੇ ਸ਼ਰੀਅਤ** 116-123
ਦੀਨ ਤੇ ਸ਼ਰੀਅਤ ਦਾ ਫ਼ਰਕ 116
ਸ਼ਰੀਅਤ ਦੇ ਆਦੇਸ਼ ਪਤਾ ਕਰਨ ਦੇ ਸਾਧਨ 117
ਫ਼ਿਕਹ 118
ਤਸਵੁੱਫ਼ 120

**ਅਧਿਆਏ-7 ਸ਼ਰੀਅਤ ਦੇ ਆਦੇਸ਼** 124-144
ਸ਼ਰੀਅਤ ਦੇ ਸਿਧਾਂਤ 124
ਚਾਰ ਪ੍ਰਕਾਰ ਦੇ ਹੱਕ 127
ਅੱਲਾਹ ਦਾ ਹੱਕ 128
ਆਪਣਾ ਹੱਕ 132
ਲੋਕਾਂ ਦਾ ਹੱਕ 134
ਸਰਿਸ਼ਟੀ ਦੀਆਂ ਸਮੂਹ ਵਸਤੂਆਂ ਦਾ ਹੱਕ 142
ਵਿਸ਼ਵ ਵਿਆਪੀ ਤੇ ਸਦੀਵੀ ਸ਼ਰੀਅਤ 143

Scanned with CamScanner

# ਅਧਿਆਇ—1

## ਇਸਲਾਮ

**ਨਾਉਂ ਰੱਖਣ ਦਾ ਕਾਰਨ**—ਸੰਸਾਰ ਵਿੱਚ ਜਿੰਨੇ ਵੀ ਧਰਮ ਹਨ, ਉਹਨਾਂ ਵਿੱਚੋਂ ਹਰ ਇੱਕ ਦਾ ਨਾਉਂ ਜਾਂ ਤਾਂ ਕਿਸੇ ਵਿਸ਼ੇਸ਼ ਵਿਅਕਤੀ ਦੇ ਨਾਂ ਤੇ ਰੱਖਿਆ ਗਿਆ ਹੈ ਜਾਂ ਉਸ ਜਾਤੀ ਦੇ ਨਾਂ ਤੇ ਜਿਸ ਵਿੱਚ ਉਹ ਧਰਮ ਪੈਦਾ ਹੋਇਆ। ਉਦਾਹਰਨ ਵਜੋਂ ਈਸਾਈ ਧਰਮ ਦਾ ਨਾਂ ਇਸ ਲਈ ਈਸਾਈ ਧਰਮ ਹੈ ਕਿ ਉਹ ਦਾ ਸਬੰਧ ਹਜ਼ਰਤ ਈਸਾ (ਅ.) ਨਾਲ ਹੈ। ਬੁੱਧ ਮੱਤ ਦਾ ਨਾਂ ਇਸ ਲਈ ਬੁੱਧ ਮੱਤ ਹੈ ਕਿ ਇਸ ਦੇ ਬਾਨੀ ਮਹਾਤਮਾ ਬੁੱਧ ਸਨ। ਜ਼ਰਦੁਸ਼ਤੀ ਧਰਮ ਦਾ ਨਾਂ ਆਪਣੇ ਬਾਨੀ ਜ਼ਰਦੁਸ਼ਤ ਦੇ ਨਾਂ ਤੇ ਹੈ। ਯਹੂਦੀ ਧਰਮ ਇੱਕ ਵਿਸ਼ੇਸ਼ ਕਬੀਲੇ ਵਿੱਚ ਪੈਦਾ ਹੋਇਆ, ਜਿਸ ਦਾ ਨਾਂ ਯਹੂਦਾਹ ਸੀ। ਇਹੋ ਹਾਲ ਦੂਜੇ ਧਰਮਾਂ ਦੇ ਨਾਵਾਂ ਦਾ ਹੈ, ਪਰੰਤੂ ਇਸਲਾਮ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਕਿਸੇ ਵਿਅਕਤੀ ਜਾਂ ਜਾਤੀ ਨਾਲ ਸਬੰਧਿਤ ਨਹੀਂ ਹੈ, ਸਗੋਂ ਉਸ ਦਾ ਨਾਉਂ ਇੱਕ ਵਿਸ਼ੇਸ਼ ਗੁਣ ਨੂੰ ਪਰਗਟ ਕਰਦਾ ਹੈ ਜਿਹੜਾ 'ਇਸਲਾਮ' ਸ਼ਬਦ ਦੇ ਅਰਥ ਵਿੱਚ ਪਾਇਆ ਜਾਂਦਾ ਹੈ। ਇਸ ਨਾਉਂ ਤੋਂ ਖ਼ੁਦ ਸਪਸ਼ਟ ਹੁੰਦਾ ਹੈ ਕਿ ਇਹ ਕਿਸੇ ਵਿਅਕਤੀ ਦੇ ਦਿਮਾਗ਼ ਦੀ ਉਪੱਜ ਨਹੀਂ, ਨਾ ਕਿਸੇ ਵਿਸ਼ੇਸ਼ ਜਾਤੀ ਤੱਕ ਸੀਮਤ ਹੈ। ਇਸ ਦਾ ਸਬੰਧ ਵਿਅਕਤੀ, ਦੇਸ਼ ਜਾਂ ਜਾਤੀ ਨਾਲ ਨਹੀਂ, ਕੇਵਲ 'ਇਸਲਾਮ ਦਾ ਗੁਣ ਲੋਕਾਂ ਵਿੱਚ ਪੈਦਾਂ ਕਰਨਾ ਇਸ ਦਾ ਉਦੇਸ਼ ਹੈ। ਹਰੇਕ ਯੁੱਗ ਤੇ ਹਰੇਕ ਜਾਤੀ ਦੇ ਜਿਨ੍ਹਾਂ ਸੱਚੇ ਤੇ ਨੇਕ ਲੋਕਾਂ ਵਿੱਚ ਇਹ ਗੁਣ ਪਾਇਆ ਗਿਆ ਹੈ ਉਹ ਸਾਰੇ 'ਮੁਸਲਮਾਨ' ਸਨ, ਮੁਸਲਮਾਨ ਹਨ ਅਤੇ ਭਵਿੱਖ ਵਿੱਚ ਵੀ ਹੋਣਗੇ।

### ਇਸਲਾਮ ਸ਼ਬਦ ਦਾ ਅਰਥ

ਇਸਲਾਮ ਅਰਬੀ ਭਾਸ਼ਾ ਦਾ ਸ਼ਬਦ ਹੈ। ਅਰਬੀ ਭਾਸ਼ਾ ਵਿੱਚ ਇਸਲਾਮ ਦਾ ਅਰਥ ਹੈ, ਹੁਕਮ ਮੰਨਣਾ, ਆਤਮ-ਸਮਰਪਣ ਤੇ ਆਗਿਆਪਾਲਣ। ਇਸਲਾਮ ਧਰਮ ਦਾ ਨਾਂ ਇਸਲਾਮ ਇਸ ਲਈ ਹੀ ਰੱਖਿਆ ਗਿਆ ਹੈ ਕਿ ਇਹ ਅੱਲਾਹ ਦੀ ਤਾਬੇਦਾਰੀ ਤੇ ਉਸਦਾ ਆਗਿਆ ਪਾਲਣ ਹੈ।



Scanned with CamScanner

'ਇਸਲਾਮ' ਸ਼ਬਦ ਦਾ ਇੱਕ ਦੂਜਾ ਅਰਥ ਹੈ ਸੁਲਾਹ, ਸ਼ਾਂਤੀ, ਕੁਸ਼ਲਤਾ, ਸੁਰੱਖਿਆ, ਸ਼ਰਣ ਆਦਿ। ਮਨੁੱਖ ਨੂੰ ਵਾਸਤਵਿਕ ਸ਼ਾਂਤੀ ਉਸੇ ਸਮੇਂ ਮਿਲਦੀ ਹੈ ਜਦੋਂ ਉਹ ਆਪਣੇ ਆਪ ਨੂੰ ਅੱਲਾਹ ਦੇ ਸਪੁਰਦ ਕਰ ਦੇਵੇ ਅਤੇ ਉਸੇ ਦੇ ਆਦੇਸ਼ਾਂ ਅਨੁਸਾਰ ਜੀਵਨ ਬਤੀਤ ਕਰਨ ਲੱਗੇ। ਅਜਿਹੇ ਹੀ ਜੀਵਨ ਤੋਂ ਮਾਨਸਕ ਸ਼ਾਂਤੀ ਮਿਲਦੀ ਹੈ ਅਤੇ ਸਮਾਜ ਵਿੱਚ ਵੀ ਇਸੇ ਨਾਲ ਵਾਸਤਵਿਕ ਸ਼ਾਂਤੀ ਸਥਾਪਤ ਹੁੰਦੀ ਹੈ।

## ਇਸਲਾਮ ਦੀ ਹਕੀਕਤ

ਤੁਸੀਂ ਦੇਖਦੇ ਹੋ ਕਿ ਦੁਨੀਆਂ ਵਿੱਚ ਜਿੰਨੀਆਂ ਚੀਜ਼ਾਂ ਹਨ ਸਾਰੀਆਂ ਇੱਕ ਨਿਯਮ ਤੇ ਕਾਨੂੰਨ ਦੇ ਅਧੀਨ ਹਨ। ਚੰਨ ਅਤੇ ਤਾਰੇ ਸਭ ਇੱਕ ਜ਼ਬਰਦਸਤ ਨਿਯਮ ਵਿੱਚ ਬੱਝੇ ਹੋਏ ਹਨ ਜਿਸ ਦੇ ਵਿਰੁੱਧ ਉਹ ਰੱਤੀ ਭਰ ਨਹੀਂ ਹਿਲ ਸਕਦੇ। ਧਰਤੀ ਆਪਣੀ ਵਿਸ਼ੇਸ਼ ਗਤੀ ਨਾਲ ਘੁੰਮ ਰਹੀ ਹੈ, ਇਸ ਦੇ ਲਈ ਜਿਹੜਾ ਸਮਾਂ, ਗਤੀ ਅਤੇ ਪੱਥ ਨਿਯਤ ਕੀਤਾ ਗਿਆ ਹੈ, ਉਸ ਵਿੱਚ ਰਤੀ ਭਰ ਵੀ ਅੰਤਰ ਨਹੀਂ ਆਉਂਦਾ। ਜਲ ਤੇ ਹਵਾ, ਪ੍ਰਕਾਸ਼ ਤੇ ਤਾਪ ਸਾਰੇ ਇੱਕ ਨਿਯਮ ਤੇ ਕਾਨੂੰਨ ਦੇ ਪਾਬੰਦ ਹਨ। ਜੜ੍ਹ-ਪਦਾਰਥ, ਬਨਸਪਤੀ ਤੇ ਜਾਨਵਰਾਂ ਵਿਚੋਂ ਹਰੇਕ ਲਈ ਜਿਹੜਾ ਨਿਯਮ ਨਿਸ਼ਚਿਤ ਹੈ, ਉਸੇ ਅਨੁਸਾਰ ਇਹ ਸਾਰੇ ਪੈਦਾ ਹੁੰਦੇ ਹਨ, ਵਧਦੇ ਤੇ ਘਟਦੇ ਹਨ, ਜਿਊਂਦੇ ਹਨ ਤੇ ਮਰਦੇ ਹਨ। ਖ਼ੁਦ ਮਨੁੱਖ ਦੀ ਅਵਸਥਾ ਤੇ ਵੀ ਗ਼ੌਰ ਕਰੋਗੇ ਤਾਂ ਤੁਹਾਨੂੰ ਪਤਾ ਚੱਲੇਗਾ ਕਿ ਉਹ ਵੀ ਪ੍ਰਾਕ੍ਰਿਤਕ ਨਿਯਮ ਦੇ ਅਧੀਨ ਹੈ। ਜਿਹੜਾ ਨਿਯਮ ਉਸ ਦੀ ਪੈਦਾਇਸ਼ ਲਈ ਨਿਸ਼ਚਤ ਕੀਤਾ ਗਿਆ ਹੈ, ਉਸੇ ਅਨੁਸਾਰ ਸਾਹ ਲੈਂਦਾ ਹੈ, ਜਲ, ਆਹਾਰ, ਤਾਪ ਤੇ ਪ੍ਰਕਾਸ਼ ਪ੍ਰਾਪਤ ਕਰਦਾ ਹੈ। ਉਸ ਦੇ ਦਿਲ ਦੀ ਧੜਕਣ, ਉਸ ਦਾ ਖ਼ੂਨ ਸੰਚਾਰ, ਉਸ ਦੀ ਸਾਹ ਲੈਣ ਤੇ ਕੱਢਣ ਦੀ ਕਿਰਿਆ ਉਸੇ ਨਿਯਮ ਤੇ ਕਾਨੂੰਨ ਅਧੀਨ ਹੁੰਦੀ ਹੈ। ਉਸ ਦਾ ਦਿਮਾਗ਼, ਉਸਦਾ ਮਿਹਦਾ, ਉਸਦੇ ਫੇਫੜੇ, ਉਸ ਦੀਆਂ ਮਾਸਪੇਸ਼ੀਆਂ, ਉਸਦੇ ਹੱਥ ਪੈਰ, ਜ਼ਬਾਨ, ਅੱਖਾਂ, ਕੰਨ ਤੇ ਨੱਕ ਭਾਵ ਇਹ ਕਿ ਉਸ ਦੇ ਸਰੀਰ ਦਾ ਇੱਕ-ਇੱਕ ਭਾਗ ਉਹੀ ਕੰਮ ਕਰ ਰਿਹਾ ਹੈ, ਜਿਹੜਾ ਉਹਦੇ ਲਈ ਨਿਸ਼ਚਿਤ ਹੈ, ਅਤੇ ਉਸੇ ਢੰਗ ਨਾਲ ਕਰ ਰਿਹਾ ਹੈ, ਜਿਹੜਾ ਉਹਨੂੰ ਦੱਸ ਦਿੱਤਾ ਗਿਆ ਹੈ।

ਇਹ ਅਟੱਲ ਨਿਯਮ ਜਿਸ ਵਿੱਚ ਵੱਡੇ-ਵੱਡੇ ਗ੍ਰਹਿਆਂ ਤੋਂ ਲੈ ਕੇ ਧਰਤੀ ਦਾ

Scanned with CamScanner

ਇੱਕ ਛੋਟੇ ਤੋਂ ਛੋਟਾ ਕਣ ਵੀ ਜਕੜਿਆ ਹੋਇਆ ਹੈ, ਇੱਕ ਮਹਾਨ ਸ਼ਾਸ਼ਕ ਦਾ ਬਣਾਇਆ ਹੋਇਆ ਨਿਯਮ ਹੈ। ਸਮੁੱਚਾ ਜਗਤ ਤੇ ਜਗਤ ਦੀ ਹਰੇਕ ਵਸਤੂ ਉਹ ਸ਼ਾਸ਼ਕ ਦੇ ਆਦੇਸ਼ ਅਤੇ ਆਗਿਆ ਦਾ ਪਾਲਣ ਕਰਦੀ ਹੈ, ਕਿਉਂਕਿ ਉਹ ਉਸੇ ਦੇ ਬਣਾਏ ਨਿਯਮ ਦਾ ਪਾਲਣ ਕਰ ਰਹੀ ਹੈ, ਇਸ ਲਈ ਸਮੁੱਚੇ ਵਿਸ਼ਵ ਦਾ ਧਰਮ ਇਸਲਾਮ ਹੈ, ਜਿਵੇਂ ਕਿ ਅਸੀਂ ਉਪੱਰ ਬਿਆਨ ਕਰ ਚੁੱਕੇ ਹਾਂ ਕਿ ਅੱਲਾਹ ਦੀ ਤਾਬੇਦਾਰੀ ਤੇ ਆਗਿਆਪਾਲਣ ਨੂੰ ਹੀ ਇਸਲਾਮ ਆਖਦੇ ਹਨ। ਸੂਰਜ, ਚੰਨ ਤੇ ਤਾਰੇ ਸਭ ਮੁਸਲਮਾਨ ਹਨ। ਧਰਤੀ ਵੀ ਮੁਸਲਮਾਨ ਹੈ, ਜਲ, ਹਵਾ ਤੇ ਪ੍ਰਕਾਸ਼ ਵੀ ਮੁਸਲਮਾਨ ਹੈ। ਰੁੱਖ, ਪੱਥਰ ਅਤੇ ਜਾਨਵਰ ਵੀ ਮੁਸਲਮਾਨ ਹਨ, ਉਹ ਮਨੁੱਖ ਵੀ ਜਿਹੜਾ ਰੱਬ ਨੂੰ ਪਛਾਣਦਾ, ਅੱਲਾਹ ਤੋਂ ਬਿਨਾਂ ਹੋਰਨਾਂ ਨੂੰ ਪੂਜਦਾ ਹੈ, ਜਿਹੜਾ ਦੂਜਿਆਂ ਨੂੰ ਅੱਲਾਹ ਦਾ ਭਾਗੀਦਾਰ ਬਣਾਉਂਦਾ ਹੈ, ਹਾਂ ਉਹ ਵੀ ਆਪਣੀ ਪ੍ਰਕਿਰਤੀ ਤੇ ਮਨੋ-ਬਿਰਤੀ ਪੱਖੋਂ ਮੁਸਲਮਾਨ ਹੀ ਹੈ, ਕਿਉਂਕਿ ਉਸ ਦਾ ਪੈਦਾ ਹੋਣਾ, ਜੀਵਤ ਰਹਿਣਾ ਅਤੇ ਮਰਨਾ ਸਭ ਕੁੱਝ ਰੱਬੀ ਕਾਨੂੰਨ ਦੇ ਹੀ ਅਧੀਨ ਹੈ। ਉਸਦੇ ਸਮੁੱਚੇ ਅੰਗਾਂ ਤੇ ਉਸ ਦੇ ਸਰੀਰ ਦੇ ਰੋਮ-ਰੋਮ ਦਾ ਧਰਮ ਇਸਲਾਮ ਹੈ ਕਿਉਂਕਿ ਉਹ ਸਾਰੇ ਰੱਬੀ ਕਾਨੂੰਨ ਅਨੁਸਾਰ ਬਣਦੇ, ਵਧਦੇ ਤੇ ਗਤੀਸ਼ੀਲ ਹੁੰਦੇ ਹਨ, ਇੱਥੋਂ ਤੱਕ ਕਿ ਉਸਦੀ ਉਹ ਜ਼ਬਾਨ ਵੀ ਵਾਸਤਵ ਵਿੱਚ ਮੁਸਲਮਾਨ ਹੈ ਜਿਸ ਨਾਲ ਉਹ ਨਾਦਾਨੀ ਬਸ ਸ਼ਿਰਕ (ਅਨੇਕੇਸ਼ਵਰਵਾਦ) ਅਤੇ ਕੁਫ਼ਰ (ਅਧਰਮ) ਸਬੰਧੀ ਵਿਚਾਰ ਪ੍ਰਗਟ ਕਰਦਾ ਹੈ। ਉਸ ਦਾ ਉਹ ਸਿਰ ਵੀ ਜਨਮੋਂ ਹੀ ਮੁਸਲਮਾਨ ਹੈ ਜਿਸ ਨੂੰ ਉਹ ਮੱਲੋਜ਼ੋਰੀ ਅੱਲਾਹ ਤੋਂ ਬਿਨਾਂ ਦੂਜਿਆਂ ਅੱਗੇ ਝੁਕਾਉਂਦਾ ਹੈ। ਉਸ ਦਾ ਉਹ ਦਿਲ ਵੀ ਸੁਭਾਵਕ ਮੁਸਲਮਾਨ ਹੈ ਜਿਸ ਵਿੱਚ ਉਹ ਅਗਿਆਨਤਾ ਕਾਰਨ ਅੱਲਾਹ ਤੋਂ ਬਿਨਾਂ ਦੂਜਿਆਂ ਦਾ ਆਦਰ ਤੇ ਪ੍ਰੇਮ ਰੱਖਦਾ ਹੈ, ਕਿਉਂਕਿ ਇਹ ਸਮੂਹ ਵਸਤਾਂ ਅੱਲਾਹ ਦੇ ਨਿਯਮ ਦਾ ਹੀ ਪਾਲਣ ਕਰਦੀਆਂ ਹਨ ਅਤੇ ਇਹਨਾਂ ਦੀ ਹਰੇਕ ਕਿਰਿਆ ਅੱਲਾਹ ਦੇ ਨਿਯਮ ਅਧੀਨ ਹੀ ਹੁੰਦੀ ਹੈ।

ਹੁਣ ਇੱਕ ਹੋਰ ਪੱਖ ਤੋਂ ਦੇਖੋ :—

ਮਨੁੱਖ ਦੀ ਇੱਕ ਹੈਸੀਅਤ ਤਾਂ ਇਹ ਹੈ ਕਿ ਉਹ ਸਰਿਸ਼ਟੀ ਦੀਆਂ ਦੂਜੀਆਂ ਚੀਜ਼ਾਂ ਵਾਂਗ ਪ੍ਰਕਿਰਤੀ ਦੇ ਜ਼ਬਰਦਸਤ ਨਿਯਮਾਂ ਵਿੱਚ ਜਕੜਿਆ ਹੋਇਆ ਹੈ ਅਤੇ ਉਹਨਾਂ ਦੀ ਪਾਬੰਦੀ ਲਈ ਮਜਬੂਰ ਹੈ।

Scanned with CamScanner

ਦੂਜੀ ਹੈਸੀਅਤ ਇਹ ਹੈ ਕਿ ਉਹ ਦੇ ਕੋਲ ਅਕਲ ਹੈ, ਸੋਚਣ, ਸਮਝਣ ਤੇ ਫੈਸਲਾ ਕਰਨ ਦੀ ਸ਼ਕਤੀ ਹੈ। ਉਹ ਸੁਤੰਤਰਤਾਪੂਰਵਕ ਇੱਕ ਗੱਲ ਨੂੰ ਮੰਨਦਾ ਹੈ, ਦੂਜੀ ਨੂੰ ਨਹੀਂ ਮੰਨਦਾ। ਇੱਕ ਢੰਗ ਨੂੰ ਪਸੰਦ ਕਰਦਾ ਹੈ, ਦੂਜੇ ਤਰੀਕੇ ਨੂੰ ਪਸੰਦ ਨਹੀਂ ਕਰਦਾ। ਜੀਵਨ ਸਬੰਧੀ ਮਾਮਲਿਆਂ ਵਿੱਚ ਆਪਣੀ ਇੱਛਾ ਨਾਲ ਖ਼ੁਦ ਇੱਕ ਨਿਯਮ ਤੇ ਕਾਨੂੰਨ ਬਣਾਉਂਦਾ ਹੈ ਜਾਂ ਦੂਜਿਆਂ ਦੇ ਬਣਾਏ ਕਾਨੂੰਨ ਤੇ ਨਿਯਮ ਨੂੰ ਅਪਣਾਉਂਦਾ ਹੈ। ਇਸ ਹੈਸੀਅਤ ਵਿੱਚ ਉਹ ਸੰਸਾਰ ਦੀਆਂ ਹੋਰਨਾਂ ਚੀਜ਼ਾਂ ਵਾਂਗ ਕਿਸੇ ਨਿਸ਼ਚਿਤ ਕਾਨੂੰਨ ਦਾ ਪਾਬੰਦ ਨਹੀਂ ਕੀਤਾ ਗਿਆ। ਸਗੋਂ ਉਸਨੂੰ ਆਪਣੇ ਵਿਚਾਰ, ਆਪਣੀ ਰਾਇ ਅਤੇ ਆਪਣੇ ਵਿਵਹਾਰ ਦੀ ਚੋਣ ਕਰਨ ਵਿੱਚ ਪੂਰਨ ਸੁਤੰਤਰਤਾ ਪ੍ਰਦਾਨ ਕੀਤੀ ਗਈ ਹੈ।

ਮਨੁੱਖੀ ਜੀਵਨ ਵਿੱਚ ਇਹ ਦੋਵੇਂ ਹਾਲਤਾਂ ਅਲੱਗ-ਅਲੱਗ ਪਾਈਆਂ ਜਾਂਦੀਆਂ ਹਨ। ਪਹਿਲੀ ਹਾਲਤ ਵਿੱਚ ਉਹ ਸੰਸਾਰ ਦੀਆਂ ਦੂਜੀਆਂ ਚੀਜ਼ਾਂ ਵਾਂਗ ਜਨਮੋਂ ਹੀ ਮੁਸਲਮਾਨ ਹੈ ਅਤੇ ਮੁਸਲਮਾਨ ਹੋਣ ਲਈ ਮਜਬੂਰ ਹੈ। ਜਿਸ ਬਾਰੇ ਤੁਸੀਂ ਹੁਣੇ ਜਾਣ ਚੁੱਕੇ ਹੋ।

ਦੂਜੀ ਹਾਲਤ ਵਿੱਚ ਮੁਸਲਮਾਨ ਹੋਣਾ ਜਾਂ ਨਾ ਹੋਣਾ ਉਸ ਦੇ ਅਧਿਕਾਰ ਵਿੱਚ ਹੈ ਅਤੇ ਇਸ ਅਧਿਕਾਰ ਸਦਕਾ ਹੀ ਮਨੁੱਖ ਦੋ ਵਰਗਾਂ ਵਿੱਚ ਵੰਡਿਆ ਜਾਂਦਾ ਹੈ।

ਇੱਕ ਮਨੁੱਖ ਉਹ ਹੈ ਜਿਹੜਾ ਆਪਣੇ ਸਿਰਜਣਹਾਰ ਤੇ ਪੈਦਾ ਕਰਨ ਵਾਲੇ ਨੂੰ ਪਛਾਣਦਾ ਹੈ, ਉਸਨੂੰ ਆਪਣਾ ਸਵਾਮੀ ਤੇ ਰੱਬ ਮੰਨਦਾ ਹੈ ਅਤੇ ਆਪਣੇ ਜੀਵਨ ਦੇ ਇੱਛੁਕ ਕੰਮਾਂ ਵਿੱਚ ਵੀ ਉਸਦੇ ਪਸੰਦ ਕੀਤੇ ਹੋਏ ਕਾਨੂੰਨ ਦੀ ਪਾਲ਼ਣਾ ਕਰਦਾ ਹੈ। ਇਹ ਪੂਰਨ ਮੁਸਲਮਾਨ ਹੈ, ਇਸ ਦਾ ਇਸਲਾਮ ਸੰਪੂਰਨ ਹੋ ਗਿਆ। ਕਿਉਂਕਿ ਹੁਣ ਉਸਦਾ ਜੀਵਨ ਪੂਰਨ ਰੂਪ ਵਿੱਚ ਇਸਲਾਮ ਹੈ। ਹੁਣ ਉਹ ਜਾਣ ਬੁੱਝ ਕੇ ਵੀ ਉਸ ਦਾ ਆਗਿਆਕਾਰੀ ਬਣ ਗਿਆ ਜਿਸ ਦਾ ਆਗਿਆ ਪਾਲਣ ਉਹ ਅਣਜਾਣੇ ਵੀ ਕਰ ਰਿਹਾ ਸੀ। ਹੁਣ ਉਹ ਆਪਣੇ ਇਰਾਦੇ ਤੇ ਮਰਜ਼ੀ ਨਾਲ ਵੀ ਉਸੇ ਅੱਲਾਹ ਦਾ ਆਗਿਆਕਾਰੀ ਹੈ ਜਿਸ ਦਾ ਆਗਿਆਕਾਰੀ ਉਹ ਬਿਨਾਂ ਸੰਕਲਪ ਦੇ ਸੀ। ਹੁਣ ਉਸ ਦਾ ਗਿਆਨ ਸੱਚਾ ਹੈ, ਕਿਉਂਕਿ ਉਹ ਅੱਲਾਹ ਨੂੰ ਜਾਣ ਗਿਆ ਜਿਸਨੇ ਉਸਨੂੰ ਜਾਣਨ ਤੇ ਗਿਆਨ ਪ੍ਰਾਪਤ ਕਰਨ ਦਾ ਬਲ ਬਖ਼ਸ਼ਿਆ ਹੈ। ਹੁਣ ਉਸਦੀ ਬੁੱਧੀ ਤੇ ਰਾਇ ਉਚਿੱਤ ਹੈ ਕਿਉਂਕਿ ਉਸਨੇ ਸੋਚ ਸਮਝਕੇ ਉਸ ਰੱਬ ਦੇ

Scanned with CamScanner

ਆਗਿਆਪਾਲਣ ਦਾ ਫੈਸਲਾ ਕੀਤਾ ਹੈ, ਜਿਸਨੇ ਉਸਨੂੰ ਸੋਚਣ ਸਮਝਣ ਤੇ ਫੈਸਲਾ ਕਰਨ ਦੀ ਯੋਗਤਾ ਬਖ਼ਸ਼ੀ ਹੈ। ਹੁਣ ਉਸਦੀ ਜ਼ਬਾਨ ਸੱਚੀ ਹੈ, ਕਿਉਂਕਿ ਉਹ ਉਸ ਅੱਲਾਹ ਨੂੰ ਮੰਨ ਰਹੀ ਹੈ ਜਿਸਨੇ ਉਸਨੂੰ ਬੋਲਣ ਦੀ ਸ਼ਕਤੀ ਪ੍ਰਦਾਨ ਕੀਤੀ ਹੈ। ਹੁਣ ਉਸ ਦੇ ਸੰਪੂਰਨ ਜੀਵਨ ਵਿੱਚ ਸਚਾਈ ਹੀ ਸਚਾਈ ਹੈ, ਕਿਉਂਕਿ ਇਛੁੱਕ ਤੇ ਅਣ-ਇੱਛੁਕ ਦੋਵੇਂ ਹਾਲਤਾਂ ਵਿੱਚ ਉਹ ਅੱਲਾਹ ਦੇ ਕਾਨੂੰਨ ਦਾ ਪਾਬੰਦ ਹੈ। ਹੁਣ ਸਮੁੱਚੇ ਵਿਸ਼ਵ ਨਾਲ ਉਸ ਦੀ ਸੁਲਾਹ ਹੋ ਗਈ ਕਿਉਂਕਿ ਸੰਸਾਰ ਦੀਆਂ ਸਮੂਹ ਵਸਤਾਂ ਜਿਸਦੀ ਬੰਦਗੀ ਕਰ ਰਹੀਆਂ ਹਨ, ਉਸੇ ਦੀ ਬੰਦਗੀ ਉਹ ਵੀ ਕਰ ਰਿਹਾ ਹੈ। ਹੁਣ ਉਹ ਧਰਤੀ ਉੱਤੇ ਅੱਲਾਹ ਦਾ ਪ੍ਰਤੀਨਿਧ ਹੈ। ਸਮੁੱਚਾ ਸੰਸਾਰ ਉਸਦਾ ਤੇ ਉਹ ਅੱਲਾਹ ਦਾ ਹੈ।

## ਕੁਫ਼ਰ ਦੀ (ਅਸਲੀਅਤ) ਵਾਸਤਵਿਕਤਾ

ਇਸ ਦੀ ਤੁਲਨਾ ਵਿੱਚ ਦੂਜਾ ਮਨੁੱਖ ਉਹ ਹੈ ਜਿਹੜਾ ਮੁਸਲਮਾਨ ਪੈਦਾ ਹੋਇਆ ਅਤੇ ਜੀਵਨ ਭਰ ਅਚੇਤਨ ਰੂਪ ਵਿੱਚ ਮੁਸਲਮਾਨ ਹੀ ਰਿਹਾ, ਪਰੰਤੂ ਆਪਣੀ ਬੁੱਧੀ ਤੇ ਗਿਆਨ ਬਲ ਤੋਂ ਕੰਮ ਲੈ ਕੇ ਉਸ ਨੇ ਰੱਬ ਨੂੰ ਨਾ ਪਛਾਣਿਆ ਤੇ ਆਪਣੇ ਆਜਾਦ ਖੇਤਰ ਦੀ ਸੀਮਾ ਵਿੱਚ ਅੱਲਾਹ ਦਾ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ। ਇਹ ਵਿਅਕਤੀ ਕਾਫ਼ਰ ਹੈ। ਕੁਫਰ ਮੂਲ ਰੂਪ ਵਿੱਚ ਅਰਬੀ ਭਾਸ਼ਾ ਦਾ ਸ਼ਬਦ ਹੈ। ਕੁਫ਼ਰ ਦੇ ਅਸਲ ਅਰਥ ਛੁਪਾਉਣ ਤੇ ਪਰਦਾ ਪਾਉਣ ਦੇ ਹਨ। ਅਜਿਹੇ ਵਿਅਕਤੀ ਨੂੰ ਇਸੇ ਲਈ ਕਾਫਰ ਆਖਿਆ ਜਾਂਦਾ ਹੈ ਕਿ ਉਸਨੇ ਆਪਣੀ ਸਹਿਜ ਪ੍ਰਕਿਰਤੀ ਉੱਤੇ ਨਾਦਾਨੀ ਦਾ ਪਰਦਾ ਪਾਇਆ ਹੋਇਆ ਹੈ। ਉਸ ਦੀ ਜਨਮ ਸਿੱਧ ਪ੍ਰਕਿਰਤੀ ਇਸਲਾਮ ਦੀ ਪ੍ਰਕਿਰਤੀ ਦੇ ਅਨੁਰੂਪ ਹੈ। ਉਸ ਦਾ ਸਾਰਾ ਸਰੀਰ ਤੇ ਸਰੀਰ ਦਾ ਹਰ ਭਾਗ ਇਸਲਾਮ ਦੀ ਪ੍ਰਕਿਰਤੀ ਅਨੁਸਾਰ ਕੰਮ ਕਰ ਰਿਹਾ ਹੈ। ਉਸ ਦੇ ਚਾਰੇ ਪਾਸੇ ਸਾਰੀ ਦੁਨੀਆਂ ਇਸਲਾਮ 'ਤੇ ਚੱਲ ਰਹੀ ਹੈ। ਪਰੰਤੂ ਉਸ ਦੀ ਅਕਲ ਉੱਤੇ ਪਰਦਾ ਪੈ ਗਿਆ ਹੈ। ਸਮੁੱਚੀ ਦੁਨੀਆਂ ਦੀ ਤੇ ਖ਼ੁਦ ਆਪਣੀ ਪ੍ਰਕਿਰਤੀ ਉਸ ਦੇ ਅੱਖੋਂ ਪਰੋਖੇ ਹੋ ਗਈ ਹੈ। ਉਹ ਉਸਦੇ ਵਿਰੁੱਧ ਸੋਚਦਾ ਹੈ ਤੇ ਉਸ ਦੇ ਵਿਰੁੱਧ ਚੱਲਣ ਦਾ ਯਤਨ ਕਰਦਾ ਹੈ।

ਹੁਣ ਤੁਸੀਂ ਸਮਝ ਸਕਦੇ ਹੋ ਕਿ ਜੋ ਵਿਅਕਤੀ ਕਾਫ਼ਰ ਹੈ, ਉਹ ਕਿੰਨਾ ਰਾਹੋਂ ਭਟਕਿਆ ਹੋਇਆ ਹੈ।

Scanned with CamScanner

## ਕੁ.ਫ਼ਰ ਦੀਆਂ ਹਾਨੀਆਂ

ਕੁ.ਫ਼ਰ ਇੱਕ ਪ੍ਰਕਾਰ ਦੀ ਅਗਿਆਨਤਾ ਹੈ ਸਗੋਂ ਅਸਲੀ ਅਗਿਆਨਤਾ ਕੁ.ਫ਼ਰ ਹੀ ਹੈ। ਇਸ ਤੋਂ ਵਧਕੇ ਹੋਰ ਕੀ ਅਗਿਆਨਤਾ ਹੋ ਸਕਦੀ ਹੈ ਕਿ ਮਨੁੱਖ ਖ਼ੁਦਾ ਤੋਂ ਅਣਜਾਣ ਹੋਵੇ। ਇੱਕ ਵਿਅਕਤੀ ਦੁਨੀਆਂ ਦੇ ਇੰਨੇ ਵੱਡੇ ਕਾਰਖ਼ਾਨੇ ਨੂੰ ਦਿਨ ਰਾਤ ਚਲਦੇ ਨੂੰ ਵੇਖਦਾ ਹੈ ਪਰੰਤੂ ਨਹੀਂ ਜਾਣਦਾ ਕਿ ਇਸ ਕਾਰਖ਼ਾਨੇ ਨੂੰ ਬਨਾਉਣ ਤੇ ਚਲਾਉਣ ਵਾਲਾ ਕੌਣ ਹੈ ਅਤੇ ਉਹ ਕਿਹੜਾ ਕਾਰੀਗਰ ਹੈ ਜਿਸਨੇ ਕੋਲੇ, ਲੋਹੇ, ਕੈਲਸ਼ੀਅਮ ਅਤੇ ਸੋਡੀਅਮ ਤੇ ਅਜਿਹੀਆਂ ਹੀ ਕੁੱਝ ਚੀਜ਼ਾਂ ਨੂੰ ਮਿਲਾਕੇ ਮਨੁੱਖ ਵਰਗੇ ਆਕਰਸ਼ਕ ਪ੍ਰਾਣੀ ਦੀ ਰਚਨਾ ਕਰ ਦਿੱਤੀ। ਇੱਕ ਵਿਅਕਤੀ ਸੰਸਾਰ ਵਿੱਚ ਹਰ ਪਾਸੇ ਅਜਿਹੀਆਂ ਚੀਜ਼ਾਂ ਤੇ ਅਜਿਹੇ ਕੰਮ ਵੇਖਦਾ ਹੈ ਜਿਨ੍ਹਾਂ ਵਿੱਚ ਅਦੁੱਤੀ ਇੰਜਨੀਅਰੀ, ਹਿਸਾਬ ਦਾਨੀ, ਰਸਾਇਣ ਗਿਆਨ ਤੇ ਸਮੁੱਚੀਆਂ ਯੁਕਤੀਆਂ ਦੇ ਚਮਤਕਾਰ ਵਿਖਾਈ ਦਿੰਦੇ ਹਨ ਪਰੰਤੂ ਉਹ ਨਹੀਂ ਜਾਣਦਾ ਕਿ ਉਹ ਗਿਆਨ ਤੇ ਬੁੱਧੀਮੱਤਾ ਵਾਲੀ ਸੱਤਾ ਕਿਹੜੀ ਹੈ ਜਿਸ ਨੇ ਬ੍ਰਹਿਮੰਡ ਵਿੱਚ ਇਹ ਸਾਰੇ ਕੰਮ ਕੀਤੇ ਹਨ। ਸੋਚੋ ਤੇ ਵਿਚਾਰ ਕਰੋ ਕਿ ਅਜਿਹੇ ਵਿਅਕਤੀ ਲਈ ਅਸਲੀ ਗਿਆਨ ਦੇ ਬੂਹੇ ਕਿਵੇਂ ਖੁੱਲ੍ਹ ਸਕਦੇ ਹਨ, ਜਿਸਨੂੰ ਗਿਆਨ ਦਾ ਪਹਿਲਾ ਸਿਰਾ ਹੀ ਨਾ ਲੱਭਿਆ ਹੋਵੇ? ਚਾਹੇ ਉਹ ਕਿੰਨੀ ਵੀ ਸੋਚ ਵਿਚਾਰ ਕਰੇ, ਕਿੰਨਾ ਹੀ ਭਾਲ-ਖੋਜ ਵਿੱਚ ਸਿਰ ਖਪਾਵੇ, ਉਸ ਨੂੰ ਕਿਸੇ ਵਿਭਾਗ ਵਿੱਚ ਗਿਆਨ ਦਾ ਸਿੱਧਾ ਤੇ ਸਤਿ ਮਾਰਗ ਨਹੀਂ ਮਿਲੇਗਾ, ਕਿਉਂਕਿ ਉਸ ਨੂੰ ਮੁੱਢ 'ਚ ਹੀ ਅਗਿਆਨਤਾ ਦਾ ਹਨੇਰਾ ਦਿਖਾਈ ਦੇਵੇਗਾ ਅਤੇ ਅੰਤ ਵਿੱਚ ਵੀ ਉਹ ਹਨ੍ਹੇਰੇ ਤੋਂ ਬਿਨਾਂ ਕੁੱਝ ਨਹੀਂ ਵੇਖੇਗਾ।

ਕੁ.ਫ਼ਰ ਇੱਕ ਜ਼ੁਲਮ ਹੈ, ਬਲਕਿ ਸਭ ਤੋਂ ਵੱਡਾ ਜ਼ੁਲਮ ਕੁ.ਫ਼ਰ ਹੀ ਹੈ। ਤੁਸੀਂ ਜਾਣਦੇ ਹੋ ਕਿ ਜ਼ੁਲਮ ਕਿਸਨੂੰ ਕਹਿੰਦੇ ਹਨ? ਜ਼ੁਲਮ ਇਹ ਹੈ ਕਿ ਕਿਸੇ ਚੀਜ਼ ਤੋਂ ਉਸ ਦੇ ਸੁਭਾਅ ਅਤੇ ਪ੍ਰਕਿਰਤੀ ਦੇ ਵਿਰੁੱਧ ਜ਼ਬਰਦਸਤੀ ਕੰਮ ਲਿਆ ਜਾਵੇ। ਤੁਸੀਂ ਜਾਣ ਚੁੱਕੇ ਹੋ ਕਿ ਦੁਨੀਆਂ ਵਿੱਚ ਜਿੰਨੀਆਂ ਵੀ ਚੀਜ਼ਾਂ ਹਨ ਸਾਰੀਆਂ ਰੱਬ ਦੀ ਆਗਿਆ ਦੇ ਅਧੀਨ ਹਨ ਅਤੇ ਉਹਨਾਂ ਦਾ ਸੁਭਾਅ ਹੀ 'ਇਸਲਾਮ' ਅਰਥਾਤ ਅੱਲਾਹ ਦੀ ਵਿਧੀ ਤੇ ਨਿਯਮ ਦਾ ਪਾਲਣ ਕਰਨਾ ਹੈ। ਖ਼ੁਦ ਮਨੁੱਖ ਦਾ ਸਮੁੱਚਾ ਸਰੀਰ ਤੇ ਸਰੀਰ ਦਾ ਹਰੇਕ ਭਾਗ ਜਨਮੋਂ ਹੀ ਇਸੇ ਪ੍ਰਕਿਰਤੀ ਦੇ ਅਨੁਰੂਪ ਹੈ। ਅੱਲਾਹ ਨੇ ਇਹਨਾਂ ਵਸਤਾਂ ਉੱਤੇ ਮਨੁੱਖ ਨੂੰ ਥੋੜ੍ਹਾ ਜਿਹਾ ਅਧਿਕਾਰ ਜ਼ਰੂਰ ਪ੍ਰਦਾਨ

Scanned with CamScanner

ਕੀਤਾ ਹੈ, ਪਰੰਤੂ ਹਰ ਚੀਜ਼ ਦੀ ਪ੍ਰਕਿਰਤੀ ਇਹ ਚਾਹੁੰਦੀ ਹੈ ਕਿ ਉਸ ਤੋਂ ਅੱਲਾਹ ਦੀ ਇੱਛਾ ਅਨੁਸਾਰ ਕੰਮ ਲਿਆ ਜਾਵੇ ਪਰ ਜਿਹੜਾ ਵਿਅਕਤੀ ਕੁਫ਼ਰ ਕਰਦਾ ਹੈ ਇਹ ਇਹਨਾਂ ਸਭਨਾਂ ਚੀਜ਼ਾਂ ਤੋਂ ਉਹਨਾਂ ਦੀ ਪ੍ਰਕਿਰਤੀ ਦੇ ਵਿਰੁੱਧ ਕੰਮ ਲੈਂਦਾ ਹੈ। ਉਹ ਆਪਣੇ ਮਨ ਵਿੱਚ ਦੂਜਿਆਂ ਦੀ ਵਡਿਆਈ, ਪ੍ਰੇਮ ਤੇ ਡਰ ਨੂੰ ਥਾਂ ਦਿੰਦਾ ਹੈ, ਜਦੋਂਕਿ ਦਿਲ ਦੀ ਪ੍ਰਕਿਰਤੀ ਇਹ ਚਾਹੁੰਦੀ ਹੈ ਇਸ ਵਿੱਚ ਅੱਲਾਹ ਦੀ ਵਡਿਆਈ, ਉਸ ਦਾ ਪ੍ਰੇਮ ਅਤੇ ਉਸ ਦਾ ਡਰ ਭਉ ਹੋਵੇ। ਉਹ ਆਪਣੀਆਂ ਸਮੂਹ ਇੰਦਰੀਆਂ ਤੇ ਅੰਗਾਂ ਨਾਲ ਅਤੇ ਦੁਨੀਆਂ ਦੀਆਂ ਸਭਨਾਂ ਵਸਤਾਂ ਤੋਂ ਜਿਹੜੀਆਂ ਉਹਦੇ ਅਧਿਕਾਰ ਵਿੱਚ ਹਨ ਅੱਲਾਹ ਦੀ ਇੱਛਾ ਦੇ ਵਿਰੁੱਧ ਕੰਮ ਲੈਂਦਾ ਹੈ। ਜਦੋਂ ਕਿ ਹਰ ਚੀਜ਼ ਦੀ ਪ੍ਰਕਿਰਤੀ ਇਹ ਚਾਹੁੰਦੀ ਹੈ ਕਿ ਉਸ ਤੋਂ ਅੱਲਾਹ ਦੀ ਵਿਧੀ ਤੇ ਨਿਯਮ ਅਨੁਸਾਰ ਕੰਮ ਲਿਆ ਜਾਵੇ। ਦੱਸੋ ਅਜਿਹੇ ਵਿਅਕਤੀ ਨਾਲੋਂ ਵਧਕੇ ਹੋਰ ਕੌਣ ਜ਼ਾਲਮ ਹੋਵੇਗਾ ਜਿਹੜਾ ਆਪਣੇ ਜੀਵਨ ਵਿੱਚ ਹਰ ਸਮੇਂ ਹਰ ਚੀਜ਼ ਉੱਪਰ ਇੱਥੋਂ ਤੱਕ ਕਿ ਆਪਣੇ ਆਪ 'ਤੇ ਵੀ ਜ਼ੁਲਮ ਢਾਹੁੰਦਾ ਰਹੇ।

ਕੁਫ਼ਰ ਕੇਵਲ ਜ਼ੁਲਮ ਹੀ ਨਹੀਂ, ਵਿਦਰੋਹ, ਅਕ੍ਰਿਤਘਣਤਾ ਤੇ ਨਮਕ ਹਰਾਮੀ ਵੀ ਹੈ। ਰਤਾ ਵਿਚਾਰ ਕਰੋ ਮਨੁੱਖ ਕੋਲ ਉਸਦੀ ਆਪਣੀ ਕਿਹੜੀ ਚੀਜ਼ ਹੈ? ਆਪਣੇ ਦਿਮਾਗ਼ ਨੂੰ ਉਸਨੇ ਬਣਾਇਆ ਜਾਂ ਅੱਲਾਹ ਨੇ? ਆਪਣੇ ਦਿਲ, ਆਪਣੀਆਂ ਅੱਖਾਂ, ਆਪਣੀ ਜ਼ਬਾਨ, ਆਪਣੇ ਹੱਥ-ਪੈਰ ਤੇ ਆਪਣੇ ਸਮੂਹ ਅੰਗਾਂ ਦਾ ਉਹ ਖ਼ੁਦ ਸਿਰਜਣਹਾਰ ਹੈ ਜਾਂ ਅੱਲਾਹ? ਉਸ ਦੇ ਚਾਰੇ ਪਾਸੇ ਜਿੰਨੀਆਂ ਚੀਜ਼ਾਂ ਹਨ, ਉਹਨਾਂ ਨੂੰ ਪੈਦਾ ਕਰਨ ਵਾਲਾ ਖ਼ੁਦ ਮਨੁੱਖ ਹੈ ਜਾਂ ਅੱਲਾਹ? ਇਹਨਾਂ ਸਮੂਹ ਵਸਤਾਂ ਨੂੰ ਮਨੁੱਖ ਲਈ ਲਾਭਦਾਇਕ, ਉਪਯੋਗੀ ਬਣਾਉਣਾ ਤੇ ਉਹਨਾਂ ਦੇ ਉਪਯੋਗ ਦੀ ਸ਼ਕਤੀ ਮਨੁੱਖ ਦਾ ਆਪਣਾ ਕੰਮ ਹੈ ਜਾਂ ਅੱਲਾਹ ਦਾ ਤੁਸੀਂ ਆਖੋਗੇ ਇਹ ਸਾਰੀਆਂ ਵਸਤਾਂ ਅੱਲਾਹ ਦੀਆਂ ਹਨ! ਅੱਲਾਹ ਨੇ ਹੀ ਇਹਨਾਂ ਨੂੰ ਪੈਦਾ ਕੀਤਾ ਹੈ, ਅੱਲਾਹ ਹੀ ਇਹਨਾਂ ਦਾ ਮਾਲਕ ਹੈ ਅਤੇ ਅੱਲਾਹ ਦੇ ਹੀ ਪ੍ਰਦਾਨ ਕਰਨ ਸਦਕਾ ਇਹ ਮਨੁੱਖ ਨੂੰ ਮਿਲੀਆਂ ਹਨ। ਜਦੋਂ ਅਸਲ ਸਚਾਈ ਇਹ ਹੈ ਤਾਂ ਉਸ ਤੋਂ ਵੱਡਾ ਵਿਦਰੋਹੀ ਕੌਣ ਹੋਵੇਗਾ ਜਿਹੜਾ ਅੱਲਾਹ ਦੇ ਦਿੱਤੇ ਹੋਏ ਦਿਮਾਗ਼ ਨਾਲ ਹੀ ਅੱਲਾਹ ਦੇ ਵਿਰੁੱਧ ਸੋਚੇ। ਅੱਲਾਹ ਦੇ ਪ੍ਰਦਾਨ ਕੀਤੇ ਦਿਲ ਵਿੱਚ ਹੀ ਉਸ ਦੇ ਵਿਰੁੱਧ ਭਾਵਨਾਵਾਂ ਨੂੰ ਥਾਂ ਦੇਵੇ। ਅੱਲਾਹ ਨੇ ਜਿਹੜੀਆਂ ਅੱਖਾਂ, ਜਿਹੜੀ ਜ਼ਬਾਨ, ਜਿਹੜੇ ਹੱਥ-ਪੈਰ

Scanned with CamScanner

ਅਤੇ ਜਿਹੜੀਆਂ ਦੂਜੀਆਂ ਚੀਜ਼ਾਂ ਉਸਨੂੰ ਬਖ਼ਸ਼ੀਆਂ ਹਨ, ਉਹਨਾਂ ਨੂੰ ਅੱਲਾਹ ਦੀ ਹੀ ਪਸੰਦ ਤੇ ਮਰਜ਼ੀ ਦੇ ਵਿਰੁੱਧ ਪ੍ਰਯੋਗ ਕਰੇ। ਜੇਕਰ ਕੋਈ ਨੌਕਰ ਆਪਣੇ ਮਾਲਕ ਦਾ ਨਮਕ ਖਾ ਕੇ ਉਹਦੇ ਨਾਲ ਵਿਸ਼ਵਾਸਘਾਤ ਕਰਦਾ ਹੈ ਤਾਂ ਤੁਸੀਂ ਉਸ ਨੂੰ ਨਮਕ ਹਰਾਮ ਕਹਿੰਦੇ ਹੋ। ਜੇਕਰ ਕੋਈ ਸਰਕਾਰੀ ਕਰਮਚਾਰੀ ਹਕੂਮਤ ਦੇ ਦਿੱਤੇ ਅਧਿਕਾਰਾਂ ਦਾ ਪ੍ਰਯੋਗ ਹਕੂਮਤ ਦੇ ਹੀ ਵਿਰੁੱਧ ਕਰਦਾ ਹੈ ਤਾਂ ਤੁਸੀਂ ਉਸ ਨੂੰ ਵਿਦਰੋਹੀ ਆਖਦੇ ਹੋ। ਜੇਕਰ ਕੋਈ ਉਸ ਵਿਅਕਤੀ ਨਾਲ ਜਿਸਦਾ ਉਸ ਉੱਪਰ ਉਪਕਾਰ ਹੋਵੇ ਵਿਸ਼ਵਾਸਘਾਤ ਕਰਦਾ ਹੈ ਤਾਂ ਉਸਨੂੰ ਤੁਸੀਂ ਅਕ੍ਰਿਤਘਣ ਕਹਿੰਦੇ ਹੋ, ਪਰੰਤੂ ਮਨੁੱਖ ਪ੍ਰਤੀ ਮਨੁੱਖ ਦੀ ਨਮਕਹਰਾਮੀ, ਵਿਸ਼ਵਾਸਘਾਤ ਤੇ ਅਕ੍ਰਿਤਘਣਤਾ ਦੀ ਕੀ ਵਾਸਤਵਿਕਤਾ ਹੈ ? ਮਨੁੱਖ ਦੂਜੇ ਮਨੁੱਖ ਨੂੰ ਕਿੱਥੋਂ ਉਪਜੀਵਕਾ ਦਿੰਦਾ ਹੈ। ਉਹ ਅੱਲਾਹ ਦੀ ਹੀ ਦਿੱਤੀ ਹੋਈ ਜੀਵਕਾ ਤਾਂ ਹੈ। ਹਕੂਮਤ ਆਪਣੇ ਕਰਮਚਾਰੀਆਂ ਨੂੰ ਜਿਹੜੇ ਅਧਿਕਾਰ ਦਿੰਦੀ ਹੈ, ਉਹ ਕਿੱਥੋਂ ਆਏ ਹਨ ? ਅੱਲਾਹ ਨੇ ਹੀ ਤਾਂ ਸੱਤਾ ਪ੍ਰਦਾਨ ਕੀਤੀ ਹੈ। ਕੋਈ ਉਪਕਾਰ ਕਰਨ ਵਾਲਾ ਦੂਜੇ ਵਿਅਕਤੀ ਉੱਤੇ ਕਿੱਥੋਂ ਉਪਕਾਰ ਕਰਦਾ ਹੈ ? ਸਭ ਕੁਝ ਅੱਲਾਹ ਦਾ ਹੀ ਤਾਂ ਦਿੱਤਾ ਹੋਇਆ ਹੈ। ਮਨੁੱਖ ਉੱਤੇ ਸਭ ਤੋਂ ਵੱਡਾ ਹੱਕ ਉਸਦੇ ਮਾਂ-ਬਾਪ ਦਾ ਹੈ ਪਰੰਤੂ ਮਾਂ-ਬਾਪ ਦੇ ਦਿਲ ਵਿੱਚ ਸੰਤਾਨ ਪ੍ਰਤੀ ਪ੍ਰੇਮ ਕਿਸਨੇ ਪੈਦਾ ਕੀਤਾ ? ਮਾਂ ਦੇ ਸੀਨੇ ਵਿੱਚ ਦੁੱਧ ਕਿਸਨੇ ਉਤਾਰਿਆ ? ਬਾਪ ਦੇ ਦਿਲ ਵਿੱਚ ਇਹ ਗੱਲ ਕਿਸਨੇ ਬਿਠਾਈ ਕਿ ਆਪਣੀ ਖ਼ੂਨ-ਪਸੀਨੇ ਦੀ ਕਮਾਈ ਖੱਲ-ਮਾਸ ਦੇ ਇੱਕ ਬੇਕਾਰ ਲੋਥੜੇ ਉੱਤੇ ਖ਼ੁਸ਼ੀ-ਖ਼ੁਸ਼ੀ ਨਿਛਾਵਰ ਕਰ ਦੇਵੇ। ਉਸਦੇ ਪਾਲਣ-ਪੋਸ਼ਣ ਤੇ ਸਿੱਖਿਆ ਉੱਤੇ ਆਪਣਾ ਸਮਾਂ, ਆਪਣਾ ਧਨ, ਆਪਣਾ ਅਰਾਮ-ਚੈਨ ਸਭ ਕੁਝ ਅਰਪਣ ਕਰ ਦੇਵੇ। ਹੁਣ ਦੱਸੋ ਕਿ ਜੋ ਅੱਲਾਹ ਮਨੁੱਖ ਦਾ ਅਸਲ ਉਪਕਾਰਕਰਤਾ ਹੈ, ਅਸਲ ਸਮਰਾਟ ਹੈ ਸਭ ਤੋਂ ਵੱਡਾ ਪਾਲਣਕਰਤਾ ਹੈ। ਜੇਕਰ ਉਸੇ ਨਾਲ ਮਨੁੱਖ ਕੁਫ਼ਰ ਕਰੇ, ਉਸਨੂੰ ਅੱਲਾਹ ਪ੍ਰਵਾਨ ਨਾ ਕਰੇ ਉਸਦੀ ਬੰਦਗੀ ਤੋਂ ਇਨਕਾਰ ਕਰੇ ਅਤੇ ਉਸਦੇ ਅਗਿਆਪਾਲਣ ਤੋਂ ਮੂੰਹ ਮੋੜੇ ਤਾਂ ਇਹ ਕਿੰਨਾ ਘੋਰ ਵਿਦਰੋਹ ਹੈ, ਅਕ੍ਰਿਤਘਣਤਾ ਅਤੇ ਨਮਕਹਰਾਮੀ ਹੈ।

ਕਿਤੇ ਇਹ ਨਾ ਸਮਝ ਲੈਣਾ ਕਿ ਕੁਫ਼ਰ ਨਾਲ ਮਨੁੱਖ ਅੱਲਾਹ ਦਾ ਕੁੱਝ ਵਿਗਾੜਦਾ ਹੈ। ਜਿਸ ਸ਼ਾਸ਼ਕ ਦਾ ਰਾਜ ਇੰਨਾ ਵੱਡਾ ਹੈ ਕਿ ਅਸੀਂ ਵੱਡੀ ਤੋਂ ਵੱਡੀ ਦੂਰਬੀਨ ਲਗਾ ਕੇ ਹੁਣ ਤੱਕ ਪਤਾ ਨਹੀਂ ਕਰ ਸਕੇ ਕਿ ਉਹ ਕਿੱਥੋਂ ਅਰੰਭ ਹੁੰਦਾ ਹੈ ਤੇ

ਕਿੱਥੇ ਸਮਾਪਤ ਹੁੰਦਾ ਹੈ, ਜਿਸ ਬਾਦਸ਼ਾਹ ਦੀ ਸ਼ਕਤੀ ਇੰਨੀ ਅਪਾਰ ਹੈ ਕਿ ਸਾਡੀ ਧਰਤੀ, ਸੂਰਜ-ਮੰਡਲ ਅਤੇ ਅਜਿਹੇ ਹੀ ਕਰੋੜਾਂ ਗ੍ਰਹਿ ਉਸਦੇ ਇਸ਼ਾਰੇ ਤੇ ਗੇਂਦ ਵਾਂਗ ਫਿਰ ਰਹੇ ਹਨ, ਜਿਸ ਸਮਰਾਟ ਦੀ ਸੰਪਤੀ ਇੰਨੀ ਅਪਾਰ ਹੈ ਕਿ ਸਮੁੱਚੇ ਵਿਸ਼ਵ ਵਿੱਚ ਜੋ ਕੁੱਝ ਹੈ ਉਸੇ ਦਾ ਹੈ, ਉਸ ਵਿੱਚ ਕੋਈ ਉਸ ਦਾ ਭਾਈਵਾਲ ਨਹੀਂ, ਜਿਹੜਾ ਅਜਿਹਾ ਬੇਨਿਆਜ਼ ਸਮਰਾਟ ਹੈ ਕਿ ਕਿਸੇ ਦਾ ਮੁਥਾਜ ਨਹੀਂ ਸਾਰੇ ਉਸਦੇ ਮੁਥਾਜ ਹਨ, ਭਲਾ ਮਨੁੱਖ ਦੀ ਕੀ ਹਸਤੀ ਹੈ ਕਿ ਉਹਦੇ ਮੰਨਣ ਜਾਂ ਨਾ ਮੰਨਣ ਨਾਲ ਅਜਿਹੇ ਸਮਰਾਟ ਨੂੰ ਕੋਈ ਹਾਨੀ ਹੋਵੇ। ਉਸ ਨਾਲ ਕੁਫ਼ਰ ਤੇ ਵਿਦਰੋਹ ਦੀ ਨੀਤੀ ਅਪਣਾ ਕੇ ਮਨੁੱਖ ਉਸਦਾ ਕੁੱਝ ਵੀ ਨਹੀਂ ਵਿਗਾੜਦਾ ਪਰ ਆਪਣੇ ਵਿਨਾਸ਼ ਦਾ ਸਮਾਨ ਜ਼ਰੂਰ ਕਰਦਾ ਹੈ।

ਕੁਫ਼ਰ ਅਤੇ ਅਵੱਗਿਆ ਦਾ ਇਹ ਲਾਜ਼ਮੀ ਨਤੀਜਾ ਹੁੰਦਾ ਹੈ ਕਿ ਮਨੁੱਖ ਸਦਾ ਲਈ ਅਸਫਲ ਤੇ ਮਨੋਰਥ ਵਿੱਚ ਫੇਲ ਹੋ ਜਾਵੇ। ਅਜਿਹੇ ਵਿਅਕਤੀ ਨੂੰ ਗਿਆਨ ਦਾ ਸਿੱਧਾ ਮਾਰਗ ਕਦੇ ਨਹੀਂ ਮਿਲ ਸਕੇਗਾ, ਕਿਉਂਕਿ ਜਿਹੜਾ ਗਿਆਨ ਖੁਦ ਆਪਣੇ ਪੈਦਾ ਕਰਨ ਵਾਲੇ ਨੂੰ ਨਾ ਜਾਣੇ, ਉਹ ਕਿਸ ਚੀਜ਼ ਨੂੰ ਠੀਕ ਜਾਣ ਸਕਦਾ ਹੈ। ਉਸਦੀ ਬੁੱਧੀ ਸਦਾ ਟੇਢਾ ਰਾਹ ਅਪਣਾਏਗੀ, ਕਿਉਂਕਿ ਜਿਹੜੀ ਅਕਲ ਖੁਦ ਆਪਣੇ ਬਨਾਉਣ ਵਾਲੇ ਨੂੰ ਪਛਾਣਨ ਵਿੱਚ ਗਲਤੀ ਕਰੇ, ਉਹ ਹੋਰ ਕਿਹੜੀ ਚੀਜ਼ ਨੂੰ ਸਹੀ ਸਮਝ ਸਕਦੀ ਹੈ, ਉਹ ਆਪਣੇ ਜੀਵਨ ਦੇ ਸਾਰੇ ਮਾਮਲਿਆਂ ਵਿੱਚ ਠੋਕਰਾਂ ਖਾਵੇਗਾ। ਉਸ ਦਾ ਸੁਭਾ ਵਿਗੜੇਗਾ, ਉਸ ਦੀ ਸੰਸਕ੍ਰਿਤੀ ਵਿਗੜੇਗੀ। ਉਸਦਾ ਸਮਾਜ ਵਿਗਾੜ ਦਾ ਸ਼ਿਕਾਰ ਹੋਵੇਗਾ। ਉਸਦੀ ਜੀਵਕਾ ਦੇ ਸਾਰੇ ਉਦਯੋਗ ਭ੍ਰਿਸ਼ਟ ਹੋਣਗੇ। ਉਸ ਦਾ ਸਮਾਜ ਬੁਰਾ ਅਤੇ ਰਾਜਨੀਤੀ ਦੋਸ਼ਪੂਰਨ ਹੋਵੇਗੀ। ਉਹ ਸੰਸਾਰ ਵਿੱਚ ਅਸ਼ਾਂਤੀ ਫੈਲਾਏਗਾ, ਖ਼ੂਨ ਖ਼ਰਾਬਾ ਕਰੇਗਾ, ਦੂਜਿਆਂ ਦਾ ਹੱਕ ਮਾਰੇਗਾ, ਜ਼ੁਲਮ ਤੇ ਅੱਤਿਆਚਾਰ ਕਰੇਗਾ ਖ਼ੁਦ ਆਪਣੇ ਜੀਵਨ ਨੂੰ ਆਪਣੇ ਬੁਰੇ ਵਿਚਾਰਾਂ, ਸ਼ਰਾਰਤਾਂ ਅਤੇ ਕੁਕਰਮਾਂ ਨਾਲ ਆਪਣੇ ਲਈ ਦੁਖਦਾਈ ਤੇ ਸਨੇਹਹੀਣ ਬਣਾ ਲਵੇਗਾ। ਫੇਰ ਜਦੋਂ ਉਹ ਇਸ ਲੋਕ ਤੋਂ ਪਰਲੋਕ ਵਿੱਚ ਪਹੁੰਚੇਗਾ ਤਾਂ ਉਹ ਸਾਰੀਆਂ ਚੀਜ਼ਾਂ ਜਿਨ੍ਹਾਂ ਤੇ ਉਹ ਜੀਵਨ ਭਰ ਜ਼ੁਲਮ ਕਰਦਾ ਰਿਹਾ ਸੀ, ਉਸ ਦੇ ਵਿਰੁੱਧ ਸ਼ਿਕਾਇਤ ਕਰਨਗੀਆਂ। ਉਸਦਾ ਦਿਮਾਗ਼, ਉਸਦਾ ਹਿਰਦਾ, ਉਸਦੀਆਂ ਅੱਖਾਂ, ਉਸ ਦੇ ਕੰਨ, ਉਸਦੇ ਹੱਥ-ਪੈਰ ਇੱਥੋਂ ਤੱਕ ਕਿ ਉਸਦਾ ਰੋਮ-ਰੋਮ ਅੱਲਾਹ ਦੀ

Scanned with CamScanner

ਅਦਾਲਤ ਵਿੱਚ ਫ਼ਰਿਆਦ ਕਰੇਗਾ ਕਿ ਇਸ ਜ਼ਾਲਮ ਨੇ ਤੇਰੇ ਵਿਰੁੱਧ ਵਿਦਰੋਹ ਕੀਤਾ ਅਤੇ ਇਸ ਵਿਦਰੋਹ ਵਿੱਚ ਸਾਥੋਂ ਮੱਲੋਜ਼ੋਰੀ ਕੰਮ ਲਿਆ। ਉਹ ਧਰਤੀ, ਜਿਸ ਉੱਪਰ ਉਹ ਅਵੱਗਿਆਕਾਰੀ ਹੋ ਕੇ ਵਿਚਰਿਆ ਤੇ ਰਿਹਾ; ਉਹ ਰੋਜ਼ੀ ਜਿਹੜੀ ਉਸਨੇ ਅਵੈਧ ਰੂਪ ਨਾਲ ਕਮਾਈ, ਉਹ ਧਨ ਜਿਹੜਾ ਹਰਾਮ ਢੰਗਾਂ ਨਾਲ ਕਮਾਇਆ ਤੇ ਹਰਾਮ ਰਾਹ ਖ਼ਰਚ ਕੀਤਾ, ਉਹ ਸਾਰੀਆਂ ਚੀਜ਼ਾਂ ਜਿਨ੍ਹਾਂ ਨੂੰ ਵਿਦਰੋਹੀ ਬਣਕੇ ਪ੍ਰਯੋਗ ਕੀਤਾ, ਉਹ ਸਾਰੇ ਉਪਕਰਨ ਤੇ ਸਾਧਨ ਜਿਨ੍ਹਾਂ ਤੋਂ ਉਸਨੇ ਇਸ ਵਿਦਰੋਹ ਵਿੱਚ ਕੰਮ ਲਿਆ, ਉਸ ਦੇ ਵਿਰੁੱਧ ਫ਼ਰਿਆਦੀ ਬਣਕੇ ਆਉਣਗੇ ਅਤੇ ਅੱਲਾਹ ਜਿਹੜਾ ਵਾਸਤਵਿਕ ਨਿਆਂਕਰਤਾ ਹੈ, ਇਹਨਾਂ ਦੁਖਿਆਰਿਆਂ ਦੀ ਫ਼ਰਿਆਦ ਸੁਣੇਗਾ ਤੇ ਇਸ ਵਿਦਰੋਹੀ ਨੂੰ ਨਿਰਾਦਰ ਭਰਿਆ ਦੰਡ ਦੇਵੇਗਾ।

## ਇਸਲਾਮ ਦੇ ਫਾਇਦੇ

ਇਹ ਹਨ ਕੁਫ਼ਰ ਦੀਆਂ ਹਾਨੀਆਂ। ਆਉ, ਰਤਾ ਇਹ ਵੀ ਵੇਖੀਏ ਕਿ ਇਸਲਾਮ ਦਾ ਤਰੀਕਾ ਅਪਨਾਉਣ ਦਾ ਕੀ ਲਾਭ ਹੈ।

ਉੱਪਰ ਤੁਹਾਨੂੰ ਪਤਾ ਲੱਗ ਚੁੱਕਿਆ ਹੈ ਕਿ ਇਸ ਲੋਕ ਵਿੱਚ ਹਰ ਪਾਸੇ ਅੱਲਾਹ ਦੀ ਕੁਦਰਤ ਦੀਆਂ ਨਿਸ਼ਾਨੀਆਂ ਫੈਲੀਆਂ ਹੋਈਆਂ ਹਨ। ਵਿਸ਼ਵ ਦਾ ਇਹ ਵਿਰਾਟ ਕਾਰਖ਼ਾਨਾ ਜਿਹੜਾ ਇੱਕ ਪੂਰਨ ਵਿਵਸਥਾ ਅਤੇ ਇੱਕ ਅਟਲ ਨਿਯਮ ਦੇ ਅਧੀਨ ਚਲ ਰਿਹਾ ਹੈ ਖੁਦ ਇਸ ਗੱਲ ਦੀ ਸਾਖੀ ਭਰਦਾ ਹੈ ਕਿ ਉਸਦਾ ਬਨਾਉਣ ਵਾਲਾ ਤੇ ਚਲਾਉਣ ਵਾਲਾ ਇੱਕ ਅਪਾਰ ਸ਼ਕਤੀ ਵਾਲਾ ਸ਼ਾਸ਼ਕ ਹੈ। ਜਿਸ ਦੇ ਸ਼ਾਸ਼ਨ ਵਿਰੁੱਧ ਕੋਈ ਵੀ ਚੀਜ਼ ਸਿਰ ਨਹੀਂ ਚੁੱਕ ਸਕਦੀ। ਸਮੁੱਚੇ ਵਿਸ਼ਵ ਦੀ ਨਿਆਈਂ ਖੁਦ ਮਨੁੱਖ ਦੀ ਪ੍ਰਕਿਰਤੀ ਵੀ ਇਹੋ ਹੈ ਕਿ ਉਸ ਦਾ ਹੁਕਮ ਮੰਨੇ ਜਿਵੇਂ ਕਿ ਅਚੇਤ ਰੂਪ ਵਿੱਚ ਦਿਨ ਰਾਤ ਉਸਦਾ ਆਗਿਆਪਾਲਣ ਕਰ ਹੀ ਰਿਹਾ ਹੈ, ਕਿਉਂਕਿ ਉਸਦੇ ਪ੍ਰਾਕਿਰਤਕ ਨਿਯਮਾਂ ਦਾ ਉਲੰਘਣ ਕਰਕੇ ਉਹ ਜੀਵਤ ਹੀ ਨਹੀਂ ਰਹਿ ਸਕਦਾ।

ਪਰੰਤੂ ਅੱਲਾਹ ਨੇ ਮਨੁੱਖ ਦੇ ਗਿਆਨ ਦੀ ਯੋਗਤਾ, ਸੋਚਣ ਸਮਝਣ ਦੀ ਸ਼ਕਤੀ ਤੇ ਭਲੇ ਬੁਰੇ ਦੀ ਪਰਖ ਦੇ ਕੇ ਇਰਾਦੇ ਤੇ ਅਧਿਕਾਰ ਵਿੱਚ ਥੋੜ੍ਹੀ ਜਿਹੀ ਸੁੰਤਤਰਤਾ ਪ੍ਰਦਾਨ ਕੀਤੀ ਹੈ। ਇਸ ਅਜ਼ਾਦੀ ਵਿੱਚ ਅਸਲ ਵਿੱਚ ਮਨੁੱਖ ਦੀ ਪ੍ਰੀਖਿਆ ਹੈ। ਉਸ ਦੇ ਗਿਆਨ ਦੀ ਪ੍ਰੀਖਿਆ ਹੈ, ਉਸ ਦੀ ਬੁੱਧੀ ਦੀ ਪ੍ਰੀਖਿਆ ਹੈ

Scanned with CamScanner

ਉਸਦੇ ਵਿਵੇਕ ਦੀ ਪ੍ਰੀਖਿਆ ਹੈ ਅਤੇ ਇਸ ਗੱਲ ਦੀ ਪ੍ਰੀਖਿਆ ਹੈ ਕਿ ਉਸਨੂੰ ਜਿਹੜੀ ਸੁਤੰਤਰਤਾ ਪ੍ਰਦਾਨ ਕੀਤੀ ਗਈ ਹੈ, ਉਸਨੂੰ ਉਹ ਕਿਸ ਤਰ੍ਹਾਂ ਪ੍ਰਯੋਗ ਕਰਦਾ ਹੈ। ਇਸ ਪ੍ਰੀਖਿਆ ਵਿੱਚ ਕੋਈ ਇੱਕ ਢੰਗ ਅਪਨਾਉਣ ਲਈ ਮਨੁੱਖ ਨੂੰ ਮਜਬੂਰ ਨਹੀਂ ਕੀਤਾ ਗਿਆ, ਕਿਉਂਕਿ ਮਜਬੂਰ ਤੇ ਬੇਬਸ ਕਰ ਕੇ ਪ੍ਰੀਖਿਆ ਦਾ ਉਦੇਸ਼ ਹੀ ਸਮਾਪਤ ਹੋ ਜਾਂਦਾ ਹੈ। ਤੁਸੀਂ ਖ਼ੁਦ ਸਮਝ ਸਕਦੇ ਹੋ ਕਿ ਪ੍ਰੀਖਿਆ ਵਿੱਚ ਪ੍ਰਸ਼ਨ-ਪੱਤਰ ਦੇਣ ਪਿੱਛੋਂ ਜੇਕਰ ਤੁਹਾਨੂੰ ਇੱਕ ਵਿਸ਼ੇਸ਼ ਉੱਤਰ ਦੇਣ ਲਈ ਪਾਬੰਦ ਤੇ ਬੇਬਸ ਕਰ ਦਿੱਤਾ ਜਾਵੇ ਤਾਂ ਅਜਿਹੀ ਪ੍ਰੀਖਿਆ ਤੋਂ ਕੋਈ ਲਾਭ ਨਹੀਂ ਹੋਵੇਗਾ। ਤੁਹਾਡੀ ਅਸਲ ਯੋਗਤਾ ਦਾ ਪ੍ਰਦਰਸ਼ਨ ਤਾਂ ਉਸੇ ਸਮੇਂ ਹੋ ਸਕਦਾ ਹੈ ਜਦੋਂ ਕਿ ਤੁਹਾਨੂੰ ਹਰ ਪ੍ਰਕਾਰ ਦਾ ਉੱਤਰ ਦੇਣ ਦਾ ਅਧਿਕਾਰ ਪ੍ਰਾਪਤ ਹੋਵੇ। ਜੇਕਰ ਤੁਸਾਂ ਠੀਕ ਉੱਤਰ ਦਿੱਤਾ ਤਾਂ ਸਫਲ ਹੋਵੋਗੇ ਭਵਿੱਖ ਵਿੱਚ ਉੱਨਤੀ ਦਾ ਬੂਹਾ ਤੁਹਾਡੇ ਲਈ ਖੁੱਲ੍ਹ ਜਾਵੇਗਾ। ਜੇਕਰ ਠੀਕ ਉੱਤਰ ਨਾ ਦਿੱਤਾ ਤਾਂ ਅਸਫਲ ਹੋਵੋਗੇ ਤੇ ਆਪਣੀ ਅਯੋਗਤਾ ਨਾਲ ਖ਼ੁਦ ਆਪਣੀ ਉਨੱਤੀ ਦਾ ਦਰਵਾਜ਼ਾ ਬੰਦ ਕਰ ਲਉਗੇ। ਠੀਕ ਇਸੇ ਤਰ੍ਹਾਂ ਅੱਲਾਹ ਨੇ ਵੀ ਆਪਣੀ ਪ੍ਰੀਖਿਆ ਵਿੱਚ ਮਨੁੱਖ ਨੂੰ ਸੁਤੰਤਰ ਰੱਖਿਆ ਹੈ ਤਾਂ ਕਿ ਉਹ ਜਿਹੜਾ ਤਰੀਕਾ ਚਾਹੇ, ਅਪਣਾ ਲਵੇ।

ਹੁਣ ਇੱਕ ਵਿਅਕਤੀ ਤਾਂ ਉਹ ਹੈ ਕਿ ਜਿਹੜਾ ਖ਼ੁਦ ਆਪਣੀ ਤੇ ਵਿਸ਼ਵ ਦੀ ਪ੍ਰਕਿਰਤੀ ਨੂੰ ਨਹੀਂ ਸਮਝਦਾ, ਆਪਣੇ ਸਿਰਜਣਹਾਰ ਦੀ ਹਸਤੀ ਤੇ ਉਸ ਦੇ ਗੁਣ ਨੂੰ ਪਛਾਣਨ ਵਿੱਚ ਭੁੱਲ ਕਰਦਾ ਹੈ ਅਤੇ ਅਧਿਕਾਰ ਦੀ ਜਿਹੜੀ ਅਜ਼ਾਦੀ ਉਸਨੂੰ ਦਿੱਤੀ ਗਈ ਹੈ ਉਸ ਤੋਂ ਅਣਉਚਿਤ ਲਾਭ ਉਠਾ ਕੇ ਅਵੱਗਿਆ ਤੇ ਵਿਦਰੋਹ ਦੀ ਨੀਤੀ ਅਪਣਾਉਂਦਾ ਹੈ। ਇਹ ਵਿਅਕਤੀ ਗਿਆਨ ਬੁੱਧੀ, ਵਿਵੇਕ ਅਤੇ ਕਰਤੱਵ ਪਾਲਣ ਦੀ ਪ੍ਰੀਖਿਆ ਵਿੱਚ ਅਸਫਲ ਹੋ ਗਿਆ। ਉਸਨੇ ਖ਼ੁਦ ਸਿੱਧ ਕਰ ਦਿੱਤਾ ਕਿ ਉਹ ਹਰ ਪੱਖੋਂ ਹੇਠਲੇ ਦਰਜੇ ਦਾ ਵਿਅਕਤੀ ਹੈ, ਇਸ ਲਈ ਉਸ ਦਾ ਉਹੀ ਅੰਤ ਹੋਣਾ ਚਾਹੀਦਾ ਹੈ ਜਿਹੜਾ ਉੱਪਰ ਬਿਆਨਿਆ ਗਿਆ ਹੈ।

ਇਸਦੇ ਮੁਕਾਬਲੇ ਵਿੱਚ ਇੱਕ ਦੂਜਾ ਵਿਅਕਤੀ ਹੈ, ਜਿਹੜਾ ਇਸ ਪ੍ਰੀਖਿਆ ਵਿੱਚ ਸਫਲ ਹੋ ਗਿਆ। ਉਸਨੇ ਗਿਆਨ ਤੇ ਬੁੱਧੀ ਤੋਂ ਸਹੀ ਕੰਮ ਲੈ ਕੇ ਅੱਲਾਹ ਨੂੰ ਜਾਣਿਆ ਤੇ ਮੰਨਿਆ, ਹਾਲਾਂ ਕਿ ਉਸਨੂੰ ਅਜਿਹਾ ਕਰਨ ਲਈ ਮਜਬੂਰ ਨਹੀਂ

Scanned with CamScanner

ਕੀਤਾ ਗਿਆ ਸੀ। ਉਸਨੇ ਭਲਾਈ ਤੇ ਬੁਰਾਈ ਨੂੰ ਪਰਖਣ ਵਿੱਚ ਗ਼ਲਤੀ ਨਹੀਂ ਕੀਤੀ ਅਤੇ ਸੁਤੰਤਰ ਰੂਪ ਵਿੱਚ ਉਸਨੇ ਭਲਾਈ ਨੂੰ ਹੀ ਪਸੰਦ ਕੀਤਾ ਜਦੋਂ ਕਿ ਉਹ ਬੁਰਾਈ ਵੱਲ ਉਲਾਰ ਹੋ ਜਾਣ ਲਈ ਵੀ ਅਜ਼ਾਦ ਸੀ। ਉਸ ਨੇ ਆਪਣੀ ਪ੍ਰਕਿਰਤੀ ਨੂੰ ਸਮਝਿਆ, ਆਪਣੇ ਰੱਬ ਨੂੰ ਪਛਾਣਿਆ ਅਤੇ ਅਵੱਗਿਆ ਲਈ ਅਜ਼ਾਦ ਹੋਣ ਤੇ ਵੀ ਅਲੱਾਹ ਦੇ ਆਗਿਆ ਪਾਲਣ ਦੀ ਨੀਤੀ ਨੂੰ ਹੀ ਅਪਣਾਇਆ। ਇਸ ਵਿਅਕਤੀ ਨੂੰ ਪ੍ਰੀਖਿਆ ਵਿੱਚ ਇਸੇ ਲਈ ਤਾਂ ਸਫਲਤਾ ਮਿਲੀ ਕਿ ਉਸਨੇ ਆਪਣੀ ਅਕਲ ਤੋਂ ਠੀਕ ਕੰਮ ਲਿਆ, ਆਪਣੀਆਂ ਅੱਖਾਂ ਨਾਲ ਠੀਕ ਦੇਖਿਆ, ਕੰਨਾਂ ਨਾਲ ਠੀਕ ਸੁਣਿਆ, ਦਿਮਾਗ ਨਾਲ ਠੀਕ ਰਾਇ ਨਿਰਧਾਰਤ ਕੀਤੀ ਅਤੇ ਦਿਲੋਂ ਉਸੇ ਗੱਲ ਦੀ ਪੈਰਵੀ ਕੀਤੀ ਜਿਹੜੀ ਠੀਕ ਸੀ। ਉਸਨੇ ਸਤਿ ਨੂੰ ਪਛਾਣ ਕੇ ਇਹ ਵੀ ਸਿੱਧ ਕਰ ਦਿੱਤਾ ਕਿ ਉਹ ਸਤਿ ਨੂੰ ਪਛਾਣਦਾ ਹੈ ਅਤੇ ਸਤਿ ਅੱਗੇ ਸੀਸ ਝੁਕਾ ਕੇ ਇਹ ਵੀ ਦਿਖਾ ਦਿੱਤਾ ਕਿ ਉਹ ਸਤਿ ਦਾ ਪੁਜਾਰੀ ਹੈ।

ਸਪਸ਼ਟ ਹੈ ਕਿ ਜਿਸ ਵਿਅਕਤੀ ਵਿੱਚ ਇਹ ਗੁਣ ਹੋਣ ਉਸ ਨੂੰ ਦੁਨੀਆਂ ਤੇ ਆਖਰਤ ਦੋਨਾਂ ਵਿੱਚ ਸਫਲ ਹੋਣਾ ਹੀ ਚਾਹੀਦਾ ਹੈ।

ਉਹ ਗਿਆਨ ਅਤੇ ਵਿਵਹਾਰ ਦੇ ਹਰ ਖੇਤਰ ਵਿੱਚ ਉਚਿੱਤ ਮਾਰਗ ਅਪਣਾਏਗਾ। ਇਸ ਲਈ ਕਿ ਜਿਹੜਾ ਵਿਅਕਤੀ ਅੱਲਾਹ ਦੀ ਸੱਤਾ ਨੂੰ ਜਾਣਦਾ ਤੇ ਉਸ ਦੇ ਗੁਣਾਂ ਨੂੰ ਪਛਾਣਦਾ ਹੈ, ਉਹ ਵਾਸਤਵ ਵਿੱਚ ਗਿਆਨ ਦੇ ਆਦਿ ਨੂੰ ਵੀ ਜਾਣਦਾ ਹੈ ਤੇ ਅੰਤ ਨੂੰ ਵੀ। ਅਜਿਹਾ ਵਿਅਕਤੀ ਕਦੇ ਗ਼ਲਤ ਰਾਹਾਂ ਵਿੱਚ ਨਹੀਂ ਭਟਕ ਸਕਦਾ, ਕਿਉਂਕਿ ਉਸਨੇ ਪਹਿਲਾ ਕਦਮ ਵੀ ਠੀਕ ਚੁੱਕਿਆ ਹੈ ਅਤੇ ਜਿਹੜੇ ਆਖਰੀ ਟਿਕਾਣੇ ਤੇ ਉਸਨੇ ਜਾਣਾ ਹੈ ਉਸ ਨੂੰ ਵੀ ਨਿਸ਼ਚਿਤ ਰੂਪ 'ਚ ਉਹ ਜਾਣਦਾ ਹੈ। ਹੁਣ ਉਹ ਫਲਾਸਫੀਆਂ ਵਾਲੀ ਸੋਚ-ਵਿਚਾਰ ਨਾਲ ਵਿਸ਼ਵ ਦੇ ਰਹੱਸਾਂ ਨੂੰ ਸਮਝਣ ਦਾ ਜਤਨ ਕਰੇਗਾ ਪਰੰਤੂ ਇੱਕ ਕਾਫ਼ਰ ਫ਼ਿਲਾਸਫ਼ਰ ਵਾਂਗ ਕਦੇ ਸੰਦੇਹ ਤੇ ਸ਼ੰਕਿਆਂ ਦੀਆਂ ਘੁੰਮਣ ਘੇਰੀਆਂ ਵਿੱਚ ਗੁੰਮ ਨਹੀਂ ਹੋਵੇਗਾ। ਉਹ ਵਿਗਿਆਨ ਰਾਹੀਂ ਪ੍ਰਾਕਿਰਤਕ ਨਿਯਮਾਂ ਨੂੰ ਜਾਣਨ ਦੇ ਉਪਰਾਲੇ ਕਰੇਗਾ ਵਿਸ਼ਵ ਦੇ ਛੁਪੇ ਹੋਏ ਖ਼ਜ਼ਾਨੇ ਕੱਢੇਗਾ, ਅੱਲਾਹ ਨੇ ਜਿਹੜੀਆਂ ਸ਼ਕਤੀਆਂ ਸੰਸਾਰ ਵਿੱਚ ਤੇ ਖ਼ੁਦ ਮਨੁੱਖ ਵਿੱਚ ਪੈਦਾ ਕੀਤੀਆਂ ਹਨ ਉਹਨਾਂ ਸਾਰੀਆਂ ਦਾ ਭਾਲ-ਭਾਲ ਕੇ ਪਤਾ ਲਗਾਵੇਗਾ।

Scanned with CamScanner

ਧਰਤੀ ਤੇ ਅਕਾਸ਼ ਵਿੱਚ ਜਿੰਨੀਆਂ ਚੀਜ਼ਾਂ ਹਨ ਉਹਨਾਂ ਸਭਨਾਂ ਤੋਂ ਕੰਮ ਲੈਣ ਦੇ ਵਧੀਆ ਤੋਂ ਵਧੀਆ ਢੰਗ ਪਤਾ ਕਰੇਗਾ ਪਰੰਤੂ ਆਸਤਕਤਾ ਹਰ ਅਵਸਰ ਤੇ ਉਹਨੂੰ ਵਿਗਿਆਨ ਦਾ ਅਨੁਚਿਤ ਉਪਯੋਗ ਕਰਨ ਤੋਂ ਰੋਕੇਗੀ। ਉਹ ਕਦੇ ਇਸ ਭਰਮ ਦਾ ਸ਼ਿਕਾਰ ਨਹੀਂ ਹੋਵੇਗਾ ਕਿ ਮੈਂ ਇਹਨਾਂ ਚੀਜ਼ਾਂ ਦਾ ਮਾਲਕ ਹਾਂ, ਮੈਂ ਪ੍ਰਕਿਰਤੀ ਨੂੰ ਫ਼ਤਹਿ ਕਰ ਲਿਆ ਹੈ, ਮੈਂ ਆਪਣੇ ਹਿਤਾਂ ਲਈ ਵਿਗਿਆਨ ਤੋਂ ਸਹਾਇਤਾ ਲਵਾਂਗਾ, ਸੰਸਾਰ ਨੂੰ ਉਲਟਾ-ਪੁਲਟਾ ਕਰ ਸੁੱਟਾਂਗਾ, ਲੁੱਟ-ਮਾਰ ਤੇ ਖ਼ੂਨ-ਖਰਾਬਾ ਕਰਕੇ ਆਪਣੀ ਸ਼ਕਤੀ ਦਾ ਸਿੱਕਾ ਸਾਰੇ ਸੰਸਾਰ ਤੇ ਬਿਠਾ ਦਿਆਂਗਾ। ਇਹ ਇੱਕ ਕਾਫ਼ਰ (ਅਵਿਸ਼ਵਾਸੀ) ਵਿਗਿਆਨਕ ਦਾ ਕੰਮ ਹੈ।[1] ਮੁਸਲਮਾਨ ਵਿਗਿਆਨੀ ਵਿਗਿਆਨ ਵਿੱਚ ਜਿੰਨਾ ਵੱਧ ਨਿਪੁੰਨ ਹੋਵੇਗਾ। ਉਨ੍ਹਾਂ ਹੀ ਵਧ ਈਸ਼ਵਰ ਉੱਤੇ ਉਸਦਾ ਵਿਸ਼ਵਾਸ ਵਧੇਗਾ ਅਤੇ ਉਨ੍ਹਾਂ ਹੀ ਵਧ ਉਹ ਉਸਦਾ ਸ਼ੁਕਰ ਗੁਜ਼ਾਰ ਬੰਦਾ ਬਣੇਗਾ। ਉਸਦਾ ਵਿਸ਼ਵਾਸ ਇਹ ਹੋਵੇਗਾ ਕਿ ਮੇਰੇ ਸੁਆਮੀ ਨੇ ਮੇਰੀ ਸ਼ਕਤੀਆਂ ਅਤੇ ਗਿਆਨ ਵਿੱਚ ਜਿਹੜਾ ਵਾਧਾ ਕੀਤਾ ਹੈ ਉਸ ਨਾਲ ਮੈਂ ਆਪਣੀ ਅਤੇ ਸਾਰੇ ਮਨੁੱਖਾਂ ਦੀ ਭਲਾਈ ਦੇ ਲਈ ਯਤਨ ਕਰਾਂਗਾ। ਅਤੇ ਇਹੋ ਉਸਦਾ ਠੀਕ (ਸਹੀ) ਧੰਨਵਾਦ ਹੋਵੇਗਾ।

ਕੁਝ ਅਜਿਹੀ ਹੀ ਅਵਸਥਾ ਹੈ, ਜਿਸ ਦਾ ਸਾਹਮਣਾ ਅੱਜ ਦੇ ਮਨੁੱਖ ਨੂੰ ਕਰਨਾ ਪੈ ਰਿਹਾ ਹੈ। ਡਾ. ਜੋਡ ਨੇ ਠੀਕ ਕਿਹਾ ਹੈ, "ਵਿਗਿਆਨ ਨੇ ਸਾਨੂੰ ਅਜਿਹੀਆਂ ਸ਼ਕਤੀਆਂ ਪ੍ਰਦਾਨ ਕੀਤੀਆਂ ਹਨ ਜਿਹੜੀਆਂ ਦੇਵਤਿਆਂ ਨੂੰ ਮਿਲਣਯੋਗ ਹਨ, ਅਸੀਂ ਉਹਨਾਂ ਦੀ ਵਰਤੋਂ ਲਈ ਸਕੂਲ ਦੇ ਵਿਦਿਆਰਥੀ ਤੇ ਅਯੋਗ ਵਿਅਕਤੀ ਜਿਹੀ ਮਨੋਬਿਰਤੀ ਤੇ ਬੁੱਧੀ ਤੋਂ ਕੰਮ ਲੈਂਦੇ ਹਾਂ।" ਪ੍ਰਸਿੱਧ ਫਿਲ਼ਾਸਫ਼ਰ ਬਰਟ੍ਰੇਂਡ ਰਸਲ ਨੇ ਲਿਖਿਆ ਹੈ— ਵਿਸਤਰਿਤ ਰੂਪ ਵਿੱਚ ਆਖਿਆ ਜਾਵੇ ਤਾਂ ਅਸੀਂ ਇੱਕ ਅਜਿਹੀ ਦੌੜ ਦੇ ਮੱਧ ਵਿੱਚ ਹਾਂ ਜਿਸਦਾ ਸਾਧਨ ਤਾਂ ਮਨੁੱਖ ਦੀ ਕੁਸ਼ਲਤਾ ਤੇ ਚਤੁਰਾਈ ਹੈ ਅਤੇ ਜਿਸ ਦਾ ਅੰਤ ਮਾਨਵ-ਮੂਰਖਤਾ ਤੇ ਹੁੰਦਾ ਹੈ, ਜਿਨ੍ਹਾਂ ਨੂੰ ਪ੍ਰਾਪਤ ਕਰਨ ਦੀ ਇੱਛਤ ਕੁਸ਼ਲਤਾ ਤੇ ਤੀਖਣਤਾ ਦਾ ਵਾਧਾ ਭੈੜੇ ਸਿੱਟਿਆਂ ਤੱਕ ਲੈ ਜਾਂਦਾ ਹੈ। ਮਨੁੱਖ-ਜਾਤੀ ਦੀ ਦੌੜ ਨੇ ਅਗਿਆਨ ਤੇ ਮੂਰਖਤਾ ਦੇ ਮੁਕਾਬਲੇ ਵਿੱਚ ਜਿਊਣ

---

(Quoted by joad in counter Attack the the east page 28)

ਅਨੁਵਾਦਕ

Scanned with CamScanner

ਲਈ ਇੱਥੇ ਸੰਘਰਸ਼ ਕੀਤਾ ਹੈ, ਪਰੰਤੂ ਮੂਰਖਤਾ ਨਾਲ ਮਿਸ਼ਰਤ ਪ੍ਰਾਪਤ ਗਿਆਨ ਤੇ ਕੁਸ਼ਲਤਾ ਨੇ ਜ਼ਿੰਦਗੀ ਨੂੰ ਅਵਿਸ਼ਵਾਸੀ ਹੀ ਬਣਾਇਆ ਹੈ। ਗਿਆਨ ਸ਼ਕਤੀ ਹੈ, ਪਰੰਤੂ ਇਹ ਸ਼ਕਤੀ ਬੁਰਾਈ ਵਿੱਚ ਵੀ ਉਂਨੀ ਹੀ ਲਗਾਈ ਜਾ ਸਕਦੀ ਹੈ ਜਿੰਨੀ ਭਲਾਈ ਵਿੱਚ। ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਜੇਕਰ ਮਨੁੱਖ ਬੁੱਧੀਮੱਤਾ ਵਿੱਚ ਉਨਾ ਵਿਕਾਸ ਨਹੀਂ ਕਰਦਾ ਜਿੰਨਾ ਉਹ ਗਿਆਨ ਵਧਾਉਣ ਵਿੱਚ ਕਰਦਾ ਹੈ ਤਾਂ ਗਿਆਨ ਦਾ ਵਾਧਾ (ਅਸਲ ਵਿੱਚ) ਦੁੱਖਾਂ ਦਾ ਵਾਧਾ ਹੋਵੇਗਾ।"

(140 Impact of Science on society PP 120-21)

ਇੱਕ ਦੂਜੇ ਵਿਚਾਰਕ ਦਾ ਕਥਨ ਹੈ: "ਅਸੀਂ ਹਵਾ ਵਿੱਚ ਪੰਛੀਆਂ ਵਾਂਗ ਉੱਡਣਾ ਅਤੇ ਪਾਣੀ ਵਿੱਚ ਮਛੀਆਂ ਵਾਂਗ ਤੈਰਨਾ ਸਿੱਖ ਲਿਆ ਹੈ, ਪਰੰਤੂ ਅਸੀਂ ਇਹ ਨਹੀਂ ਜਾਣਦੇ ਕਿ ਧਰਤੀ ਉੱਤੇ ਕਿਵੇਂ ਰਿਹਾ ਜਾਵੇ।"

ਇਸੇ ਤਰ੍ਹਾਂ ਇਤਿਹਾਸ, ਅਰਥ ਸ਼ਾਸਤਰ, ਰਾਜਨੀਤੀ ਕਾਨੂੰਨ ਤੇ ਹੋਰ ਸਿੱਖਿਆਵਾਂ ਤੇ ਕਲਾਵਾਂ ਵਿੱਚ ਵੀ ਇੱਕ ਮੁਸਲਮਾਨ ਆਪਣੀ ਖੋਜ ਤੇ ਜਤਨਾਂ ਦੀ ਦ੍ਰਿਸ਼ਟੀ ਤੋਂ ਇੱਕ ਕਾਫ਼ਰ ਦੇ ਮੁਕਾਬਲੇ ਵਿੱਚ ਘੱਟ ਨਹੀਂ ਰਹੇਗਾ, ਪਰੰਤੂ ਦੋਨਾਂ ਦੀ ਦ੍ਰਿਸ਼ਟੀ ਵਿੱਚ ਭਾਰੀ ਅੰਤਰ ਹੋਵੇਗਾ। ਮੁਸਲਮਾਨ ਹਰੇਕ ਗਿਆਨ ਦਾ ਅਧਿਐਨ ਸ਼ੁੱਧ ਨਜ਼ਰੀਏ ਨਾਲ ਕਰੇਗਾ, ਉਚਿਤ ਉਦੇਸ਼ ਲਈ ਕਰੇਗਾ ਅਤੇ ਠੀਕ ਨਤੀਜੇ ਤੱਕ ਪਹੁੰਚੇਗਾ। ਇਤਿਹਾਸ ਵਿੱਚ ਉਹ ਮਨੁੱਖ ਦੇ ਪਿਛਲੇ ਅਨੁਭਵਾਂ ਤੋਂ ਠੀਕ-ਠੀਕ ਸਿੱਖਿਆ ਗ੍ਰਹਿਣ ਕਰੇਗਾ, ਕੌਮਾਂ ਦੀ ਉਨੱਤੀ ਤੇ ਪਤਨ ਦੇ ਅਸਲੀ ਕਾਰਨ ਪਤਾ ਕਰੇਗਾ, ਉਹਨਾਂ ਦੀ ਸਭਿਅਤਾ ਤੇ ਸੰਸਕ੍ਰਿਤੀ ਦੀਆਂ ਲਾਭਦਾਇਕ ਚੀਜ਼ਾਂ ਦਾ ਗਿਆਨ ਪ੍ਰਾਪਤ ਕਰੇਗਾ, ਉਹਨਾਂ ਦੇ ਭਲੇ ਵਿਅਕਤੀਆਂ ਦੇ ਬਿਰਤਾਤਾਂ ਤੋਂ ਲਾਭ ਉਠਾਵੇਗਾ ਅਤੇ ਉਹਨਾਂ ਸਾਰੀਆਂ ਚੀਜ਼ਾਂ ਤੋਂ ਬਚੇਗਾ ਜਿਨ੍ਹਾਂ ਕਾਰਨ ਪਿਛਲੀਆਂ ਕੌਮਾਂ ਦਾ ਵਿਨਾਸ਼ ਹੋਇਆ। ਅਰਥ ਸ਼ਾਸਤਰ ਵਿੱਚ ਧਨ ਕਮਾਉਣ ਤੇ ਖ਼ਰਚ ਕਰਨ ਦੇ ਅਜਿਹੇ ਤਰੀਕੇ ਪਤਾ ਕਰੇਗਾ ਜਿਨ੍ਹਾਂ ਨਾਲ ਸਾਰੇ ਮਨੁੱਖਾਂ ਨੂੰ ਲਾਭ ਪੁੱਜੇ, ਇਹ ਨਹੀਂ ਕਿ ਇੱਕ ਨੂੰ ਲਾਭ ਤੇ ਬਹੁਤਿਆਂ ਨੂੰ ਹਾਨੀ ਹੋਵੇ। ਰਾਜਨੀਤੀ ਵਿੱਚ ਉਸ ਦਾ ਪੂਰਨ ਧਿਆਨ ਇਸ ਪਾਸੇ ਹੋਵੇਗਾ ਕਿ ਵਿਸ਼ਵ ਵਿੱਚ ਸ਼ਾਂਤੀ, ਨਿਆਂ, ਭਲਾਈ, ਸੱਜਣਤਾ ਤੇ ਸੁਸ਼ੀਲਤਾ ਦਾ ਸ਼ਾਸਨ ਹੋਵੇ। ਕੋਈ ਵਿਅਕਤੀ ਜਾਂ ਕੋਈ ਗਿਰੋਹ ਖ਼ੁਦਾ ਦੇ ਬੰਦਿਆਂ ਨੂੰ ਆਪਣਾ ਬੰਦਾ ਨਾ ਬਣਾਵੇ, ਸ਼ਾਸਨ ਤੇ ਉਸ ਦੀਆਂ

Scanned with CamScanner

ਸਮੁੱਚੀਆਂ ਸ਼ਕਤੀਆਂ ਨੂੰ ਖ਼ੁਦਾ ਦੀ ਅਮਾਨਤ ਸਮਝਿਆ ਜਾਵੇ ਅਤੇ ਇਹ ਸ਼ਕਤੀਆਂ ਅੱਲਾਹ ਦੇ ਬੰਦਿਆਂ ਦੀ ਭਲਾਈ ਲਈ ਪ੍ਰਯੋਗ ਕੀਤੀਆਂ ਜਾਣ। ਕਾਨੂੰਨ ਵਿੱਚ ਉਹ ਇਸ ਦ੍ਰਿਸ਼ਟੀ ਨਾਲ ਵਿਚਾਰ ਕਰੇਗਾ ਕਿ ਨਿਆਂ ਤੇ ਇਨਸਾਫ਼ ਨਾਲ ਲੋਕਾਂ ਦੇ ਹੱਕ ਨਿਸ਼ਚਿਤ ਕੀਤੇ ਜਾਣ, ਕਿਸੇ ਤਰ੍ਹਾਂ ਕਿਸੇ ਤੇ ਜ਼ੁਲਮ ਨਾ ਹੋਵੇ।

ਮੁਸਲਮਾਨ ਦੇ ਨੈਤਿਕ ਜੀਵਨ ਵਿੱਚ ਰੱਬ ਦਾ ਡਰ-ਭਉ, ਨਿਆਸ਼ੀਲਤਾ ਤੇ ਸੱਤਵਾਦ ਹੋਵੇਗਾ। ਉਹ ਦੁਨੀਆਂ ਵਿੱਚ ਇਹ ਸਮਝ ਕੇ ਰਹੇਗਾ ਕਿ ਸਮੂਹ ਵਸਤਾਂ ਦਾ ਮਾਲਕ ਅੱਲਾਹ ਹੈ। ਮੇਰੇ ਕੋਲ ਤੇ ਸਮੁੱਚੇ ਮਨੁੱਖਾਂ ਕੋਲ ਜੋ ਕੁੱਝ ਹੈ ਅੱਲਾਹ ਦਾ ਹੀ ਦਿੱਤਾ ਹੋਇਆ ਹੈ। ਮੈਂ ਕਿਸੇ ਵੀ ਚੀਜ਼ ਦਾ ਇੱਥੋਂ ਤੀਕ ਕਿ ਆਪਣੇ ਸਰੀਰ ਤੇ ਸਰੀਰਕ ਸ਼ਕਤੀਆਂ ਦਾ ਵੀ ਮਾਲਕ ਨਹੀਂ ਹਾਂ। ਸਭ ਕੁੱਝ ਅੱਲਾਹ ਦੀ ਅਮਾਨਤ ਹੈ ਅਤੇ ਇਸ ਅਮਾਨਤ ਨੂੰ ਵਰਤੋਂ 'ਚ ਲਿਆਉਣ ਦਾ ਜਿਹੜਾ ਅਧਿਕਾਰ ਮੈਨੂੰ ਦਿੱਤਾ ਗਿਆ ਹੈ, ਉਸ ਨੂੰ ਅੱਲਾਹ ਦੀ ਮਰਜ਼ੀ ਅਨੁਸਾਰ ਪ੍ਰਯੋਗ ਕਰਨਾ ਚਾਹੀਦਾ ਹੈ। ਇੱਕ ਦਿਨ ਅੱਲਾਹ ਮੈਥੋਂ ਆਪਣੀ ਇਹ ਅਮਾਨਤ ਵਾਪਸ ਲਵੇਗਾ ਅਤੇ ਉਸ ਸਮੇਂ ਮੈਨੂੰ ਇੱਕ ਇੱਕ ਚੀਜ਼ ਦਾ ਹਿਸਾਬ ਦੇਣਾ ਪਵੇਗਾ।

ਇਹ ਸਮਝਕੇ ਜਿਹੜਾ ਵਿਅਕਤੀ ਦੁਨੀਆਂ ਵਿੱਚ ਰਹੇ ਉਸ ਦੇ ਸੁਭਾ ਦਾ ਅੰਦਾਜ਼ਾ ਲਗਾਉ। ਉਹ ਆਪਣੇ ਮਨ ਨੂੰ ਬੁਰੇ ਵਿਚਾਰਾਂ ਤੋਂ ਸ਼ੁੱਧ ਰੱਖੇਗਾ। ਉਹ ਆਪਣੇ ਦਿਮਾਗ਼ ਨੂੰ ਬੁਰਾਈ ਦੇ ਚਿੰਤਨ ਤੋਂ ਬਚਾਏਗਾ। ਉਹ ਆਪਣੀਆਂ ਅੱਖਾਂ ਨੂੰ ਬੁਰੀ ਝਾਤ ਤੋਂ ਰੋਕੇਗਾ, ਉਹ ਆਪਣੇ ਕੰਨਾਂ ਨੂੰ ਬੁਰਾਈ ਸੁਣਨ ਤੋਂ ਬਚਾ ਕੇ ਰੱਖੇਗਾ, ਉਹ ਆਪਣੀ ਜ਼ਬਾਨ ਦੀ ਹਿਫ਼ਾਜ਼ਤ ਕਰੇਗਾ ਤਾਂ ਕਿ ਉਹ ਦੀ ਜ਼ਬਾਨੋਂ ਹੱਕ ਦੇ ਵਿਰੁੱਧ ਕੋਈ ਗੱਲ ਨਾ ਨਿੱਕਲੇ, ਉਹ ਆਪਣਾ ਢਿੱਡ ਹਰਾਮ ਕਮਾਈ ਨਾਲ ਭਰਨ ਦੀ ਥਾਂ ਭੁੱਖਾ ਰਹਿਣਾ ਜ਼ਿਆਦਾ ਪਸੰਦ ਕਰੇਗਾ, ਉਹ ਆਪਣੇ ਹੱਥਾਂ ਨੂੰ ਜ਼ੁਲਮ ਲਈ ਕਦੇ ਨਹੀਂ ਚੁੱਕੇਗਾ, ਉਹ ਆਪਣੇ ਪੈਰਾਂ ਨੂੰ ਕਦੇ ਬੁਰਾਈ ਦੇ ਰਾਹ ਤੇ ਨਹੀਂ ਚਲਾਵੇਗਾ। ਉਹ ਆਪਣਾ ਸਿਰ ਅਸੱਤ ਅੱਗੇ ਕਦੇ ਨਹੀਂ ਝੁਕਾਏਗਾ ਭਾਵੇਂ ਉਹ ਵੱਢ ਹੀ ਕਿਉਂ ਨਾ ਸੁੱਟਿਆ ਜਾਵੇ, ਉਹ ਆਪਣੀ ਕਿਸੇ ਇੱਛਾ ਤੇ ਕਿਸੇ ਜ਼ਰੂਰਤ ਨੂੰ ਜ਼ੁਲਮ ਤੇ ਨਾ ਹੱਕ ਢੰਗ ਨਾਲ ਕਦੇ ਪੂਰਾ ਨਹੀਂ ਕਰੇਗਾ। ਉਹ ਸਦਾਚਾਰ ਤੇ ਸੱਜਣਤਾ ਦਾ ਰੂਪ ਹੋਵੇਗਾ, ਹੱਕ ਤੇ ਸਚਾਈ ਨੂੰ ਹਰੇਕ ਚੀਜ਼ ਤੋਂ ਵੱਧ ਪਿਆਰੀ ਸਮਝੇਗਾ, ਉਸਦੇ ਲਈ ਆਪਣੇ ਨਿੱਜੀ ਲਾਭ ਤੇ ਆਪਣੇ ਮਨ ਦੀ ਹਰੇਕ ਇੱਛਾ ਨੂੰ ਸਗੋਂ ਆਪਣੇ ਆਪ ਨੂੰ

Scanned with CamScanner

ਨਿਛਾਵਰ ਕਰ ਦੇਵੇਗਾ। ਉਹ ਅਨਿਆਂ ਤੇ ਅਸੱਤ ਨੂੰ ਹਰ ਚੀਜ਼ ਤੋਂ ਵੱਧ ਨਾ ਪਸੰਦ ਕਰੇਗਾ, ਕਿਸੇ ਹਾਨੀ ਦੇ ਡਰ ਜਾਂ ਕਿਸੇ ਲਾਭ ਤੇ ਲੋਭ 'ਚ ਉਸ ਦਾ ਸਾਥ ਦੇਣ ਲਈ ਤਿਆਰ ਨਹੀਂ ਹੋਵੇਗਾ।

ਸੰਸਾਰਕ ਸਫਲਤਾ ਵੀ ਅਜਿਹੇ ਵਿਅਕਤੀ ਨੂੰ ਹੀ ਪ੍ਰਾਪਤ ਹੁੰਦੀ ਹੈ। ਉਸ ਤੋਂ ਵਧਕੇ ਸੰਸਾਰ ਵਿੱਚ ਕੋਈ ਸਤਿਕਾਰਯੋਗ ਤੇ ਸੱਜਣ ਨਹੀਂ ਹੋਵੇਗਾ ਕਿਉਂਕਿ ਉਸ ਦਾ ਸਿਰ ਅਲੱਾਹ ਤੋਂ ਬਿਨਾਂ ਕਿਸੇ ਅੱਗੇ ਝੁਕਣ ਵਾਲਾ ਨਹੀਂ, ਓਹ ਰੱਬ ਤੋਂ ਬਿਨਾਂ ਕਿਸੇ ਹੋਰ ਅੱਗੇ ਹੱਥ ਨਹੀਂ ਅੱਡੇਗਾ, ਅਜਿਹੇ ਵਿਅਕਤੀ ਦੇ ਨੇੜੇ ਅਪਮਾਨ ਕਿਵੇਂ ਢੁੱਕ ਸਕਦਾ ਹੈ ?

ਉਸ ਤੋਂ ਵਧਕੇ ਸੰਸਾਰ ਵਿੱਚ ਕੋਈ ਸ਼ਕਤੀਸ਼ਾਲੀ ਵੀ ਨਹੀਂ ਹੋਵੇਗਾ ਕਿਉਂਕਿ ਉਸ ਦੇ ਮਨ ਵਿੱਚ ਰੱਬ ਤੋਂ ਬਿਨਾਂ ਕਿਸੇ ਦਾ ਡਰ ਨਹੀਂ ਅਤੇ ਉਸ ਨੂੰ ਅੱਲਾਹ ਤੋਂ ਬਿਨਾਂ ਕਿਸੇ ਤੋਂ ਪੁਰਸਕਾਰ ਤੇ ਇਨਾਮ ਦਾ ਵੀ ਲੋਭ ਨਹੀਂ। ਕਿਹੜੀ ਸ਼ਕਤੀ ਹੈ ਜਿਹੜੀ ਅਜਿਹੇ ਵਿਅਕਤੀ ਨੂੰ ਹੱਕ ਅਤੇ ਸਚਾਈ ਤੋਂ ਰੋਕ ਸਕਦੀ ਹੋਵੇ, ਕਿਹੜੀ ਦੌਲਤ ਹੈ ਜਿਹੜੀ ਉਹਦਾ ਈਮਾਨ ਖ਼ਰੀਦ ਸਕਦੀ ਹੋਵੇ।

ਉਸ ਤੋਂ ਵਧਕੇ ਸੰਸਾਰ ਵਿੱਚ ਕੋਈ ਅਮੀਰ ਤੇ ਧਨਾਢ ਵੀ ਨਹੀਂ ਹੋਵੇਗਾ, ਕਿਉਂਕਿ ਉਹ ਐਸ਼ ਪ੍ਰਸਤ ਨਹੀਂ, ਵਾਸ਼ਨਾਵਾਂ ਦਾ ਦਾਸ ਨਹੀਂ, ਲੋਭੀ ਤੇ ਲਾਲਚੀ ਨਹੀਂ। ਆਪਣੀ ਉਚਿਤ ਮਿਹਨਤ ਨਾਲ ਜੋ ਕੁਝ ਕਮਾਉਂਦਾ ਹੈ ਉਸੇ ਤੇ ਉਹਨੂੰ ਸੰਤੋਖ ਹੁੰਦਾ ਹੈ। ਅਵੈਧ ਧਨ ਦੇ ਢੇਰ ਵੀ ਉਹਦੇ ਸਾਹਮਣੇ ਲਗਾ ਦਿੱਤੇ ਜਾਣ ਤਾਂ ਉਨ੍ਹਾਂ ਨੂੰ ਤੁੱਛ ਸਮਝ ਕੇ ਠੁਕਰਾ ਦਿੰਦਾ ਹੈ। ਇਹ ਸੰਤੁਸ਼ਟੀ ਦਾ ਧਨ ਹੈ ਜਿਸ ਤੋਂ ਵਧਕੇ ਕੋਈ ਹੋਰ ਧਨ ਮਨੁੱਖ ਲਈ ਨਹੀਂ ਹੋ ਸਕਦਾ।

ਉਹ ਤੋਂ ਵਧਕੇ ਸੰਸਾਰ ਵਿੱਚ ਕੋਈ ਪ੍ਰੇਮ-ਪਾਤਰ ਤੇ ਹਰਮਨ-ਪਿਆਰਾ ਵੀ ਨਹੀਂ ਹੋਵੇਗਾ ਕਿਉਂਕਿ ਉਹ ਹਰੇਕ ਵਿਅਕਤੀ ਦਾ ਹੱਕ ਅਦਾ ਕਰੇਗਾ ਤੇ ਕਿਸੇ ਦਾ ਹੱਕ ਨਹੀਂ ਮਾਰੇਗਾ। ਹਰੇਕ ਨਾਲ ਭਲਾਈ ਕਰੇਗਾ ਅਤੇ ਬਦਲੇ ਵਿੱਚ ਆਪਣੇ ਲਈ ਕੋਈ ਇੱਛਾ ਨਹੀਂ ਰੱਖੇਗਾ। ਲੋਕਾਂ ਦੇ ਦਿਲ ਆਪਣੇ ਆਪ ਨੂੰ ਉਸ ਵਲ ਉਲਾਰ ਹੋ ਜਾਣਗੇ। ਹਰੇਕ ਵਿਅਕਤੀ ਉਸਦਾ ਸਨਮਾਨ ਤੇ ਉਸ ਨਾਲ ਪਿਆਰ ਕਰਨ ਲਈ ਮਜਬੂਰ ਹੋਵੇਗਾ।

ਉਸ ਤੋਂ ਵਧਕੇ ਸੰਸਾਰ ਵਿੱਚ ਕੋਈ ਵਿਸ਼ਵਾਸ ਪਾਤਰ ਵੀ ਨਹੀਂ ਹੋਵੇਗਾ

Scanned with CamScanner

ਕਿਉਂਕਿ ਉਹ ਅਮਾਨਤ ਵਿੱਚ ਖਿਆਨਤ ਨਹੀਂ ਕਰੇਗਾ। ਸਚਾਈ ਤੋਂ ਮੂੰਹ ਨਹੀਂ ਮੋੜੇਗਾ। ਉਹ ਵਾਅਦੇ ਦਾ ਸੱਚਾ ਤੇ ਮਾਮਲੇ ਦਾ ਖਰਾ ਹੋਵੇਗਾ ਅਤੇ ਉਹ ਹਰ ਕੰਮ ਵਿੱਚ ਇਹ ਸਮਝ ਕੇ ਈਮਾਨਦਾਰੀ ਤੋਂ ਕੰਮ ਲਵੇਗਾ ਕਿ ਕੋਈ ਹੋਰ ਦੇਖਣ ਵਾਲਾ ਹੋਵੇ ਨਾ ਹੋਵੇ ਪਰੰਤੂ ਅੱਲਾਹ ਤਾਂ ਸਭ ਕੁਝ ਵੇਖ ਰਿਹਾ ਹੈ। ਅਜਿਹੇ ਵਿਅਕਤੀ ਦੀ ਭਰੋਸੇ ਯੋਗਤਾ ਦਾ ਕੀ ਕਹਿਣਾ? ਕੌਣ ਹੈ ਜਿਹੜਾ ਉਸ ਉੱਤੇ ਭਰੋਸਾ ਨਹੀਂ ਕਰੇਗਾ।

ਇੱਕ ਮੁਸਲਮਾਨ ਦੇ ਚਰਿੱਤਰ ਨੂੰ ਭਲੀ ਭਾਂਤ ਸਮਝ ਲਓ ਤਾਂ ਤੁਹਾਨੂੰ ਵਿਸ਼ਵਾਸ ਹੋ ਜਾਵੇਗਾ ਕਿ ਮੁਸਲਮਾਨ ਕਦੇ ਸੰਸਾਰ ਵਿੱਚ ਅਪਮਾਨਤ, ਹਾਰਿਆ ਹੋਇਆ ਅਤੇ ਗੁਲਾਮ ਬਣਕੇ ਨਹੀਂ ਰਹਿ ਸਕਦਾ। ਉਹ ਹਮੇਸ਼ਾ ਪ੍ਰਭਾਵਸ਼ਾਲੀ ਤੇ ਸ਼ਾਸਕ ਹੀ ਰਹੇਗਾ ਕਿਉਂਕਿ ਇਸਲਾਮ ਜਿਹੜੇ ਗੁਣ ਉਸ ਵਿੱਚ ਪੈਦਾ ਕਰਦਾ ਹੈ ਕੋਈ ਸ਼ਕਤੀ ਉਹਨਾਂ 'ਤੇ ਪ੍ਰਭੁਤਾ ਪ੍ਰਾਪਤ ਨਹੀਂ ਕਰ ਸਕਦੀ। ਇਸ ਤਰ੍ਹਾਂ ਸੰਸਾਰ ਵਿੱਚ ਸਨਮਾਨ ਤੇ ਗੌਰਵਮਈ ਜੀਵਨ ਬਤੀਤ ਕਰਨ ਪਿੱਛੋਂ ਜਦੋਂ ਇਹ ਆਪਣੇ ਰੱਬ ਅੱਗੇ ਪੇਸ਼ ਹੋਵੇਗਾ ਤਾਂ ਰੱਬ ਉਸ ਉੱਤੇ ਆਪਣੀਆਂ ਨਿਆਮਤਾਂ ਤੇ ਰਹਿਮਤਾਂ ਦੀ ਵਰਖਾ ਕਰੇਗਾ ਕਿਉਂਕਿ ਜਿਹੜੀ ਅਮਾਨਤ ਉਸ ਨੂੰ ਸੌਂਪੀ ਗਈ ਸੀ ਉਸ ਦਾ ਪੂਰਾ-ਪੂਰਾ ਹੱਕ ਉਸਨੇ ਅਦਾ ਕਰ ਦਿੱਤਾ। ਜਿਹੜੀ ਪ੍ਰੀਖਿਆ ਵਿੱਚੋਂ ਅੱਲਾਹ ਨੇ ਉਸ ਨੂੰ ਲੰਘਾਇਆ ਸੀ ਉਸ ਵਿਚੋਂ ਉਹ ਪੂਰੇ-ਪੂਰੇ ਅੰਕ ਲੈ ਕੇ ਸਫਲ ਹੋ ਗਿਆ। ਇਹ ਸਦੀਵੀ ਸਫਲਤਾ ਹੈ ਜਿਹੜੀ ਇਸ ਲੋਕ ਤੋਂ ਪਰਲੋਕ ਤੱਕ ਲਗਾਤਾਰ ਚਲੀ ਜਾਂਦੀ ਹੈ ਅਤੇ ਕਿਧਰੇ ਇਸ ਦਾ ਸਿਲਸਲਾ ਖ਼ਤਮ ਨਹੀਂ ਹੁੰਦਾ।

ਇਹ ਇਸਲਾਮ ਹੈ, ਮਨੁੱਖ ਦਾ ਸੁਭਾਵਿਕ ਧਰਮ ਹੈ। ਇਹ ਕਿਸੇ ਜਾਤੀ ਅਤੇ ਦੇਸ਼ ਤੱਕ ਸੀਮਤ ਨਹੀਂ। ਹਰ ਯੁੱਗ ਤੇ ਹਰ ਦੇਸ਼ ਵਿੱਚ ਜਿਹੜੇ ਅੱਲਾਹ ਦਾ ਗਿਆਨ ਰੱਖਣ ਵਾਲੇ ਤੇ ਸਤਿ-ਪ੍ਰੇਮੀ ਲੋਕ ਹੋਏ ਹਨ ਉਹਨਾਂ ਸਭਨਾਂ ਦਾ ਇਹੋ ਧਰਮ ਸੀ। ਉਹ ਸਾਰੇ ਮੁਸਲਮਾਨ ਸਨ ਭਾਵੇਂ ਉਹਨਾਂ ਦੀ ਜ਼ਬਾਨ ਵਿੱਚ ਇਸ ਧਰਮ ਦਾ ਨਾਂ ਇਸਲਾਮ ਰਿਹਾ ਹੋਵੇ ਜਾਂ ਕੁਝ ਹੋਰ।

★★★★★

Scanned with CamScanner

## ਅਧਿਆਇ—2

# ਈਮਾਨ ਤੇ ਆਗਿਆਪਾਲਣ

### ਆਗਿਆਪਾਲਣ ਲਈ ਗਿਆਨ ਤੇ ਵਿਸ਼ਵਾਸ ਦੀ ਜ਼ਰੂਰਤ

ਪਿਛਲੇ ਅਧਿਆਇ ਵਿੱਚ ਤੁਸੀਂ ਜਾਣ ਚੁੱਕੇ ਹੋ ਕਿ ਇਸਲਾਮ ਵਾਸਤਵ ਵਿੱਚ ਪਾਲਣਹਾਰ (ਅੱਲਾਹ) ਦੇ ਆਗਿਆਪਾਲਣ ਦਾ ਨਾਂ ਹੈ।ਹੁਣ ਅਸੀਂ ਦੱਸਣਾ ਚਾਹੁੰਦੇ ਹਾਂ ਕਿ ਮਨੁੱਖ ਅਲੱਾਹ ਤਆਲਾ ਦੀ ਆਗਿਆ ਦਾ ਪਾਲਣ ਉਸ ਸਮੇਂ ਤੱਕ ਨਹੀਂ ਕਰ ਸਕਦਾ ਜਦੋਂ ਤੱਕ ਉਸ ਨੂੰ ਕੁਝ ਗੱਲਾਂ ਦੀ ਜਾਣਕਾਰੀ ਨਾ ਹੋਵੇ ਅਤੇ ਉਹ ਜਾਣਕਾਰੀ (ਗਿਆਨ) ਵਿਸ਼ਵਾਸ ਦੀ ਸੀਮਾ ਤੱਕ ਨਾ ਪਹੁੰਚੀ ਹੋਈ ਹੋਵੇ।

ਸਭ ਤੋਂ ਪਹਿਲਾਂ ਤਾਂ ਮਨੁੱਖ ਨੂੰ ਅਲੱਾਹ ਦੀ ਹੋਂਦ ਉਤੇ ਪੂਰਨ ਵਿਸ਼ਵਾਸ ਹੋਣਾ ਚਾਹੀਦਾ ਹੈ, ਕਿਉਂਕਿ ਜੇਕਰ ਉਸ ਨੂੰ ਇਹ ਹੀ ਵਿਸ਼ਵਾਸ ਨਾ ਹੋਵੇ ਕਿ ਅਲੱਾਹ ਹੈ ਤਾਂ ਉਹ ਉਸ ਦਾ ਆਗਿਆਪਾਲਣ ਕਿਵੇਂ ਕਰੇਗਾ। ਇਸ ਦੇ ਨਾਲ-ਨਾਲ ਰੱਬੀ ਗੁਣਾਂ ਦਾ ਗਿਆਨ ਵੀ ਜ਼ਰੂਰੀ ਹੈ।ਜਿਹੜੇ ਵਿਅਕਤੀ ਨੂੰ ਇਹ ਪਤਾ ਨਾ ਹੋਵੇ ਕਿ ਅਲੱਾਹ ਇੱਕ ਹੈ ਤੇ ਪ੍ਰਭੂਤਵ ਵਿੱਚ ਕੋਈ ਉਸ ਦਾ ਭਾਈਵਾਲ ਨਹੀਂ, ਉਹ ਦੂਜਿਆਂ ਅੱਗੇ ਸੀਸ ਨਿਵਾਉਣ ਤੇ ਹੱਥ ਅੱਡਣ ਤੋਂ ਕਿਵੇਂ ਬਚ ਸਕਦਾ ਹੈ? ਜਿਹੜੇ ਵਿਅਕਤੀ ਨੂੰ ਇਸ ਗੱਲ ਦਾ ਵਿਸ਼ਵਾਸ ਨਾ ਹੋਵੇ ਕਿ ਅਲੱਾਹ ਸਭ ਕੁਝ ਵੇਖਣ ਤੇ ਸੁਣਨ ਵਾਲਾ ਹੈ।ਹਰ ਚੀਜ਼ ਦੀ ਖ਼ਬਰ ਰੱਖਦਾ ਹੈ, ਉਹ ਆਪਣੇ ਆਪਨੂੰ ਅਲੱਾਹ ਦੀ ਅਵੱਗਿਆ ਤੋਂ ਕਿਵੇਂ ਰੋਕ ਸਕਦਾ ਹੈ? ਇਸ ਗੱਲ ਤੇ ਜਦੋਂ ਤੁਸੀਂ ਵਿਚਾਰ ਕਰੋਗੇ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਵਿਚਾਰ, ਸੁਭਾ ਅਤੇ ਇਸਲਾਮ ਦੇ ਸਿੱਧੇ ਮਾਰਗ ਤੇ ਚੱਲਣ ਲਈ ਮਨੁੱਖ ਵਿੱਚ ਜਿਨ੍ਹਾਂ ਗੁਣਾਂ ਦਾ ਹੋਣਾ ਜ਼ਰੂਰੀ ਹੈ ਉਹ ਗੁਣ ਉਸ ਸਮੇਂ ਤੱਕ ਉਸ ਵਿੱਚ ਨਹੀਂ ਆ ਸਕਦੇ ਜਦੋਂ ਤੱਕ ਕਿ ਅਲੱਾਹ ਦੇ ਗੁਣਾਂ ਦੀ ਠੀਕ ਠੀਕ ਜਾਣਕਾਰੀ ਨਾ ਹੋਵੇ।ਇਹ ਜਾਣਕਾਰੀ ਵੀ ਕੇਵਲ ਜਾਣ ਲੈਣ ਤੱਕ ਸੀਮਤ ਨਾ ਰਹੇ ਸਗੋਂ ਉਹਨੂੰ ਵਿਸ਼ਵਾਸ ਸਹਿਤ ਦਿਲ ਵਿੱਚ ਬੈਠ ਜਾਣਾ ਚਾਹੀਦਾ



Scanned with CamScanner

ਹੈ ਤਾਂ ਕਿ ਮਨੁੱਖ ਦਾ ਮਨ ਉਸ ਦੇ ਗਿਆਨ ਵਿਰੋਧੀ ਵਿਚਾਰਾਂ ਤੋਂ ਅਤੇ ਉਸਦਾ ਜੀਵਨ ਉਸਦੇ ਗਿਆਨ ਵਿਰੁੱਧ ਵਿਵਹਾਰ ਕਰਨ ਤੋਂ ਬਚ ਸਕੇ।

ਇਸ ਪਿੱਛੋਂ ਮਨੁੱਖ ਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਅਲੱਾਹ ਦੀ ਇੱਛਾ ਅਨੁਸਾਰ ਜੀਵਨ ਬਤੀਤ ਕਰਨ ਦਾ ਠੀਕ ਢੰਗ ਕਿਹੜਾ ਹੈ ?ਕਿਸ ਗੱਲ ਨੂੰ ਅਲੱਾਹ ਪਸੰਦ ਕਰਦਾ ਹੈ ਤਾਂ ਕਿ ਉਸਨੂੰ ਅਪਣਾਇਆ ਜਾਵੇ, ਕਿਹੜੀ ਗੱਲ ਨੂੰ ਅਲੱਾਹ ਪਸੰਦ ਨਹੀਂ ਕਰਦਾ ਤਾਂ ਕਿ ਉਸ ਤੋਂ ਬਚਿਆ ਜਾਵੇ।ਇਸਦੇ ਲਈ ਜ਼ਰੂਰੀ ਹੈ ਕਿ ਮਨੁੱਖ ਅਲੱਾਹ ਦੇ ਕਾਨੂੰਨ ਅਤੇ ਵਿਧਾਨ ਤੋਂ ਭਲੀ-ਭਾਂਤ ਜਾਣੂ ਹੋਵੇ।ਇਸ ਬਾਰੇ ਉਸ ਨੂੰ ਪੂਰਨ ਵਿਸ਼ਵਾਸ ਵੀ ਹੋਵੇ ਕਿ ਇਹੋ ਅਲੱਾਹ ਦਾ ਕਾਨੂੰਨ ਤੇ ਵਿਧਾਨ ਹੈ ਅਤੇ ਇਸ ਦੀ ਪੈਰਵੀ ਕਰਨ ਨਾਲ ਹੀ ਅਲੱਾਹ ਦੀ ਪ੍ਰਸੰਨਤਾ ਪ੍ਰਾਪਤ ਹੋ ਸਕਦੀ ਹੈ, ਕਿਉਂਕਿ ਜੇਕਰ ਉਸ ਨੂੰ ਇਸ ਦਾ ਗਿਆਨ ਹੀ ਨਾ ਹੋਵੇ ਤਾਂ ਉਹ ਪਾਲਣ ਕਿਸ ਚੀਜ਼ ਦਾ ਕਰੇਗਾ।ਜੇਕਰ ਗਿਆਨ ਤਾਂ ਹੋਵੇ ਪਰੰਤੂ ਪੂਰਨ ਵਿਸ਼ਵਾਸ ਨਾ ਹੋਵੇ ਜਾਂ ਮਨ 'ਚ ਇਹ ਭਾਵਨਾ ਬਣੀ ਹੋਵੇ ਕਿ ਇਸ ਕਾਨੂੰਨ ਤੇ ਵਿਧਾਨ ਤੋਂ ਬਿਨਾਂ ਦੂਸਰਾ ਕਾਨੂੰਨ ਤੇ ਵਿਧਾਨ ਵੀ ਠੀਕ ਹੋ ਸਕਦਾ ਹੈ ਤਾਂ ਮਨੁੱਖ ਉਸ ਦਾ ਭਲੀ ਭਾਂਤ ਪਾਲਣ ਕਿਵੇਂ ਕਰ ਸਕਦਾ ਹੈ ?ਫੇਰ ਮਨੁੱਖ ਨੂੰ ਇਹ ਵੀ ਗਿਆਨ ਹੋਣਾ ਚਾਹੀਦਾ ਹੈ ਕਿ ਅਲੱਾਹ ਦੀ ਇੱਛਾ ਅਨੁਸਾਰ ਨਾ ਚੱਲਣ, ਉਸ ਦੇ ਪਸੰਦ ਕੀਤੇ ਨਿਯਮ ਤੇ ਵਿਧਾਨ ਦਾ ਪਾਲਣ ਨਾ ਕਰਨ ਦਾ ਸਿੱਟਾ ਕੀ ਹੋ ਸਕਦਾ ਹੈ ? ਉਸ ਦੇ ਬਣਾਏ ਨਿਯਮ ਤੇ ਵਿਧਾਨ ਦੀ ਪਾਲਣਾ ਕਰਨ ਦਾ ਕੀ ਪੁਰਸਕਾਰ ਹੈ ?ਇਸਦੇ ਲਈ ਜ਼ਰੂਰੀ ਹੈ ਕਿ ਆਖ਼ਰਤ (ਪਰਲੋਕ) ਦੇ ਦਿਨ ਦਾ, ਅਲੱਾਹ ਦੀ ਅਦਾਲਤ ਵਿੱਚ ਪੇਸ਼ ਹੋਣ ਦਾ, ਅੱਵਗਿਆ ਦੀ ਸਜ਼ਾ ਮਿਲਣ ਦਾ ਅਤੇ ਆਗਿਆ ਪਾਲਣ ਤੇ ਪੁਰਸਕਾਰ ਮਿਲਣ ਦਾ ਪੂਰਨ ਗਿਆਨ ਤੇ ਵਿਸ਼ਵਾਸ ਹੋਵੇ।

ਜਿਹੜਾ ਵਿਅਕਤੀ ਆਖ਼ਰਤ ਦੇ ਜੀਵਨ ਤੋਂ ਅਣਜਾਣ ਹੈ ਉਹ ਆਗਿਆ ਪਾਲਣ ਤੇ ਅਵੱਗਿਆ ਦੋਨਾਂ ਨੂੰ ਸਿੱਟਾਹੀਣ ਸਮਝਦਾ ਹੈ।ਉਸ ਦਾ ਵਿਚਾਰ ਤਾਂ ਇਹ ਹੈ ਕਿ ਅੰਤ ਵਿੱਚ ਆਗਿਆਪਾਲਣ ਕਰਨ ਵਾਲਾ ਅਤੇ ਨਾ ਕਰਨ ਵਾਲਾ ਦੋਨੋਂ ਬਰਾਬਰ ਹੀ ਰਹਿਣਗੇ ਕਿਉਂਕਿ ਦੋਵੇਂ ਮਿੱਟੀ ਬਣ ਜਾਣਗੇ।ਫੇਰ ਉਸ ਤੋਂ ਕਿਵੇਂ ਉਮੀਦ ਕੀਤੀ ਜਾ ਸਕਦੀ ਹੈ ਕਿ ਉਹ ਆਗਿਆਪਾਲਣ ਦੀਆਂ ਪਾਬੰਦੀਆਂ ਤੇ ਤਕਲੀਫਾਂ ਸਹਿਣ ਕਰਨਾ ਸਵੀਕਾਰ ਕਰ ਲਵੇਗਾ ਅਤੇ ਉਹਨਾਂ ਗੁਨਾਹਾਂ ਤੋਂ

Scanned with CamScanner

ਬਚੇਗਾ ਜਿਨ੍ਹਾਂ ਨਾਲ ਇਸ ਸੰਸਾਰ ਵਿੱਚ ਕੋਈ ਹਾਨੀ ਹੋਣ ਦਾ ਉਸ ਨੂੰ ਡਰ ਨਹੀਂ ਹੈ। ਅਜਿਹਾ ਅਕੀਦਾ ਰੱਖਣ ਵਾਲਾ ਵਿਅਕਤੀ ਕਦੇ ਅਲੱਾਹ ਦੇ ਨਿਯਮ ਤੇ ਕਾਨੂੰਨ ਦੀ ਪਾਲਣਾ ਕਰਨ ਵਾਲਾ ਨਹੀਂ ਹੋ ਸਕਦਾ। ਇਸੇ ਤਰ੍ਹਾਂ ਉਹ ਵਿਅਕਤੀ ਵੀ ਆਗਿਆ ਪਾਲਣ ਨੂੰ ਦ੍ਰਿੜਤਾ ਪੂਰਵਕ ਨਹੀਂ ਅਪਣਾ ਸਕਦਾ ਜਿਸਨੂੰ ਆਖ਼ਰਤ ਦੇ ਜੀਵਨ ਤੇ ਅਲੱਾਹ ਦੀ ਅਦਾਲਤ ਵਿੱਚ ਪੇਸ਼ ਹੋਣ ਦਾ ਗਿਆਨ ਤਾਂ ਹੈ ਪਰੰਤੂ ਵਿਸ਼ਵਾਸ ਨਹੀਂ, ਇਸ ਲਈ ਕਿ ਸ਼ੱਕ ਤੇ ਦੁਵਿਧਾ ਕਾਰਨ ਮਨੁੱਖ ਕਿਸੇ ਗੱਲ ਤੇ ਡਟਿਆ ਨਹੀਂ ਰਹਿ ਸਕਦਾ। ਤੁਸੀਂ ਕਿਸੇ ਕੰਮ ਨੂੰ ਦਿਲ ਲਾ ਕੇ ਉਦੋਂ ਹੀ ਕਰ ਸਕੋਗੇ ਜਦੋਂ ਤੁਹਾਨੂੰ ਵਿਸ਼ਵਾਸ ਹੋਵੇ ਕਿ ਇਹ ਕੰਮ ਲਾਭਦਾਇਕ ਹੈ ਅਤੇ ਕਿਸੇ ਕੰਮ ਤੋਂ ਬਚਣ ਵਿੱਚ ਦ੍ਰਿੜ ਵੀ ਉਸੇ ਸਮੇਂ ਰਹਿ ਸਕਦੇ ਹੋ ਜਦੋਂ ਤੁਹਾਨੂੰ ਪੂਰਨ ਵਿਸ਼ਵਾਸ ਹੋਵੇ ਕਿ ਇਹ ਕੰਮ ਹਾਨੀਕਾਰਕ ਹੈ। ਇਸ ਲਈ ਪਤਾ ਲੱਗਿਆ ਕਿ ਕਿਸੇ ਤਰੀਕੇ ਤੇ ਚੱਲਣ ਲਈ ਉਸ ਦੇ ਫਲ ਤੇ ਪਰਿਣਾਮ ਦਾ ਗਿਆਨ ਹੋਣਾ ਵੀ ਜ਼ਰੂਰੀ ਹੈ। ਇਹ ਗਿਆਨ ਵੀ ਅਜਿਹਾ ਹੋਣਾ ਚਾਹੀਦਾ ਹੈ ਜਿਹੜਾ ਵਿਸ਼ਵਾਸ ਦੀ ਹੱਦ ਤੱਕ ਪਹੁੰਚਿਆ ਹੋਇਆ ਹੋਵੇ।

## ਈਮਾਨ ਦਾ ਅਰਥ

ਉਪਰੋਕਤ ਬਿਆਨ ਵਿੱਚ ਜਿਸ ਚੀਜ਼ ਨੂੰ ਅਸੀਂ ਗਿਆਨ ਅਤੇ ਵਿਸ਼ਵਾਸ ਆਖਿਆ ਹੈ ਉਸ ਦਾ ਨਾਂ ਹੀ ਈਮਾਨ ਹੈ। ਈਮਾਨ ਦਾ ਅਰਥ ਜਾਣਨਾ ਤੇ ਮੰਨਣਾ ਹੈ। ਜਿਹੜਾ ਵਿਅਕਤੀ ਅਲੱਾਹ ਦੇ ਇੱਕ ਹੋਣ ਨੂੰ ਉਸ ਦੇ ਵਾਸਤਵਕ ਗੁਣਾਂ ਨੂੰ, ਉਸਦੇ ਨਿਯਮ ਤੇ ਕਾਨੂੰਨ ਨੂੰ, ਉਸ ਦੇ ਦੰਡ ਤੇ ਪੁਰਸਕਾਰ ਨੂੰ ਜਾਣਦਾ ਹੋਵੇ ਅਤੇ ਦਿਲੋਂ ਉਸ ਉੱਤੇ ਵਿਸ਼ਵਾਸ ਰੱਖਦਾ ਹੋਵੇ ਉਸ ਨੂੰ ਮੋਮਨ (ਈਮਾਨ ਰੱਖਣ ਵਾਲਾ) ਕਹਿੰਦੇ ਹਨ। ਈਮਾਨ ਦਾ ਸਿੱਟਾ ਇਹ ਹੈ ਕਿ ਉਹ ਮਨੁੱਖ ਮੁਸਲਮਾਨ ਅਰਥਾਤ ਅਲੱਾਹ ਦਾ ਆਗਿਆਕਾਰੀ ਤੇ ਤਾਬੇਦਾਰ ਬਣ ਜਾਂਦਾ ਹੈ।

ਈਮਾਨ ਦੀ ਇਸ ਪਰਿਭਾਸ਼ਾ ਤੋਂ ਤੁਸੀਂ ਖ਼ੁਦ ਸਮਝ ਸਕਦੇ ਹੋ ਕਿ ਈਮਾਨ ਤੋਂ ਬਿਨਾਂ ਕੋਈ ਮਨੁੱਖ ਮੁਸਲਮਾਨ ਨਹੀਂ ਹੋ ਸਕਦਾ। ਇਸਲਾਮ ਤੇ ਈਮਾਨ ਵਿੱਚ ਉਹੀ ਸਬੰਧ ਹੈ ਜਿਹੜਾ ਰੁੱਖ ਤੇ ਬੀਜ ਵਿੱਚ ਹੁੰਦਾ ਹੈ। ਬੀਜ ਤੋਂ ਬਿਨਾਂ ਰੁੱਖ ਉੱਗ ਨਹੀਂ ਸਕਦਾ। ਹਾਂ, ਇਹ ਜ਼ਰੂਰ ਹੋ ਸਕਦਾ ਹੈ ਕਿ ਬੀਜ ਜ਼ਮੀਨ ਵਿੱਚ ਬੀਜਿਆ ਜਾਵੇ ਪਰੰਤੂ ਜ਼ਮੀਨ ਖਰਾਬ ਹੋਣ ਕਾਰਨ ਜਾਂ ਚੰਗੀ ਜਲਵਾਯੂ ਪ੍ਰਾਪਤ ਨਾ ਹੋਣ ਕਰਕੇ ਰੁੱਖ

Scanned with CamScanner

ਘਟੀਆ ਉੱਗੇ। ਠੀਕ ਇਸੇ ਤਰ੍ਹਾਂ ਜੇਕਰ ਕੋਈ ਵਿਅਕਤੀ ਸਿਰੇ ਤੋਂ ਈਮਾਨ ਹੀ ਨਾ ਰੱਖਦਾ ਹੋਵੇ ਤਾਂ ਇਹ ਕਿਸੇ ਤਰ੍ਹਾਂ ਵੀ ਸੰਭਵ ਨਹੀਂ ਕਿ ਉਹ 'ਮੁਸਲਮਾਨ' ਹੋਵੇ। ਪਰ ਇਹ ਜ਼ਰੂਰ ਸੰਭਵ ਹੈ ਕਿ ਕਿਸੇ ਦੇ ਦਿਲ ਵਿੱਚ ਈਮਾਨ ਹੋਵੇ ਪਰੰਤੂ ਆਪਣੇ ਸੰਕਲਪ ਦੀ ਕਮਜ਼ੋਰੀ, ਅਪੂਰਨ ਸਿੱਖਿਆ ਤੇ ਤਰਬੀਅਤ ਅਤੇ ਬੁਰੇ ਲੋਕਾਂ ਦੀ ਸੰਗਤ ਦੇ ਪ੍ਰਭਾਵ ਕਰਕੇ ਉਹ ਪੂਰਨ ਤੇ ਪੱਕਾ ਮੁਸਲਮਾਨ ਨਾ ਹੋਵੇ।

ਈਮਾਨ ਤੇ ਇਸਲਾਮ ਦੀ ਦ੍ਰਿਸ਼ਟੀ ਤੋਂ ਸਾਰੇ ਮਨੁੱਖਾਂ ਦੇ ਚਾਰ ਵਰਗ ਹਨ—

(1) ਜਿਹੜੇ ਈਮਾਨ ਰੱਖਦੇ ਹਨ ਅਤੇ ਉਹਨਾਂ ਦਾ ਈਮਾਨ ਉਹਨਾਂ ਨੂੰ ਅਲੱਾਹ ਦੇ ਆਦੇਸ਼ਾਂ ਦਾ ਪੂਰਨ ਰੂਪ ਵਿੱਚ ਆਗਿਆਕਾਰ ਬਣਾ ਦਿੰਦਾ ਹੈ। ਜਿਹੜੀ ਗੱਲ ਨੂੰ ਅਲੱਾਹ ਪਸੰਦ ਨਹੀਂ ਕਰਦਾ ਉਸ ਤੋਂ ਇੰਜ ਬਚਦੇ ਹਨ ਜਿਵੇਂ ਕੋਈ ਵਿਅਕਤੀ ਅੱਗ ਨੂੰ ਹੱਥ ਲਗਾਉਣ ਤੋਂ ਬਚਦਾ ਹੈ ਅਤੇ ਜਿਹੜੀ ਗੱਲ ਅਲੱਾਹ ਨੂੰ ਪਸੰਦ ਹੈ ਉਸ ਨੂੰ ਇੰਨੀ ਰੀਝ ਨਾਲ ਕਰਦੇ ਹਨ ਜਿਵੇਂ ਕੋਈ ਵਿਅਕਤੀ ਦੌਲਤ ਕਮਾਉਣ ਲਈ ਰੀਝ ਨਾਲ ਕੰਮ ਕਰਦਾ ਹੈ। ਇਹ ਅਸਲੀ ਮੁਸਲਮਾਨ ਹਨ।

(2) ਜਿਹੜੇ ਈਮਾਨ ਤਾਂ ਰੱਖਦੇ ਹਨ ਪਰੰਤੂ ਉਹਨਾਂ ਦੇ ਈਮਾਨ ਵਿੱਚ ਇੰਨਾ ਬਲ ਨਹੀਂ ਕਿ ਉਹਨਾਂ ਨੂੰ ਪੂਰਨ ਰੂਪ ਵਿੱਚ ਅਲੱਾਹ ਦਾ ਆਗਿਆਕਾਰੀ ਬਣਾ ਦੇਵੇ। ਇਹ ਭਾਵੇਂ ਹੇਠਲੇ ਵਰਗ ਦੇ ਲੋਕ ਹਨ ਪਰੰਤੂ ਫੇਰ ਵੀ ਮੁਸਲਮਾਨ ਹੀ ਹਨ। ਇਹ ਜੇਕਰ ਅਵੱਗਿਆ ਕਰਦੇ ਹਨ ਤਾਂ ਆਪਣੇ ਅਪਰਾਧ ਦੀ ਦ੍ਰਿਸ਼ਟੀ ਤੋਂ ਦੰਡ ਦੇ ਭਾਗੀ ਹਨ। ਪਰੰਤੂ ਉਹਨਾਂ ਦੀ ਹੈਸੀਅਤ ਅਪਰਾਧੀ ਦੀ ਹੈ, ਬਾਗੀ ਦੀ ਨਹੀਂ ਹੈ। ਇਸ ਲਈ ਕਿ ਇਹ ਸਮਰਾਟ ਨੂੰ ਸਮਰਾਟ ਮੰਨਦੇ ਹਨ ਅਤੇ ਉਸਦੇ ਕਾਨੂੰਨ ਨੂੰ, ਕਾਨੂੰਨ ਸਵੀਕਾਰ ਕਰਦੇ ਹਨ।

(3) ਉਹ ਜਿਹੜੇ ਈਮਾਨ ਨਹੀਂ ਰੱਖਦੇ ਪਰ ਦੇਖਣ ਨੂੰ ਉਹ ਅਜਿਹੇ ਕਾਰਜ ਕਰਦੇ ਹਨ ਜਿਹੜੇ ਰੱਬੀ ਕਾਨੂੰਨ ਦੇ ਅਨੁਕੂਲ ਦਿਖਾਈ ਦਿੰਦੇ ਹਨ। ਇਹ ਅਸਲ ਵਿੱਚ ਵਿਦਰੋਹੀ ਹਨ। ਇਹਨਾਂ ਦੇ ਭਲੇ ਦਿਖਾਈ ਦੇਣ ਵਾਲੇ ਕੰਮ ਅਸਲ ਵਿੱਚ ਅੱਲਾਹ ਦਾ ਆਗਿਆ ਪਾਲਣ ਤੇ ਤਾਬੇਦਾਰੀ ਨਹੀਂ ਹੈ। ਇਸ ਲਈ ਇਹਨਾਂ ਦੀ ਕੋਈ ਕਦਰ ਨਹੀਂ। ਇਹਨਾਂ ਦੀ ਉਦਾਹਰਣ ਅਜਿਹੇ ਵਿਅਕਤੀ ਵਰਗੀ ਹੈ ਜਿਹੜਾ ਸਮਰਾਟ ਨੂੰ ਸਮਰਾਟ ਨਹੀਂ ਮੰਨਦਾ ਅਤੇ ਉਹਦੇ ਕਾਨੂੰਨ ਨੂੰ ਕਾਨੂੰਨ ਨਹੀਂ ਸਵੀਕਾਰ ਕਰਦਾ। ਇਹ ਵਿਅਕਤੀ ਜੇਕਰ ਕੋਈ ਅਜਿਹਾ ਕੰਮ ਕਰਦਾ ਹੋਵੇ ਜਿਹੜਾ ਕਾਨੂੰਨ

Scanned with CamScanner

ਦੇ ਵਿਰੁੱਧ ਨਾ ਹੋਵੇ, ਤਾਂ ਤੁਸੀਂ ਇਹ ਨਹੀਂ ਕਹਿ ਸਕਦੇ ਕਿ ਉਹ ਸਮਰਾਟ ਦਾ ਵਫ਼ਾਦਾਰ ਤੇ ਉਸਦੇ ਕਾਨੂੰਨ ਦੀ ਪੈਰਵੀ ਕਰਨ ਵਾਲਾ ਹੈ। ਉਸਦੀ ਗਿਣਤੀ ਤਾਂ ਹਰ ਹਾਲ ਵਿੱਚ ਬਾਗ਼ੀਆਂ 'ਚ ਹੀ ਹੋਵੇਗੀ।

(4) ਉਹ ਜਿਹੜੇ ਈਮਾਨ ਨਹੀਂ ਰੱਖਦੇ ਕਰਮਾਂ ਦੀ ਦ੍ਰਿਸ਼ਟੀ ਤੋਂ ਵੀ ਭੈੜੇ ਤੇ ਦੁਰਾਚਾਰੀ ਹਨ। ਇਹ ਸਭ ਤੋਂ ਭੈੜੇ ਲੋਕਾਂ ਦਾ ਵਰਗਾ ਹੈ ਕਿਉਂਕਿ ਇਹ ਬਾਗ਼ੀ ਵੀ ਹਨ ਤੇ ਫ਼ਸਾਦੀ ਵੀ ਮਨੁੱਖ ਜਾਤੀ ਦੇ ਇਸ ਵਰਗੀਕਰਨ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਈਮਾਨ ਅਸਲ ਵਿੱਚ ਮਨੁੱਖ ਦੀ ਸਫਲਤਾ ਦਾ ਅਧਾਰ ਹੈ। ਇਸਲਾਮ ਭਾਵੇਂ ਉਹ ਸੰਪੂਰਨ ਹੋਵੇ ਜਾਂ ਅਪੂਰਨ, ਕੇਵਲ ਈਮਾਨ ਰੂਪੀ ਬੀਜ ਤੋਂ ਉਪਜਦਾ ਹੈ। ਜਿਥੇ ਈਮਾਨ ਨਹੀਂ ਹੋਵੇਗਾ, ਉਥੇ ਈਮਾਨ ਦੀ ਥਾਂ ਕੁਫ਼ਰ ਹੋਵੇਗਾ, ਜਿਸ ਦਾ ਦੂਜਾ ਅਰਥ ਅੱਲਾਹ ਪ੍ਰਤੀ ਵਿਦਰੋਹ ਹੈ। ਚਾਹੇ ਇਹ ਅਤਿ ਭੈੜੇ ਦਰਜੇ ਦਾ ਵਿਦਰੋਹ ਹੋਵੇ ਜਾਂ ਨਿਊਨਤਮ ਪੱਧਰ ਦਾ।

## ਗਿਆਨ ਪ੍ਰਾਪਤੀ ਦਾ ਸਾਧਨ

ਅੱਲਾਹ ਦੇ ਆਗਿਆਪਾਲਣ ਲਈ ਈਮਾਨ ਦੀ ਜ਼ਰੂਰਤ ਦਾ ਤਾਂ ਤੁਹਾਨੂੰ ਪਤਾ ਲਗ ਹੀ ਗਿਆ ਹੈ। ਹੁਣ ਸਵਾਲ ਇਹ ਹੈ ਕਿ ਅੱਲਾਹ ਦੇ ਗੁਣ, ਉਸ ਵੱਲੋਂ ਪਸੰਦ ਕੀਤੇ ਜਾਂਦੇ ਕਾਨੂੰਨ, ਪਰਲੋਕ ਦੇ ਜੀਵਨ ਬਾਰੇ ਸੱਚਾ ਗਿਆਨ ਅਤੇ ਅਜਿਹਾ ਗਿਆਨ ਜਿਹੜਾ ਵਿਸ਼ਵਾਸ ਯੋਗ ਹੋਵੇ ਕਿਵੇਂ ਪ੍ਰਾਪਤ ਕੀਤਾ ਜਾ ਸਕਦਾ ਹੈ ?

ਅਸੀਂ ਪਹਿਲਾਂ ਬਿਆਨ ਕਰ ਚੁੱਕੇ ਹਾਂ ਕਿ ਵਿਸ਼ਵ ਵਿੱਚ ਹਰ ਪਾਸੇ ਅੱਲਾਹ ਦੀ ਕਾਰੀਗਰੀ ਦੀਆਂ ਨਿਸ਼ਾਨੀਆਂ ਮੌਜੂਦ ਹਨ। ਜਿਹੜੀਆਂ ਇਸ ਗੱਲ ਦੀ ਸਾਖੀ ਭਰਦੀਆਂ ਹਨ ਕਿ ਇਸ ਕਾਰਖਾਨੇ ਨੂੰ ਇੱਕੋ ਕਾਰੀਗ਼ਰ ਨੇ ਬਣਾਇਆ ਹੈ ਅਤੇ ਉਹੀ ਇਸਨੂੰ ਚਲਾ ਰਿਹਾ ਹੈ। ਇਹਨਾਂ ਨਿਸ਼ਾਨੀਆਂ ਵਿੱਚ ਅੱਲਾਹ ਤਆਲਾ ਦੇ ਸਮੁੱਚੇ ਗੁਣਾਂ ਦੀ ਝਲਕ ਵਿਖਾਈ ਦਿੰਦੀ ਹੈ। ਉਸ ਦੀ ਬੁੱਧੀਮੱਤਾ; ਉਸਦਾ ਗਿਆਨ, ਉਸਦੀ ਸਮੱਰਥਾ, ਉਸਦੀ ਦਿਆਲੂਤਾ, ਉਸ ਦੀ ਪਾਲਣ ਕਿਰਿਆ, ਉਸ ਦਾ ਪ੍ਰਕੋਪ, ਭਾਵ ਇਹ ਕਿ ਕਿਹੜਾ ਗੁਣ ਹੈ ਜਿਸ ਦੀ ਵਡਿਆਈ ਉਸਦੇ ਕੰਮਾਂ ਤੋਂ ਪ੍ਰਗਟ ਨਾ ਹੁੰਦੀ ਹੋਵੇ। ਪਰੰਤੂ ਮਨੁੱਖੀ ਅਕਲ ਤੇ ਯੋਗਤਾ ਨੇ ਇਹਨਾਂ ਚੀਜ਼ਾਂ ਨੂੰ ਦੇਖਣ ਤੇ ਸਮਝਣ ਵਿੱਚ ਅਕਸਰ ਗ਼ਲਤੀ ਕੀਤੀ ਹੈ। ਇਹ ਸਮੁੱਚੀਆਂ ਨਿਸ਼ਾਨੀਆਂ ਅੱਖਾਂ ਦੇ ਸਾਹਮਣੇ ਹਨ ਪਰ ਫੇਰ ਵੀ ਕੋਈ ਕਹਿੰਦਾ ਹੈ ਅੱਲਾਹ ਦੋ ਹਨ, ਕੋਈ

Scanned with CamScanner

ਕਹਿੰਦਾ ਹੈ ਤਿੰਨ ਹਨ ਅਤੇ ਕਿਸੇ ਨੇ ਅਣਗਿਣਤ ਖ਼ੁਦਾ ਮੰਨ ਲਏ ਹਨ। ਕਿਸੇ ਨੇ ਖ਼ੁਦਾਈ ਦੇ ਟੁਕੜੇ-ਟੁਕੜੇ ਕਰ ਦਿੱਤੇ ਅਤੇ ਕਿਹਾ ਇੱਕ ਵਰਖਾ ਦਾ ਰੱਬ ਹੈ, ਇੱਕ ਹਵਾ ਦਾ ਰੱਬ ਹੈ, ਇੱਕ ਅੱਗ ਦਾ ਰੱਬ ਹੈ ਭਾਵ ਇਹ ਕਿ ਇੱਕ-ਇੱਕ ਸ਼ਕਤੀ ਦੇ ਅਲੱਗ-ਅਲੱਗ ਰੱਬ ਹਨ ਅਤੇ ਇੱਕ ਰੱਬ ਇਹਨਾਂ ਸਾਰਿਆਂ ਦਾ ਸਰਦਾਰ ਹੈ। ਇੰਜ ਅਲੱਾਹ ਦੀ ਹੋਂਦ ਤੇ ਉਸਦੇ ਗੁਣਾਂ ਨੂੰ ਸਮਝਣ ਵਿੱਚ ਲੋਕਾਂ ਦੀ ਅਕਲ ਨੇ ਬਹੁਤ ਧੋਖੇ ਖਾਧੇ ਹਨ ਜਿਨ੍ਹਾਂ ਦੇ ਵਿਸਥਾਰ ਦਾ ਇੱਥੇ ਅਵਸਰ ਨਹੀਂ।

ਪਰਲੋਕ ਦੇ ਜੀਵਨ ਬਾਰੇ ਲੋਕਾਂ ਨੇ ਬਹੁਤ ਸਾਰੇ ਗ਼ਲਤ ਵਿਚਾਰ ਕਾਇਮ ਕਰ ਰੱਖੇ ਹਨ। ਕਿਸੇ ਨੇ ਕਿਹਾ ਕਿ ਮਨੁੱਖ ਮਰਕੇ ਮਿੱਟੀ ਹੋ ਜਾਵੇਗਾ ਫੇਰ ਉਸ ਤੋਂ ਬਾਅਦ ਕੋਈ ਜ਼ਿੰਦਗੀ ਨਹੀਂ ਕਿਸੇ ਨੇ ਕਿਹਾ ਕਿ ਮਨੁੱਖ ਵਾਰ-ਵਾਰ ਇਸੇ ਦੁਨੀਆਂ ਵਿੱਚ ਜਨਮ ਲਵੇਗਾ ਅਤੇ ਆਪਣੇ ਕਰਮਾਂ ਅਨੁਸਾਰ ਦੰਡ ਤੇ ਪੁਰਸਕਾਰ ਪ੍ਰਾਪਤ ਕਰੇਗਾ।

ਅਲੱਾਹ ਦੀ ਮਰਜ਼ੀ ਅਨੁਸਾਰ ਜੀਵਨ ਬਤੀਤ ਕਰਨ ਲਈ ਜਿਸ ਕਾਨੂੰਨ ਦੀ ਪਾਬੰਦੀ ਜ਼ਰੂਰੀ ਹੈ, ਉਸ ਨੂੰ ਤਾਂ ਆਪਣੀ ਅਕਲ ਨਾਲ ਨਿਰਧਾਰਤ ਕਰਨਾ ਹੋਰ ਵੀ ਵਧੇਰੇ ਕਠਿਨ ਹੈ।

ਜੇਕਰ ਮਨੁੱਖ ਕੋਲ ਅਤਿਅੰਤ ਠੀਕ ਅਕਲ ਹੋਵੇ ਅਤੇ ਉਸ ਦੀ ਗਿਆਨ ਸਬੰਧੀ ਯੋਗਤਾ ਅਤਿ ਉਚਕੋਟੀ ਦੀ ਹੋਵੇ ਤਦ ਵੀ ਵਰ੍ਹਿਆਂ ਦੇ ਅਨੁਭਵ ਤੇ ਸੋਚ-ਵਿਚਾਰ ਪਿੱਛੋਂ ਉਹ ਕਿਸੇ ਹੱਦ ਤੱਕ ਇਹਨਾਂ ਗੱਲਾਂ ਬਾਰੇ ਕੋਈ ਮਤ ਕਾਇਮ ਕਰ ਸਕੇਗਾ। ਫੇਰ ਵੀ ਉਸ ਨੂੰ ਪੂਰਨ ਵਿਸ਼ਵਾਸ ਨਹੀਂ ਹੋਵੇਗਾ ਕਿ ਉਸ ਨੇ ਪੂਰਨ ਰੂਪ ਵਿੱਚ ਸੱਚ ਦੀ ਖੋਜ ਕਰ ਲਈ ਹੈ। ਭਾਵੇਂ ਗਿਆਨ ਤੇ ਬੁੱਧੀ ਦੀ ਪੂਰਨ ਰੂਪ 'ਚ ਪ੍ਰੀਖਿਆ ਤਾਂ ਇਸੇ ਤਰ੍ਹਾਂ ਹੋ ਸਕਦੀ ਹੈ ਕਿ ਉਹਨੂੰ ਬਿਨਾਂ ਕਿਸੇ ਮਾਰਗ ਦਰਸ਼ਨ ਦੇ ਛੱਡ ਦਿੱਤਾ ਜਾਂਦਾ, ਫੇਰ ਜਿਹੜੇ ਲੋਕ ਆਪਣੇ ਜਤਨਾਂ ਤੇ ਯੋਗਤਾ ਨਾਲ ਹੱਕ ਤੇ ਸੱਚ ਤੱਕ ਪਹੁੰਚ ਜਾਂਦੇ ਉਹੀ ਸਫਲ ਹੁੰਦੇ ਤੇ ਜਿਹੜੇ ਨਾ ਪਹੁੰਚਦੇ ਉਹ ਅਸਫਲ ਹੁੰਦੇ। ਪਰੰਤੂ ਅਲੱਾਹ ਨੇ ਆਪਣੇ ਬੰਦਿਆਂ ਨੂੰ ਅਜਿਹੀ ਕੜੀ ਪ੍ਰੀਖਿਆ ਵਿੱਚ ਨਹੀਂ ਪਾਇਆ। ਉਸਨੇ ਆਪਣੀ ਮਿਹਰਬਾਨੀ ਨਾਲ ਖ਼ੁਦ ਮਨੁੱਖਾਂ ਵਿਚੋਂ ਹੀ ਅਜਿਹੇ ਮਨੁੱਖ ਪੈਦਾ ਕੀਤੇ ਜਿਨ੍ਹਾਂ ਨੂੰ ਆਪਣੇ ਗੁਣਾਂ ਦਾ ਸਹੀ ਗਿਆਨ ਸੀ। ਉਹ ਤਰੀਕਾ ਵੀਂ ਦੱਸਿਆ ਜਿਸ ਨਾਲ ਮਨੁੱਖ ਸੰਸਾਰ ਵਿੱਚ ਅਲੱਾਹ ਦੀ ਮਰਜ਼ੀ ਅਨੁਸਾਰ ਜੀਵਨ ਬਤੀਤ ਕਰ ਸਕਦਾ ਹੈ। ਪਰਲੋਕ ਦੇ ਜੀਵਨ ਸਬੰਧੀ ਵੀ ਠੀਕ-ਠੀਕ

Scanned with CamScanner

ਗਿਆਨ ਪ੍ਰਦਾਨ ਕੀਤਾ ਅਤੇ ਉਹਨਾਂ ਨੂੰ ਆਦੇਸ਼ ਦਿੱਤਾ ਕਿ ਦੂਜੇ ਮਨੁੱਖਾਂ ਤੱਕ ਇਹ ਗਿਆਨ ਪਹੁੰਚਾ ਦੇਣ। ਇਹ ਅਲੱਾਹ ਦੇ ਪੈਗ਼ੰਬਰ ਹਨ। ਜਿਸ ਸਾਧਨ ਰਾਹੀਂ ਅਲੱਾਹ ਨੇ ਉਹਨਾਂ ਨੂੰ ਗਿਆਨ ਦਿੱਤਾ ਉਸ ਦਾ ਨਾਂ ਵਹੀ (Revelation ਦੈਵੀ ਪ੍ਰਕਾਸ਼ਨ) ਹੈ। ਜਿਸ ਗ੍ਰੰਥ ਵਿੱਚ ਉਹਨਾਂ ਨੂੰ ਇਹ ਗਿਆਨ ਦਿੱਤਾ ਗਿਆ ਉਸ ਨੂੰ ਅਲੱਾਹ ਦੀ ਕਿਤਾਬ ਅਤੇ ਅਲੱਾਹ ਦਾ ਕਲਾਮ (ਰੱਬੀ ਬਾਣੀ) ਕਹਿੰਦੇ ਹਨ। ਹੁਣ ਮਨੁੱਖ ਤੇ ਉਸਦੀ ਯੋਗਤਾ ਦੀ ਪ੍ਰੀਖਿਆ ਇਸ ਵਿੱਚ ਹੈ ਕਿ ਉਹ ਪੈਗ਼ੰਬਰ ਦੇ ਪਵਿੱਤਰ ਜੀਵਨ ਨੂੰ ਵੇਖਣ ਅਤੇ ਉਸ ਦੀ ਉੱਚ ਸਿੱਖਿਆ ਤੇ ਵਿਚਾਰ ਕਰਨ ਪਿੱਛੋਂ ਉਸ ਉੱਤੇ ਈਮਾਨ ਲਿਆਉਂਦਾ ਹੈ ਜਾਂ ਨਹੀਂ। ਜੇਕਰ ਉਹ ਨਿਆਂਸ਼ੀਲ ਤੇ ਸਤਿ-ਪ੍ਰੇਮੀ ਹੈ ਤਾਂ ਸੱਚੀ ਗੱਲ ਅਤੇ ਸਚਿਆਰ ਮਨੁੱਖ ਦੀ ਸਿੱਖਿਆ ਨੂੰ ਮੰਨ ਲਵੇਗਾ ਤੇ ਪ੍ਰੀਖਿਆ ਵਿੱਚ ਸਫਲ ਹੋ ਜਾਵੇਗਾ। ਜੇਕਰ ਉਸਨੇ ਨਾ ਮੰਨਿਆ ਤਾਂ ਇਨਕਾਰ ਦਾ ਅਰਥ ਇਹ ਹੋਵੇਗਾ ਕਿ ਉਸ ਨੇ ਸਤਿ ਤੇ ਸਚਾਈ ਨੂੰ ਸਵੀਕਾਰ ਕਰਨ ਦੀ ਸਮਰਥਾ ਗੁਆ ਦਿੱਤੀ ਹੈ। ਇਹ ਇਨਕਾਰ ਉਸ ਨੂੰ ਪ੍ਰੀਖਿਆ ਵਿੱਚ ਅਸਫਲ ਕਰ ਦੇਵੇਗਾ। ਅਲੱਾਹ, ਉਸਦੇ ਕਾਨੂੰਨ ਤੇ ਪਰਲੋਕ ਦੇ ਜੀਵਨ ਬਾਰੇ ਉਹ ਕਦੇ ਸਹੀ ਗਿਆਨ ਪ੍ਰਾਪਤ ਨਹੀਂ ਕਰ ਸਕੇਗਾ।

## ਪਰੋਖ (ਗ਼ੈਬ) ਉੱਤੇ ਈਮਾਨ

ਦੇਖੋ, ਜਦੋਂ ਤੁਹਾਨੂੰ ਕਿਸੇ ਚੀਜ਼ ਦਾ ਗਿਆਨ ਨਹੀਂ ਹੁੰਦਾ ਤਾਂ ਤੁਸੀਂ ਕਿਸੇ ਗਿਆਨ ਰੱਖਣ ਵਾਲੇ ਵਿਅਕਤੀ ਦੀ ਭਾਲ ਕਰਦੇ ਹੋ ਅਤੇ ਉਸ ਦੇ ਆਦੇਸ਼ ਅਨੁਸਾਰ ਅਮਲ ਕਰਦੇ ਹੋ। ਤੁਸੀਂ ਬੀਮਾਰ ਹੁੰਦੇ ਹੋ ਤਾਂ ਖ਼ੁਦ ਆਪਣਾ ਇਲਾਜ ਨਹੀਂ ਕਰ ਲੈਂਦੇ ਸਗੋਂ ਡਾਕਟਰ ਕੋਲ ਜਾਂਦੇ ਹੋ। ਡਾਕਟਰ ਦਾ ਪ੍ਰਮਾਣਤ ਹੋਣਾ, ਉਸਦਾ ਅਨੁਭਵੀ ਹੋਣਾ, ਉਸ ਦੇ ਹੱਥੋਂ ਬਹੁਤ ਸਾਰੇ ਰੋਗੀਆਂ ਦਾ ਸਿਹਤਮੰਦ ਹੋਣਾ, ਇਹ ਅਜਿਹੀਆਂ ਗੱਲਾਂ ਹਨ ਜਿਨ੍ਹਾਂ ਕਰਕੇ ਤੁਸੀਂ ਈਮਾਨ ਲੈ ਆਉਂਦੇ ਹੋ ਕਿ ਉੱਤਮ ਇਲਾਜ ਲਈ ਜਿਸ ਯੋਗਤਾ ਦੀ ਜ਼ਰੂਰਤ ਹੈ ਉਹ ਉਸ ਡਾਕਟਰ ਵਿੱਚ ਪਾਈ ਜਾਂਦੀ ਹੈ। ਇਸੇ ਈਮਾਨ (ਵਿਸ਼ਵਾਸ) ਕਾਰਨ ਉਹ ਜਿਹੜੀ ਦਵਾ ਜਿਵੇਂ ਸੇਵਨ ਕਰਨ ਨੂੰ ਕਹਿੰਦਾ ਹੈ, ਉਸਦਾ ਤੁਸੀਂ ਸੇਵਨ ਕਰਦੇ ਹੋ ਅਤੇ ਜਿਸ ਚੀਜ਼ ਤੋਂ ਪ੍ਰਹੇਜ਼ ਕਰਵਾਉਂਦਾ ਹੈ ਉਸ ਤੋਂ ਪ੍ਰਹੇਜ਼ ਕਰਦੇ ਹੋ। ਇਸੇ ਤਰ੍ਹਾਂ ਕਾਨੂੰਨ ਦੇ ਮਾਮਲੇ ਵਿੱਚ ਤੁਸੀਂ ਵਕੀਲ 'ਤੇ ਈਮਾਨ ਲਿਆਉਂਦੇ ਹੋ ਤੇ ਉਹਦੇ ਆਦੇਸ਼ਾਂ ਦਾ ਪਾਲਣ ਕਰਦੇ ਹੋ। ਸਿੱਖਿਆ ਦੇ

Scanned with CamScanner

ਮਾਮਲੇ ਵਿੱਚ ਅਧਿਆਪਕ 'ਤੇ ਈਮਾਨ ਲਿਆਉਂਦੇ ਹੋ। ਉਹ ਜੋ ਕੁੱਝ ਤੁਹਾਨੂੰ ਦੱਸਦਾ ਹੈ ਉਸਨੂੰ ਮੰਨਦੇ ਚਲੇ ਜਾਂਦੇ ਹੋ। ਤੁਸੀਂ ਕਿਧਰੇ ਜਾਣਾ ਹੋਵੇ ਤੇ ਰਾਹ ਦਾ ਪਤਾ ਨਾ ਹੋਵੇ ਤਾਂ ਕਿਸੇ ਜਾਣਕਾਰ ਵਿਅਕਤੀ ਉੱਤੇ ਈਮਾਨ ਲਿਆਉਂਦੇ ਹੋ। ਜਿਹੜਾ ਮਾਰਗ ਉਹ ਤੁਹਾਨੂੰ ਦੱਸਦਾ ਹੈ ਉਸੇ ਉੱਤੇ ਚੱਲਦੇ ਹੋ। ਭਾਵ ਇਹ ਕਿ ਦੁਨੀਆਂ ਦੇ ਹਰ ਮਾਮਲੇ ਵਿੱਚ ਤੁਹਾਨੂੰ ਜਾਣਕਾਰੀ ਤੇ ਗਿਆਨ ਪ੍ਰਾਪਤ ਕਰਨ ਲਈ ਕਿਸੇ ਜਾਣਕਾਰ ਆਦਮੀ 'ਤੇ ਈਮਾਨ ਲਿਆਉਣਾ ਪੈਂਦਾ ਹੈ ਅਤੇ ਉਸਦੇ ਆਦੇਸ਼ਾਂ ਦੀ ਪਾਲਣਾ ਕਰਨ ਲਈ ਤੁਸੀਂ ਮਜਬੂਰ ਹੁੰਦੇ ਹੋ। ਇਸੇ ਦਾ ਨਾਂ ਪਰੋਖ (ਗ਼ੈਬ) ਉੱਤੇ ਈਮਾਨ ਹੈ।

ਪਰੋਖ 'ਤੇ ਈਮਾਨ ਦਾ ਅਰਥ ਇਹ ਹੈ ਕਿ ਜੋ ਕੁਝ ਤੁਸੀਂ ਜਾਣਦੇ ਨਹੀਂ ਉਸਦਾ ਗਿਆਨ ਤੁਸੀਂ ਕਿਸੇ ਜਾਣਨ ਵਾਲੇ ਤੋਂ ਪ੍ਰਾਪਤ ਕਰੋ ਅਤੇ ਉਸ ਉੱਤੇ ਵਿਸ਼ਵਾਸ ਕਰ ਲਉ। ਅਲੱਾਹ ਦੀ ਹੋਂਦ ਤੇ ਗੁਣਾਂ ਤੋਂ ਤੁਸੀਂ ਜਾਣੂੰ ਨਹੀਂ ਹੋ। ਤੁਹਾਨੂੰ ਇਹ ਵੀ ਪਤਾ ਨਹੀਂ ਕਿ ਉਸਦੇ ਫ਼ਰਿਸ਼ਤੇ ਉਸ ਦੀ ਆਗਿਆ ਅਧੀਨ ਸਮੁੱਚੇ ਵਿਸ਼ਵ ਦਾ ਕੰਮ ਕਰ ਰਹੇ ਹਨ ਤੇ ਉਨਾਂ ਤੁਹਾਨੂੰ ਹਰ ਪਾਸਿਓਂ ਘੇਰ ਰੱਖਿਆ ਹੈ। ਤੁਹਾਨੂੰ ਇਹ ਵੀ ਖ਼ਬਰ ਨਹੀਂ ਕਿ ਅਲੱਾਹ ਦੀ ਮਰਜ਼ੀ ਅਨੁਸਾਰ ਜੀਵਨ ਬਤੀਤ ਕਰਨ ਦਾ ਢੰਗ ਕੀ ਹੈ ? ਤੁਹਾਨੂੰ ਪਰਲੋਕ ਦੇ ਜੀਵਨ ਦਾ ਵੀ ਠੀਕ-ਠੀਕ ਹਾਲ ਪਤਾ ਨਹੀਂ। ਇਹਨਾਂ ਸਾਰੀਆਂ ਗੱਲਾਂ ਦਾ ਗਿਆਨ ਤੁਹਾਨੂੰ ਇੱਕ ਅਜਿਹੇ ਮਨੁੱਖ ਦੁਆਰਾ ਪ੍ਰਾਪਤ ਹੁੰਦਾ ਹੈ ਜਿਸਦੀ ਸਚਾਈ, ਸੱਤਵਾਦਤਾ, ਰਬੀ ਡਰ ਭਉ, ਅਤਿ ਪਵਿੱਤਰ ਜੀਵਨ ਅਤੇ ਬੁੱਧੀਮੱਤਾ ਦੀਆਂ ਗੱਲਾਂ ਨੂੰ ਦੇਖਕੇ ਤੁਸੀਂ ਮੰਨਦੇ ਹੋ ਕਿ ਉਹ ਜੋ ਕੁਝ ਕਹਿੰਦਾ ਹੈ, ਸੱਚ ਕਹਿੰਦਾ ਹੈ। ਉਸ ਦੀਆਂ ਸਾਰੀਆਂ ਗੱਲਾਂ ਵਿਸ਼ਵਾਸ ਯੋਗ ਹਨ। ਇਹੋ ਪਰੋਖ ਉੱਤੇ ਈਮਾਨ ਹੈ। ਅਲੱਾਹ ਦਾ ਆਗਿਆਪਾਲਣ ਅਤੇ ਉਸਦੀ ਇੱਛਾ ਅਨੁਸਾਰ ਆਚਰਣ ਕਰਨ ਲਈ ਪਰੋਖ ਉੱਤੇ ਈਮਾਨ ਜ਼ਰੂਰੀ ਹੈ, ਕਿਉਂਕਿ ਪੈਗ਼ੰਬਰ ਤੋਂ ਬਿਨਾਂ ਕਿਸੇ ਹੋਰ ਸਾਧਨ ਰਾਹੀਂ ਤੁਹਾਨੂੰ ਸਹੀ ਗਿਆਨ ਨਹੀਂ ਪ੍ਰਾਪਤ ਹੋ ਸਕਦਾ ਤੇ ਸਹੀ ਗਿਆਨ ਵਾਝੋਂ ਤੁਸੀਂ ਇਸਲਾਮ ਦੀ ਠੀਕ-ਠੀਕ ਪਾਲਣਾ ਨਹੀਂ ਕਰ ਸਕਦੇ।

★★★★★

Scanned with CamScanner

# ਅਧਿਆਇ—3

## ਨਬੱਵੁਤ

ਪਿਛਲੇ ਅਧਿਆਇ ਵਿੱਚ ਤੁਹਾਨੂੰ ਤਿੰਨ ਗੱਲਾਂ ਦੱਸੀਆਂ ਗਈਆਂ ਹਨ। ਇੱਕ ਇਹ ਕਿ ਅਲੱਾਹ ਦੇ ਆਗਿਆਪਾਲਣ ਲਈ ਉਸ ਦੀ ਸੱਤਾ ਅਤੇ ਗੁਣ, ਉਸਦੇ ਪਸੰਦ ਕੀਤੇ ਮਾਰਗ, ਆਖ਼ਰਤ ਦੇ ਦੰਡ ਤੇ ਪੁਰਸਕਾਰ ਸਬੰਧੀ ਠੀਕ ਗਿਆਨ ਦੀ ਜ਼ਰੂਰਤ ਹੈ। ਇਹ ਗਿਆਨ ਵੀ ਅਜਿਹਾ ਹੋਣਾ ਚਾਹੀਦਾ ਹੈ ਜਿਸ ਉੱਤੇ ਤੁਹਾਨੂੰ ਪੂਰਨ ਵਿਸ਼ਵਾਸ (ਅਰਥਾਤ ਈਮਾਨ) ਪ੍ਰਾਪਤ ਹੋਵੇ।

ਦੂਜੀ ਇਹ ਕਿ ਅਲੱਾਹ ਨੇ ਮਨੁੱਖ ਨੂੰ ਇੰਨੀ ਕਠਿਨ ਪ੍ਰੀਖਿਆ ਵਿੱਚ ਨਹੀਂ ਪਾਇਆ ਕਿ ਉਹ ਖ਼ੁਦ ਆਪਣੇ ਜਤਨਾਂ ਨਾਲ ਇਹ ਗਿਆਨ ਪ੍ਰਾਪਤ ਕਰੇ, ਸਗੋਂ ਉਸ ਨੇ ਮਨੁੱਖਾਂ ਵਿਚੋਂ ਹੀ ਕੁਝ ਚੁਣੇ ਹੋਏ ਬੰਦਿਆਂ (ਅਰਥਾਤ ਪੈਗ਼ੰਬਰਾਂ) ਨੂੰ ਵਹੀ ਦੁਆਰਾ ਇਹ ਗਿਆਨ ਪ੍ਰਦਾਨ ਕੀਤਾ ਅਤੇ ਉਹਨਾਂ ਨੂੰ ਹੁਕਮ ਦਿੱਤਾ ਕਿ ਦੂਜੇ ਬੰਦਿਆਂ ਤੱਕ ਇਸ ਗਿਆਨ ਨੂੰ ਪਹੁੰਚਾਉਣ।

ਤੀਜੀ ਇਹ ਕਿ ਆਮ ਜਨਤਾ ਉੱਤੇ ਕੇਵਲ ਇੰਨੀ ਜ਼ਿੰਮੇਵਾਰੀ ਹੈ ਕਿ ਉਹ ਅਲੱਾਹ ਦੇ ਸੱਚੇ ਪੈਗ਼ਬੰਰਾਂ ਲੋਕਾਂ (ਰੱਬੀ ਦੂਤਾਂ) ਨੂੰ ਪਹਿਚਾਨਣ। ਜਦੋਂ ਉਹਨਾਂ ਨੂੰ ਪਤਾ ਲੱਗ ਜਾਵੇ ਕਿ ਅਮਕਾ ਵਿਅਕਤੀ ਵਾਸਤਵ ਵਿੱਚ ਅੱਲਾਹ ਦਾ ਸੱਚਾ ਪੈਗ਼ੰਬਰ ਹੈ ਤਾਂ ਉਹਨਾਂ ਦਾ ਫ਼ਰਜ਼ ਹੈ ਕਿ ਉਹ ਜਿਹੜੀ ਸਿੱਖਿਆ ਦੇਵੇ ਉਸ ਉੱਤੇ ਈਮਾਨ ਲਿਆਉਣ, ਜਿਹੜਾ ਹੁਕਮ ਦੇਵੇ ਉਹਦੀ ਪਾਲਣਾ ਕਰਨ ਅਤੇ ਜਿਸ ਤਰੀਕੇ ਉੱਤੇ ਚੱਲੇ ਉਹਦੀ ਪੈਰਵੀ ਕਰਨ।

ਹੁਣ ਸਭ ਤੋਂ ਪਹਿਲਾਂ ਅਸੀਂ ਤੁਹਾਨੂੰ ਇਹ ਦੱਸਣਾ ਚਾਹੁੰਦੇ ਹਾਂ ਕਿ ਪੈਗ਼ੰਬਰੀ ਦੀ ਹਕੀਕਤ ਕੀ ਹੈ ?ਪੈਂਗ਼ੰਬਰਾਂ ਨੂੰ ਕਿਵੇਂ ਪਛਾਣਿਆ ਜਾਂਦਾ ਹੈ ?

### ਪੈਗ਼ੰਬਰੀ ਦੀ ਹਕੀਕਤ (ਵਾਸਤਵਿਕਤਾ)

ਤੁਸੀਂ ਵੇਖਦੇ ਹੋ ਕਿ ਸੰਸਾਰ ਵਿੱਚ ਮਨੁੱਖ ਨੂੰ ਜਿਨ੍ਹਾਂ-ਜਿਨ੍ਹਾਂ ਚੀਜ਼ਾਂ ਦੀ ਜ਼ਰੂਰਤ ਹੁੰਦੀ ਹੈ, ਅਲੱਾਹ ਨੇ ਉਹਨਾਂ ਸਭਨਾਂ ਦਾ ਪ੍ਰਬੰਧ ਖ਼ੁਦ ਹੀ ਕਰ ਦਿੱਤਾ ਹੈ। ਬੱਚਾ ਜਦੋਂ



Scanned with CamScanner

ਪੈਦਾ ਹੁੰਦਾ ਹੈ ਤਾਂ ਵੇਖੋ ਕਿੰਨੀ ਸਮੱਗਰੀ ਉਹਨੂੰ ਦੇ ਕੇ ਸੰਸਾਰ ਵਿੱਚ ਭੇਜਿਆ ਜਾਂਦਾ ਹੈ। ਵੇਖਣ ਲਈ ਅੱਖਾਂ, ਸੁਣਨ ਲਈ ਕੰਨ, ਸੁੰਘਣ ਤੇ ਸਾਹ ਲੈਣ ਲਈ ਨੱਕ, ਸਪਰਸ਼-ਗਿਆਨ ਲਈ ਸਾਰੇ ਸਰੀਰ ਦੀ ਚਮੜੀ ਵਿੱਚ ਅਨੁਭਵ-ਸ਼ਕਤੀ, ਚੱਲਣ ਲਈ ਪੈਰ, ਕੰਮ ਕਰਨ ਲਈ ਹੱਥ, ਸੋਚਣ ਲਈ ਦਿਮਾਗ਼ ਅਤੇ ਅਜਿਹੀਆਂ ਹੀ ਹੋਰ ਅਣਗਿਣਤ ਚੀਜ਼ਾਂ ਜਿਹੜੀਆਂ ਪਹਿਲਾਂ ਤੋਂ ਉਸ ਦੀਆਂ ਸਾਰੀਆਂ ਜ਼ਰੂਰਤਾਂ ਦਾ ਧਿਆਨ ਰੱਖਦੇ ਹੋਏ ਉਸ ਦੇ ਨਿੱਕੇ ਜਿਹੇ ਸਰੀਰ ਵਿੱਚ ਜੁਟਾ ਦਿੱਤੀਆਂ ਗਈਆਂ ਹਨ। ਫੇਰ ਜਦੋਂ ਉਹ ਦੁਨੀਆਂ ਵਿੱਚ ਕਦਮ ਰੱਖਦਾ ਹੈ ਤਾਂ ਜੀਵਨ ਬਤੀਤ ਕਰਨ ਲਈ ਇੰਨੀ ਸਮੱਗਰੀ ਉਸ ਨੂੰ ਮਿਲਦੀ ਹੈ ਜਿਸਦੀ ਤੁਸੀਂ ਗਿਣਤੀ ਵੀ ਨਹੀਂ ਕਰ ਸਕਦੇ। ਹਵਾ ਹੈ, ਪ੍ਰਕਾਸ਼ ਹੈ, ਤਾਪ ਹੈ, ਪਾਣੀ ਹੈ, ਧਰਤੀ ਹੈ, ਮਾਂ ਦੇ ਸੀਨੇ ਵਿੱਚ ਪਹਿਲਾਂ ਤੋਂ ਦੁੱਧ ਮੌਜੂਦ ਹੈ, ਮਾਤਾ-ਪਿਤਾ, ਸਬੰਧੀਆਂ ਇੱਥੋਂ ਤੱਕ ਕਿ ਦੂਜੇ ਲੋਕਾਂ ਦੇ ਦਿਲਾਂ ਵਿੱਚ ਵੀ ਉਸ ਪ੍ਰਤੀ ਪਿਆਰ ਤੇ ਮੁਹੱਬਤ ਪੈਦਾ ਕਰ ਦਿੱਤੀ ਗਈ ਹੈ ਜਿਸ ਨਾਲ ਉਸ ਦਾ ਪਾਲਣ-ਪੋਸ਼ਣ ਹੁੰਦਾ ਹੈ। ਫੇਰ ਜਿਉਂ-ਜਿਉਂ ਉਹ ਵੱਧਦਾ ਜਾਂਦਾ ਹੈ, ਉਸ ਦੀਆਂ ਜ਼ਰੂਰਤਾਂ ਦੀ ਪੂਰਤੀ ਲਈ ਹਰ ਪ੍ਰਕਾਰ ਦਾ ਸਮਾਨ ਉਸ ਨੂੰ ਮਿਲਦਾ ਜਾਂਦਾ ਹੈ। ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਧਰਤੀ ਤੇ ਅਕਾਸ਼ ਦੀਆਂ ਸਮੂਹ ਸ਼ਕਤੀਆਂ ਉਸ ਦੇ ਪਾਲਣ-ਪੋਸ਼ਣ ਤੇ ਸੇਵਾ ਲਈ ਕੰਮ ਕਰ ਰਹੀਆਂ ਹਨ।

ਇਸ ਤੋਂ ਪਿੱਛੋਂ ਹੋਰ ਵਿਚਾਰ ਕਰੋ ਕਿ ਦੁਨੀਆਂ ਦੇ ਕੰਮ ਕਰਨ ਲਈ ਜਿੰਨੀਆਂ ਯੋਗਤਾਵਾਂ ਦੀ ਜ਼ਰੂਰਤ ਹੈ, ਉਹ ਸਾਰੀਆਂ ਮਨੁੱਖ ਨੂੰ ਦਿੱਤੀਆਂ ਗਈਆਂ ਹਨ, ਸਰੀਰਕ ਸ਼ਕਤੀ, ਸਮਝ-ਬੂਝ, ਬੋਲਣ ਦੀ ਸ਼ਕਤੀ ਅਤੇ ਅਜਿਹੀਆਂ ਹੀ ਬਹੁਤ ਸਾਰੀਆਂ ਯੋਗਤਾਵਾਂ ਘੱਟ ਜਾਂ ਵੱਧ, ਹਰ ਵਿਅਕਤੀ ਵਿੱਚ ਪਾਈਆਂ ਜਾਂਦੀਆਂ ਹਨ। ਪਰੰਤੂ ਇੱਥੇ ਅਲੱਾਹ ਨੇ ਅਜੀਬ ਪ੍ਰਬੰਧ ਕੀਤਾ ਹੈ ਕਿ ਸਾਰੀਆਂ ਯੋਗਤਾਵਾਂ ਸਭਨਾਂ ਮਨੁੱਖਾਂ ਵਿੱਚ ਸਮਾਨ ਪੈਦਾ ਨਹੀਂ ਕੀਤੀਆਂ। ਜੇਕਰ ਅਜਿਹਾ ਹੁੰਦਾ ਤਾਂ ਕੋਈ ਕਿਸੇ ਦਾ ਮੁਥਾਜ ਨਾ ਹੁੰਦਾ ਤੇ ਨਾ ਹੀ ਕੋਈ ਕਿਸੇ ਦੀ ਪਰਵਾਹ ਕਰਦਾ। ਇਸ ਲਈ ਅਲੱਾਹ ਨੇ ਸਾਰੇ ਮਨੁੱਖਾਂ ਦੀਆਂ ਸਮੂਹਕ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਸਮੁੱਚੀਆਂ ਯੋਗਤਾਵਾਂ ਪੈਦਾ ਤਾਂ ਮਨੁੱਖਾਂ ਵਿੱਚ ਹੀ ਕੀਤੀਆਂ ਹਨ, ਪਰੰਤੂ ਇਸ ਤਰ੍ਹਾਂ ਕੀਤੀਆਂ ਹਨ ਕਿ ਕਿਸੇ ਨੂੰ ਇਕ ਯੋਗਤਾ ਵੱਧ ਦੇ ਦਿੱਤੀ ਅਤੇ ਦੂਜੇ ਨੂੰ ਦੂਸਰੀ ਯੋਗਤਾ। ਤੁਸੀਂ ਦੇਖਦੇ ਹੋ ਕਿ ਕੁੱਝ ਲੋਕ ਸਰੀਰਕ ਮਿਹਨਤ ਦੀਆਂ ਸ਼ਕਤੀਆਂ

Scanned with CamScanner

ਦੂਜਿਆਂ ਤੋਂ ਵੱਧ ਲੈ ਕੇ ਆਉਂਦੇ ਹਨ।ਕੁੱਝ ਲੋਕਾਂ ਵਿੱਚ ਕਿਸੇ ਖ਼ਾਸ ਹੁਨਰ ਤੇ ਪੇਸ਼ੇ ਦੀ ਪੈਦਾਇਸ਼ੀ ਯੋਗਤਾ ਹੁੰਦੀ ਹੈ ਜਿਸ ਤੋਂ ਦੂਜੇ ਵਾਂਝੇ ਹੁੰਦੇ ਹਨ।ਕੁੱਝ ਲੋਕਾਂ ਵਿੱਚ ਬੁੱਧੀ ਦੀ ਤੀਬਰਤਾ ਅਤੇ ਬੌਧਿਕ ਸ਼ਕਤੀ ਦੂਜਿਆਂ ਤੋਂ ਵਧੇਰੇ ਹੁੰਦੀ ਹੈ। ਕੁਝ ਪੈਦਾਇਸ਼ੀ ਸਿਪਾਹ ਸਲਾਰ ਹੁੰਦੇ ਹਨ। ਕੁਝ ਵਿੱਚ ਪ੍ਰਸ਼ਾਸਨ ਦੀ ਵਿਸ਼ੇਸ਼ ਯੋਗਤਾ ਹੁੰਦੀ ਹੈ। ਕੁਝ ਭਾਸ਼ਨ ਦੀ ਅਸਧਾਰਨ ਯੋਗਤਾ ਲੈ ਕੇ ਪੈਦਾ ਹੁੰਦੇ ਹਨ। ਕੁੱਝ ਵਿੱਚ ਲਿਖਣ ਦੀ ਸੁਭਾਵਿਕ ਯੋਗਤਾ ਹੁੰਦੀ ਹੈ।ਕੋਈ ਵਿਅਕਤੀ ਅਜਿਹਾ ਪੈਦਾ ਹੁੰਦਾ ਹੈ ਕਿ ਉਸ ਦੀ ਬੁੱਧੀ ਗਣਿਤ ਵਿੱਚ ਵਧੇਰੇ ਕੰਮ ਕਰਦੀ ਹੈ ਇਥੋਂ ਤਕ ਕਿ ਉਸਦੇ ਬੜੇ ਜਟਿਲ ਪ੍ਰਸ਼ਨਾਂ ਨੂੰ ਉਹ ਇੰਜ ਹੱਲ ਕਰ ਦਿੰਦਾ ਹੈ ਕਿ ਦੂਜਿਆਂ ਦੀ ਅਕਲ ਉੱਥੇ ਤੱਕ ਨਹੀਂ ਪਹੁੰਚਦੀ।ਇੱਕ ਦੂਜਾ ਵਿਅਕਤੀ ਅਜਿਹਾ ਹੁੰਦਾ ਹੈ ਜਿਹੜਾ ਅਦਭੁਤ ਚੀਜ਼ਾਂ ਦੀ ਕਾਢ ਕਰਦਾ ਹੈ ਤੇ ਉਹਦੀਆਂ ਕਾਢਾਂ ਵੇਖਕੇ ਦੁਨੀਆਂ ਦੰਗ ਰਹਿ ਜਾਂਦੀ ਹੈ।ਇੱਕ ਹੋਰ ਵਿਅਕਤੀ ਅਜਿਹਾ ਅਦੁੱਤੀ ਕਾਨੂੰਨੀ ਦਿਮਾਗ਼ ਲੈ ਕੇ ਆਉਂਦਾ ਹੈ ਕਿ ਕਾਨੂੰਨ ਦੇ ਜਿਹੜੇ ਨੁਕਤੇ ਵਰ੍ਹਿਆਂ ਬੱਧੀ ਵਿਚਾਰ ਕਰਨ ਉਪਰੰਤ ਵੀ ਦੂਜਿਆਂ ਦੀ ਸਮਝ ਵਿੱਚ ਨਹੀਂ ਆਉਂਦੇ ਉਸ ਦੀ ਨਿਗਾਹ ਆਪਣੇ ਆਪ ਉਹਨਾਂ ਤੱਕ ਪਹੁੰਚ ਜਾਂਦੀ ਹੈ। ਇਹ ਖ਼ੁਦਾ ਦੀ ਦੇਣ ਹੈ। ਕੋਈ ਵਿਅਕਤੀ ਖ਼ੁਦ ਆਪਣੇ ਅੰਦਰ ਇਹ ਯੋਗਤਾਵਾਂ ਪੈਦਾ ਨਹੀਂ ਕਰ ਸਕਦਾ ਅਤੇ ਨਾ ਹੀ ਸਿਖਿਆ ਤੇ ਤਰਬੀਅਤ ਨਾਲ ਇਹ ਚੀਜ਼ਾਂ ਪੈਦਾ ਹੁੰਦੀਆਂ ਹਨ।ਵਾਸਤਵ ਵਿੱਚ ਇਹ ਪੈਦਾਇਸ਼ੀ ਯੋਗਤਾਵਾਂ ਹਨ ਤੇ ਅੱਲਾਹ ਆਪਣੀ ਮਰਜ਼ੀ ਨਾਲ ਜਿਸ ਨੂੰ ਚਾਹੁੰਦਾ ਹੈ ਇਹ ਯੋਗਤਾਵਾਂ ਪ੍ਰਦਾਨ ਕਰ ਦਿੰਦਾ ਹੈ।

ਅੱਲਾਹ ਦੀ ਇਸ ਦੇਣ ਤੇ ਵੀ ਵਿਚਾਰ ਕਰੋਗੇ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਮਨੁੱਖੀ ਸਭਿਅਤਾ ਲਈ ਜਿਨ੍ਹਾਂ ਯੋਗਤਾਵਾਂ ਦੀ ਜ਼ਰੂਰਤ ਵੱਧ ਹੁੰਦੀ ਹੈ ਉਹ ਵਧੇਰੇ ਲੋਕਾਂ ਵਿੱਚ ਪੈਦਾ ਕੀਤੀਆਂ ਜਾਂਦੀਆਂ ਹਨ।ਜਿਨ੍ਹਾਂ ਦੀ ਜ਼ਰੂਰਤ ਜਿੰਨੀ ਘੱਟ ਹੁੰਦੀ ਹੈ ਉਹ ਉਨੇ ਹੀ ਘੱਟ ਆਦਮੀਆਂ ਵਿੱਚ ਪੈਦਾ ਕੀਤੀਆਂ ਜਾਂਦੀਆਂ ਹਨ।ਸਿਪਾਹੀ ਬਹੁਤ ਪੈਦਾ ਹੁੰਦੇ ਹਨ। ਕਿਸਾਨ, ਤਰਖਾਣ, ਲੁਹਾਰ ਅਜਿਹੇ ਹੀ ਹੋਰ ਕੰਮਾਂ ਦੇ ਆਦਮੀ ਜ਼ਿਆਦਾ ਪੈਦਾ ਹੁੰਦੇ ਹਨ।ਪਰੰਤੂ ਗਿਆਨ ਤੇ ਬੌਧਿਕ ਸ਼ਕਤੀਆਂ ਰੱਖਣ ਵਾਲੇ, ਰਾਜਨੀਤੀ ਤੇ ਸੈਨਾਪਤੀ ਦੀ ਯੋਗਤਾ ਰੱਖਣ ਵਾਲੇ ਘੱਟ ਪੈਦਾ ਹੁੰਦੇ ਹਨ। ਫੇਰ ਉਹ ਲੋਕ ਹੋਰ ਵੀ ਘੱਟ ਮਿਲਦੇ ਹਨ ਜਿਹੜੇ ਕਿਸੇ ਵਿਸ਼ੇਸ਼ ਵਿੱਦਿਆ ਅਤੇ

Scanned with CamScanner

ਕਲਾ ਵਿੱਚ ਅਸਧਾਰਨ ਯੋਗਤਾ ਦੇ ਮਾਲਕ ਹੋਣ ਕਿਉਂਕਿ ਉਹਨਾਂ ਦੇ ਕਾਰਨਾਮਿਆਂ ਕਾਰਨ ਸਦੀਆਂ ਤੱਕ ਲੋਕਾਂ ਨੂੰ ਉਹਨਾਂ ਵਰਗੇ ਨਿਪੁੰਨ ਜਾਣਕਾਰਾਂ ਦੀ ਜ਼ਰੂਰਤ ਨਹੀਂ ਰਹਿੰਦੀ।

ਹੁਣ ਸੋਚਣਾ ਚਾਹੀਦਾ ਹੈ ਕਿ ਸੰਸਾਰ ਵਿੱਚ ਮਾਨਵ-ਜੀਵਨ ਨੂੰ ਸਫਲ ਬਣਾਉਣ ਲਈ ਕੇਵਲ ਇਹੋ ਇੱਕ ਜ਼ਰੂਰਤ ਤਾਂ ਨਹੀਂ ਹੈ ਕਿ ਲੋਕਾਂ ਵਿੱਚ ਇੰਜਨੀਅਰ, ਹਿਸਾਬਦਾਨ, ਵਿਗਿਆਨਕ, ਕਾਨੂੰਨਦਾਨ, ਰਾਜਨੀਤੀਵਾਨ, ਅਰਥ ਸ਼ਾਸਤਰੀ ਤੇ ਵਿਭਿੰਨ ਪੇਸ਼ਿਆਂ ਦੀ ਯੋਗਤਾ ਰੱਖਣ ਵਾਲੇ ਲੋਕ ਹੀ ਪੈਦਾ ਹੋਣ। ਇਹਨਾਂ ਸਭਨਾਂ ਤੋਂ ਵਧਕੇ ਇੱਕ ਹੋਰ ਜ਼ਰੂਰਤ ਵੀ ਤਾਂ ਹੈ ਅਤੇ ਉਹ ਇਹ ਹੈ ਕਿ ਕੋਈ ਅਜਿਹਾ ਵੀ ਹੋਵੇ ਜਿਹੜਾ ਲੋਕਾਂ ਨੂੰ ਅੱਲਾਹ ਦਾ ਮਾਰਗ ਦਰਸਾਵੇ। ਦੂਜੇ ਲੋਕ ਤਾਂ ਕੇਵਲ ਇਹ ਦੱਸਣ ਵਾਲੇ ਹਨ ਕਿ ਇਸ ਸੰਸਾਰ ਵਿੱਚ ਮਨੁੱਖ ਲਈ ਕੀ ਹੈ ਅਤੇ ਉਸ ਦੀ ਕਿਵੇਂ ਵਰਤੋਂ ਕੀਤੀ ਜਾ ਸਕਦੀ ਹੈ। ਪਰੰਤੂ ਕੋਈ ਇਹ ਦੱਸਣ ਵਾਲਾ ਵੀ ਤਾਂ ਹੋਣਾ ਚਾਹੀਦਾ ਹੈ ਕਿ ਮਨੁੱਖ ਖ਼ੁਦ ਕਿਸ ਦੇ ਲਈ ਹੈ? ਮਨੁੱਖ ਨੂੰ ਦੁਨੀਆਂ ਵਿੱਚ ਇਹ ਸਾਰੀ ਸਮੱਗਰੀ ਕਿਸਨੇ ਦਿੱਤੀ ਹੈ? ਉਸ ਦੇਣ ਵਾਲੇ ਦੀ ਇੱਛਾ ਕੀ ਹੈ? ਤਾਂ ਕਿ ਮਨੁੱਖ ਉਸਦੇ ਅਨੁਸਾਰ ਸੰਸਾਰ ਵਿੱਚ ਜੀਵਨ ਬਤੀਤ ਕਰਕੇ ਨਿਸ਼ਚਿਤ ਤੇ ਸਦੀਵੀ ਸਫਲਤਾ ਪ੍ਰਾਪਤ ਕਰੇ। ਇਹ ਮਨੁੱਖ ਦੀ ਅਸਲੀ ਤੇ ਸਭ ਤੋਂ ਵੱਢੀ ਜ਼ਰੂਰਤ ਹੈ ਅਤੇ ਬੁੱਧੀ ਇਹ ਸਵੀਕਾਰ ਕਰਨ ਤੋਂ ਇਨਕਾਰ ਕਰਦੀ ਹੈ ਕਿ ਜਿਸ ਅੱਲਾਹ ਨੇ ਸਾਡੀਆਂ ਛੋਟੀਆਂ ਤੋਂ ਛੋਟੀਆਂ ਜ਼ਰੂਰਤਾਂ ਪੂਰੀਆਂ ਕਰਨ ਦਾ ਪ੍ਰਬੰਧ ਕੀਤਾ ਹੈ, ਉਸ ਨੇ ਅਜਿਹੀ ਮਹੱਤਵਪੂਰਨ ਜ਼ਰੂਰਤ ਦੀ ਪੂਰਤੀ ਵਿੱਚ ਅਸਾਵਧਾਨੀ ਤੋਂ ਕੰਮ ਲਿਆ ਹੋਵੇਗਾ। ਨਹੀਂ, ਅਜਿਹਾ ਬਿਲਕੁਲ ਨਹੀਂ ਹੈ। ਅੱਲਾਹ ਨੇ ਜਿਸ ਤਰ੍ਹਾਂ ਇੱਕ-ਇੱਕ ਵਿਦਿਆ ਤੇ ਇੱਕ-ਇੱਕ ਕਲਾ ਦੀ ਵਿਸ਼ੇਸ਼ ਯੋਗਤਾ ਰੱਖਣ ਵਾਲੇ ਵਿਅਕਤੀ ਪੈਦਾ ਕੀਤੇ ਹਨ, ਉਸੇ ਤਰ੍ਹਾਂ ਅਜਿਹੇ ਵਿਅਕਤੀ ਵੀ ਪੈਦਾ ਕੀਤੇ ਹਨ ਜਿਨ੍ਹਾਂ ਵਿੱਚ ਖ਼ੁਦ ਅੱਲਾਹ ਨੂੰ ਪਛਾਣਨ ਦੀ ਉੱਤਮ ਯੋਗਤਾ ਸੀ। ਉਸਨੇ ਉਹਨਾਂ ਨੂੰ ਧਰਮ, ਨੈਤਿਕਤਾ, ਆਚਾਰ ਸ਼ਾਸਤਰ (ਸ਼ਰੀਅਤ) ਦਾ ਗਿਆਨ ਆਪਣੇ ਕੋਲੋਂ ਦਿੱਤਾ ਅਤੇ ਉਹਨਾਂ ਨੂੰ ਇਸ ਸੇਵਾ-ਕਾਰਜ 'ਤੇ ਨਿਯੁਕਤ ਕੀਤਾ ਕਿ ਦੂਜੇ ਲੋਕਾਂ ਨੂੰ ਇਹਨਾਂ ਚੀਜ਼ਾਂ ਦੀ ਸਿੱਖਿਆ ਦੇਣ। ਇਹੋ ਉਹ ਲੋਕ ਹਨ ਜਿਨ੍ਹਾਂ ਨੂੰ ਸਾਡੀ ਭਾਸ਼ਾ ਵਿੱਚ ਨਬੀ, ਰਸੂਲ ਜਾਂ ਪੈਗ਼ੰਬਰ ਕਿਹਾ ਜਾਂਦਾ ਹੈ।

Scanned with CamScanner

## ਪੈਗ਼ੰਬਰ ਦੀ ਪਛਾਣ

ਜਿਸ ਤਰ੍ਹਾਂ ਦੂਸਰੀਆਂ ਸਿੱਖਿਆਵਾਂ ਤੇ ਕਲਾਵਾਂ ਦੇ ਮਾਹਰ ਵਿਅਕਤੀ ਇੱਕ ਵਿਸ਼ੇਸ਼ ਬੁੱਧੀ ਅਤੇ ਇੱਕ ਵਿਸ਼ੇਸ਼ ਪ੍ਰਕਾਰ ਦੀ ਮਨੋਬਿਰਤੀ ਲੈ ਕੇ ਪੈਦਾ ਹੁੰਦੇ ਹਨ ਉਸੇ ਤਰ੍ਹਾਂ ਪੈਗ਼ੰਬਰ ਵੀ ਇੱਕ ਵਿਸ਼ੇਸ਼ ਪ੍ਰਕਾਰ ਦੀ ਮਨੋਬਿਰਤੀ ਲੈ ਕੇ ਆਉਂਦੇ ਹਨ।

ਇੱਕ ਪੈਦਾਇਸ਼ੀ ਕਵੀ ਦੀਆਂ ਕਵਿਤਾਵਾਂ ਨੂੰ ਸੁਣਦਿਆਂ ਹੀ ਸਾਨੂੰ ਪਤਾ ਲੱਗ ਜਾਂਦਾ ਹੈ ਇਹ ਕਾਵਿ-ਰਚਨਾ ਦੀ ਵਿਸ਼ੇਸ਼ ਯੋਗਤਾ ਲੈ ਕੇ ਪੈਦਾ ਹੋਇਆ ਹੈ, ਕਿਉਂਕਿ ਦੂਜੇ ਲੋਕ ਭਾਵੇਂ ਜਿੰਨੀ ਮਰਜ਼ੀ ਕੋਸ਼ਿਸ਼ ਕਰਨ ਉਸ ਜਿਹੇ ਕਾਵਿ-ਟੋਟੇ ਦੀ ਰਚਨਾ ਨਹੀਂ ਕਰ ਸਕਦੇ। ਇਸੇ ਤਰ੍ਹਾਂ ਇੱਕ ਪੈਦਾਇਸ਼ੀ ਵਕਤਾ, ਇੱਕ ਪੈਦਾਇਸ਼ੀ ਲੇਖਕ ਇੱਕ ਜਨਮ ਸਿੱਧ ਖੋਜੀ, ਇੱਕ ਜਨਮ ਸਿੱਧ ਨੇਤਾ ਵੀ ਆਪਣੇ ਮਹਾਨ ਕਾਰਨਾਮਿਆਂ ਤੋਂ ਸਪਸ਼ਟ ਪਛਾਣ ਲਿਆ ਜਾਂਦਾ ਹੈ ਕਿਉਂਕਿ ਇਹਨਾਂ ਵਿੱਚੋਂ ਹਰੇਕ ਆਪਣੇ ਕੰਮ ਵਿੱਚ ਅਸਧਾਰਨ ਯੋਗਤਾ ਦਾ ਪਰਦਰਸ਼ਨ ਕਰਦਾ ਹੈ ਜਿਹੜੀ ਦੂਜਿਆਂ ਵਿੱਚ ਨਹੀਂ ਹੁੰਦੀ। ਅਜਿਹਾ ਹੀ ਹਾਲ ਪੈਗ਼ੰਬਰ ਦਾ ਹੁੰਦਾ ਹੈ। ਉਸ ਦੇ ਮਨ ਵਿੱਚ ਉਹ ਗੱਲਾਂ ਆਉਂਦੀਆਂ ਹਨ ਜਿਹੜੀਆਂ ਦੂਜੇ ਸੋਚ ਵੀ ਨਹੀਂ ਸਕਦੇ। ਉਹ ਅਜਿਹੇ ਵਿਸ਼ਿਆਂ ਦਾ ਵਰਣਨ ਕਰਦਾ ਹੈ ਜਿਨ੍ਹਾਂ ਦਾ ਉਸ ਤੋਂ ਸਿਵਾ ਕੋਈ ਵਰਣਨ ਨਹੀਂ ਕਰ ਸਕਦਾ। ਉਸ ਦੀ ਨਿਗ੍ਹਾ ਅਜਿਹੀਆਂ ਬਰੀਕ ਗੱਲਾਂ ਤੱਕ ਆਪਣੇ ਆਪ ਪਹੁੰਚ ਜਾਂਦੀ ਹੈ ਜਿਨ੍ਹਾਂ ਤੱਕ ਦੂਜਿਆਂ ਦੀ ਨਿਗ੍ਹਾ ਵਰ੍ਹਿਆਂ-ਬੱਧੀ ਸੋਚ-ਵਿਚਾਰ ਕਰਨ ਪਿੱਛੋਂ ਵੀ ਨਹੀਂ ਪਹੁੰਚਦੀ। ਉਹ ਜੋ ਕੁੱਝ ਆਖਦਾ ਹੈ ਸਾਡੀ ਅਕਲ ਉਸ ਨੂੰ ਸਵੀਕਾਰ ਕਰਦੀ ਹੈ। ਸਾਡਾ ਦਿਲ ਸਾਖੀ ਭਰਦਾ ਹੈ ਕਿ ਜ਼ਰੂਰ ਇਸੇ ਤਰ੍ਹਾਂ ਹੋਣਾ ਚਾਹੀਦਾ ਹੈ। ਸੰਸਾਰਕ ਅਨੁਭਵਾਂ ਤੇ ਵਿਸ਼ਵ ਦੇ ਨਿਰੀਖਣਾਂ ਤੋਂ ਉਸ ਦੀ ਇੱਕ-ਇੱਕ ਗੱਲ ਸੱਚੀ ਸਿੱਧ ਹੁੰਦੀ ਹੈ, ਪਰੰਤੂ ਜੇਕਰ ਅਸੀਂ ਖ਼ੁਦ ਉਸ ਤਰ੍ਹਾਂ ਦੀ ਗੱਲ ਕਹਿਣੀ ਚਾਹੀਏ ਤਾਂ ਨਹੀਂ ਕਹਿ ਸਕਦੇ। ਫਿਰ ਉਸ ਦੀ ਮਨੋਬਿਰਤੀ ਇੰਨੀ ਪਵਿੱਤਰ ਹੁੰਦੀ ਹੈ ਕਿ ਉਹ ਹਰ ਮਾਮਲੇ ਵਿੱਚ ਸੱਚੀ, ਸਿੱਧੀ ਤੇ ਸੱਜਣਤਾ ਦੀ ਵਿਧੀ ਅਪਣਾਉਂਦਾ ਹੈ। ਉਹ ਕਦੇ ਕੋਈ ਝੂਠੀ ਗੱਲ ਨਹੀਂ ਕਹਿੰਦਾ, ਕੋਈ ਬੁਰਾ ਕੰਮ ਨਹੀਂ ਕਰਦਾ। ਸਦਾ ਸਚਾਈ ਤੇ ਸਦਾਚਾਰ ਦੀ ਸਿੱਖਿਆ ਦਿੰਦਾ ਹੈ ਅਤੇ ਜੋ ਕੁਝ ਦੂਜਿਆਂ ਨੂੰ ਆਖਦਾ ਹੈ, ਉਸ 'ਤੇ ਖ਼ੁਦ ਚੱਲ ਕੇ ਦਿਖਾਉਂਦਾ ਹੈ। ਉਸ ਦੇ ਜੀਵਨ ਵਿੱਚੋਂ ਕੋਈ ਅਜਿਹੀ ਉਦਾਹਰਣ ਨਹੀਂ ਮਿਲਦੀ ਕਿ ਉਹ ਜੋ ਕੁੱਝ ਕਹੇ ਉਸ ਦੇ ਵਿਰੁੱਧ

ਚੱਲੇ।ਉਸ ਦੀ ਕਰਨੀ ਜਾਂ ਕਥਨੀ ਵਿੱਚ ਕੋਈ ਨਿੱਜੀ ਸੁਆਰਥ ਨਹੀਂ ਹੁੰਦਾ।ਉਹ ਦੂਜਿਆਂ ਦੇ ਹਿਤ ਲਈ ਖ਼ੁਦ ਹਾਣ ਸਹਿਣ ਕਰਦਾ ਹੈ ਪਰ ਆਪਣੇ ਹਿਤ ਲਈ ਦੂਜਿਆਂ ਨੂੰ ਹਾਨੀ ਨਹੀਂ ਪਹੁੰਚਾਉਂਦਾ।ਇਸ ਦਾ ਸਮੁੱਚਾ ਜੀਵਨ ਸਚਾਈ, ਸੱਜਣਤਾ, ਸੁਸ਼ੀਲਤਾ, ਪਵਿੱਤਰਤਾ, ਉੱਚ ਵਿਚਾਰ ਅਤੇ ਸਰਬਉੱਚ ਮਾਨਵਤਾ ਦਾ ਆਦਰਸ਼ ਹੁੰਦਾ ਹੈ ਜਿਸ ਵਿੱਚ ਭਾਲਣ ਤੇ ਵੀ ਕੋਈ ਦੋਸ਼ ਨਜ਼ਰੀਂ ਨਹੀਂ ਪੈਂਦਾ। ਇਹਨਾਂ ਹੀ ਗੁਣਾਂ ਨੂੰ ਵੇਖਕੇ ਸਪਸ਼ਟ ਪਛਾਣ ਲਿਆ ਜਾਂਦਾ ਹੈ ਕਿ ਇਹ ਵਿਅਕਤੀ ਅੱਲਾਹ ਦਾ ਸੱਚਾ ਪੈਗ਼ੰਬਰ ਹੈ।

## ਪੈਗ਼ੰਬਰ ਦਾ ਆਗਿਆਪਾਲਣ

ਜਦੋਂ ਇਹ ਪਤਾ ਲੱਗ ਜਾਵੇ ਕਿ ਅਮਕਾ ਆਦਮੀ ਅੱਲਾਹ ਦਾ ਸੱਚਾ ਪੈਗ਼ੰਬਰ ਹੈ ਤਾਂ ਉਸਦੀ ਗੱਲ ਨੂੰ ਮੰਨਣਾ, ਉਸਦਾ ਆਗਿਆ ਪਾਲਣ ਕਰਨਾ ਅਤੇ ਉਸਦੇ ਤਰੀਕੇ ਦੀ ਪੈਰਵੀ ਕਰਨਾ ਜ਼ਰੂਰੀ ਹੈ।ਇਹ ਗੱਲ ਅਕਲ ਦੇ ਬਿਲਕੁਲ ਉਲਟ ਹੈ ਕਿ ਤੁਸੀਂ ਇੱਕ ਵਿਅਕਤੀ ਨੂੰ ਪੈਗ਼ੰਬਰ ਸਵੀਕਾਰ ਵੀ ਕਰੋ ਅਤੇ ਫੇਰ ਉਸ ਦੀ ਗੱਲ ਵੀ ਨਾ ਮੰਨੋ, ਕਿਉਂਕਿ ਪੈਗ਼ੰਬਰ ਮੰਨਣ ਦਾ ਅਰਥ ਇਹ ਹੈ ਕਿ ਤੁਸਾਂ ਮੰਨ ਲਿਆ ਕਿ ਉਹ ਜੋ ਕੁਝ ਕਹਿ ਰਿਹਾ ਹੈ ਖ਼ੁਦਾ ਵੱਲੋਂ ਕਹਿ ਰਿਹਾ ਹੈ ਅਤੇ ਜੋ ਵੀ ਕਰ ਰਿਹਾ ਹੈ ਅੱਲਾਹ ਦੀ ਮਰਜ਼ੀ ਅਨੁਸਾਰ ਕਰ ਰਿਹਾ ਹੈ।ਹੁਣ ਤੁਸੀਂ ਜੋ ਕੁਝ ਉਸ ਦੇ ਖ਼ਿਲਾਫ਼ ਕਹੋਗੇ ਜਾਂ ਕਰੋਗੇ ਉਹ ਅੱਲਾਹ ਦੇ ਵਿਰੁੱਧ ਹੋਵੇਗਾ, ਜਿਹੜੀ ਗੱਲ ਅੱਲਾਹ ਦੇ ਵਿਰੁੱਧ ਹੋਵੇ ਕਦੇ ਵੀ ਸੱਚੀ ਤੇ ਨਿਆਂ ਅਨੁਕੂਲ ਨਹੀਂ ਹੋ ਸਕਦੀ।ਇਸ ਲਈ ਕਿਸੇ ਨੂੰ ਪੈਗ਼ੰਬਰ ਮੰਨ ਲੈਣ ਪਿਛੋਂ ਇਹ ਗੱਲ ਆਪਣੇ ਆਪ ਜ਼ਰੂਰੀ ਹੋ ਜਾਂਦੀ ਹੈ ਕਿ ਉਸ ਦੀ ਗੱਲ ਨੂੰ ਬਿਨਾਂ ਕਿਸੇ ਕਿੰਤੂ ਪ੍ਰੰਤੂ ਦੇ ਮੰਨ ਲਿਆ ਜਾਵੇ ਅਤੇ ਉਸ ਦੇ ਹੁਕਮ ਅੱਗੇ ਸੀਸ ਝੁਕਾ ਦਿੱਤਾ ਜਾਵੇ।ਭਾਵੇਂ ਉਸ ਉਦੇਸ਼ ਤੇ ਲਾਭ ਤੁਹਾਡੀ ਸਮਝ ਵਿੱਚ ਆਵੇ ਜਾਂ ਨਾ ਆਵੇ।ਜਿਹੜੀ ਗੱਲ ਪੈਗ਼ੰਬਰ ਵੱਲੋਂ ਹੈ ਉਸਦਾ ਪੈਗ਼ੰਬਰ ਵੱਲੋ ਹੋਣਾ ਹੀ ਇਸ ਗੱਲ ਦਾ ਪ੍ਰਮਾਣ ਹੈ ਕਿ ਉਹ ਸੱਚੀ ਹੈ ਤੇ ਸਮੁੱਚੀਆਂ ਭਲਾਈਆਂ ਤੇ ਸਿਆਣਪਾਂ ਉਸ ਵਿੱਚ ਮੌਜੂਦ ਹਨ।ਜੇਕਰ ਕਿਸੇ ਗੱਲ ਵਿਚਲੀ ਭਲਾਈ ਤੁਹਾਡੀ ਸਮਝ ਵਿੱਚ ਨਹੀਂ ਆਉਂਦੀ ਤਾਂ ਇਸ ਦਾ ਅਰਥ ਇਹ ਨਹੀਂ ਹੈ ਕਿ ਇਸ ਵਿੱਚ ਕੋਈ ਖ਼ਰਾਬੀ ਹੈ ਸਗੋਂ ਇਸ ਦੇ ਅਰਥ ਇਹ ਹਨ ਕਿ ਖ਼ੁਦ ਤੁਹਾਡੀ ਸਮਝ ਵਿੱਚ ਕੋਈ ਖ਼ਰਾਬੀ ਹੈ।

Scanned with CamScanner

ਜਿਸ ਵਿਅਕਤੀ ਨੂੰ ਕਿਸੇ ਕਲਾ ਵਿੱਚ ਨਿਪੁੰਨਤਾ ਪ੍ਰਾਪਤ ਨਹੀਂ ਹੈ ਸਪਸ਼ਟ ਹੈ ਕਿ ਉਹ ਕਿਸੇ ਕਲਾ ਦੀਆਂ ਸੂਖਮਤਾਈਆਂ ਨੂੰ ਨਹੀਂ ਸਮਝ ਸਕਦਾ। ਪਰੰਤੂ ਉਹ ਕਿੰਨਾ ਮੂਰਖ ਹੋਵੇਗਾ ਜੇਕਰ ਉਹ ਕਲਾ ਵਿੱਚ ਮਹਾਰਤ ਰੱਖਣ ਵਾਲੇ ਦੀ ਗੱਲ ਨੂੰ ਕੇਵਲ ਇਸ ਲਈ ਨਾ ਮੰਨੇ ਕਿ ਉਸ ਦੀ ਸਮਝ ਵਿੱਚ ਉਹ ਗੱਲ ਨਹੀਂ ਆਉਂਦੀ। ਦੇਖੋ ਦੁਨੀਆਂ ਦੇ ਹਰ ਕੰਮ ਵਿੱਚ ਉਸਦੇ ਮਾਹਰ ਦੀ ਜ਼ਰੂਰਤ ਹੁੰਦੀ ਹੈ ਅਤੇ ਮਾਹਰ ਵੱਲ ਰੁਚਿਤ ਹੋਣ ਪਿੱਛੋਂ ਉਸ ਉੱਤੇ ਪੂਰਨ ਵਿਸ਼ਵਾਸ ਕੀਤਾ ਜਾਂਦਾ ਹੈ ਤੇ ਉਸ ਦੇ ਕੰਮ ਵਿੱਚ ਅੜਿਕਾ ਨਹੀਂ ਡਾਹਿਆ ਜਾਂਦਾ। ਕਿਉਂਕਿ ਸਭ ਲੋਕ ਸਾਰੇ ਕੰਮਾਂ ਵਿੱਚ ਨਿਪੁੰਨ ਨਹੀਂ ਹੋ ਸਕਦੇ ਅਤੇ ਨਾ ਹੀ ਦੁਨੀਆਂ ਭਰ ਦੀਆਂ ਸਾਰੀਆਂ ਚੀਜ਼ਾਂ ਨੂੰ ਸਮਝ ਸਕਦੇ ਹਨ। ਤੁਹਾਨੂੰ ਆਪਣੀ ਸਮੁੱਚੀ ਅਕਲ ਤੇ ਸਿਆਣਪ ਦਾ ਪ੍ਰਯੋਗ ਸਿਰਫ ਇਸ ਗੱਲ ਲਈ ਕਰਨਾ ਚਾਹੀਦਾ ਹੈ ਕਿ ਇੱਕ ਚੰਗੇਰੇ ਕਲਾ-ਨਿਪੁੰਨ ਦੀ ਭਾਲ ਕਰੋ। ਜਦੋਂ ਕਿਸੇ ਬਾਰੇ ਤੁਹਾਨੂੰ ਵਿਸ਼ਵਾਸ ਹੋ ਜਾਵੇ ਕਿ ਉਹ ਸਭ ਤੋਂ ਨਿਪੁੰਨ ਕਲਾਕਾਰ ਹੈ ਤਾਂ ਉਸ ਉੱਤੇ ਤੁਹਾਨੂੰ ਪੂਰਨ ਭਰੋਸਾ ਕਰਨਾ ਚਾਹੀਦਾ ਹੈ। ਫੇਰ ਉਸ ਦੇ ਕੰਮਾਂ ਵਿੱਚ ਬੋਲਣਾ ਤੇ ਇੱਕ-ਇੱਕ ਗੱਲ ਬਾਰੇ ਇਹ ਕਹਿਣਾ ਕਿ ਪਹਿਲਾਂ ਸਾਨੂੰ ਸਮਝਾ ਦਿਓ ਨਹੀਂ ਤਾਂ ਅਸੀਂ ਨਹੀਂ ਮੰਨਾਗੇ, ਕੋਈ ਸਮਝਦਾਰੀ ਨਹੀਂ, ਸਗੋਂ ਨਿਰੀ ਮੂਰਖਤਾ ਹੈ। ਕਿਸੇ ਵਕੀਲ ਨੂੰ ਮੁਕੱਦਮਾ ਸੌਂਪਣ ਪਿਛੋਂ ਜੇ ਤੁਸੀਂ ਅਜਿਹਾ ਵਾਦ-ਵਿਵਾਦ ਕਰੋਗੇ ਤਾਂ ਉਹ ਤੁਹਾਨੂੰ ਆਪਣੇ ਦਫ਼ਤਰ ਵਿੱਚੋਂ ਕੱਢ ਦੇਵੇਗਾ। ਕਿਸੇ ਡਾਕਟਰ ਤੋਂ ਤੁਸੀਂ ਉਸ ਦੀ ਇੱਕ-ਇੱਕ ਨਸੀਹਤ ਬਾਰੇ ਕਾਰਨ ਜਾਣਨਾ ਚਾਹੋਗੇ ਤਾਂ ਉਹ ਤੁਹਾਡਾ ਇਲਾਜ ਕਰਨਾ ਛੱਡ ਦੇਵੇਗਾ। ਅਜਿਹਾ ਹੀ ਮਾਮਲਾ ਧਰਮ ਦਾ ਵੀ ਹੈ। ਤੁਹਾਨੂੰ ਅਲੱਾਹ ਦਾ ਗਿਆਨ ਪ੍ਰਾਪਤ ਕਰਨ ਦੀ ਜ਼ਰੂਰਤ ਹੈ। ਤੁਸੀਂ ਜਾਣਨਾ ਚਾਹੁੰਦੇ ਹੋ ਕਿ ਅਲੱਾਹ ਦੀ ਮਰਜ਼ੀ ਅਨੁਸਾਰ ਜੀਵਨ ਬਤੀਤ ਕਰਨ ਦਾ ਤਰੀਕਾ ਕੀ ਹੈ ? ਤੁਹਾਡੇ ਕੋਲ ਆਪ ਇਹਨਾਂ ਚੀਜ਼ਾਂ ਨੂੰ ਜਾਣਨ ਦਾ ਕੋਈ ਸਾਧਨ ਨਹੀਂ। ਹੁਣ ਤੁਹਾਡਾ ਕਰਤੱਵ ਹੈ ਕਿ ਸੱਚੇ ਪੈਗ਼ੰਬਰ ਦੀ ਖੋਜ ਕਰੋ। ਇਸ ਖੋਜ ਵਿੱਚ ਤੁਹਾਨੂੰ ਅਤਿਅੰਤ ਸਾਵਧਾਨੀ ਤੇ ਸੂਝ-ਬੂਝ ਤੋਂ ਕੰਮ ਲੈਣਾ ਚਾਹੀਦਾ ਹੈ, ਕਿਉਂਕਿ ਜੇਕਰ ਤੁਸੀਂ ਕਿਸੇ ਅਜਿਹੇ ਵਿਅਕਤੀ ਨੂੰ ਪੈਗ਼ੰਬਰ ਸਮਝ ਲਿਆ ਜਿਹੜਾ ਪੈਗ਼ੰਬਰ ਨਹੀਂ, ਉਹ ਤੁਹਾਨੂੰ ਗੁੰਮਰਾਹ ਕਰ ਦੇਵੇਗਾ, ਪਰੰਤੂ ਜਦੋਂ ਤੁਹਾਨੂੰ ਭਲੀ-ਭਾਂਤ ਜਾਂਚ ਪੜਤਾਲ

Scanned with CamScanner

ਕਰਨ ਪਿੱਛੋਂ ਇਹ ਵਿਸ਼ਵਾਸ ਹੋ ਜਾਵੇ ਕਿ ਅਮਕਾ ਵਿਅਕਤੀ ਅਲੱਾਹ ਦਾ ਸੱਚਾ ਪੈਗ਼ੰਬਰ ਹੈ ਤਾਂ ਉਸ ਉੱਪਰ ਤੁਹਾਨੂੰ ਪੂਰਨ ਰੂਪ 'ਚ ਵਿਸ਼ਵਾਸ ਕਰਨਾ ਚਾਹੀਦਾ ਹੈ ਉਸਦੇ ਹਰੇਕ ਆਦੇਸ਼ ਦੀ ਪਾਲਣਾ ਕਰਨੀ ਚਾਹੀਦੀ ਹੈ।

## ਪੈਗ਼ੰਬਰਾਂ ਉੱਤੇ ਈਮਾਨ ਲਿਆਉਣ ਦੀ ਜ਼ਰੂਰਤ

ਜਦੋਂ ਤੁਹਾਨੂੰ ਇਹ ਗਿਆਨ ਹੋ ਗਿਆ ਕਿ ਇਸਲਾਮ ਦਾ ਸੱਚਾ ਤੇ ਸਿੱਧਾ ਮਾਰਗ ਉਹੀ ਹੈ ਜਿਹੜਾ ਅਲੱਾਹ ਵੱਲੋਂ ਉਸਦਾ ਪੈਗ਼ੰਬਰ ਦੱਸੇ। ਇਹ ਗੱਲ ਤੁਸੀਂ ਖ਼ੁਦ ਸਮਝ ਸਕਦੇ ਹੋ ਕਿ ਪੈਗ਼ੰਬਰ ਉੱਤੇ ਈਮਾਨ ਲਿਆਉਣਾ ਤੇ ਉਸਦੀ ਆਗਿਆ ਦਾ ਪਾਲਣ ਕਰਨਾ ਅਤੇ ਉਸ ਦੀ ਪੈਰਵੀ ਕਰਨਾ ਸਾਰੇ ਮਨੁੱਖਾਂ ਲਈ ਜ਼ਰੂਰੀ ਹੈ। ਜਿਹੜਾ ਵਿਅਕਤੀ ਪੈਗ਼ੰਬਰ ਦੇ ਤਰੀਕੇ ਨੂੰ ਛੱਡ ਕੇ ਖ਼ੁਦ ਆਪਣੀ ਅਕਲ ਨਾਲ ਕੋਈ ਤਰੀਕਾ ਕੱਢਦਾ ਹੈ ਉਹ ਨਿਰਸੰਦੇਹ ਗੁੰਮਰਾਹ ਹੈ।

ਇਸ ਮਾਮਲੇ ਵਿੱਚ ਲੋਕ ਅਨੋਖੀਆਂ ਗ਼ਲਤੀਆਂ ਕਰਦੇ ਹਨ। ਕੁਝ ਲੋਕ ਅਜਿਹੇ ਹਨ ਜਿਹੜੇ ਪੈਗ਼ੰਬਰ ਦੀ ਸਚਾਈ ਨੂੰ ਮੰਨਦੇ ਹਨ ਪਰੰਤੂ ਨਾ ਉਸ ਉੱਤੇ ਈਮਾਨ ਲਿਆਉਂਦੇ ਹਨ ਨਾ ਉਸ ਦੀ ਪੈਰਵੀ ਕਰਦੇ ਹਨ। ਇਹ ਕੇਵਲ ਕਾਫ਼ਰ ਹੀ ਨਹੀਂ ਮੂਰਖ ਵੀ ਹਨ, ਕਿਉਂਕਿ ਪੈਗ਼ੰਬਰ ਨੂੰ ਸੱਚਾ ਪੈਗ਼ੰਬਰ ਮੰਨ ਲੈਣ ਪਿੱਛੋਂ ਉਸ ਦੀ ਪੈਰਵੀ ਨਾ ਕਰਨ ਦਾ ਅਰਥ ਇਹ ਹੈ ਕਿ ਮਨੁੱਖ ਜਾਣ-ਬੁੱਝ ਕੇ ਅਸਤਿ ਦੀ ਪੈਰਵੀ ਕਰੇ। ਸਪਸ਼ਟ ਹੈ ਇਸ ਤੋਂ ਵਧਕੇ ਕੋਈ ਮੂਰਖਤਾ ਨਹੀਂ ਹੋ ਸਕਦੀ।

ਕੁਝ ਲੋਕ ਆਖਦੇ ਹਨ ਕਿ ਸਾਨੂੰ ਪੈਗ਼ੰਬਰ ਦੀ ਪੈਰਵੀ ਕਰਨ ਦੀ ਜ਼ਰੂਰਤ ਹੀ ਨਹੀਂ। ਅਸੀਂ ਖ਼ੁਦ ਆਪਣੀ ਅਕਲ ਨਾਲ ਸਤਿ-ਮਾਰਗ ਗਿਆਤ ਕਰ ਲਵਾਂਗੇ। ਇਹ ਵੀ ਭਾਰੀ ਗ਼ਲਤੀ ਹੈ। ਤੁਸੀਂ ਰੇਖਾ-ਗਣਿਤ ਦੀ ਸਿੱਖਿਆ ਪ੍ਰਾਪਤ ਕੀਤੀ ਹੈ। ਤੁਸੀਂ ਜਾਣਦੇ ਹੋ ਕਿ ਇੱਕ ਬਿੰਦੂ ਤੋਂ ਦੂਸਰੇ ਬਿੰਦੂ ਤੱਕ ਸਿੱਧੀ ਰੇਖਾ ਸਿਰਫ਼ ਇੱਕੋ ਹੋ ਸਕਦੀ ਹੈ। ਇਸ ਤੋਂ ਬਿਨਾਂ ਜਿੰਨੀਆਂ ਵੀ ਰੇਖਾਵਾਂ ਖਿੱਚੀਆਂ ਜਾਣਗੀਆਂ ਉਹ ਸਾਰੀਆਂ ਜਾਂ ਤਾਂ ਟੇਢੀਆਂ ਹੋਣਗੀਆਂ ਜਾਂ ਉਸ ਦੂਜੇ ਬਿੰਦੂ ਤੱਕ ਨਹੀਂ ਪਹੁੰਚਣਗੀਆਂ। ਅਜਿਹੀ ਹਾਲਤ ਸਤਿ-ਮਾਰਗ ਦੀ ਵੀ ਹੈ ਜਿਸ ਨੂੰ ਇਸਲਾਮ ਦੀ ਭਾਸ਼ਾ ਵਿੱਚ 'ਸਿਰਾਤੇ ਮੁਸਤਕੀਮ' (ਸਿੱਧਾ ਮਾਰਗ) ਕਿਹਾ ਜਾਂਦਾ ਹੈ। ਇਹ ਮਾਰਗ ਮਨੁੱਖ ਤੋਂ ਸ਼ੁਰੂ ਹੋ ਕੇ ਅੱਲਾਹ ਤੱਕ ਜਾਂਦਾ ਹੈ। ਰੇਖਾ ਗਣਿਤ ਦੇ ਇਸੇ ਨਿਯਮ ਅਨੁਸਾਰ ਇਹ ਵੀ ਇੱਕੋ ਮਾਰਗ ਹੋ ਸਕਦਾ ਹੈ। ਇਸ ਤੋਂ ਬਿਨਾਂ ਜਿੰਨੇ ਮਾਰਗ ਵੀ

Scanned with CamScanner

ਹੋਣਗੇ ਜਾਂ ਤਾਂ ਸਾਰੇ ਟੇਢੇ ਹੋਣਗੇ ਜਾਂ ਅਲੱਾਹ ਤੱਕ ਨਹੀਂ ਪਹੁੰਚਣਗੇ।ਹੁਣ ਵਿਚਾਰ ਕਰੋ ਕਿ ਜਿਹੜਾ ਸਿੱਧਾ ਮਾਰਗ ਹੈ ਉਹ ਤਾਂ ਪੈਗ਼ੰਬਰ ਨੇ ਦੱਸ ਦਿੱਤਾ।ਉਸ ਤੋਂ ਬਿਨਾਂ ਕੋਈ ਦੂਜਾ ਮਾਰਗ 'ਸਿਰਾਤੇ ਮੁਸਤਕੀਮ' (ਸਿੱਧਾ ਮਾਰਗ) ਹੈ ਹੀ ਨਹੀਂ। ਇਸ ਮਾਰਗ ਨੂੰ ਛੱਡ ਕੇ ਜਿਹੜਾ ਵਿਅਕਤੀ ਖ਼ੁਦ ਕੋਈ ਮਾਰਗ ਤਲਾਸ਼ ਕਰੇਗਾ, ਉਸ ਨੂੰ ਦੋ ਹਾਲਤਾਂ ਵਿੱਚੋਂ ਕਿਸੇ ਇੱਕ ਦਾ ਜ਼ਰੂਰ ਸਾਹਮਣਾ ਕਰਨਾ ਪਵੇਗਾ ਜਾਂ ਤਾਂ ਉਸਨੂੰ ਅਲੱਾਹ ਤੱਕ ਪਹੁੰਚਣ ਦਾ ਕੋਈ ਰਾਹ ਮਿਲੇਗਾ ਹੀ ਨਹੀਂ ਜੇਕਰ ਮਿਲ ਵੀ ਗਿਆ ਤਾਂ ਬਹੁਤ ਫੇਰ ਵਾਲਾ ਰਸਤਾ ਹੋਵੇਗਾ।ਸਿੱਧੀ ਰੇਖਾ ਨਹੀਂ ਹੋਵੇਗੀ ਸਗੋਂ ਟੇਢੀ-ਟੇਢੀ ਰੇਖਾ ਹੋਵੇਗੀ। ਪਹਿਲੀ ਹਾਲਤ ਵਿੱਚ ਤਾਂ ਉਸ ਦੀ ਬਰਬਾਦੀ ਸਪਸ਼ਟ ਹੈ ਰਹੀ ਦੂਸਰੀ ਹਾਲਤ ਤਾਂ ਉਸ ਦੇ ਵੀ ਮੂਰਖਤਾ ਪੂਰਨ ਹੋਣ 'ਚ ਸੰਦੇਹ ਨਹੀਂ ਕੀਤਾ ਜਾ ਸਕਦਾ।ਇੱਕ ਬੁੱਧੀਹੀਣ ਪਸ਼ੂ ਵੀ ਇੱਕ ਥਾਂ ਤੋਂ ਦੂਜੀ ਥਾਂ ਜਾਣ ਲਈ ਟੇਢੀ-ਮੇਢੀ ਰੇਥਾ ਨੂੰ ਛੱਡ ਕੇ ਸਿੱਧੀ ਰੇਖਾ ਨੂੰ ਹੀ ਅਪਣਾਉਂਦਾ ਹੈ।ਫੇਰ ਉਸ ਵਿਅਕਤੀ ਨੂੰ ਤੁਸੀਂ ਕੀ ਆਖੋਗੇ ਜਿਸਨੂੰ ਅੱਲਾਹ ਦਾ ਇੱਕ ਨੇਕ ਬੰਦਾ ਸਿੱਧਾ ਰਾਹ ਦੱਸੇ ਪਰ ਉਹ ਕਹੇ ਕਿ ਨਹੀਂ ਮੈਂ ਤੇਰੇ ਦੱਸੇ ਰਾਹ 'ਤੇ ਨਹੀਂ ਚੱਲਾਂਗਾ ਸਗੋਂ ਵਿੰਗੇ-ਟੇਢੇ ਰਾਹ ਵਿੱਚ ਭਟਕ ਭਟਕ ਕੇ ਇੱਛਤ ਟਿਕਾਣਾ ਖੋਜ ਲਵਾਂਗਾ।

ਇਹ ਤਾਂ ਉਹ ਗੱਲ ਹੈ ਜਿਹੜੀ ਥੋੜ੍ਹੀ ਜਿਹੀ ਸੋਚ ਵਿਚਾਰ ਨਾਲ ਹਰ ਵਿਅਕਤੀ ਸਮਝ ਸਕਦਾ ਹੈ।ਪਰੰਤੂ ਜੇਕਰ ਤੁਸੀਂ ਵਧੇਰੇ ਸੋਚ ਵਿਚਾਰ ਕਰਕੇ ਵੇਖੋਗੇ ਤਾਂ ਤੁਹਨੂੰ ਪਤਾ ਲੱਗੇਗਾ ਕਿ ਜਿਹੜਾ ਵਿਅਕਤੀ ਪੈਗ਼ੰਬਰ ਉੱਤੇ ਈਮਾਨ ਲਿਆਉਣ ਤੋਂ ਇਨਕਾਰ ਕਰਦਾ ਹੈ, ਉਸਨੂੰ ਅੱਲਾਹ ਤੱਕ ਪੁੱਜਣ ਦਾ ਕੋਈ ਮਾਰਗ ਨਹੀਂ ਮਿਲ ਸਕਦਾ! ਨਾ ਟੇਢਾ ਨਾ ਸਿੱਧਾ, ਇਸਦਾ ਕਾਰਨ ਇਹ ਹੈ ਕਿ ਜਿਹੜਾ ਵਿਅਕਤੀ ਸੱਚੇ ਆਦਮੀ ਦੀ ਗੱਲ ਮੰਨਣ ਤੋਂ ਇਨਕਾਰ ਕਰਦਾ ਹੈ, ਉਸ ਦੇ ਦਿਮਾਗ਼ ਵਿੱਚ ਜ਼ਰੂਰ ਕੋਈ ਅਜਿਹੀ ਖ਼ਰਾਬੀ ਹੋਵੇਗੀ ਜਿਸ ਕਾਰਨ ਉਹ ਸਚਾਈ ਤੋਂ ਮੂੰਹ ਮੋੜਦਾ ਹੈ।ਜਾਂ ਤਾਂ ਉਸ ਦੀ ਸੂਝ-ਬੂਝ ਵਿੱਚ ਦੋਸ਼ ਹੋਵੇਗਾ ਜਾਂ ਉਸ ਦੇ ਮਨ ਵਿੱਚ ਘੁਮੰਡ ਹੋਵੇਗਾ ਜਾਂ ਉਸ ਦੇ ਸੁਭਾ ਵਿੱਚ ਅਜਿਹਾ ਦੋਸ਼ ਹੋਵੇਗਾ ਕਿ ਉਹ ਸਚਾਈ ਤੇ ਭਲਾਈ ਦੀਆਂ ਗੱਲਾਂ ਮੰਨਣ ਲਈ ਤਿਆਰ ਹੀ ਨਹੀਂ ਹੋਵੇਗਾ।ਜਾਂ ਉਹ ਆਪਣੇ ਬਾਪ-ਦਾਦੇ ਦੇ ਅੰਨ੍ਹੇ ਅਨੁਸਰਨ ਵਿੱਚ ਫਸਿਆ ਹੋਵੇਗਾ, ਜਿਹੜੀਆਂ ਗ਼ਲਤ ਗੱਲਾਂ ਰੀਤੀ-ਰਿਵਾਜ ਦੇ ਰੂਪ ਵਿੱਚ ਪਹਿਲਾਂ ਤੋਂ ਚੱਲੀਆਂ ਆਉਂਦੀਆਂ ਹਨ ਉਹਨਾਂ

Scanned with CamScanner

ਵਿਰੁੱਧ ਕੋਈ ਗੱਲ ਮੰਨਣ ਲਈ ਤਿਆਰ ਨਹੀਂ ਹੋਵੇਗਾ। ਜਾਂ ਉਹ ਆਪਣੀਆਂ ਇੱਛਾਵਾਂ ਦਾ ਦਾਸ ਹੋਵੇਗਾ ਅਤੇ ਪੈਗ਼ੰਬਰ ਦੀ ਸਿਖਿਆ ਨੂੰ ਮੰਨਣ ਤੋਂ ਇਸ ਲਈ ਇਨਕਾਰ ਕਰੇਗਾ ਕਿ ਉਸ ਨੂੰ ਮੰਨ ਲੈਣ ਪਿੱਛੋਂ ਪਾਪਾਂ ਤੇ ਅਯੋਗ ਗੱਲਾਂ ਦੀ ਸੁਤੰਤਰਤਾ ਬਾਕੀ ਨਹੀਂ ਰਹਿੰਦੀ। ਇਹ ਸਾਰੇ ਕਾਰਨ ਅਜਿਹੇ ਹਨ ਕਿ ਜੇਕਰ ਇਨ੍ਹਾਂ ਵਿਚੋਂ ਕੋਈ ਇੱਕ ਕਾਰਨ ਵੀ ਕਿਸੇ ਵਿਅਕਤੀ ਵਿੱਚ ਪਾਇਆ ਜਾਂਦਾ ਹੈ ਤਾਂ ਉਸ ਨੂੰ ਅੱਲਾਹ ਦਾ ਰਾਹ ਮਿਲਣਾ ਅਸੰਭਵ ਹੈ। ਜੇਕਰ ਕੋਈ ਕਾਰਨ ਵੀ ਮੌਜੂਦ ਨਾ ਹੋਵੇ ਤਾਂ ਇਹ ਅਸੰਭਵ ਹੈ ਕਿ ਇੱਕ ਸੱਚਾ, ਨਿਰਪੱਖ ਤੇ ਭਲਾ ਮਨੁੱਖ ਇੱਕ ਸੱਚੇ ਪੈਗ਼ੰਬਰ ਦੀ ਸਿੱਖਿਆ ਪ੍ਰਵਾਨ ਕਰਨ ਤੋਂ ਇਨਕਾਰ ਕਰ ਦੇਵੇ।

ਸਭ ਤੋਂ ਬੜੀ ਗੱਲ ਇਹ ਹੈ ਕਿ ਪੈਗ਼ੰਬਰ ਅੱਲਾਹ ਵੱਲੋਂ ਭੇਜਿਆ ਹੋਇਆ ਹੁੰਦਾ ਹੈ। ਅੱਲਾਹ ਦਾ ਹੀ ਇਹ ਹੁਕਮ ਹੈ ਕਿ ਉਸ ਉੱਤੇ 'ਈਮਾਨ' ਲਿਆਓ ਤੇ ਉਸ ਦੀ ਆਗਿਆ ਦਾ ਪਾਲਣ ਕਰੋ। ਹੁਣ ਜੇਕਰ ਕੋਈ ਪੈਗ਼ੰਬਰ ਉੱਤੇ ਈਮਾਨ ਨਹੀਂ ਲਿਆਉਂਦਾ ਉਹ ਅਲੱਾਹ ਦੇ ਵਿਰੁੱਧ ਬਗ਼ਾਵਤ ਕਰਦਾ ਹੈ। ਧਿਆਨ ਦਿਓ, ਤੁਸੀਂ ਜਿਸ ਰਾਜ ਦੀ ਪਰਜਾ ਹੋ ਉਸ ਵੱਲੋਂ ਜਿਹੜਾ ਅਧਿਕਾਰੀ ਵੀ ਨਿਯੁਕਤ ਹੋਵੇਗਾ ਤੁਹਾਨੂੰ ਉਸਦੇ ਆਦੇਸ਼ਾਂ ਦਾ ਪਾਲਣ ਕਰਨਾ ਪਵੇਗਾ। ਜੇਕਰ ਤੁਸੀਂ ਉਸ ਨੂੰ ਅਧਿਕਾਰੀ ਮੰਨਣ ਤੋਂ ਇਨਕਾਰ ਕਰੋਗੇ ਤਾਂ ਇਸ ਦਾ ਅਰਥ ਇਹ ਹੋਵੇਗਾ ਕਿ ਤੁਸਾਂ ਖ਼ੁਦ ਰਾਜ ਦੇ ਵਿਰੁੱਧ ਬਗ਼ਾਵਤ ਕੀਤੀ ਹੈ। ਰਾਜ ਨੂੰ ਮੰਨਣਾ ਤੇ ਉਸ ਦੁਆਰਾ ਨਿਯੁੱਕਤ ਅਧਿਕਾਰੀ ਨੂੰ ਨਾ ਮੰਨਣਾ ਦੋਵੇਂ ਬਿਲਕੁਲ ਪਰਸਪਰ ਵਿਰੋਧੀ ਗੱਲਾਂ ਹਨ। ਅਜਿਹੀ ਹੀ ਮਿਸਾਲ ਅੱਲਾਹ ਤੇ ਉਹਦੇ ਭੇਜੇ ਹੋਏ ਪੈਗ਼ੰਬਰ ਦੀ ਹੈ। ਅੱਲਾਹ ਸਾਰੇ ਮਨੁੱਖਾਂ ਦਾ ਅਸਲ ਬਾਦਸ਼ਾਹ ਹੈ। ਜਿਸ ਵਿਅਕਤੀ ਨੂੰ ਉਸਨੇ ਮਨੁੱਖ ਦੇ ਮਾਰਗ ਦਰਸ਼ਨ ਲਈ ਭੇਜਿਆ ਹੋਵੇ, ਜਿਸ ਦੇ ਆਗਿਆ ਪਾਲਣ ਦਾ ਹੁਕਮ ਦਿੱਤਾ ਹੋਵੇ, ਹਰ ਵਿਅਕਤੀ ਦਾ ਕਰਤੱਵ ਹੈ ਕਿ ਉਹ ਉਸ ਨੂੰ ਪੈਗ਼ੰਬਰ ਮੰਨੇ ਅਤੇ ਦੂਜੀਆਂ ਚੀਜ਼ਾਂ ਦਾ ਅਨੁਸਰਨ ਛੱਡਕੇ ਕੇਵਲ ਉਸਦੀ ਪੈਰਵੀ ਕਰੇ। ਉਸ ਤੋਂ ਮੂੰਹ ਮੋੜਨ ਵਾਲਾ ਹਰ ਅਵਸਥਾ ਵਿੱਚ 'ਕਾਫ਼ਰ' ਹੈ ਭਾਵੇਂ ਉਹ ਅੱਲਾਹ ਨੂੰ ਮੰਨਦਾ ਹੋਵੇ ਜਾਂ ਨਾ ਮੰਨਦਾ ਹੋਵੇ।

## ਪੈਗ਼ੰਬਰੀ ਦਾ ਸੰਖੇਪ ਇਤਿਹਾਸ

ਹੁਣ ਅਸੀਂ ਤੁਹਾਨੂੰ ਦੱਸਦੇ ਹਾਂ ਮਨੁੱਖ-ਜਾਤੀ ਵਿੱਚ ਪੈਗ਼ੰਬਰੀ ਦੀ ਲੜੀ ਕਿਵੇਂ ਆਰੰਭ ਹੋਈ ਅਤੇ ਕਿਵੇਂ ਵਿਕਾਸ ਕਰਦੇ-ਕਰਦੇ ਇੱਕ ਅੰਤਮ ਤੇ ਸਭ ਤੋਂ ਵੱਡੇ ਪੈਗ਼ੰਬਰ ਉੱਤੇ ਸਮਾਪਤ ਹੋਈ।

Scanned with CamScanner

ਤੁਸੀਂ ਸੁਣਿਆ ਹੋਵੇਗਾ ਕਿ ਅੱਲਾਹ ਨੇ ਸਭ ਤੋਂ ਪਹਿਲਾਂ ਇੱਕ ਮਨੁੱਖ ਨੂੰ ਪੈਦਾ ਕੀਤਾ ਸੀ।[1] ਫੇਰ ਉਸੇ ਮਨੁੱਖ ਤੋਂ ਉਸ ਦਾ ਜੋੜਾ ਪੈਦਾ ਕੀਤਾ ਤੇ ਉਸ ਜੋੜੇ ਦੀ ਨਸਲ ਚਲਾਈ ਜਿਹੜੀ ਅਣਗਿਣਤ ਸਦੀਆਂ ਵਿੱਚ ਫ਼ੈਲਦੇ-ਫ਼ੈਲਦੇ ਸਾਰੀ ਧਰਤੀ 'ਤੇ ਛਾ ਗਈ। ਸੰਸਾਰ ਵਿੱਚ ਜਿੰਨੇ ਮਨੁੱਖ ਵੀ ਪੈਦਾ ਹੋਏ ਹਨ ਉਹ ਸਾਰੇ ਉਸੇ ਇੱਕ ਜੋੜੇ ਦੀ ਸੰਤਾਨ ਹਨ। ਸਾਰੀਆਂ ਜਾਤੀਆਂ ਦੇ ਧਾਰਮਿਕ ਤੇ ਇਤਿਹਾਸਕ ਉਲੇਖ ਇਸ ਨਾਲ ਸਹਿਮਤ ਹਨ ਕਿ ਮਨੁੱਖ ਜਾਤੀ ਦਾ ਅਰੰਭ ਇੱਕੋ ਮਨੁੱਖ ਤੋਂ ਹੋਇਆ ਹੈ। ਵਿਗਿਆਨ ਦੀਆਂ ਖੋਜਾਂ ਤੋਂ ਵੀ ਇਹ ਸਿੱਧ ਨਹੀਂ ਹੋਇਆ ਕਿ ਧਰਤੀ ਦੇ ਵਿਭਿੰਨ ਖੰਡਾਂ ਵਿੱਚ ਅਲੱਗ-ਅਲੱਗ ਮਨੁੱਖ ਬਣਾਏ ਗਏ ਸਨ। ਸਗੋਂ ਵਿਗਿਆਨ ਦੇ ਅਧਿਕਤਰ ਵਿਦਵਾਨਾਂ ਦਾ ਵੀ ਇਹੋ ਅਨੁਮਾਨ ਹੈ ਕਿ ਪਹਿਲਾਂ ਇੱਕੋ ਮਨੁੱਖ ਪੈਦਾ ਹੋਇਆ ਹੋਵੇਗਾ। ਮਨੁੱਖ ਦੀ ਵਰਤਮਾਨ ਨਸਲ ਜਿੱਥੇ ਕਿਤੇ ਵੀ ਹੈ ਉਸੇ ਇੱਕ ਵਿਅਕਤੀ ਦੀ ਸੰਤਾਨ ਹੈ।[1]

ਸਾਡੀ ਜ਼ਬਾਨ ਵਿੱਚ ਇਸ ਪਹਿਲੇ ਮਨੁੱਖ ਨੂੰ ਆਦਮ (ਅ) ਕਹਿੰਦੇ ਹਨ। ਇਸੇ ਤੋਂ 'ਆਦਮੀ' ਸ਼ਬਦ ਦੀ ਉਤਪਤੀ ਹੋਈ ਹੈ। ਜਿਹੜਾ ਮਾਨਵ ਸ਼ਬਦ ਦਾ ਸਮਾਨਾਰਥਕ ਹੈ। ਅੱਲਾਹ ਤਆਲਾ ਨੇ ਸਭ ਤੋਂ ਪਹਿਲਾ ਪੈਗ਼ੰਬਰ ਹਜ਼ਰਤ ਆਦਮ (ਅ.) ਨੂੰ ਹੀ ਬਣਾਇਆ ਅਤੇ ਉਹਨਾਂ ਨੂੰ ਹੁਕਮ ਦਿੱਤਾ ਕਿ ਉਹ ਆਪਣੀ ਸੰਤਾਨ ਨੂੰ ਇਸਲਾਮ ਦੀ ਸਿੱਖਿਆ ਦੇਣ। ਅਰਥਾਤ ਉਹਨਾਂ ਨੂੰ ਇਹ ਦੱਸਣ ਕਿ ਤੁਹਾਡਾ ਤੇ ਸਾਰੇ ਸੰਸਾਰ ਦਾ ਰੱਬ ਇੱਕ ਹੈ। ਉਸੇ ਦੀ ਤੁਸੀਂ ਇਬਾਦਤ ਕਰੋ। ਉਸੇ ਅੱਗੇ ਸੀਸ ਝੁਕਾਓ। ਉਸੇ ਤੋਂ ਸਹਾਇਤਾ ਲਈ ਉਪਾਸਨਾ ਕਰੋ। ਉਸੇ ਦੀ ਇੱਛਾ ਅਨੁਸਾਰ ਸੰਸਾਰ ਵਿੱਚ ਭਲਾਈ ਤੇ ਨਿਆਂਪੂਰਵਕ ਜੀਵਨ ਬਤੀਤ ਕਰੋ। ਜੇਕਰ ਤੁਸੀਂ ਇਸ ਤਰ੍ਹਾਂ ਕਰੋਗੇ ਤਾਂ ਤੁਹਾਨੂੰ ਵਧੀਆ ਇਨਾਮ ਮਿਲੇਗਾ ਅਤੇ ਜੇਕਰ ਉਸਦੇ ਆਗਿਆਪਾਲਣ ਤੋਂ ਮੂੰਹ ਮੋੜੋਗੇ ਤਾਂ ਦੰਡ ਦੇ ਭਾਗੀ ਬਣੋਗੇ।

---

*1. ਇਹ ਗੱਲ ਕਿ ਸਾਰੇ ਮਨੁੱਖ ਇਕ ਹੀ ਮਾਂ-ਬਾਪ ਦੀ ਸੰਤਾਨ ਹਨ। ਜਾਤੀ ਸਬੰਧੀ ਭੇਦ-ਭਾਵ ਦੀ ਜੜ੍ਹ ਵੱਢ ਸੁੱਟਦੀ ਹੈ ਅਤੇ ਸਾਰੇ ਲੋਕ ਪਰਸਪਰ ਇੱਕ ਦੂਜੇ ਦੇ ਭਾਈ ਬਣ ਜਾਂਦੇ ਹਨ।* **Emery Revey** *ਆਪਣੀ ਪੁਸਤਕ* **The Anatomy of Peace** *ਵਿੱਚ ਲਿਖਦਾ ਹੈ ਕਿ ਜਾਤੀਵਾਦ ਦੀ ਵਿਚਾਰਧਾਰਾ ਨੇ ਮਨੁੱਖੀ ਸਮਾਜ ਵਿੱਚ ਇੱਕ ਵਿਗਾੜ ਪੈਦਾ ਕਰ ਦਿੱਤਾ ਹੈ। ਇਸ ਲਈ ਇਹ ਕਿਵੇਂ ਸੰਭਵ ਹੈ ਕਿ ਖ਼ੁਦ ਜਾਤੀਵਾਦ ਭਾਵੇਂ ਅੰਤਰ ਜਾਤੀਵਾਦ ਹੀ ਕਿਉਂ ਨਾ ਹੋ ਜਾਵੇ, ਇਸ ਦਾ ਹੱਲ ਲੱਭ ਸਕੇ। ਇਸ ਸਮੱਸਿਆ ਦਾ ਹੱਲ ਮਨੁੱਖੀ ਵਿਸ਼ਵ-ਵਿਆਪਕਤਾ ਵਿੱਚ ਹੈ।*

*—ਅਨੁਵਾਦਕ*

Scanned with CamScanner

ਹਜ਼ਰਤ ਆਦਮ (ਅ.) ਦੀ ਸੰਤਾਨ ਵਿੱਚ ਜਿਹੜੇ ਚੰਗੇ ਲੋਕ ਸਨ। ਉਹ ਆਪਣੇ ਬਾਪ ਦੇ ਦਰਸਾਏ ਹੋਏ ਸਿੱਧੇ ਮਾਰਗ 'ਤੇ ਚਲਦੇ ਰਹੇ ਪਰੰਤੂ ਜਿਹੜੇ ਭੈੜੇ ਲੋਕ ਸਨ, ਉਹਨਾਂ ਨੇ ਉਸ ਮਾਰਗ ਨੂੰ ਤਿਆਗ ਦਿੱਤਾ। ਹੌਲੀ-ਹੌਲੀ ਉਹਨਾਂ ਵਿੱਚ ਹਰ ਤਰ੍ਹਾਂ ਦੀਆਂ ਬੁਰਾਈਆਂ ਪੈਦਾ ਹੋ ਗਈਆਂ, ਕਿਸੇ ਨੇ ਚੰਦ ਤਾਰਿਆਂ ਨੂੰ ਪੂਜਣਾ ਸ਼ੁਰੂ ਕਰ ਦਿੱਤਾ। ਕਿਸੇ ਨੇ ਰੁੱਖਾਂ, ਪਸ਼ੂਆਂ ਤੇ ਨਦੀਆਂ ਦੀ ਪੂਜਾ ਸ਼ੁਰੂ ਕਰ ਦਿੱਤੀ। ਕਿਸੇ ਨੇ ਇਹ ਭਰਮ ਪਾਲ ਲਿਆ ਕਿ ਹਵਾ, ਪਾਣੀ, ਅੱਗ, ਰੋਗ ਤੇ ਤੰਦਰੁਸਤੀ ਅਤੇ ਕੁਦਰਤ ਦੀਆਂ ਦੂਜੀਆਂ ਨਿਆਮਤਾਂ ਤੇ ਸ਼ਕਤੀਆਂ ਦੇ ਖ਼ੁਦਾ ਅਲੱਗ-ਅਲੱਗ ਹਨ। ਹਰ ਇੱਕ ਦੀ ਉਪਾਸਨਾ ਕਰਨੀ ਚਾਹੀਦੀ ਹੈ ਤਾਂ ਕਿ ਸਾਰੇ ਸਾਥੋਂ ਖ਼ੁਸ਼ ਹੋ ਕੇ ਦਿਆਲੂ ਹੋ ਜਾਣ। ਇਸ ਪ੍ਰਕਾਰ ਅਗਿਆਨ ਕਾਰਨ "ਸ਼ਿਰਕ" (ਬਹੁਦੇਵਵਾਦ) ਅਤੇ ਮੂਰਤੀ ਪੂਜਾ ਦੇ ਹੋਰ ਬਹੁਤ ਸਾਰੇ ਰੂਪ ਨਿੱਕਲ ਆਏ। ਜਿਨ੍ਹਾਂ ਨਾਲ ਅਨੇਕ ਧਰਮ ਪੈਦਾ ਹੋ ਗਏ। ਇਹ ਉਹ ਸਮਾਂ ਸੀ ਜਦੋਂ ਹਜ਼ਰਤ ਆਦਮ (ਅ.) ਦੀ ਨਸਲ ਸੰਸਾਰ ਦੇ ਭਿੰਨ-ਭਿੰਨ ਭਾਗਾਂ ਵਿੱਚ ਫੈਲ ਚੁੱਕੀ ਸੀ। ਵੱਖ-ਵੱਖ ਜਾਤੀਆਂ ਬਣ ਗਈਆਂ ਸਨ। ਹਰੇਕ ਜਾਤੀ ਨੇ ਆਪਣਾ ਇੱਕ ਨਵਾਂ ਧਰਮ ਬਣਾ ਲਿਆ ਸੀ ਅਤੇ ਹਰੇਕ ਦੀਆਂ ਰਸਮਾਂ ਅਲੱਗ ਸਨ। ਰੱਬ ਨੂੰ ਭੁੱਲ ਜਾਣਦੇ ਨਾਲ ਨਾਲ ਲੋਕ ਉਸ ਕਾਨੂੰਨ ਨੂੰ ਵੀ ਭੁੱਲ ਗਏ ਸਨ ਜਿਹੜਾ ਹਜ਼ਰਤ ਆਦਮ (ਅ.) ਨੇ ਆਪਣੀ ਸੰਤਾਨ ਨੂੰ ਸਿਖਾਇਆ ਸੀ। ਲੋਕਾਂ ਨੇ ਆਪਣੀਆਂ ਤੁੱਛ ਇਛਾਵਾਂ ਦਾ ਪਾਲਣ ਕਰਨਾ ਸ਼ੁਰੂ ਕਰ ਦਿੱਤਾ ਸੀ। ਹਰ ਪ੍ਰਕਾਰ ਦੇ ਰੀਤੀ ਰਿਵਾਜਾਂ ਨੇ ਜਨਮ ਲਿਆ। ਹਰ ਤਰ੍ਹਾਂ ਦੇ ਆਗਿਆਨਪੂਰਨ ਵਿਚਾਰ ਫੈਲੇ। ਭਲੇ ਤੇ ਬੁਰੇ ਨੂੰ ਪਛਾਣਨ ਵਿੱਚ ਗ਼ਲਤੀਆਂ ਕੀਤੀਆਂ ਗਈਆਂ। ਬਹੁਤ ਸਾਰੀਆਂ ਭੈੜੀਆਂ ਚੀਜ਼ਾਂ ਨੂੰ ਚੰਗਾ ਸਮਝ ਲਿਆ ਗਿਆ ਅਤੇ ਬਹੁਤ ਸਾਰੀਆਂ ਚੰਗੀਆਂ ਚੀਜ਼ਾਂ ਨੂੰ ਬੁਰਾ ਬਣਾ ਦਿੱਤਾ ਗਿਆ।[1]

---

*1. ਇਸ ਤੋਂ ਪਤਾ ਲੱਗਦਾ ਹੈ ਕਿ ਇਹ ਵਿਚਾਰ ਸਹੀ ਨਹੀਂ ਹੈ ਕਿ ਮਨੁੱਖ ਪਹਿਲਾਂ ਪ੍ਰਕਿਰਤੀ ਦੀਆਂ ਵਿਭਿੰਨ ਚੀਜ਼ਾਂ ਦਾ ਉਪਾਸਕ ਸੀ ਅਤੇ ਬਹੁਦੇਵਵਾਦ ਤੋਂ ਉਨੱਤੀ ਕਰਕੇ ਉਹ ਇੱਕ ਅੱਲਾਹ ਤੱਕ ਪਹੁੰਚ ਸਕਿਆ ਹੈ ਬਲਿਕ ਅਰੰਭ ਵਿੱਚ ਮਨੁੱਖ 'ਤੌਹੀਦ' (ਇੱਕੋ ਇੱਕ ਰੱਬ) ਨੂੰ ਮੰਨਣ ਵਾਲਾ ਸੀ। ਸ਼ਿਰਕ ਤੇ ਅਨੇਕ ਈਸ਼ਵਰਵਾਦ ਤਾਂ ਮਨੁੱਖੀ ਸਮਾਜ ਵਿੱਚ ਉਸ ਸਮੇਂ ਸ਼ੁਰੂ ਹੋਇਆ ਹੈ ਜਦੋਂ ਲੋਕਾਂ ਵਿੱਚ ਵਿਗਾੜ ਪੈਦਾ ਹੋਇਆ ਅਤੇ ਉਹ ਆਪਣੇ ਅਸਲੀ ਧਰਮ ਤੋਂ ਦੂਰ ਹੋ ਗਏ। ਵਰਤਮਾਨ ਵਿਗਿਆਨਕ ਖੋਜਾਂ ਤੋਂ ਵੀ ਇਸ ਗੱਲ ਦੀ ਪੁਸ਼ਟੀ ਹੁੰਦੀ ਹੈ ਕਿ ਇੱਕ ਰੱਬ ਦੀ ਉਪਾਸਨਾ ਹੀ ਉਪਾਸਨਾ ਦਾ ਅਰੰਭਕ ਰੂਪ ਹੈ। ਉਪਾਸਨਾਂ ਦੇ ਦੂਸਰੇ ਰੂਪ ਤਾਂ ਵਾਸਤਵਿਕ ਧਰਮ ਦੇ ਵਿਗੜੇ ਹੋਏ ਰੂਪ ਹਨ। ਦੇਖੋ ਪ੍ਰੋ: **W. Schmidt** ਦਾ ਲੇਖ **The origin and growth of Religions"***

ਹੁਣ ਅੱਲਾਹ ਨੇ ਹਰ ਜਾਤੀ ਵਿੱਚ ਪੈਗ਼ੰਬਰ ਭੇਜਣੇ ਸ਼ੁਰੂ ਕੀਤੇ ਜਿਹੜੇ ਲੋਕਾਂ ਨੂੰ ਉਸੇ ਇਸਲਾਮ ਦੀ ਸਿੱਖਿਆ ਦੇਣ ਲੱਗੇ ਜਿਸਦੀ ਸਿੱਖਿਆ ਸਭ ਤੋਂ ਪਹਿਲਾਂ ਹਜ਼ਰਤ ਆਦਮ (ਅ.) ਨੇ ਮਨੁੱਖਾਂ ਨੂੰ ਦਿੱਤੀ ਸੀ। ਇਹਨਾਂ ਪੈਗ਼ੰਬਰਾਂ ਨੇ ਆਪਣੀਆਂ-ਆਪਣੀਆਂ ਜਾਤੀਆਂ ਨੂੰ ਭੁੱਲਿਆ ਹੋਇਆ ਪਾਠ ਚੇਤੇ ਕਰਵਾਇਆ। ਉਹਨਾਂ ਨੂੰ ਇੱਕ ਰੱਬ ਦੀ ਉਪਾਸਨਾ ਦੀ ਸਿੱਖਿਆ ਦਿੱਤੀ। ਸ਼ਿਰਕ (ਬਹੁਦੇਵਵਾਦ) ਅਤੇ ਮੂਰਤੀ ਪੂਜਾ ਤੋਂ ਰੋਕਿਆ। ਅਗਿਆਨ ਪੂਰਨ ਰਸਮਾਂ ਦਾ ਅੰਤ ਕੀਤਾ। ਰੱਬ ਦੀ ਮਰਜ਼ੀ ਅਨੁਸਾਰ ਜੀਵਨ ਬਤੀਤ ਕਰਨ ਦਾ ਢੰਗ ਦੱਸਿਆ ਅਤੇ ਸਹੀ ਕਾਨੂੰਨ ਤੇ ਨਿਯਮ ਦੱਸ ਕੇ ਉਹਨਾਂ ਦੀ ਪਾਲਣਾ ਕਰਨ ਦਾ ਆਦੇਸ਼ ਦਿੱਤਾ। ਭਾਰਤ, ਚੀਨ, ਇਰਾਨ, ਇਰਾਕ, ਮਿਸਰ, ਅਫ਼ਰੀਕਾ, ਯੂਰਪ ਭਾਵ ਸੰਸਾਰ ਦਾ ਕੋਈ ਦੇਸ ਅਜਿਹਾ ਨਹੀਂ ਜਿੱਥੇ ਰੱਬ ਵੱਲੋਂ ਉਸ ਦੇ ਸੱਚੇ ਪੈਗ਼ੰਬਰ ਨਾ ਆਏ ਹੋਣ। ਇਹਨਾਂ ਸਭਨਾਂ ਦਾ ਧਰਮ ਇੱਕੋ ਸੀ। ਜਿਸ ਨੂੰ ਅਸੀਂ ਆਪਣੀ ਜ਼ਬਾਨ ਵਿੱਚ ਇਸਲਾਮ ਕਹਿੰਦੇ ਹਾਂ।[1]

ਇੰਨਾ ਜ਼ਰੂਰ ਹੈ ਕਿ ਸਿੱਖਿਆ ਦੇ ਤਰੀਕੇ, ਜੀਵਨ ਦੇ ਨਿਯਮ ਰਤਾ ਭਿੰਨ ਸਨ ਹਰ ਜਾਤੀ ਵਿੱਚ ਜਿਸ ਤਰ੍ਹਾਂ ਦਾ ਅਗਿਆਨ ਫੈਲਿਆ ਹੋਇਆ ਸੀ ਉਸੇ ਨੂੰ ਦੂਰ ਕਰਨ ਤੇ ਵਧੇਰੇ ਜ਼ੋਰ ਦਿੱਤਾ ਗਿਆ। ਜਿਸ ਤਰ੍ਹਾਂ ਦੇ ਗ਼ਲਤ ਵਿਚਾਰ ਪ੍ਰਚੱਲਤ ਸਨ ਉਹਨਾਂ ਦੇ ਹੀ ਸੁਧਾਰ ਵੱਲ ਅਧਿਕ ਧਿਆਨ ਦਿੱਤਾ ਗਿਆ। ਸੱਭਿਅਤਾ, ਸੰਸਕ੍ਰਿਤੀ ਅਤੇ ਗਿਆਨ ਤੇ ਬੁੱਧੀ ਪੱਖੋਂ ਜਦ ਜਾਤੀਆਂ ਅਰੰਭਕ ਪੱਧਰ ਦੀਆਂ ਸਨ ਤਾਂ ਉਹਨਾਂ ਨੂੰ ਸਧਾਰਨ ਸਿੱਖਿਆ ਤੇ ਸਧਾਰਨ ਧਰਮ-ਵਿਧਾਨ ਦਿੱਤਾ ਗਿਆ। ਜਿਉਂ-ਜਿਉਂ ਵਿਕਾਸ ਹੁੰਦਾ ਗਿਆ, ਸਿੱਖਿਆ ਤੇ ਧਰਮ-ਵਿਧਾਨ ਨੂੰ ਵੀ ਵਿਕਸਤ ਰੂਪ ਦਿੱਤਾ ਜਾਂਦਾ ਰਿਹਾ। ਪਰੰਤੂ ਇਹ ਫ਼ਰਕ ਕੇਵਲ ਵੇਖਣ ਨੂੰ ਹੀ ਸਨ, ਆਤਮਾ ਸਭ ਦੀ ਇੱਕੋ ਸੀ। ਅਰਥਾਤ ਅਕੀਦਿਆਂ ਵਿੱਚ ਤੌਹੀਦ (ਇਕ ਈਸ਼ਵਰਵਾਦ),

---

*1. ਆਮ ਕਰਕੇ ਲੋਕ ਇਸ ਭਰਮ ਦਾ ਸ਼ਿਕਾਰ ਹਨ ਕਿ ਇਸਲਾਮ ਦਾ ਅਰੰਭ ਹਜ਼ਰਤ ਮੁਹੰਮਦ (ਸ.) ਤੋਂ ਹੋਇਆ ਹੈ। ਇੱਥੋਂ ਤੱਕ ਕਿ ਆਪਨੂੰ ਇਸਲਾਮ ਦਾ ਬਾਨੀ ਕਹਿ ਦਿੱਤਾ ਜਾਂਦਾ ਹੈ। ਅਸਲ ਵਿੱਚ ਇਹ ਇੱਕ ਬਹੁਤ ਬੜਾ ਭਰਮ ਹੈ ਜਿਸਨੂੰ ਆਪਣੇ ਮਨ ਵਿਚੋਂ ਪੂਰਨ ਰੂਪ ਵਿੱਚ ਕੱਢ ਦੇਣਾ ਚਾਹੀਦਾ ਹੈ। ਹਰ ਵਿਅਕਤੀ ਨੂੰ ਇਹ ਗੱਲ ਚੰਗੀ ਤਰ੍ਹਾਂ ਜਾਣ ਲੈਣੀ ਚਾਹੀਦੀ ਹੈ ਕਿ ਇਸਲਾਮ ਸਦਾ ਤੋਂ ਮਾਨਵ ਜਾਤੀ ਦਾ ਇੱਕੋ ਵਾਸਤਵਿਕ ਧਰਮ ਹੈ। ਸੰਸਾਰ ਵਿੱਚ ਜਿੱਥੇ ਵੀ ਤੇ ਜਦ ਵੀ ਕੋਈ ਪੈਗ਼ੰਬਰ ਰੱਬ ਵੱਲੋਂ ਆਇਆ ਹੈ ਉਹ ਇਹੋ ਧਰਮ ਲੈ ਕੇ ਆਇਆ ਹੈ।*

Scanned with CamScanner

ਵਿਵਹਾਰ ਵਿੱਚ ਭਲਾਈ ਤੇ ਸਦਾਚਾਰ ਅਤੇ ਪਰਲੋਕ ਦੇ ਦੰਡ ਤੇ ਪੁਰਸਕਾਰ ਉੱਤੇ ਵਿਸ਼ਵਾਸ।

ਪੈਗ਼ੰਬਰਾਂ ਨਾਲ ਵੀ ਮਨੁੱਖਾਂ ਨੇ ਵਚਿੱਤਰ ਵਿਵਹਾਰ ਕੀਤਾ। ਪਹਿਲਾਂ ਤਾਂ ਉਹਨਾਂ ਨੂੰ ਤਸੀਹੇ ਦਿੱਤੇ ਗਏ, ਉਹਨਾਂ ਦੇ ਆਦੇਸ਼ਾਂ ਨੂੰ ਮੰਨਣ ਤੋਂ ਇਨਕਾਰ ਕੀਤਾ ਗਿਆ, ਕਿਸੇ ਨੂੰ ਦੇਸ਼ ਨਿਕਾਲਾ ਦਿੱਤਾ ਗਿਆ, ਕਿਸੇ ਨੂੰ ਕਤਲ ਕੀਤਾ ਗਿਆ, ਕਿਸੇ ਨੂੰ ਜੀਵਨ ਭਰ ਦੀ ਸਿੱਖਿਆ ਤੇ ਉਪਦੇਸ਼ ਪਿੱਛੋਂ ਬੜੀ ਮੁਸ਼ਕਲ ਨਾਲ ਦਸ-ਪੰਜ ਪੈਰੋਕਾਰ ਪ੍ਰਾਪਤ ਹੋ ਸਕੇ। ਪਰੰਤੂ ਅੱਲਾਹ ਦੇ ਇਹ ਚੁਣੇ ਹੋਏ ਬੰਦੇ ਲਗਾਤਾਰ ਆਪਣਾ ਕੰਮ ਕਰਦੇ ਰਹੇ ਇੱਥੋਂ ਤੱਕ ਕਿ ਉਹਨਾਂ ਦੀਆਂ ਸਿੱਖਿਆਵਾਂ ਦਾ ਪ੍ਰਭਾਵ ਪਿਆ ਅਤੇ ਵੱਡੀਆਂ-ਵੱਡੀਆਂ ਜਾਤੀਆਂ ਉਹਨਾਂ ਦੇ ਸਿਧਾਂਤਾਂ ਤੇ ਕਾਨੂੰਨਾਂ ਦਾ ਪਾਲਣ ਕਰਨ ਵਾਲੀਆਂ ਬਣ ਗਈਆਂ। ਇਸ ਪਿੱਛੋਂ ਗੁਮਰਾਹੀ ਨੇ ਦੂਸਰਾ ਰੂਪ ਧਾਰਨ ਕੀਤਾ। ਪੈਗ਼ੰਬਰਾਂ ਦੇ ਸੰਸਾਰ ਤੋਂ ਚਲੇ ਜਾਣ ਪਿੱਛੋਂ ਉਹਨਾਂ ਦੀਆਂ ਉੱਮਤਾਂ ਨੇ ਉਹਨਾਂ ਦੀਆਂ ਸਿੱਖਿਆਵਾਂ ਨੂੰ ਬਦਲ ਦਿੱਤਾ। ਉਹਨਾਂ ਦੇ ਗ੍ਰੰਥਾਂ ਵਿੱਚ ਆਪਣੇ ਵੱਲੋਂ ਹਰ ਪ੍ਰਕਾਰ ਦੇ ਵਿਚਾਰ ਸ਼ਾਮਲ ਕਰ ਦਿੱਤੇ। ਪੂਜਾ ਤੇ ਉਪਾਸਨਾ ਦੀਆਂ ਨਵੀਆਂ-ਨਵੀਆਂ ਵਿਧੀਆਂ ਅਪਣਾ ਲਈਆਂ। ਕਈਆਂ ਨੇ ਪੈਗ਼ੰਬਰਾਂ ਨੂੰ ਹੀ ਪੂਜਣਾ ਸ਼ੁਰੂ ਕਰ ਦਿੱਤਾ। ਕਿਸੇ ਨੇ ਆਪਣੇ ਪੈਗ਼ੰਬਰਾਂ ਨੂੰ ਰੱਬ ਦਾ ਅਵਤਾਰ ਮੰਨ ਲਿਆ (ਅਰਥਾਤ ਰੱਬ ਆਪ ਮਨੁੱਖ ਦੇ ਰੂਪ ਵਿੱਚ ਉੱਤਰ ਆਇਆ ਸੀ)। ਕਿਸੇ ਨੇ ਆਪਣੇ ਪੈਗ਼ੰਬਰ ਨੂੰ ਰੱਬ ਦਾ ਪੁੱਤਰ ਕਿਹਾ। ਕਿਸੇ ਨੇ ਆਪਣੇ ਪੈਗ਼ੰਬਰ ਨੂੰ ਰੱਬੀ ਪ੍ਰਭੂਤਾ ਵਿੱਚ ਭਾਗੀਦਾਰ ਬਣਾ ਲਿਆ। ਭਾਵ ਇਹ ਕਿ ਮਨੁੱਖ ਨੇ ਅਦਭੁਤ ਅਤਿਆਚਾਰ ਦੀ ਨੀਤੀ ਅਪਣਾਈ ਕਿ ਜਿਨ੍ਹਾਂ ਪੈਗ਼ੰਬਰਾਂ ਨੇ ਮੂਰਤੀ ਪੂਜਾ ਦਾ ਖੰਡਨ ਕੀਤਾ ਸੀ। ਮਨੁੱਖ ਨੇ ਖ਼ੁਦ ਉਹਨਾਂ ਦੀਆਂ ਹੀ ਮੂਰਤੀਆਂ ਬਣਾ ਲਈਆਂ। ਫੇਰ ਜਿਹੜਾ ਧਰਮ ਵਿਧਾਨ (ਸ਼ਰੀਅਤ) ਇਹ ਪੈਗ਼ੰਬਰ ਆਪਣੀਆਂ ਉੱਮਤਾਂ ਨੂੰ ਦੇ ਗਏ ਸਨ ਉਹਨਾਂ ਨੂੰ ਵੀ ਤਰ੍ਹਾਂ-ਤਰ੍ਹਾਂ ਨਾਲ ਵਿਗਾੜਿਆ ਗਿਆ। ਉਹਨਾਂ ਵਿੱਚ ਹਰ ਤਰ੍ਹਾਂ ਦੀਆਂ ਅਗਿਆਨਪੂਰਨ ਰਸਮਾਂ ਮਿਲਾ ਦਿੱਤੀਆਂ ਗਈਆਂ। ਕਹਾਣੀਆਂ ਤੇ ਝੂਠੀਆਂ ਕਹਾਵਤਾਂ ਜੋੜ ਦਿੱਤੀਆਂ ਗਈਆਂ। ਮਨੁੱਖ ਦੇ ਬਣਾਏ ਕਾਨੂੰਨਾਂ ਨੂੰ ਉਹਨਾਂ ਵਿੱਚ ਰਲ-ਗਡ ਕਰ ਦਿੱਤਾ ਗਿਆ। ਇੱਥੋਂ ਤੱਕ ਕਿ ਕੁੱਝ ਸਦੀਆਂ ਪਿੱਛੋਂ ਇਹ ਗਿਆਤ ਕਰਨ ਦਾ ਕੋਈ ਸਾਧਨ ਹੀ ਨਾ ਬਚਿਆ ਕਿ ਪੈਗ਼ੰਬਰ ਦੀ ਅਸਲ

Scanned with CamScanner

ਸਿੱਖਿਆ ਤੇ ਵਾਸਤਵਿਕ ਧਰਮ-ਸ਼ਾਸਤਰ ਕੀ ਸੀ ਅਤੇ ਬਾਅਦ ਦੇ ਲੋਕਾਂ ਨੇ ਇਸ ਵਿੱਚ ਕੀ-ਕੀ ਜੋੜ ਦਿੱਤਾ ਹੈ।[1] ਖ਼ੁਦ ਪੈਗ਼ੰਬਰਾਂ ਦੇ ਜੀਵਨ ਬਿਰਤਾਂਤ ਵੀ ਪੁਰਾਤਨ ਕਥਾਵਾਂ ਵਿੱਚ ਇੰਜ ਗੁੰਮ ਹੋ ਗਏ ਕਿ ਉਹਨਾਂ ਬਾਰੇ ਕੋਈ ਚੀਜ਼ ਵੀ ਵਿਸ਼ਵਾਸ ਯੋਗ ਨਹੀਂ ਰਹੀ ਪਰੰਤੂ ਫੇਰ ਵੀ ਪੈਗ਼ੰਬਰਾਂ ਦੀਆਂ ਸਮੁੱਚੀਆਂ ਕੋਸ਼ਿਸ਼ਾਂ ਅਜਾਈਂ ਨਹੀਂ ਗਈਆਂ। ਸਾਰੀਆਂ ਮਿਲਾਵਟਾਂ ਦੇ ਹੁੰਦੇ ਹੋਏ ਵੀ ਕੁੱਝ ਨਾ ਕੁਝ ਅਸਲ ਸਚਾਈ ਹਰੇਕ ਜਾਤੀ ਵਿੱਚ ਬਚੀ ਰਹਿ ਗਈ। ਰੱਬ ਤੇ ਵਿਸ਼ਵਾਸ ਅਤੇ ਆਖ਼ਰਤ ਦੇ ਜੀਵਨ ਸਬੰਧੀ ਵਿਚਾਰ ਕਿਸੇ ਨਾ ਕਿਸੇ ਰੂਪ ਵਿੱਚ ਸਾਰੀਆਂ ਜਾਤੀਆਂ ਵਿੱਚ ਫੈਲ ਗਿਆ। ਸਦਾਚਾਰ ਤੇ ਸਚਾਈ ਅਤੇ ਨੈਤਿਕ ਜੀਵਨ ਦੇ ਕੁੱਝ ਨਿਯਮ ਆਮ ਕਰਕੇ ਸੰਸਾਰ ਵਿੱਚ ਮੰਨ ਲਏ ਗਏ। ਸਾਰੀਆਂ ਜਾਤੀਆਂ ਦੇ ਪੈਗ਼ੰਬਰਾਂ ਨੇ ਅਲੱਗ-ਅਲੱਗ ਇੱਕ-ਇੱਕ ਜਾਤੀ ਨੂੰ ਇਸ ਹੱਦ ਤੱਕ ਤਿਆਰ ਕਰ ਦਿੱਤਾ ਕਿ ਸੰਸਾਰ ਵਿੱਚ ਇੱਕ ਅਜਿਹੇ ਧਰਮ ਦੀ ਸਿੱਖਿਆ ਦਾ ਪਰਸਾਰ ਕੀਤਾ ਜਾ ਸਕੇ ਜਿਹੜਾ ਬਿਨਾਂ ਕਿਸੇ ਭੇਦ-ਭਾਵ ਦੇ ਸਮੁੱਚੀ ਮਨੁੱਖ ਜਾਤੀ ਦਾ ਧਰਮ ਹੋਵੇ।

ਜਿਹਾ ਕਿ ਅਸੀਂ ਉੱਪਰ ਦੱਸਿਆ ਹੈ, ਸ਼ੁਰੂ ਵਿੱਚ ਹਰ ਜਾਤੀ ਵਿੱਚ ਅਲੱਗ-ਅਲੱਗ ਪੈਗ਼ੰਬਰ ਆਉਂਦੇ ਸਨ ਅਤੇ ਉਹਨਾਂ ਦੀਆਂ ਸਿੱਖਿਆਵਾਂ ਉਹਨਾਂ ਦੀ ਜਾਤੀ ਤੱਕ ਹੀ ਸੀਮਤ ਰਹਿੰਦੀਆਂ ਸਨ। ਇਸ ਦਾ ਕਾਰਨ ਇਹ ਸੀ ਕਿ ਉਸ ਸਮੇਂ ਸਮੁੱਚੀਆਂ ਜਾਤੀਆਂ ਇੱਕ ਦੂਜੇ ਤੋਂ ਅਲੱਗ ਸਨ, ਉਹਨਾਂ ਵਿੱਚ ਵਧੇਰੇ ਮੇਲ-ਜੋਲ ਨਹੀਂ ਸੀ। ਹਰ ਜਾਤੀ ਆਪਣੇ ਦੇਸ਼ ਦੀ ਸੀਮਾ ਤੱਕ ਹੀ ਜਾਣੋ ਸੀਮਤ ਸੀ। ਅਜਿਹੀ ਦਸ਼ਾ ਵਿੱਚ ਕਿਸੇ ਆਮ ਤੇ ਸਾਂਝੀ ਸਿੱਖਿਆ ਦਾ ਸਾਰੀਆਂ ਜਾਤੀਆਂ ਵਿੱਚ ਫੈਲਾਉਣਾ ਅਤਿਅੰਤ ਕਠਨ ਸੀ। ਇਸ ਤੋਂ ਬਿਨਾਂ ਵਿਭਿੰਨ ਜਾਤੀਆਂ ਦੀ ਸਥਿਤੀ ਇੱਕ ਦੂਜੇ ਤੋਂ ਬਿਲਕੁਲ ਵੱਖਰੀ ਸੀ। ਅਗਿਆਨ ਬਹੁਤ ਪਸਰਿਆ ਹੋਇਆ ਸੀ। ਇਸ

---

*1. ਇੱਥੇ ਇਹ ਗੱਲ ਧਿਆਨਪੂਰਵਕ ਸਮਝ ਲੈਣ ਦੀ ਹੈ ਕਿ ਪੈਗ਼ੰਬਰਾਂ ਦੀਆਂ ਉੱਮਤਾਂ ਨੇ ਇਸੇ ਤਰ੍ਹਾਂ ਆਪਣੇ ਵਾਸਤਵਿਕ ਧਰਮ (ਅਰਥਾਤ ਇਸਲਾਮ) ਨੂੰ ਵਿਗਾੜ ਕੇ ਉਹ ਧਰਮ ਬਣਾਏ ਹਨ ਜਿਹੜੇ ਵੱਖੋ-ਵੱਖਰੇ ਨਾਵਾਂ ਨਾਲ ਸੰਸਾਰ ਵਿੱਚ ਮਿਲਦੇ ਹਨ। ਉਦਾਹਰਣ ਵਜੋਂ ਈਸਾ (ਅ.) ਨੇ ਜਿਸ ਧਰਮ ਦੀ ਸਿਖਿਆ ਦਿੱਤੀ ਸੀ ਉਹ ਤਾਂ ਇਸਲਾਮ ਹੀ ਸੀ, ਪਰੰਤੂ ਉਹਨਾਂ ਪਿੱਛੋਂ ਉਹਨਾਂ ਦੇ ਪੈਰੋਕਾਰਾਂ ਨੇ ਖ਼ੁਦ ਈਸਾ (ਅ.) ਨੂੰ ਹੀ ਇਸ਼ਟ (ਮਾਬੂਦ) ਬਣਾ ਲਿਆ ਅਤੇ ਉਹਨਾਂ ਦੀ ਦਿੱਤੀ ਸਿੱਖਿਆ ਦੇ ਨਾਲ ਕੁੱਝ ਹੋਰ ਗੱਲਾਂ ਰਲ-ਗਡ ਕਰ ਕੇ ਉਹ ਧਰਮ ਈਜਾਦ ਕਰ ਲਿਆ ਜਿਸ ਦਾ ਨਾਂ ਅੱਜ ਈਸਾਈਅਤ ਹੈ।*

Scanned with CamScanner

ਅਗਿਆਨ ਕਾਰਨ ਵਿਸ਼ਵਾਸ ਤੇ ਨੈਤਿਕਤਾ ਵਿੱਚ ਜਿਹੜੇ ਵਿਗਾੜ ਪੈਦਾ ਹੋ ਗਏ ਸਨ ਹਰ ਥਾਂ ਵੱਖੋ-ਵੱਖ ਕਿਸਮ ਦੇ ਸਨ। ਇਸ ਲਈ ਜ਼ਰੂਰੀ ਸੀ ਕਿ ਅੱਲਾਹ ਦੇ ਪੈਗ਼ੰਬਰ ਹਰੇਕ ਜਾਤੀ ਨੂੰ ਅਲੱਗ-ਅਲੱਗ ਸਿੱਖਿਆ ਤੇ ਉਪਦੇਸ਼ ਦੇਣ। ਹੌਲੀ-ਹੌਲੀ ਗ਼ਲਤ ਵਿਚਾਰਾਂ ਦਾ ਖ਼ਾਤਮਾ ਕਰ ਕੇ ਸ਼ੁੱਧ ਵਿਚਾਰ ਫੈਲਾਉਣ। ਆਗਿਆਨਪੂਰਨ ਰੀਤੀਆਂ ਤੋਂ ਹਟਾ ਕੇ ਉਚਕੋਟੀ ਦੇ ਕਾਨੂੰਨਾਂ ਦੀ ਪਾਲਣਾ ਕਰਨੀ ਸਿਖਾਉਣ। ਉਹਨਾਂ ਲਈ ਸਿੱਖਿਆ ਤੇ ਸਿਖਲਾਈ ਦਾ ਇਸ ਤਰ੍ਹਾਂ ਪ੍ਰਬੰਧ ਕਰਨ ਜਿਵੇਂ ਬੱਚਿਆਂ ਲਈ ਕੀਤਾ ਜਾਂਦਾ ਹੈ। ਰੱਬ ਹੀ ਜਾਣਦਾ ਹੈ ਕਿ ਇਸ ਵਿਧੀ ਰਾਹੀਂ ਜਾਤੀਆਂ ਨੂੰ ਸਿੱਖਿਆ ਦੇਣ ਵਿੱਚ ਕਿੰਨੇ ਹਜ਼ਾਰ ਵਰ੍ਹੇ ਲੱਗੇ ਹੋਣਗੇ। ਖ਼ੈਰ, ਉਨੱਤੀ ਕਰਦੇ-ਕਰਦੇ ਅੰਤ ਉਹ ਸਮਾਂ ਆ ਗਿਆ ਜਦੋਂ ਮਨੁੱਖ ਜਾਤੀ ਬਾਲ ਅਵਸਥਾ 'ਚੋਂ ਨਿੱਕਲ ਕੇ ਯੁਵਾ ਅਵਸਥਾ ਵਿੱਚ ਪਹੁੰਚਣ ਲੱਗੀ। ਵਿਉਪਾਰ ਤੇ ਸ਼ਿਲਪ-ਕਲਾ ਦੀ ਉਨੱਤੀ ਦੇ ਨਾਲ-ਨਾਲ ਜਾਤੀਆਂ ਵਿੱਚ ਪਰਸਪਰ ਸਬੰਧ ਸਥਾਪਤ ਹੋ ਗਏ। ਚੀਨ ਤੇ ਜਪਾਨ ਤੋਂ ਲੈ ਕੇ ਯੂਰਪ ਤੇ ਅਫਰੀਕਾ ਦੇ ਦੂਰ ਦਰਾਡੇ ਦੇਸ਼ਾਂ ਤੱਕ ਸਮੁੰਦਰੀ ਤੇ ਥਲੀ ਯਾਤਰਾਵਾਂ ਦਾ ਸਿਲਸਲਾ ਸਥਾਪਤ ਹੋ ਗਿਆ। ਅਧਿਕਤਰ ਜਾਤੀਆਂ ਵਿੱਚ ਲਿਖਣ ਕਲਾ ਪ੍ਰਚੱਲਤ ਹੋਈ, ਵਿਦਿਆ ਤੇ ਕਲਾ ਦਾ ਪਸਾਰ ਹੋਇਆ। ਜਾਤੀਆਂ ਵਿੱਚਕਾਰ ਵਿਚਾਰਾਂ, ਗਿਆਨਵਾਨ ਨਿਬੰਧਾਂ ਦਾ ਪ੍ਰਸਪਰ ਵਟਾਂਦਰਾ ਹੋਣ ਲੱਗਾ। ਬੜੇ-ਬੜੇ ਵਿਜੇਤਾ ਪੈਦਾ ਹੋਏ ਅਤੇ ਉਹਨਾਂ ਬੜੇ ਬੜੇ ਰਾਜਾਂ ਦੀ ਸਥਾਪਨਾ ਕਰਕੇ ਕਈ ਕਈ ਦੇਸ਼ਾਂ ਅਤੇ ਕਈ ਕਈ ਜਾਤੀਆਂ ਨੂੰ ਰਾਜਨੀਤਕ ਵਿਵਸਥਾ ਨਾਲ ਜੋੜ ਦਿੱਤਾ। ਇਸ ਤਰ੍ਹਾਂ ਉਹ ਦੂਰੀ ਤੇ ਜੁਦਾਈ ਜਿਹੜੀ ਪਹਿਲਾਂ ਮਨੁੱਖੀ ਜਾਤੀਆਂ ਵਿੱਚ ਸੀ। ਹੌਲੀ-ਹੌਲੀ ਘਟਦੀ ਗਈ ਅਤੇ ਇਹ ਸੰਭਵ ਹੋ ਗਿਆ ਕਿ 'ਇਸਲਾਮ' ਦੀ ਇੱਕੋ ਸਿੱਖਿਆ ਤੇ ਧਰਮ ਵਿਧਾਨ ਸਾਰੇ ਸੰਸਾਰ ਲਈ ਭੇਜਿਆ ਜਾਵੇ। ਹੁਣ ਤੋਂ ਢਾਈ ਹਜ਼ਾਰ ਵਰ੍ਹੇ ਪਹਿਲਾਂ ਮਨੁੱਖ ਦੀ ਅਵਸਥਾ ਇਸ ਹੱਦ ਤੱਕ ਉਨੱਤੀ ਕਰ ਚੁੱਕੀ ਸੀ ਕਿ ਜਾਣੋ ਉਹ ਖੁਦ ਹੀ ਇੱਕ ਸਾਂਝੇ ਧਰਮ ਦੀ ਮੰਗ ਕਰ ਰਿਹਾ ਸੀ। ਬੁੱਧ ਮੱਤ ਭਾਵੇਂ ਕੋਈ ਪੂਰਨ ਧਰਮ ਨਹੀਂ ਸੀ ਉਸ ਵਿੱਚ ਕੇਵਲ ਕੁਝ ਨੈਤਿਕ ਨਿਯਮ ਹੀ ਸਨ ਪਰੰਤੂ ਭਾਰਤ 'ਚੋਂ ਨਿੱਕਲ ਕੇ ਉਹ ਇੱਕ ਬੰਨੇ ਜਪਾਨ ਤੇ ਮੰਗੋਲੀਆ ਤੱਕ ਅਤੇ ਦੂਜੇ ਪਾਸੇ ਅਫ਼ਗਾਨਸਤਾਨ ਤੇ ਬੁਖ਼ਾਰਾ ਤੱਕ ਫੈਲ ਗਿਆ। ਉਸ ਦਾ ਪ੍ਰਚਾਰ ਕਰਨ ਵਾਲੇ ਦੂਰ-ਦੂਰ ਦੇਸਾਂ ਤੱਕ ਜਾ ਪਹੁੰਚੇ। ਇਸ ਤੋਂ ਕੁਝ ਹੀ

Scanned with CamScanner

ਸਦੀਆਂ ਪਿੱਛੋਂ ਈਸਾਈ ਧਰਮ ਪੈਦਾ ਹੋਇਆ। ਭਾਵੇਂ ਹਜ਼ਰਤ ਈਸਾ (ਉਹਨਾਂ ਉੱਪਰ ਅੱਲਾਹ ਦੀ ਅਪਾਰ ਕਿਰਪਾ ਹੋਵੇ) 'ਇਸਲਾਮ' ਦੀ ਸਿੱਖਿਆ ਲੈ ਕੇ ਆਏ ਸਨ ਪਰੰਤੂ ਉਹਨਾਂ ਪਿੱਛੋਂ ਇਸਾਈਅਤ ਦੇ ਨਾਂ ਤੇ ਇੱਕ ਤਰੁਟੀਆਂ ਭਰਿਆ ਤੇ ਅਧੂਰਾ ਧਰਮ ਘੜ ਲਿਆ ਗਿਆ। ਈਸਾਈਆਂ ਨੇ ਇਸ ਧਰਮ ਨੂੰ ਅਫ਼ਰੀਕਾ ਤੇ ਯੂਰਪ ਦੇ ਦੂਰ-ਦੁਰਾਡੇ ਦੇਸ਼ਾਂ ਵਿੱਚ ਫੈਲਾ ਦਿੱਤਾ। ਇਹ ਘਟਨਾਵਾਂ ਦਰਸਾ ਰਹੀਆਂ ਹਨ ਕਿ ਉਸ ਸਮੇਂ ਸੰਸਾਰ ਇੱਕ ਆਮ-ਮਨੁੱਖੀ ਧਰਮ ਦੀ ਮੰਗ ਕਰ ਰਿਹਾ ਸੀ ਅਤੇ ਇਸ ਦੇ ਲਈ ਇੱਥੋਂ ਤਕ ਤਿਆਰ ਹੋ ਗਿਆ ਸੀ ਕਿ ਜਦ ਉਸ ਨੂੰ ਕੋਈ ਪੂਰਨ ਤੇ ਸੱਚਾ ਧਰਮ ਨਾ ਮਿਲਿਆਂ ਤਾਂ ਉਸ ਨੇ ਕੱਚੇ ਤੇ ਅਧੂਰੇ ਧਰਮਾਂ ਨੂੰ ਹੀ ਮਨੁੱਖ ਜਾਤੀਆਂ ਵਿੱਚ ਫੈਲਾਉਣਾ ਅਰੰਭ ਕਰ ਦਿੱਤਾ।

## ਹਜ਼ਰਤ ਮੁਹੰਮਦ ਸ. ਦੀ ਨਬੁੱਵਤ

ਇਹ ਸਮਾਂ ਸੀ ਜਦ ਸੰਪੂਰਨ ਸੰਸਾਰ ਤੇ ਸਮੁੱਚੀਆਂ ਮਨੁੱਖੀ ਜਾਤੀਆਂ ਲਈ ਇੱਕ ਪੈਗ਼ੰਬਰ ਅਰਥਾਤ ਹਜ਼ਰਤ ਮੁਹੰਮਦ (ਸ.) ਨੂੰ ਅਰਬ ਦੀ ਧਰਤੀ 'ਤੇ ਪੈਦਾ ਕੀਤਾ ਗਿਆ। ਉਹਨਾਂ ਨੂੰ ਇਸਲਾਮ ਦੀ ਪੂਰਨ ਸਿੱਖਿਆ, ਪੂਰਨ ਵਿਧਾਨ ਦੇ ਕੇ ਇਸ ਸੇਵਾ ਲਈ ਨਿਯੁਕਤ ਕੀਤਾ ਗਿਆ ਕਿ ਉਹਨੂੰ ਸਾਰੀ ਦੁਨੀਆਂ ਵਿੱਚ ਫੈਲਾ ਦੇਣ।

ਸੰਸਾਰ ਦਾ ਭੂਗੋਲ ਚੁੱਕ ਕੇ ਵੇਖੋ, ਤੁਸੀਂ ਇੱਕੋ ਨਿਗ੍ਹਾ 'ਚ ਇਹ ਅਨੁਭਵ ਕਰ ਲਉਗੇ ਕਿ ਸੰਪੂਰਨ ਸੰਸਾਰ ਦੀ ਪੈਗ਼ੰਬਰੀ ਲਈ ਧਰਤੀ ਉੱਤੇ ਅਰਬ ਤੋਂ ਵੱਧ ਢੁੱਕਵਾਂ ਸਥਾਨ ਹੋਰ ਕੋਈ ਨਹੀਂ ਹੋ ਸਕਦਾ ਸੀ। ਇਹ ਦੇਸ਼ ਏਸ਼ੀਆ ਤੇ ਅਫ਼ਰੀਕਾ ਦੇ ਠੀਕ ਮਧ ਵਿੱਚ ਸਥਿਤ ਹੈ ਅਤੇ ਯੂਰਪ ਵੀ ਇਥੋਂ ਬਹੁਤ ਨੇੜੇ ਹੈ। ਖ਼ਾਸ ਤੌਰ ਤੇ ਉਸ ਯੁੱਗ ਵਿੱਚ ਯੂਰਪ ਦੀਆਂ ਸੱਭਿਆ ਜਾਤੀਆਂ ਵਧੇਰੇ ਯੂਰਪ ਦੇ ਦੱਖਣੀ ਹਿੱਸੇ ਵਿੱਚ ਵਸੀਆਂ ਹੋਈਆਂ ਸਨ ਅਤੇ ਇਹ ਅਰਬ ਦੇ ਉਨਾ ਹੀ ਨੇੜੇ ਹੈ, ਜਿੰਨਾ ਭਾਰਤ ਹੈ।

ਫੇਰ ਉਸ ਯੁੱਗ ਦਾ ਇਤਿਹਾਸ ਪੜ੍ਹੋ, ਤੁਹਾਨੂੰ ਪਤਾ ਲੱਗੇਗਾ ਕਿ ਇਸ ਨਬੁੱਵਤ (ਪੈਗ਼ਬਰੀ) ਲਈ ਉਸ ਯੁੱਗ ਵਿੱਚ ਅਰਬ ਜਾਤੀ ਤੋਂ ਵੱਧ ਯੋਗ ਕੋਈ ਜਾਤੀ ਨਹੀਂ ਸੀ। ਦੂਜੀਆਂ ਵੱਡੀਆਂ ਵੱਡੀਆਂ ਜਾਤੀਆਂ ਆਪਣਾ ਜ਼ੋਰ ਵਿਖਾ ਕੇ ਜਾਣੋਂ ਨਿਢਾਲ ਹੋ ਚੁੱਕੀਆਂ ਸਨ ਤੇ ਅਰਬ ਕੌਮ ਤਾਜ਼ਾ ਦਮ ਸੀ। ਸਮਾਜਿਕ ਉਨੱਤੀ ਨਾਲ ਦੂਜੀਆਂ ਜਾਤੀਆਂ ਦਾ ਸੁਭਾ ਬਹੁਤ ਜ਼ਿਆਦਾ ਵਿਗੜ ਚੁੱਕਿਆ ਸੀ ਅਤੇ ਅਰਬ ਜਾਤੀ

Scanned with CamScanner

ਵਿੱਚ ਕੋਈ ਸਮਾਜਿਕ ਵਿਵਸਥਾ ਅਜਿਹੀ ਨਹੀਂ ਸੀ ਕਿ ਜਿਹੜੀ ਉਸ ਨੂੰ ਸੁਖਿਆਰ, ਵਿਲਾਸ ਪ੍ਰੇਮੀ ਤੇ ਨੀਚ ਬਣਾ ਦਿੰਦੀ। ਛੇਵੀਂ ਸਦੀ ਈਸਵੀ ਦੇ ਅਰਬ ਉਸ ਯੁੱਗ ਦੀਆਂ ਉਹਨਾਂ ਜਾਤੀਆਂ ਦੀਆਂ ਬੁਰਾਈਆਂ ਤੋਂ ਪੂਰੀ ਤਰ੍ਹਾਂ ਸੁੱਰਖਿਆਤ ਸਨ ਜਿਹੜੀਆਂ ਸੱਭਿਅਤ ਅਖਵਾਉਂਦੀਆਂ ਸਨ। ਉਹਨਾਂ ਵਿੱਚ ਸਾਰੇ ਮਨੁੱਖੀ ਗੁਣ ਮੌਜੂਦ ਸਨ ਜਿਹੜੇ ਇੱਕ ਅਜਿਹੀ ਜਾਤੀ ਵਿੱਚ ਹੋ ਸਕਦੇ ਹਨ ਜਿਸਨੂੰ ਬਨਾਵਟੀ ਤੇ ਦੋਸ਼ਪੂਰਨ ਸੱਭਿਅਤਾ ਦੀ ਹਵਾ ਨਾ ਲੱਗੀ ਹੋਵੇ। ਉਹ ਸੂਰਬੀਰ ਸਨ, ਨਿਡਰ ਸਨ, ਉਦਾਰ ਸਨ, ਆਪਣੇ ਪ੍ਰਣ ਦੀ ਦ੍ਰਿੜ੍ਹਤਾ ਪੂਰਵਕ ਪਾਲਣਾ ਕਰਨ ਵਾਲੇ ਸਨ, ਸੁਤੰਤਰ ਵਿਚਾਰਾਂ ਵਾਲੇ ਤੇ ਸੁਤੰਤਰਤਾ ਪ੍ਰੇਮੀ ਸਨ। ਕਿਸੇ ਜਾਤੀ ਦੇ ਗ਼ੁਲਾਮ ਨਹੀਂ ਸਨ। ਆਪਣੀ ਆਨ-ਸ਼ਾਨ ਲਈ ਜਾਨ ਦੀ ਬਾਜ਼ੀ ਲਗਾ ਦੇਣਾ ਉਹਨਾਂ ਲਈ ਅਸਾਨ ਸੀ। ਅਤਿਅੰਤ ਸਾਦਾ ਜੀਵਨ ਬਤੀਤ ਕਰਦੇ ਸਨ, ਵਿਲਾਸਤਾ ਨਾਲ ਉਹਨਾਂ ਦਾ ਕੋਈ ਸਬੰਧ ਨਹੀਂ ਸੀ। ਇਸ ਵਿੱਚ ਸੰਦੇਹ ਨਹੀਂ ਕਿ ਉਹਨਾਂ ਵਿੱਚ ਬਹੁਤ ਸਾਰੇ ਭੈੜ ਵੀ ਸਨ ਜਿਨ੍ਹਾਂ ਬਾਰੇ ਤੁਹਾਨੂੰ ਅੱਗੇ ਚਲਕੇ ਪਤਾ ਲੱਗੇਗਾ, ਪਰੰਤੂ ਇਹ ਬੁਰਾਈਆਂ ਇਸ ਕਾਰਨ ਸਨ ਕਿ ਢਾਈ ਹਜ਼ਾਰ ਵਰ੍ਹਿਆਂ ਤੋਂ ਉਹਨਾਂ ਵਿੱਚ ਕੋਈ ਪੈਗ਼ਬਰ ਨਹੀਂ ਆਇਆ ਸੀ।[1] ਨਾ ਕੋਈ ਅਜਿਹਾ ਅਗਵਾਈ ਕਰਨ ਵਾਲਾ ਪੈਦਾ ਹੋਇਆ ਸੀ। ਜਿਹੜਾ ਉਹਨਾਂ ਦੇ ਨੈਤਿਕ ਜੀਵਨ ਨੂੰ ਸੁਧਾਰਦਾ ਤੇ ਉਹਨਾਂ ਨੂੰ ਸੰਸਕ੍ਰਿਤੀ ਦੀ ਸਿੱਖਿਆ ਦਿੰਦਾ। ਸਦੀਆਂ ਬੱਧੀ ਮਾਰੂਥਲ ਵਿੱਚ ਸੁਤੰਤਰ ਜੀਵਨ ਬਤੀਤ ਕਰਨ ਵਜੋਂ ਉਹਨਾਂ ਵਿੱਚ ਅਗਿਆਨ ਫੈਲ ਗਿਆ ਸੀ। ਉਹ ਆਪਣੀ ਅਗਿਆਨਤਾ ਵਿੱਚ ਇੰਜ ਡੁੱਬੇ ਹੋਏ ਸਨ ਕਿ ਉਹਨਾਂ ਨੂੰ ਆਦਮੀ ਬਣਾਉਣਾ ਕਿਸੇ ਸਧਾਰਨ ਵਿਅਕਤੀ ਦਾ ਕੰਮ ਨਹੀਂ ਸੀ, ਪਰੰਤੂ ਇਸ ਦੇ ਨਾਲ-ਨਾਲ ਉਹਨਾਂ ਵਿੱਚ ਇਹ ਯੋਗਤਾ ਜ਼ਰੂਰ ਮੌਜੂਦ ਸੀ ਕਿ ਜੇਕਰ ਕੋਈ ਅਸਧਾਰਨ ਵਿਅਕਤੀ ਉਹਨਾਂ ਦਾ ਸੁਧਾਰ ਕਰ ਦੇਵੇ ਅਤੇ ਉਸ ਦੀ ਸਿੱਖਿਆ ਦੇ ਫਲਸਰੂਪ ਉਹ ਕਿਸੇ ਉੱਚ ਉਦੇਸ਼ ਨੂੰ ਲੈ ਕੇ ਉੱਠ ਖੜੋਣ ਤਾਂ ਉਹ ਦੁਨੀਆਂ ਨੂੰ ਬਦਲ ਕੇ ਰੱਖ ਦੇਣ। ਵਿਸ਼ਵ ਸੰਦੇਸ਼ਟਾ ਦੀ ਸਿੱਖਿਆ ਦੇ ਪਸਾਰ ਲਈ ਅਜਿਹੀ ਜਵਾਨ ਤੇ ਸ਼ਕਤੀਸ਼ਾਲੀ ਕੌਮ ਦੀ ਹੀ ਜ਼ਰੂਰਤ ਸੀ।

---

*1. ਹਜ਼ਰਤ ਇਬਰਾਹੀਮ ਅਤੇ ਹਜ਼ਰਤ ਇਸਮਾਈਲ (ਅ.) ਦਾ ਕਾਲ ਹਜ਼ਰਤ ਮੁਹੰਮਦ ਸ. ਤੋਂ ਢਾਈ ਹਜ਼ਾਰ ਵਰ੍ਹੇ ਪਹਿਲਾਂ ਬੀਤ ਚੁੱਕਾ ਸੀ। ਇੰਨੇ ਲੰਬੇ ਸਮੇਂ ਤੱਕ ਕੋਈ ਪੈ.ਗੰਬਰ ਅਰਬ ਵਿੱਚ ਪੈਦਾ ਨਹੀਂ ਹੋਇਆ ਸੀ।*

Scanned with CamScanner

ਇਸ ਪਿੱਛੋਂ ਅਰਬੀ ਭਾਸ਼ਾ ਨੂੰ ਵੇਖੋ।ਤੁਸੀਂ ਜਦੋਂ ਇਸ ਭਾਸ਼ਾ ਨੂੰ ਪੜ੍ਹੋਗੇ ਤੇ ਇਸ ਦੇ ਸਾਹਿਤ ਦਾ ਅਧਿਐਨ ਕਰੋਗੇ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਉੱਚ ਵਿਚਾਰਾਂ ਦੇ ਪ੍ਰਗਟਾਵੇ ਲਈ, ਰੱਬੀ ਗਿਆਨ ਦੀਆਂ ਅਤਿਅੰਤ ਬਰੀਕ ਗੱਲਾਂ ਦੇ ਵਰਣਨ ਲਈ ਅਤੇ ਮਨਾਂ ਨੂੰ ਪ੍ਰਭਾਵਿਤ ਕਰਨ ਲਈ ਇਸ ਤੋਂ ਵਧੇਰੇ ਉਪਯੋਗੀ ਕੋਈ ਹੋਰ ਭਾਸ਼ਾ ਨਹੀਂ ਸੀ। ਇਸ ਭਾਸ਼ਾ ਦੇ ਸੰਖੇਪ ਜਿਹੇ ਵਾਕਾਂ ਵਿੱਚ ਵੱਡੇ-ਵੱਡੇ ਨਿਬੰਧਾਂ ਦਾ ਪ੍ਰਗਟਾਵਾ ਹੋ ਜਾਂਦਾ ਹੈ।ਫੇਰ ਉਹਨਾਂ ਵਿੱਚ ਅਜਿਹਾ ਬਲ ਹੁੰਦਾ ਹੈ ਕਿ ਦਿਲਾਂ 'ਤੇ ਤੀਰ ਅਤੇ ਨਸ਼ਤਰ ਵਾਂਗ ਕੰਮ ਕਰਦੇ ਹਨ।ਅਜਿਹੀ ਮਿਠਾਸ ਹੁੰਦੀ ਹੈ ਕਿ ਕੰਨਾਂ ਵਿੱਚ ਰਸ ਪੈਂਦਾ ਪ੍ਰਤੀਤ ਹੁੰਦਾ ਹੈ। ਅਜਿਹਾ ਸੰਗੀਤ ਹੁੰਦਾ ਹੈ ਕਿ ਮਨੁੱਖ ਮਸਤੀ ਵਿੱਚ ਝੂਮਣ ਲਗਦਾ ਹੈ।ਕੁਰਆਨ ਵਰਗੇ ਗ੍ਰੰਥ ਲਈ ਅਜਿਹੀ ਭਾਸ਼ਾ ਹੀ ਲੋੜੀਂਦੀ ਸੀ।ਇਸ ਲਈ ਇਹ ਅੱਲਾਹ ਦੀ ਬਹੁਤ ਹੀ ਵੱਡੀ ਹਿਕਮਤ ਸੀ ਕਿ ਉਸਨੇ ਸੰਪੂਰਨ ਸੰਸਾਰ ਦੀ ਪੈਗ਼ੰਬਰੀ ਲਈ ਅਰਬ ਦੇਸ ਨੂੰ ਚੁਣਿਆ।ਆਉ ਹੁਣ ਤੁਹਾਨੂੰ ਦਰਸਾਈਏ ਕਿ ਜਿਸ ਮਹਾਨ ਵਿਅਕਤੀ ਨੂੰ ਇਸ ਕੰਮ ਲਈ ਪਸੰਦ ਕੀਤਾ ਗਿਆ ਉਹ ਕਿਹੋ ਜਿਹਾ ਅਦੁੱਤੀ ਵਿਅਕਤੀ ਸੀ।

## ਹਜ਼ਰਤ ਮੁਹੰਮਦ ਸ. ਦੀ ਨਬੁੱਵਤ ਦੇ ਪ੍ਰਮਾਣ

ਥੋੜੀ ਦੇਰ ਸਰੀਰਕ ਅੱਖਾਂ ਬੰਦ ਕਰ ਲਉ, ਕਲਪਨਾ ਦੀਆਂ ਅੱਖਾਂ ਖੋਲ ਲਵੋ। ਤਕਰੀਬਨ 1450 ਸਾਲ ਪਿੱਛੇ ਦੇ ਸੰਸਾਰ ਨੂੰ ਵੇਖੋ, ਇਹ ਕਿਹੋ ਜਿਹਾ ਸੰਸਾਰ ਸੀ? ਨਾ ਟੈਲੀਗ੍ਰਾਮ ਸੀ, ਨਾ ਟੈਲੀਫ਼ੂਨ ਸਨ, ਨਾ ਰੇਲ ਸੀ, ਨਾ ਛਾਪੇ ਖਾਨੇ ਸਨ, ਨਾ ਅਖ਼ਬਾਰ ਤੇ ਰਸਾਲੇ ਪ੍ਰਕਾਸ਼ਤ ਹੁੰਦੇ ਸਨ, ਨਾ ਕਿਤਾਬਾਂ ਛਪਦੀਆਂ ਸਨ, ਨਾ ਸਫ਼ਰ ਦੀਆਂ ਉਹ ਸੁਵਿਧਾਵਾਂ ਸਨ ਜਿਹੜੀਆਂ ਅੱਜਕਲ ਉਪਲਬਧ ਹਨ।ਇੱਕ ਦੇਸ ਤੋਂ ਦੂਜੇ ਦੇਸ ਤੱਕ ਜਾਣ ਲਈ ਮਹੀਨਿਆਂ ਦਾ ਸਫ਼ਰ ਸੀ। ਇਹਨਾਂ ਹਾਲਤਾਂ ਵਿੱਚ ਦੁਨੀਆਂ ਦੇ ਵਿਚਕਾਰ ਅਰਬ ਦੇਸ ਅਲੱਗ-ਥਲਗ ਪਿਆ ਸੀ। ਇਸ ਦੇ ਗਿਰਦ ਈਰਾਨ, ਰੂਮ, ਮਿਸਰ ਦੇਸ ਸਨ ਜਿਨ੍ਹਾਂ ਵਿੱਚ ਗਿਆਨ ਤੇ ਹੁਨਰ ਦੀ ਚਰਚਾ ਸੀ। ਪਰੰਤੂ ਰੇਤ ਦੇ ਵੱਡੇ-ਵੱਡੇ ਸਮੁੰਦਰਾਂ ਨੇ ਅਰਬ ਨੂੰ ਇਹਨਾਂ ਸਭਨਾਂ ਤੋਂ ਨਿਖੇੜ ਰੱਖਿਆ ਸੀ। ਅਰਬ ਦੇ ਵਿਉਪਾਰੀ ਊਠਾਂ ਉੱਤੇ ਮਹੀਨਿਆਂ ਦਾ ਸਫਰ ਕਰਕੇ ਇਹਨਾਂ ਦੇਸਾਂ ਵਿੱਚ ਵਿਉਪਾਰ ਲਈ ਜਾਂਦੇ ਸਨ ਪਰੰਤੂ ਇਹ ਸਬੰਧ ਮਾਲ ਦੀ ਖ਼ਰੀਦ ਵੇਚ ਤਕ ਹੀ ਸੀਮਤ ਸਨ।ਖ਼ੁਦ ਅਰਬ ਵਿੱਚ ਕੋਈ ਵਧੀਆ ਕਿਸਮ ਦਾ

Scanned with CamScanner

ਆਚਾਰ-ਵਿਹਾਰ ਨਹੀਂ ਸੀ, ਨਾ ਕੋਈ ਸਕੂਲ ਸੀ, ਨਾ ਲਾਇਬਰੇਰੀ, ਨਾ ਹੀ ਲੋਕਾਂ ਵਿੱਚ ਵਿੱਦਿਆ ਨਾਲ ਲਗਾਉ ਸੀ। ਸਮੁੱਚੇ ਦੇਸ ਵਿੱਚ ਗਿਣਤੀ ਦੇ ਲੋਕ ਸਨ ਜਿਹੜੇ ਕੁਝ ਲਿਖਣਾ ਪੜ੍ਹਨਾ ਜਾਣਦੇ ਸਨ ਪਰ ਉਹ ਵੀ ਇੰਨਾ ਨਹੀਂ ਕਿ ਉਸ ਜ਼ਮਾਨੇ ਦੇ ਗਿਆਨ ਵਿਗਿਆਨ ਤੋਂ ਜਾਣੂ ਹੁੰਦੇ। ਉੱਥੇ ਕੋਈ ਬਾਕਾਇਦਾ ਹਕੂਮਤ ਵੀ ਨਹੀਂ ਸੀ। ਹਰ ਕਬੀਲਾ ਸੁਤੰਤਰ ਸੀ। ਧੜੱਲੇ ਨਾਲ ਲੁੱਟ ਮਾਰ ਹੁੰਦੀ ਸੀ। ਭਿਆਨਕ ਲੜਾਈਆਂ ਹੁੰਦੀਆਂ ਰਹਿੰਦੀਆਂ ਸਨ। ਆਦਮੀ ਦੀ ਜਾਨ ਦਾ ਕੋਈ ਮੁੱਲ ਨਹੀਂ ਸੀ। ਜਿਸ ਦਾ ਜਿਸ ਤੇ ਜ਼ੋਰ ਚਲਦਾ ਉਹਨੂੰ ਮਾਰ ਸੁੱਟਦਾ ਤੇ ਉਸ ਦੇ ਮਾਲ ਨੂੰ ਕਾਬੂ ਕਰ ਲੈਂਦਾ। ਨੈਤਿਕ ਆਚਾਰ ਵਿਹਾਰ ਦੀ ਉਹਨਾਂ ਨੂੰ ਹਵਾ ਵੀ ਨਹੀਂ ਲੱਗੀ ਸੀ। ਕੁਕਰਮ, ਸ਼ਰਾਬਖੋਰੀ ਤੇ ਜੂਏਬਾਜ਼ੀ ਦਾ ਬਜ਼ਾਰ ਗਰਮ ਸੀ। ਲੋਕ ਇੱਕ ਦੂਜੇ ਸਾਹਮਣੇ ਨਿਧੜਕ ਨਿਰਬਸਤਰ ਹੋ ਜਾਂਦੇ ਸਨ। ਇਸਤਰੀਆਂ ਤੱਕ ਨਿਰਬਸਤਰ ਹੋ ਕੇ ਖ਼ਾਨਾ ਕਾਅਬਾ ਦੀ ਪਰਿਕਰਮਾ ਕਰਦੀਆਂ ਸਨ। ਹਰਾਮ ਹਲਾਲ ਵਿੱਚ ਕੋਈ ਫਰਕ ਨਹੀਂ ਸਮਝਿਆ ਜਾਂਦਾ ਸੀ। ਅਰਬਾਂ ਦੀ ਸੁਤੰਤਰਤਾ ਇੱਥੋਂ ਤੱਕ ਪੁੱਜੀ ਹੋਈ ਸੀ ਕਿ ਕੋਈ ਵਿਅਕਤੀ ਕਿਸੇ ਨਿਯਮ , ਕਾਨੂੰਨ ਤੇ ਅਨੁਸਾਸ਼ਨ ਦੀ ਪਾਬੰਦੀ ਲਈ ਤਿਆਰ ਨਹੀਂ ਸੀ ਤੇ ਨਾ ਹੀ ਕਿਸੇ ਸ਼ਾਸ਼ਕ ਦੀ ਆਗਿਆ ਦਾ ਪਾਲਣ ਕਬੂਲ ਕਰ ਸਕਦਾ ਸੀ। ਅਗਿਆਨਤਾ ਦਾ ਇਹ ਹਾਲ ਸੀ ਕਿ ਸਾਰੀ ਕੌਮ ਪੱਥਰ ਦੇ ਬੁੱਤਾਂ ਦੀ ਪੂਜਾ ਕਰਦੀ ਸੀ। ਰਾਹ ਚਲਦੇ ਹੋਏ ਕੋਈ ਵਧੀਆ ਚਿਕਣਾ ਜਿਹਾ ਪੱਥਰ ਮਿਲ ਜਾਂਦਾ ਤਾਂ ਉਸੇ ਨੂੰ ਸਾਹਮਣੇ ਰੱਖਕੇ ਪੂਜਾ ਕਰ ਲੈਂਦੇ ਸਨ। ਭਾਵ ਇਹ ਕਿ ਜਿਹੜੀਆਂ ਗਰਦਨਾਂ ਕਿਸੇ ਦੇ ਸਾਹਮਣੇ ਨਹੀਂ ਝੁਕਦੀਆਂ ਸਨ ਉਹ ਪੱਥਰਾਂ ਦੇ ਸਾਹਮਣੇ ਝੁੱਕ ਜਾਂਦੀਆਂ ਸਨ ਅਤੇ ਸਮਝਿਆ ਇਹ ਜਾਂਦਾ ਸੀ ਕਿ ਇਹ ਪੱਥਰ ਉਹਨਾਂ ਦੀਆਂ ਲੋੜਾਂ ਦੀ ਪੂਰਤੀ ਕਰਨਗੇ।

ਅਜਿਹੀ ਕੌਮ ਤੇ ਅਜਿਹੇ ਹਾਲਾਤ ਵਿੱਚ ਇੱਕ ਵਿਅਕਤੀ ਪੈਦਾ ਹੁੰਦਾ ਹੈ। ਬਚਪਨ ਵਿੱਚ ਹੀ ਮਾਤਾ-ਪਿਤਾ ਤੇ ਦਾਦੇ ਦਾ ਸਾਇਆ ਸਿਰ ਤੋਂ ਉੱਠ ਜਾਂਦਾ ਹੈ ਇਸ ਲਈ ਇਸ ਗਈ ਗੁਜ਼ਰੀ ਹਾਲਤ ਵਿੱਚ ਜਿਹੜੀ ਤਰਬੀਅਤ ਮਿਲ ਸਕਦੀ ਸੀ ਉਹ ਵੀ ਨਹੀਂ ਮਿਲਦੀ। ਸੁਰਤ ਸੰਭਾਲਦਾ ਹੈ ਤਾਂ ਅਰਬ ਮੁੰਡਿਆਂ ਨਾਲ ਬੱਕਰੀਆਂ ਚਰਾਉਣ ਲਗਦਾ ਹੈ। ਜਵਾਨ ਹੁੰਦਾ ਹੈ ਤਾਂ ਵਿਉਪਾਰ ਵਿੱਚ ਲੱਗ ਜਾਂਦਾ ਹੈ। ਉਠਣਾ ਬੈਠਣਾ ਤੇ ਮਿਲਣਾ ਗਿਲਣਾ ਉਹਨਾਂ ਅਰਬਾਂ ਨਾਲ ਹੈ ਜਿਨ੍ਹਾਂ ਦੀ

ਹਾਲਤ ਤੁਸਾਂ ਉੱਪਰ ਪੜ੍ਹੀ ਹੈ। ਸਿੱਖਿਆ ਦਾ ਨਾਂ ਤੱਕ ਵੀ ਨਹੀਂ ਇੱਥੋਂ ਤੱਕ ਕਿ ਪੜ੍ਹਨਾ ਵੀ ਨਹੀਂ ਆਉਂਦਾ। ਇਸ ਦੇ ਬਾਵਜੂਦ ਉਸ ਦੀਆਂ ਆਦਤਾਂ, ਨੈਤਿਕ ਆਚਾਰ ਵਿਹਾਰ ਅਤੇ ਸੋਚ ਸਭ ਤੋਂ ਵੱਖਰੀ ਹੈ। ਕਦੇ ਝੂਠ ਨਹੀਂ ਬੋਲਦਾ, ਕਿਸੇ ਨੂੰ ਕੁਬੋਲ ਨਹੀਂ ਬੋਲਦਾ, ਉਸ ਦੀ ਜ਼ਬਾਨ ਵਿੱਚ ਕਠੋਰਤਾ ਦੀ ਥਾਂ ਨਿਮਰਤਾ ਹੈ ਉਹ ਵੀ ਅਜਿਹੀ ਹੈ ਕਿ ਲੋਕ ਉਸ ਦੇ ਆਸ਼ਕ ਹੋ ਜਾਂਦੇ ਹਨ। ਉਹ ਕਿਸੇ ਦਾ ਇੱਕ ਪੈਸਾ ਵੀ ਅਯੋਗ ਢੰਗ ਨਾਲ ਨਹੀਂ ਲੈਂਦਾ। ਉਹ ਦੀ ਈਮਾਨਦਾਰੀ ਦਾ ਇਹ ਹਾਲ ਹੈ ਕਿ ਲੋਕ ਆਪਣੇ ਕੀਮਤੀ ਮਾਲ ਉਸ ਕੋਲ ਸੁਰੱਖਿਆ ਲਈ ਰਖਵਾਉਂਦੇ ਹਨ ਅਤੇ ਉਹ ਹਰੇਕ ਦੇ ਮਾਲ ਦੀ ਸੁੱਰਖਿਆ ਆਪਣੀ ਜਾਨ ਵਾਂਗ ਕਰਦਾ ਹੈ। ਸਾਰੀ ਕੌਮ ਉਸ ਦੀ ਦਿਆਨਤ 'ਤੇ ਭਰੋਸਾ ਕਰਦੀ ਹੈ ਅਤੇ ਉਸ ਨੂੰ ਅਮੀਨ ਦੇ ਨਾਂ ਨਾਲ ਪੁਕਾਰਦੀ ਹੈ। ਉਹਨਾਂ ਦੀ ਲੱਜਿਆ ਦਾ ਇਹ ਹਾਲ ਹੈ ਕਿ ਸੁਰਤ ਸੰਭਾਲਣ ਪਿੱਛੋਂ ਕਿਸੇ ਨੇ ਉਹਨਾਂ ਨਿਰਬਸਤਰ ਨਹੀਂ ਦੇਖਿਆ। ਉਸ ਦੇ ਸ਼ਿਸ਼ਟਾਚਾਰ ਦਾ ਇਹ ਹਾਲ ਹੈ ਕਿ ਦੁਰਾਚਾਰੀ ਲੋਕਾਂ ਵਿੱਚ ਪਲਣ ਤੇ ਰਹਿਣ ਦੇ ਬਾਵਜੂਦ ਹਰ ਦੁਰਾਚਾਰ ਤੇ ਗੰਦਗੀ ਨੂੰ ਘ੍ਰਿਣਾ ਕਰਦਾ ਹੈ। ਉਸ ਦੇ ਹਰ ਕੰਮ ਵਿੱਚ ਸ਼ਿਸ਼ਟਾਚਾਰ ਤੇ ਪਵਿੱਤਰਤਾ ਹੈ। ਉਸਦੇ ਵਿਚਾਰ ਇੰਨੇ ਸ਼ੁੱਧ ਤੇ ਪਵਿੱਤਰ ਹਨ ਕਿ ਆਪਣੀ ਕੌਮ ਨੂੰ ਲੁੱਟ-ਮਾਰ ਕੇ ਖ਼ੂਨ ਖ਼ਰਾਬਾ ਕਰਦੇ ਦੇਖਕੇ ਦਿਲ ਦੁਖਦਾ ਹੈ ਤੇ ਉਹ ਲੜਾਈਆਂ ਸਮੇਂ ਸੰਧੀ ਤੇ ਸਮਝੌਤਾ ਕਰਾਉਣ ਦੇ ਜਤਨ ਕਰਦਾ ਹੈ। ਦਿਲ ਅਜਿਹਾ ਕੋਮਲ ਚਿੱਤ ਹੈ ਕਿ ਹਰੇਕ ਦੇ ਦੁੱਖ-ਦਰਦ ਵਿੱਚ ਸ਼ਾਮਲ ਹੁੱਦਾ ਹੈ। ਅਨਾਥਾਂ ਦੇ ਵਿਧਵਾਵਾਂ ਦੀ ਸਹਾਇਤਾ ਕਰਦਾ ਹੈ। ਭੁੱਖਿਆ ਨੂੰ ਭੋਜਨ ਕਰਾਉਂਦਾ ਹੈ। ਯਾਤਰੀਆਂ ਦੀ ਸੇਵਾ ਕਰਦਾ ਹੈ। ਉਸ ਤੋਂ ਕਿਸੇ ਨੂੰ ਦੁਖ ਨਹੀਂ ਪਹੁੰਚਦਾ ਉਹ ਆਪ ਦੂਜਿਆਂ ਲਈ ਦੁੱਖ ਉਠਾਉਂਦਾ ਹੈ। ਬੁੱਤ ਪੂਜਕਾਂ ਵਿੱਚ ਅਜਿਹੀ ਸ਼ੁੱਧ ਪ੍ਰਕਿਰਤੀ ਤੇ ਠੀਕ ਬੁੱਧੀ ਵਾਲਾ ਹੈ ਕਿ ਧਰਤੀ ਤੇ ਅਕਾਸ਼ ਵਿੱਚ ਕੋਈ ਚੀਜ਼ ਉਸ ਨੂੰ ਪੂਜਣਯੋਗ ਦਿਖਾਈ ਨਹੀਂ ਦਿੰਦੀ। ਮੂਰਤੀ ਪੂਜਾ ਨੂੰ ਘ੍ਰਿਣਾ ਕਰਦਾ ਹੈ। ਉਸ ਦਾ ਮਨ ਆਪਣੇ ਆਪ ਗਵਾਹੀ ਦਿੰਦਾ ਹੈ ਕਿ ਰੱਬ ਤਾਂ ਇੱਕੋ ਹੈ ਤੇ ਇੱਕੋ ਹੋ ਸਕਦਾ ਹੈ। ਇਸ ਉਜੱਡ ਕੌਮ ਵਿੱਚ ਇਹ ਵਿਅਕਤੀ ਵਿਲਖਣ ਦਿਖਾਈ ਦਿੰਦਾ ਹੈ। ਇੰਜ ਪ੍ਰਤੀਤ ਹੁੰਦਾ ਹੈ ਜਿਵੇਂ ਪੱਥਰਾਂ ਦੇ ਢੇਰ ਵਿੱਚ ਹੀਰਾ ਚਮਕ ਰਿਹਾ ਹੋਵੇ ਜਾਂ ਘੁੱਪ-ਹਨ੍ਹੇਰੇ ਵਿੱਚ ਇੱਕ ਦੀਵਾ ਜਗ ਰਿਹਾ ਹੋਵੇ।

ਲਗਭਗ ਚਾਲੀ ਵਰ੍ਹੇ ਤੱਕ ਅਜਿਹਾ ਪਵਿੱਤਰ, ਸਾਫ਼ ਤੇ ਸ਼ਿਸਟ ਜੀਵਨ ਬਤੀਤ ਕਰਨ ਉਪਰੰਤ ਉਸਦੇ ਜੀਵਨ ਵਿੱਚ ਇੱਕ ਕ੍ਰਾਂਤੀ ਦਾ ਅਰੰਭ ਹੁੰਦਾ ਹੈ। ਉਹ

Scanned with CamScanner

ਅੰਧਕਾਰ ਤੋਂ ਘਬਰਾ ਉਠਦਾ ਹੈ ਜਿਸਨੇ ਉਸ ਨੂੰ ਆਪਣੇ ਘੇਰੇ ਵਿੱਚ ਲੈ ਰਖਿਆ ਸੀ। ਉਹ ਅਗਿਆਨ, ਅਨੈਤਿਕਤਾ, ਦੁਰਾਚਾਰ, ਦੁਰਵਿਵਸਥਾ ਤੇ ਸ਼ਿਰਕ ਦੇ ਉਸ ਭਿਆਨਕ ਸਮੁੰਦਰ ਵਿੱਚੋਂ ਨਿੱਕਲ ਜਾਣਾ ਚਾਹੁੰਦਾ ਹੈ ਜਿਸ ਨੇ ਉਸਨੂੰ ਘੇਰਿਆ ਹੋਇਆ ਹੈ। ਉਸ ਵਾਤਾਵਰਣ ਵਿੱਚ ਉਸ ਨੂੰ ਕੋਈ ਚੀਜ ਵੀ ਆਪਣੀ ਪ੍ਰਕਿਰਤੀ ਦੇ ਅਨੁਕੂਲ ਵਿਖਾਈ ਨਹੀਂ ਦਿੰਦੀ। ਉਹ ਸਾਰਿਆਂ ਤੋਂ ਨਿਖੜਕੇ ਅਬਾਦੀ ਤੋਂ ਦੂਰ ਪਹਾੜਾਂ ਦੀ ਖੋਹ ਵਿੱਚ ਇਕਾਂਤ ਤੇ ਸ਼ਾਂਤੀਪੂਰਨ ਵਾਤਾਵਰਣ ਵਿੱਚ ਕਈ ਕਈ ਦਿਨ ਬਤੀਤ ਕਰਨ ਲੱਗਦਾ ਹੈ। ਰੋਜ਼ੇ ਰੱਖ-ਰੱਖ ਕੇ ਆਪਣੀ ਆਤਮਾ, ਹਿਰਦੇ ਤੇ ਮਨ ਨੂੰ ਵਧੇਰੇ ਪਵਿੱਤਰ ਤੇ ਸਾਫ ਕਰਦਾ ਹੈ। ਸੋਚਦਾ ਹੈ, ਸੋਚ ਵਿਚਾਰ ਕਰਦਾ ਹੈ, ਕੋਈ ਅਜਿਹੀ ਰੋਸ਼ਨੀ ਭਾਲਦਾ ਹੈ ਜਿਸ ਨਾਲ ਉਹ ਇਸ ਚਾਰੇ ਪਾਸੇ ਪਸਰੇ ਅੰਧਕਾਰ ਨੂੰ ਦੂਰ ਕਰ ਦੇਵੇ। ਅਜਿਹੀ ਸ਼ਕਤੀ ਪ੍ਰਾਪਤ ਕਰਨੀ ਚਾਹੁੰਦਾ ਹੈ ਜਿਸ ਨਾਲ ਇਸ ਵਿਗੜੀ ਹੋਈ ਦੁਨੀਆਂ ਨੂੰ ਤੋੜ-ਫੋੜ ਕੇ ਫੇਰ ਤੋਂ ਸੰਵਾਰ ਦੇਵੇ।

ਅਚਾਨਕ ਉਸਦੇ ਜੀਵਨ ਵਿੱਚ ਇੱਕ ਮਹਾਨ ਪਰੀਵਰਤਨ ਹੁੰਦਾ ਹੈ। ਇੱਕ ਦਮ ਉਸਦੇ ਹਿਰਦੇ ਵਿੱਚ ਉਹ ਰੋਸ਼ਨੀ ਆ ਜਾਂਦੀ ਹੈ ਜਿਸ ਦੀ ਉਸ ਦਾ ਸੁਭਾ ਮੰਗ ਕਰ ਰਿਹਾ ਸੀ। ਅਚਾਨਕ ਉਸ ਵਿੱਚ ਉਹ ਸ਼ਕਤੀ ਆ ਜਾਂਦੀ ਹੈ ਜਿਹੜੀ ਪਹਿਲਾਂ ਉਸ ਵਿੱਚ ਨਹੀਂ ਸੀ। ਉਹ ਗੁਫ਼ਾ ਦੀ ਇਕਾਂਤ 'ਚੋਂ ਨਿੱਕਲ ਕੇ ਆਪਣੀ ਜਾਤੀ ਦੇ ਲੋਕਾਂ ਕੋਲ ਆਉਂਦਾ ਹੈ। ਉਹਨਾਂ ਨੂੰ ਆਖਦਾ ਹੈ ਕਿ ਮੂਰਤੀਆਂ ਜਿਨ੍ਹਾਂ ਅੱਗੇ ਤੁਸੀਂ ਸੀਸ ਝੁਕਾਉਂਦੇ ਹੋ ਇਹ ਸਭ ਵਿਅਰਥ ਚੀਜ਼ਾਂ ਹਨ ਇਨ੍ਹਾਂ ਨੂੰ ਤਿਆਗ ਦਿਉ। ਕੋਈ ਵਿਅਕਤੀ, ਕੋਈ ਰੁੱਖ, ਕੋਈ ਪੱਥਰ, ਕੋਈ ਆਤਮਾ ਤੇ ਕੋਈ ਗ੍ਰਹਿ ਇਸ ਯੋਗ ਨਹੀਂ ਕਿ ਤੁਸੀਂ ਉਸ ਅੱਗੇ ਸਿਰ ਝੁਕਾਉ। ਉਸ ਦੀ ਬੰਦਗੀ ਤੇ ਪੂਜਾ ਕਰੋ। ਇਹ ਧਰਤੀ, ਇਹ ਚੰਨ, ਇਹ ਸੂਰਜ, ਇਹ ਗ੍ਰਹਿ, ਇਹ ਧਰਤੀ ਤੇ ਅਕਾਸ਼ ਦੀਆਂ ਸਮੁੱਚੀਆਂ ਵਸਤਾਂ ਇੱਕ ਰੱਬ ਦੀਆਂ ਬਣਾਈਆਂ ਹੋਈਆਂ ਹਨ। ਉਹੀ ਤੁਹਾਡਾ ਤੇ ਇਹਨਾਂ ਸਭਨਾਂ ਨੂੰ ਪੈਦਾ ਕਰਨ ਵਾਲਾ ਹੈ। ਉਹੀ ਰੋਜ਼ੀ ਦੇਣ ਵਾਲਾ ਹੈ, ਉਹੀ ਮਾਰਨ ਤੇ ਜੀਵਤ ਰੱਖਣ ਵਾਲਾ ਹੈ। ਸਭਨਾਂ ਨੂੰ ਛੱਡ ਕੇ ਉਸੇ ਦੀ ਬੰਦਗੀ ਕਰੋ, ਸਾਰਿਆਂ ਨੂੰ ਛੱਡ ਕੇ ਉਸੇ ਦਾ ਹੁਕਮ ਮੰਨੋ ਤੇ ਉਸਦੇ ਅੱਗੇ ਸੀਸ ਝੁਕਾਉ। ਇਹ ਚੋਰੀ, ਲੁੱਟ ਮਾਰ, ਹੱਤਿਆ ਤੇ ਖ਼ੂਨ-ਖ਼ਰਾਬਾ, ਅਨਿਆਂ, ਅਤਿਆਚਾਰ ਇਹ ਕੁਕਰਮ ਜਿਹੜੇ ਤੁਸੀਂ ਕਰਦੇ ਹੋ ਸਭ ਪਾਪ ਹਨ, ਇਹਨਾਂ ਨੂੰ ਛੱਡ ਦਿਉ। ਅੱਲਾਹ ਇਹਨਾਂ ਨੂੰ

Scanned with CamScanner

ਪਸੰਦ ਨਹੀਂ ਕਰਦਾ। ਸੱਚ ਬੋਲੋ, ਨਿਆਂ ਕਰੋ, ਨਾ ਕਿਸੇ ਦੀ ਜਾਨ ਲਉ, ਨਾ ਕਿਸੇ ਦਾ ਮਾਲ ਖੋਹੋ, ਜੋ ਕੁਝ ਲਉ ਹੱਕ ਦੇ ਨਾਲ ਲਉ ਤੇ ਜਿਹੜਾ ਕੁਝ ਦਿਉ ਹੱਕ ਦੇ ਨਾਲ ਦਿਉ। ਤੁਸੀਂ ਸਾਰੇ ਮਨੁੱਖ ਹੋ ਅਤੇ ਮਨੁੱਖ ਸਾਰੇ ਬਰਾਬਰ ਹਨ। ਵਡਿਆਈ ਤੇ ਸ੍ਰੇਸ਼ਠਤਾ ਵੰਸ ਤੇ ਗੋਤਰ ਵਿੱਚ ਨਹੀਂ, ਰੰਗ ਰੂਪ ਤੇ ਮਾਲ ਦੌਲਤ ਵਿੱਚ ਨਹੀਂ ਇਹ ਕੇਵਲ ਰੱਬ ਦੀ ਉਪਾਸਨਾ, ਸਦਾਚਾਰ ਤੇ ਪਵਿੱਤਰਤਾ ਵਿੱਚ ਹੈ। ਜਿਹੜਾ ਰੱਬ ਤੋਂ ਡਰਦਾ ਹੈ ਉਹ ਨੇਕ ਤੇ ਪਾਕ ਹੈ। ਉਹ ਹੀ ਉੱਤਮ ਦਰਜੇ ਦਾ ਮਨੁੱਖ ਹੈ, ਜਿਹੜਾ ਇਸ ਤਰ੍ਹਾਂ ਦਾ ਨਹੀਂ, ਉਹ ਕੁੱਝ ਵੀ ਨਹੀਂ ਹੈ। ਮਰਨ ਉਪਰੰਤ ਤੁਸੀਂ ਸਭਨਾਂ ਨੇ ਆਪਣੇ ਰੱਬ ਅੱਗੇ ਹਾਜ਼ਰ ਹੋਣਾ ਹੈ। ਹਰੇਕ ਵਿਅਕਤੀ ਆਪਣੇ ਕਰਮਾਂ ਲਈ ਰੱਬ ਅੱਗੇ ਉੱਤਰਦਾਈ ਹੈ। ਉਸ ਰੱਬ ਅੱਗੇ ਜਿਹੜਾ ਸਭ ਕੁੱਝ ਦੇਖਦਾ ਤੇ ਜਾਣਦਾ ਹੈ। ਤੁਸੀਂ ਕੋਈ ਚੀਜ਼ ਉਸ ਤੋਂ ਲੁਕਾ ਨਹੀਂ ਸਕਦੇ। ਤੁਹਾਡੇ ਜੀਵਨ ਦਾ ਕਰਮ-ਪੱਤਰ ਬਿਨਾਂ ਕਿਸੇ ਘਾਟ ਵਾਧ ਦੇ ਉਸ ਅੱਗੇ ਪੇਸ਼ ਹੋਵੇਗਾ। ਉਸੇ ਕਰਮ ਪੱਤਰ ਅਨੁਸਾਰ ਉਹ ਤੁਹਾਡੇ ਪਰਿਣਾਮ ਦਾ ਫੈਸਲਾ ਕਰੇਗਾ। ਉਸ ਸੱਚੇ ਨਿਆਕਾਰ ਕੋਲ ਨਾ ਕੋਈ ਸਿਫ਼ਾਰਸ਼ ਕੰਮ ਆਵੇਗੀ, ਨਾ ਰਿਸ਼ਵਤ ਚੱਲੇਗੀ ਨਾ ਕਿਸੇ ਦਾ ਵੰਸ਼ ਪੁੱਛਿਆ ਜਾਵੇਗਾ। ਉੱਥੇ ਕੇਵਲ ਚੰਗੇ ਕਰਮਾਂ ਤੇ ਈਮਾਨ ਦੀ ਪੁੱਛ ਹੋਵੇਗੀ। ਜਿਸ ਕੋਲ ਇਹ ਸਮਗਰੀ ਹੋਵੇਗੀ ਉਹ ਸਵਰਗ ਵਿੱਚ ਜਾਵੇਗਾ ਜਿਸ ਕੋਲ ਇਹਨਾਂ ਵਿਚੋਂ ਕੁੱਝ ਵੀ ਨਹੀਂ ਹੋਵੇਗਾ ਉਹ ਨਿਸਫਲ ਨਰਕ ਵਿੱਚ ਸੁੱਟਿਆ ਜਾਵੇਗਾ।

ਇਹ ਸੀ ਉਹ ਸੰਦੇਸ਼ ਜਿਹੜਾ ਉਹ ਗੁਫ਼ਾ 'ਚੋਂ ਲੈ ਕੇ ਨਿੱਕਲਿਆ।

ਅਗਿਆਨੀ ਕੌਮ ਨੇ ਉਸ ਭਲੇ ਆਦਮੀ ਨੂੰ ਸਿਰਫ਼ ਇਸ ਕਸੂਰ 'ਤੇ ਸਤਾਉਣਾ ਸ਼ੁਰੂ ਕਰ ਦਿੱਤਾ ਕਿ ਉਹ ਅਜਿਹੀਆਂ ਗੱਲਾਂ ਨੂੰ ਬੁਰਾ ਕਿਉਂ ਕਹਿੰਦਾ ਹੈ ਜਿਹੜੀਆਂ ਬਾਪ-ਦਾਦੇ ਦੇ ਸਮਿਆਂ ਤੋਂ ਚਲੀਆਂ ਆ ਰਹੀਆਂ ਹਨ ਅਤੇ ਉਹਨਾਂ ਗੱਲਾਂ ਦੀ ਸਿੱਖਿਆ ਕਿਉਂ ਦਿੰਦਾ ਹੈ ਜਿਹੜੀਆਂ ਪੁਰਖਿਆਂ ਦੇ ਤਰੀਕੇ ਦੇ ਵਿਰੁੱਧ ਹਨ। ਉਸ ਦੇ ਇਸੇ ਕਸੂਰ ਕਾਰਨ ਉਹ ਨੂੰ ਗਾਲਾਂ ਦਿੱਤੀਆਂ, ਪੱਥਰ ਮਾਰੇ, ਉਹਦਾ ਜਿਊਣਾ ਹਰਾਮ ਕਰ ਦਿੱਤਾ। ਉਸ ਨੂੰ ਕਤਲ ਕਰਨ ਦੀਆਂ ਗੋਂਦਾਂ ਗੁੰਦੀਆਂ, ਇੱਕ ਦੋ ਦਿਨ ਨਹੀਂ, ਇਕੱਠੇ ਤੇਰ੍ਹਾਂ ਸਾਲ ਉਸ ਉੱਪਰ ਘੋਰ ਅੱਤਿਆਚਾਰ ਕੀਤੇ ਇੱਥੋਂ ਤੱਕ ਕਿ ਉਸ ਨੂੰ ਦੇਸ ਛੱਡਣ ਲਈ ਮਜ਼ਬੂਰ ਕਰ ਦਿੱਤਾ। ਫੇਰ ਦੇਸ 'ਚੋਂ ਕੱਢ ਕੇ ਵੀ ਸਾਹ

Scanned with CamScanner

ਨਹੀਂ ਲਿਆ। ਜਿੱਥੇ ਜਾ ਕੇ ਉਸਨੇ ਸ਼ਰਣ ਲਈ ਸੀ ਉੱਥੇ ਵੀ ਵਰ੍ਹਿਆਂ ਬੱਧੀ ਤੰਗ ਕਰਦੇ ਰਹੇ।

ਇਹ ਸਾਰੇ ਕਸ਼ਟ ਉਸ ਭਲੇ ਆਦਮੀ ਨੇ ਕਿਸ ਲਈ ਉਠਾਏ? ਕੇਵਲ ਇਸ ਲਈ ਕਿ ਉਹ ਆਪਣੀ ਕੌਮ ਨੂੰ ਸਿੱਧਾ ਰਾਹ ਦਿਖਾਉਣਾ ਚਾਹੁੰਦਾ ਸੀ। ਉਸ ਦੀ ਕੌਮ ਉਹਨੂੰ ਬਾਦਸ਼ਾਹ ਬਣਾ ਦੇਣ ਲਈ ਤਿਆਰ ਸੀ। ਉਹਦੇ ਪੈਰਾਂ ਵਿੱਚ ਦੌਲਤ ਦਾ ਢੇਰ ਲਾ ਦੇਣ ਲਈ ਰਾਜ਼ੀ ਸੀ ਪਰ ਸ਼ਰਤ ਇਹ ਸੀ ਕਿ ਉਹ ਆਪਣੀ ਸਿੱਖਿਆ ਦੇ ਪ੍ਰਚਾਰ ਤੋਂ ਰੁੱਕ ਜਾਵੇ। ਪਰ ਉਸ ਨੇ ਇਹਨਾਂ ਸਾਰੇ ਉਪਹਾਰਾਂ ਨੂੰ ਠੋਕਰ ਮਾਰ ਦਿੱਤੀ ਤੇ ਆਪਣੇ ਮਿਸ਼ਨ 'ਤੇ ਡਟਿਆ ਰਿਹਾ। ਕੀ ਇਸ ਤੋਂ ਵੱਧ ਸੁਹਿਰਦਤਾ, ਤਿਆਗ ਤੇ ਮਾਨਵ ਜਾਤੀ ਪ੍ਰਤੀ ਹਮਦਰਦੀ ਦੇ ਇਸ ਤੋਂ ਵੀ ਉੱਚੇ ਕਿਸੇ ਦਰਜੇ ਦੀ ਕਲਪਨਾ ਤੁਸੀਂ ਕਰ ਸਕਦੇ ਹੋ ਕਿ ਕੋਈ ਵਿਅਕਤੀ ਆਪਣੇ ਕਿਸੇ ਲਾਭ ਲਈ ਨਹੀਂ, ਸਗੋਂ ਦੂਜਿਆਂ ਦੇ ਭਲੇ ਲਈ ਕਸ਼ਟ ਸਹਿਣ ਕਰੇ। ਜਿਨ੍ਹਾਂ ਦੀ ਭਲਾਈ ਤੇ ਕਲਿਆਣ ਲਈ ਉਹ ਜਤਨ ਕਰਦਾ ਹੈ, ਉਹੀ ਉਸ ਦੇ ਪੱਥਰ ਮਾਰਨ, ਗਾਲਾਂ ਦੇਣ, ਘਰੋਂ ਬੇ-ਘਰ ਕਰ ਦੇਣ ਤੇ ਪਰਦੇਸ ਵਿੱਚ ਵੀ ਉਸ ਦਾ ਪਿੱਛਾ ਨਾ ਛੱਡਣ ਇਹ ਸਾਰਾ ਕੁਝ ਹੋਣ ਤੇ ਵੀ ਉਹ ਉਹਨਾਂ ਦਾ ਭਲਾ ਲੋਚਣ ਤੋਂ ਨਾ ਰੁਕੇ। ਮਨੁੱਖ ਤਾਂ ਕੀ ਫ਼ਰਿਸ਼ਤੇ ਵੀ ਉਸਦੀ ਭਲਾਈ ਤੇ ਕੁਰਬਾਨ ਜਾਣ।

ਜਦੋਂ ਇਹ ਵਿਅਕਤੀ ਗੁਫ਼ਾ 'ਚੋਂ ਇਹ ਗਿਆਨ ਲੈ ਕੇ ਨਿੱਕਲਿਆ ਤਾਂ ਉਸ ਵਿੱਚ ਕਿੰਨੀ ਮਹਾਨ ਕ੍ਰਾਂਤੀ ਆ ਗਈ। ਹੁਣ ਉਹ ਅਜਿਹੀ ਅਸਚਰਜਮਈ ਬਾਣੀ ਸੁਣਾ ਰਿਹਾ ਸੀ ਜਿਸਨੂੰ ਸੁਣਕੇ ਸਾਰਾ ਅਰਬ ਹੈਰਾਨ ਰਹਿ ਗਿਆ। ਉਸ ਬਾਣੀ ਦੇ ਪ੍ਰਭਾਵ ਦੀ ਤੀਬਰਤਾ ਦਾ ਇਹ ਹਾਲ ਸੀ ਕਿ ਉਸਦੇ ਕੱਟੜ ਦੁਸ਼ਮਣ ਵੀ ਸੁਣਦੇ ਹੋਏ ਡਰਦੇ ਸਨ ਕਿ ਇਹ ਕਿਧਰੇ ਦਿਲ 'ਚ ਨਾ ਉੱਤਰ ਜਾਵੇ। ਕਲਾਮ ਦੀ ਸਰਲਤਾ, ਉਤੱਮਤਾ, ਵਰਣਨ ਸ਼ਕਤੀ ਦਾ ਇਹ ਹਾਲ ਸੀ ਕਿ ਸਾਰੀ ਅਰਬ ਜਾਤੀ ਨੂੰ ਜਿਸ ਵਿੱਚ ਮਹਾਨ ਕਵੀ, ਪਰਵਕਤਾ ਤੇ ਠੇਠ ਬੋਲੀ ਦੇ ਗਿਆਤਾ ਹੋਣ ਦੇ ਦਾਅਵੇਦਾਰ ਮੌਜੂਦ ਸਨ ਨੂੰ ਚੁਣੌਤੀ ਦਿੱਤੀ ਤੇ ਵਾਰ-ਵਾਰ ਚੁਣੌਤੀ ਦਿੱਤੀ ਕਿ ਤੁਸੀਂ ਸਾਰੇ ਮਿਲਕੇ ਇੱਕ 'ਸੂਰਤ' ਇਸ ਵਰਗੀ ਬਣਾ ਲਿਆਉ। ਕੋਈ ਵੀ ਉਸ ਦੇ ਮੁਕਾਬਲੇ ਦਾ ਸਾਹਸ ਨਾ ਕਰ ਸਕਿਆ। ਸਭ ਦੀਆਂ ਗਰਦਨਾਂ ਬੇਵਸ ਹੋ ਕੇ ਝੁਕ ਗਈਆਂ। ਅਜਿਹੀ ਉਚਕੋਟੀ ਦੀ ਬਾਣੀ ਅਰਬ ਦੇ ਕੰਨਾਂ ਨੇ ਸੁਣੀ ਹੀ ਨਹੀਂ ਸੀ।

Scanned with CamScanner

ਇੱਥੋਂ ਤੱਕ ਕਿ ਉਸ ਵਿਅਕਤੀ ਦੀ ਆਮ ਬੋਲ ਚਾਲ ਅਤੇ ਭਾਸ਼ਨਾਂ ਦੀ ਜ਼ਬਾਨ ਵੀ ਇੰਨੀ ਉਚਕੋਟੀ ਦੀ ਨਹੀਂ ਸੀ ਜਿੰਨੀ ਇਸ ਖ਼ਾਸ ਬਾਣੀ ਦੀ ਸੀ।

ਇਸ ਲਈ ਅੱਜ ਵੀ ਜਦੋਂ ਅਸੀਂ ਉਸ ਦੇ ਦੂਸਰੇ ਭਾਸ਼ਨਾਂ ਦੀ ਤੁਲਨਾ ਇਸ ਬਾਣੀ ਨਾਲ ਕਰਦੇ ਹਾਂ ਤਾਂ ਦੋਨਾਂ ਵਿੱਚ ਸਪਸ਼ਟ ਫ਼ਰਕ ਵਿਖਾਈ ਦਿੰਦਾ ਹੈ।

ਉਸ ਅਸਿੱਖਿਅਤ, ਮਾਰੂਥਲ ਵਾਸੀ ਨੇ ਸਿਆਣਪ ਤੇ ਫ਼ਿਲਾਸਫੀ ਦੀਆਂ ਅਜਿਹੀਆਂ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਜਿਹੜੀਆਂ ਨਾ ਇਸ ਤੋਂ ਪਹਿਲਾਂ ਕਿਸੇ ਨੇ ਕਹੀਆਂ ਸਨ ਅਤੇ ਨਾ ਹੀ ਕੋਈ ਇਸ ਪਿੱਛੋਂ ਕਹਿ ਸਕਿਆ।

ਉਸ ਅਸਿੱਖਿਅਤ ਨੇ ਸਦਾਚਾਰ, ਅਰਥ ਵਿਵਸਥਾ, ਸਮਾਜ, ਰਾਜਨੀਤੀ ਤੇ ਮਨੁੱਖੀ ਜੀਵਨ ਦੇ ਸਮੁੱਚੇ ਮਾਮਲਿਆਂ ਸਬੰਧੀ ਅਜਿਹੇ ਕਾਨੂੰਨ ਬਣਾਏ ਕਿ ਵੱਡੇ-ਵੱਡੇ ਵਿਦਵਾਨ ਤੇ ਬੁਧੀਮਾਨ ਸਾਲਾਂ ਬੱਧੀ ਸੋਚ-ਵਿਚਾਰ ਅਤੇ ਜੀਵਨ ਭਰ ਦੇ ਅਨੁਭਵਾਂ ਪਿੱਛੋਂ ਮੁਸ਼ਕਲ ਨਾਲ ਹੀ ਉਹਨਾਂ ਵਿਚਲੀ ਬੁੱਧੀਮੱਤਾ ਨੂੰ ਸਮਝ ਸਕਦੇ ਹਨ। ਦੁਨੀਆਂ ਦੇ ਅਨੁਭਵ ਜਿੰਨੇ ਵੱਧਦੇ ਜਾਂਦੇ ਹਨ, ਉਹਨਾਂ ਵਿਚਲੇ ਰਹੱਸ ਹੋਰ ਵਧੇਰੇ ਸਪਸ਼ਟ ਹੁੰਦੇ ਜਾਂਦੇ ਹਨ। ਤੇਰ੍ਹਾਂ ਸੌ ਸਾਲਾਂ ਤੋਂ ਵੱਧ ਸਮਾਂ ਬੀਤ ਚੁੱਕਿਆ ਹੈ, ਪਰੰਤੂ ਅੱਜ ਵੀ ਉਸ ਦੇ ਬਣਾਏ ਕਾਨੂੰਨਾਂ ਵਿੱਚ ਕਿਸੇ ਸੋਧ ਦੀ ਲੋੜ ਵਿਖਾਈ ਨਹੀਂ ਦਿੰਦੀ। ਸੰਸਾਰ ਦੇ ਕਾਨੂੰਨ ਹਜ਼ਾਰਾਂ ਵਾਰ ਬਣੇ ਤੇ ਵਿਗੜੇ ਹਰੇਕ ਪਰਖ ਵਿੱਚ ਅਸਫਲ ਰਹੇ ਅਤੇ ਹਰ ਵਾਰ ਉਹਨਾਂ ਵਿੱਚ ਸੋਧ ਕਰਨੀ ਪਈ। ਪਰੰਤੂ ਉਸ ਮਾਰੂਥਲ ਵਾਸੀ ਅਣਪੜ੍ਹ ਨੇ ਇੱਕਲਿਆਂ, ਬਿਨਾਂ ਕਿਸੇ ਦੂਜੇ ਦੀ ਸਹਾਇਤਾ ਦੇ, ਜਿਹੜੇ ਕਾਨੂੰਨ ਬਣਾ ਦਿੱਤੇ ਉਹਨਾਂ ਦੀ ਕੋਈ ਇੱਕ ਧਾਰਾ ਵੀ ਅਜਿਹੀ ਨਹੀਂ ਜਿਹੜੀ ਆਪਣੀ ਥਾਂ ਤੋਂ ਹਟਾਈ ਜਾ ਸਕਦੀ ਹੋਵੇ।

ਉਸਨੇ 23 ਵਰ੍ਹਿਆਂ ਦੇ ਸਮੇਂ ਵਿੱਚ, ਆਪਣੇ ਸਦਾਚਾਰ, ਸੱਜਣਤਾ ਤੇ ਮਨਾਂ ਨੂੰ ਜਿੱਤ ਲੈਣ ਵਾਲੀ ਸਿੱਖਿਆ ਦੇ ਜ਼ੋਰ ਨਾਲ ਦੁਸ਼ਮਣਾਂ ਨੂੰ ਮਿੱਤਰ, ਵਿਰੋਧੀਆਂ ਨੂੰ ਹਮਾਇਤੀ ਬਣਾਇਆ। ਵੱਡੀਆਂ-ਵੱਡੀਆਂ ਸ਼ਕਤੀਆਂ ਉਸ ਦੇ ਮੁਕਾਬਲੇ ਵਿੱਚ ਆਈਆਂ ਅੰਤ ਮਾਤ ਖਾ ਕੇ ਪੈਰਾਂ 'ਚ ਆ ਡਿੱਗੀਆਂ। ਉਸਨੇ ਜਦੋਂ ਜਿੱਤ ਪ੍ਰਾਪਤ ਕੀਤੀ ਤਾਂ ਕਿਸੇ ਦੁਸ਼ਮਣ ਤੋਂ ਬਦਲਾ ਨਾ ਲਿਆ। ਕਿਸੇ ਉੱਤੇ ਸਖ਼ਤੀ ਨਹੀਂ ਕੀਤੀ। ਜਿਨ੍ਹਾਂ ਨੇ ਉਸ ਦੇ ਸਕੇ ਚਾਚੇ ਨੂੰ ਕਤਲ ਕੀਤਾ ਸੀ ਤੇ ਉਸ ਦਾ ਕਲੇਜਾ ਕੱਢ ਕੇ ਚੱਬ ਗਏ ਸਨ ਉਹਨਾਂ ਨੂੰ ਵੀ ਜਿੱਤ ਪ੍ਰਾਪਤ ਕਰ ਲੈਣ ਪਿੱਛੋਂ ਬਖ਼ਸ਼ ਦਿੱਤਾ।

Scanned with CamScanner

ਉਸਨੇ ਕਦੇ ਕਿਸੇ ਨਾਲ ਧੋਖਾ ਨਹੀਂ ਕੀਤਾ। ਪ੍ਰਣ ਕਰਕੇ ਕਦੇ ਤੋੜਿਆਂ ਨਹੀਂ। ਜੰਗ ਵਿੱਚ ਵੀ ਕਿਸੇ 'ਤੇ ਵਧੀਕੀ ਨਹੀਂ ਕੀਤੀ। ਉਸਦੇ ਕੱਟੜ ਦੁਸ਼ਮਣ ਵੀ ਕਦੇ ਉਸ ਉੱਤੇ ਪਾਪ ਜਾਂ ਅਤਿਆਚਾਰ ਦਾ ਦੋਸ਼ ਨਾ ਲਗਾ ਸਕੇ। ਇਹੋ ਉਹ ਸਦਾਚਾਰ ਸੀ ਜਿਸ ਨੇ ਆਖ਼ਰ ਸਾਰੇ ਅਰਬ ਦਾ ਮਨ ਮੋਹਲਿਆ। ਫੇਰ ਉਸ ਨੇ ਆਪਣੀ ਸਿੱਖਿਆ ਤੇ ਅਗਵਾਈ ਨਾਲ ਉਹਨਾਂ ਅਰਬਾਂ ਨੂੰ ਜਿਨ੍ਹਾਂ ਦਾ ਹਾਲ ਉੱਪਰ ਪੜ੍ਹਿਆ ਜਾ ਚੁੱਕੀਆ ਹੈ, ਅਗਿਆਨਤਾ ਤੇ ਪਸ਼ੂਪੁਣੇ ਚੋਂ ਕੱਢ ਕੇ ਉੱਚ ਪੱਧਰ ਦੀ ਸੱਭਿਆ ਕੌਮ ਬਣਾ ਦਿੱਤਾ। ਉਹ ਅਰਬਾਂ ਨੂੰ ਜਿਹੜੇ ਕਿਸੇ ਕਾਨੂੰਨ ਦੀ ਪਾਬੰਦੀ ਲਈ ਤਿਆਰ ਹੀ ਨਹੀਂ ਸਨ ਅਜਿਹੇ ਕਾਨੂੰਨ ਦੀ ਪਾਲਣਾ ਕਰਨ ਵਾਲੇ ਬਣਾਇਆ ਕਿ ਦੁਨੀਆਂ ਦੇ ਇਤਿਹਾਸ ਵਿੱਚ ਕੋਈ ਕੌਮ ਉਹਨਾਂ ਵਰਗੀ ਕਾਨੂੰਨ ਦੀ ਪਾਬੰਦ ਵਿਖਾਈ ਨਹੀਂ ਦਿੰਦੀ। ਉਹ ਅਰਬ ਜਿਹੜੇ ਕਿਸੇ ਦੀ ਤਾਬੇਦਾਰੀ ਲਈ ਤਿਆਰ ਨਹੀਂ ਸਨ। ਉਸ ਨੇ ਉਹਨਾਂ ਨੂੰ ਇੱਕ ਉੱਚ ਕੋਟੀ ਦੀ ਹਕੂਮਤ ਦੇ ਤਾਬੇਦਾਰ ਬਣਾ ਦਿੱਤਾ। ਜਿਹੜੇ ਲੋਕਾਂ ਨੂੰ ਸਦਾਚਾਰ ਦੀ ਹਵਾ ਵੀ ਨਹੀਂ ਲੱਗੀ ਸੀ ਉਹਨਾਂ ਦੇ ਸਦਾਚਾਰ ਅਜਿਹੇ ਸ਼ੁੱਧ ਬਣਾ ਦਿੱਤੇ ਕਿ ਅੱਜ ਉਹਨਾਂ ਦੇ ਹਾਲਾਤ ਪੜ੍ਹਕੇ ਦੁਨੀਆਂ ਦੰਗ ਰਹਿ ਜਾਂਦੀ ਹੈ। ਉਹ ਅਰਬ ਜਿਹੜੇ ਉਸ ਸਮੇਂ ਦੁਨੀਆਂ ਦੀਆਂ ਕੌਮਾਂ ਵਿੱਚ ਸਭ ਤੋਂ ਕਮਜ਼ੋਰ ਸਨ, ਉਸ ਇਕੱਲੇ ਵਿਅਕਤੀ ਦੇ ਪ੍ਰਭਾਵ ਨਾਲ 23 ਸਾਲਾਂ ਵਿੱਚ ਇੱਕ ਦਮ ਇੰਨੇ ਜ਼ਬਰਦਸਤ ਬਣ ਗਏ ਕਿ ਉਹਨਾਂ ਈਰਾਨ, ਰੂਮ ਤੇ ਮਿਸਰ ਵਰਗੀਆਂ ਵੱਡੀਆਂ ਵਡੀਆਂ ਹਕੂਮਤਾਂ ਦੇ ਤਖ਼ਤੇ ਉਲਟਾ ਦਿੱਤੇ। ਦੁਨੀਆਂ ਨੂੰ ਸਭਿਅਤਾ ਤੇ ਸੰਸਕ੍ਰਿਤੀ, ਸਦਾਚਾਰ ਤੇ ਮਨੁੱਖਤਾ ਦਾ ਪਾਠ ਪੜ੍ਹਾਇਆ। ਇਸਲਾਮ ਦੀ ਇੱਕ ਸਿੱਖਿਆ ਤੇ ਇੱਕ ਵਿਧਾਨ ਨੂੰ ਲੈ ਕੇ ਏਸ਼ੀਆ, ਅਫ਼ਰੀਕਾ ਤੇ ਯੂਰਪ ਦੇ ਦੂਰ-ਦੁਰਾਡੇ ਖੇਤਰਾਂ ਤੱਕ ਫੈਲਦੇ ਗਏ।

ਇਹ ਤਾਂ ਉਹ ਪ੍ਰਭਾਵ ਹਨ ਜਿਹੜੇ ਅਰਬ ਜਾਤੀ ਉੱਤੇ ਪਏ। ਉਸ ਅਸਿਖਿਅਤ ਦੇ ਇਸ ਤੋਂ ਵਧੇਰੇ ਹੈਰਾਨੀਜਨਕ ਪ੍ਰਭਾਵ ਸਮੁੱਚੀ ਦੁਨੀਆਂ ਉੱਤੇ ਪਏ। ਉਸ ਨੇ ਸਮੁੱਚੇ ਸੰਸਾਰ ਦੇ ਵਿਚਾਰਾਂ, ਨੈਤਿਕਤਾ ਦੇ ਕਾਨੂੰਨਾਂ ਵਿੱਚ ਕ੍ਰਾਂਤੀ ਲਿਆ ਦਿੱਤੀ। ਉਹਨਾਂ ਨੂੰ ਤਾਂ ਛੱਡੋ ਜਿਨ੍ਹਾਂ ਨੇ ਉਹਨੂੰ ਆਪਣਾ ਆਗੂ ਮੰਨ ਲਿਆ ਹੈ। ਪਰ ਹੈਰਾਨੀ ਇਹ ਹੈ ਕਿ ਜਿਨ੍ਹਾਂ ਉਸ ਦੀ ਪੈਰਵੀ ਤੋਂ ਨਾਂਹ ਕੀਤੀ, ਜਿਹੜੇ ਉਸਦੇ ਵਿਰੋਧੀ ਸਨ ਤੇ ਉਸਦੇ ਦੁਸ਼ਮਣ ਸਨ ਉਹ ਵੀ ਉਸ ਦੇ ਪ੍ਰਭਾਵਾਂ ਤੋਂ ਬਚ ਨਾ ਸਕੇ। ਦੁਨੀਆਂ

Scanned with CamScanner

ਤੌਹੀਦ (ਇੱਕ ਈਸ਼ਵਰਵਾਦ) ਦਾ ਸਬਕ ਭੁੱਲ ਗਈ ਸੀ। ਉਸਨੇ ਇਹ ਸਬਕ ਫੇਰ ਤੋਂ ਯਾਦ ਕਰਵਾਇਆ ਅਤੇ ਅਜਿਹੇ ਪ੍ਰਭਾਵਸ਼ਾਲੀ ਢੰਗ ਨਾਲ ਯਾਦ ਕਰਵਾਇਆ ਕਿ ਅੱਜ ਬੁੱਤਾਂ ਦੇ ਪੁਜਾਰੀ ਤੇ ਮੁਸ਼ਰਕਾਂ (ਬਹੁਦੇਵਵਾਦੀਆਂ) ਦੇ ਧਰਮ ਵੀ ਤੌਹੀਦ ਦਾ ਦਾਵਾ ਕਰਨ ਲਈ ਮਜਬੂਰ ਹੋ ਗਏ ਹਨ। ਉਸ ਨੇ ਸਦਾਚਾਰ ਦੀ ਅਜਿਹੀ ਪ੍ਰਭਾਵਸ਼ਾਲੀ ਸਿੱਖਿਆ ਦਿੱਤੀ ਕਿ ਉਸ ਦੇ ਬਣਾਏ ਹੋਏ ਨਿਯਮ ਤੇ ਕਾਨੂੰਨ ਸਮੁੱਚੀ ਦੁਨੀਆਂ ਦੇ ਨੈਤਿਕ ਵਿਗਿਆਨ ਵਿੱਚ ਫੈਲ ਗਏ ਤੇ ਫੈਲਦੇ ਜਾ ਰਹੇ ਹਨ। ਉਸ ਨੇ ਕਾਨੂੰਨ, ਰਾਜਨੀਤੀ, ਸਭਿਅਤਾ ਤੇ ਸਮਾਜ ਸਬੰਧੀ ਅਜਿਹੇ ਨਿਯਮ ਦੱਸੇ ਜਿਹੜੇ ਇੰਨੇ ਸੱਚੇ ਤੇ ਪੱਕੇ ਸਨ ਕਿ ਵਿਰੋਧੀਆਂ ਨੇ ਵੀ ਉਹ ਅਪਣਾਏ ਤੇ ਅੱਜ ਤੱਕ ਅਪਣਾ ਰਹੇ ਹਨ।

ਇਹ ਵਿਅਕਤੀ ਇੱਕ ਅਸੱਭਿਆ ਜਾਤੀ ਤੇ ਇਕ ਅਜਿਹੇ ਦੇਸ ਵਿੱਚ ਪੈਦਾ ਹੋਇਆ ਸੀ ਜਿਸ ਵਿੱਚ ਅਗਿਆਨਤਾ ਦਾ ਘੋਰ ਹਨੇਰਾ ਪਸਰਿਆ ਹੋਇਆ ਸੀ। 40 ਸਾਲ ਦੀ ਉਮਰ ਤੱਕ ਉਸ ਨੇ ਪਸ਼ੂ ਚਰਾਉਣ ਤੇ ਵਿਪਾਰ ਕਰਨ ਤੋਂ ਬਿਨਾਂ ਕੋਈ ਕੰਮ ਨਹੀਂ ਕੀਤਾ ਸੀ। ਕਿਸੇ ਪ੍ਰਕਾਰ ਦੀ ਸਿੱਖਿਆ ਤੇ ਸਿਖਲਾਈ ਵੀ ਨਹੀਂ ਪ੍ਰਾਪਤ ਕੀਤੀ ਸੀ। ਪਰ ਵਿਚਾਰ ਕਰੋ ਚਾਲੀ ਸਾਲ ਦੀ ਉਮਰ ਹੋ ਜਾਣ ਤੇ ਉਸ ਵਿੱਚ ਇੱਕ ਦਮ ਇੰਨੇ ਚਮਤਕਾਰ ਕਿੱਥੋਂ ਇਕੱਠੇ ਹੋ ਗਏ ? ਕਿੱਥੋਂ ਇਸ ਕੋਲ ਅਜਿਹਾ ਗਿਆਨ ਆ ਗਿਆ ? ਕਿੱਥੋਂ ਉਸ ਵਿੱਚ ਇਹ ਸ਼ਕਤੀ ਪੈਦਾ ਹੋ ਗਈ ? ਇਕੱਲਾ ਵਿਅਕਤੀ ਹੈ ਅਤੇ ਇੱਕੋ ਵੇਲੇ ਅਦੁੱਤੀ ਸੈਨਾਪਤੀ, ਉੱਤਮ ਜੱਜ, ਨਿਪੁੰਨ ਕਾਨੂੰਨਦਾਨ ਤੇ ਫ਼ਿਲਾਸਫ਼ਰ ਹੈ। ਅਦੁੱਤੀ ਨੈਤਿਕ ਦਰਸ਼ਨ ਤੇ ਨਿਪੁੰਨ ਸੱਭਿਅਤਾ ਗਿਆਤਾ ਹੈ। ਨਿਪੁੰਨ ਅਸਚਰਜਮਈ ਰਾਜਨੀਤੀਵਾਨ ਹੈ। ਫੇਰ ਏਨੇ ਰੁਝੇਵਿਆਂ ਦੇ ਹੁੰਦਿਆਂ ਵੀ ਹੋਇਆਂ ਰਾਤਾਂ ਨੂੰ ਘੰਟਿਆਂ ਬੱਧੀ ਆਪਣੇ ਰੱਬ ਦੀ ਇਬਾਦਤ ਕਰਦਾ ਹੈ। ਆਪਣੀਆਂ ਸੁਪਤਨੀਆਂ ਤੇ ਬੱਚਿਆਂ ਦੇ ਹੱਕ ਪੂਰੇ ਕਰਦਾ ਹੈ। ਗਰੀਬਾਂ ਤੇ ਮੁਸੀਬਤ ਦੇ ਮਾਰਿਆਂ ਦੀ ਸੇਵਾ ਕਰਦਾ ਹੈ। ਇੱਕ ਮਹਾਨ ਦੇਸ਼ ਦੀ ਸੱਤਾ ਪ੍ਰਾਪਤ ਹੋ ਜਾਣ ਤੇ ਵੀ ਇੱਕ ਫ਼ਕੀਰ ਵਰਗੀ ਜ਼ਿੰਦਗੀ ਬਤੀਤ ਕਰਦਾ ਹੈ। ਚਟਾਈ ਉੱਤੇ ਸੌਂਦਾ ਹੈ, ਮਾਮੂਲੀ ਬਸਤਰ ਪਾਉਂਦਾ ਹੈ, ਗ਼ਰੀਬਾਂ ਵਰਗਾ ਭੋਜਨ ਕਰਦਾ ਹੈ ਸਗੋਂ ਕਦੇ-ਕਦੇ ਫਾਕਾ ਵੀ ਹੋ ਜਾਂਦਾ ਹੈ।

ਇਹ ਹੈਰਾਨੀਜਨਕ ਚਮਤਕਾਰ ਵਿਖਾ ਕੇ ਜੇਕਰ ਉਹ ਆਖਦਾ ਕਿ ਮੈਂ ਮਨੁੱਖ

Scanned with CamScanner

ਤੋਂ ਉਚੇਰੀ ਸ਼ਕਤੀ ਹਾਂ ਤਦ ਵੀ ਕੋਈ ਉਸ ਦੇ ਇਸ ਦਾਅਵੇ ਨੂੰ ਨਾ ਝੁਠਲਾ ਸਕਦਾ ਪਰੰਤੂ ਜਾਣਦੇ ਹੋ ਉਸਨੇ ਕੀ ਕਿਹਾ ? ਉਸਨੇ ਇਹ ਨਹੀਂ ਆਖਿਆ ਕਿ ਇਹ ਸਭ ਮੇਰੇ ਆਪਣੇ ਕਮਾਲ ਹਨ। ਉਸਨੇ ਸਦਾ ਇਹੋ ਕਿਹਾ ਕਿ ਮੇਰੇ ਕੋਲ ਆਪਣਾ ਕੁਝ ਵੀ ਨਹੀਂ ਹੈ, ਸਭ ਕੁਝ ਅੱਲਾਹ ਦਾ ਹੈ ਅਤੇ ਅੱਲਾਹ ਵੱਲੋਂ ਮਿਲਿਆ ਹੈ।ਮੈਂ ਜਿਹੜੀ ਬਾਣੀ ਪੇਸ਼ ਕੀਤੀ ਹੈ ਤੇ ਜਿਸ ਦੀ ਮਿਸਾਲ ਵੀ ਪੇਸ਼ ਕਰਨ ਤੋਂ ਦੁਨੀਆਂ ਅਸਮਰਥ, ਹੈ ਇਹ ਮੇਰੀ ਬਾਣੀ ਨਹੀਂ ਹੈ ਅਤੇ ਨਾ ਹੀ ਮੇਰੇ ਦਿਮਾਗ਼ ਦੀ ਯੋਗਤਾ ਦਾ ਸਿੱਟਾ ਹੈ। ਇਹ ਰੱਬੀ ਬਾਣੀ ਹੈ ਤੇ ਇਸ ਦੀ ਪ੍ਰਸ਼ੰਸ਼ਾ ਅੱਲਾਹ ਲਈ ਹੀ ਹੈ।ਮੇਰੇ ਜਿੰਨੇ ਕੰਮ ਹਨ, ਇਹ ਵੀ ਮੇਰੀ ਆਪਣੀ ਯੋਗਤਾ ਦਾ ਸਿੱਟਾ ਨਹੀਂ ਹਨ, ਇਹ ਸਾਰੇ ਕੇਵਲ ਅੱਲਾਹ ਦੀ ਅਗਵਾਈ ਨਾਲ ਕੀਤੇ ਗਏ ਹਨ।ਉਸ ਵੱਲੋਂ ਜਿਹੋ ਜਿਹਾ ਸੰਕੇਤ ਮਿਲਦਾ ਹੈ ਉਹੀ ਮੈਂ ਕਰਦਾ ਤੇ ਕਹਿੰਦਾ ਹਾਂ।

ਹੁਣ ਦੱਸੋ ਅਜਿਹੇ ਸਚਿਆਰ ਵਿਅਕਤੀ ਨੂੰ ਅੱਲਾਹ ਦਾ ਪੈਗ਼ੰਬਰ ਕਿਉਂ ਨਾ ਮੰਨਿਆ ਜਾਵੇ।ਉਸ ਦੇ ਕਮਾਲ ਅਜਿਹੇ ਹਨ ਕਿ ਸਾਰੀ ਦੁਨੀਆਂ ਵਿੱਚ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਇੱਕ ਵੀ ਵਿਅਕਤੀ ਉਹਨਾਂ ਵਰਗਾ ਨਹੀਂ ਮਿਲਦਾ। ਪਰੰਤੂ ਉਸ ਵਿੱਚ ਅਜਿਹਾ ਸੱਤਵਾਦ ਹੈ ਕਿ ਉਹਨਾਂ ਕਮਾਲਾਂ ਉੱਤੇ ਉਹ ਮਾਣ ਨਹੀਂ ਕਰਦਾ। ਉਹਨਾਂ ਦੀ ਪ੍ਰਸ਼ੰਸਾ ਖ਼ੁਦ ਪ੍ਰਾਪਤ ਨਹੀਂ ਕਰਦਾ ਸਗੋਂ ਜਿਸ ਨੇ ਇਹ ਸਭ ਕੁਝ ਦਿੱਤਾ ਹੈ ਸਪਸ਼ਟ ਰੂਪ ਵਿੱਚ ਉਸੇ ਦਾ ਹਵਾਲਾ ਦਿੰਦਾ ਹੈ। ਕੀ ਕਾਰਨ ਹੈ ਕਿ ਅਸੀਂ ਉਸ ਦੀ ਤਸਦੀਕ ਨਾ ਕਰੀਏ ?ਜਦੋਂ ਉਹ ਖ਼ੁਦ ਆਪਣੀਆਂ ਖ਼ੂਬੀਆਂ ਬਾਰੇ ਆਖਦਾ ਹੈ ਕਿ ਇਹ ਸਾਰੀਆਂ ਅੱਲਾਹ ਦੀਆਂ ਬਖ਼ਸ਼ੀਆਂ ਹੋਈਆਂ ਹਨ ਤਾਂ ਫੇਰ ਅਸੀਂ ਕਿਉਂ ਆਖੀਏ ਕਿ ਨਹੀਂ ਉਹ ਤੇਰੇ ਆਪਣੇ ਦਿਮਾਗ਼ ਦੀ ਉਪਜ ਹਨ ? ਝੂਠਾ ਆਦਮੀ ਤਾਂ ਦੂਜੇ ਦੀਆਂ ਖ਼ੂਬੀਆਂ ਨੂੰ ਵੀ ਆਪਣੇ ਨਾਲ ਜੋੜ ਲੈਣ ਤੋਂ ਸੰਕੋਚ ਨਹੀਂ ਕਰਦਾ। ਇਸ ਦੇ ਉਲਟ ਇਹ ਆਦਮੀ ਉਹਨਾਂ ਖ਼ੂਬੀਆਂ ਦਾ ਸਬੰਧ ਵੀ ਆਪਣੇ ਨਾਲ ਨਹੀਂ ਜੋੜਦਾ ਜਿਨ੍ਹਾਂ ਨੂੰ ਉਹ ਅਸਾਨੀ ਨਾਲ ਆਪਣੀਆਂ ਕਹਿ ਸਕਦਾ ਸੀ। ਜਿਨ੍ਹਾਂ ਦੇ ਪ੍ਰਾਪਤ ਹੋਣ ਦਾ ਸਾਧਨ ਕਿਸੇ ਨੂੰ ਵੀ ਗਿਆਤ ਨਹੀਂ ਹੋ ਸਕਦਾ ਸੀ। ਇਨ੍ਹਾਂ ਨੂੰ ਅਧਾਰ ਬਣਾ ਕੇ ਜੇਕਰ ਉਹ ਮਨੁੱਖ ਤੋਂ ਉਚੇਰੇ ਮਰਤਬੇ ਦਾ ਦਾਅਵਾ ਕਰ ਦਿੰਦਾ ਤਾਂ ਕੋਈ ਉਸ ਨੂੰ ਰੱਦ ਨਹੀਂ ਕਰ ਸਕਦਾ ਸੀ। ਫੇਰ ਦੱਸੋ ਕਿ ਉਸ ਤੋਂ ਵਧੇਰੇ ਸਚਿਆਰ ਵਿਅਕਤੀ ਕਿਹੜਾ ਹੋਵੇਗਾ।

Scanned with CamScanner

ਇਹ ਹਨ ਸਾਡੇ ਨਾਇਕ, ਸਮੁੱਚੇ ਸੰਸਾਰ ਦੇ ਪੈਗ਼ੰਬਰ ਹਜ਼ਰਤ ਮੁਹੰਮਦ (ਸ.)। ਉਹਨਾਂ ਦੀ ਪੈਗ਼ੰਬਰੀ ਦਾ ਪ੍ਰਮਾਣ ਖ਼ੁਦ ਉਹਨਾਂ ਦੀ ਸਚਾਈ ਹੈ। ਉਹਨਾਂ ਦੇ ਮਹਾਨ ਕਾਰਜ, ਉਹਨਾਂ ਦਾ ਸਦਾਚਾਰ, ਉਹਨਾਂ ਦੇ ਪਵਿੱਤਰ ਜੀਵਨ ਦੀਆਂ ਘਟਨਾਵਾਂ ਸਾਰਾ ਕੁਝ ਇਤਿਹਾਸ ਤੋਂ ਸਿੱਧ ਹਨ। ਜਿਹੜਾ ਵਿਅਕਤੀ ਸਾਫ਼ ਦਿਲ ਨਾਲ, ਸੱਚਾਈ ਤੇ ਨਿਆਂਪੂਰਵਕ ਉਹਨਾਂ ਨੂੰ ਪੜ੍ਹੇਗਾ ਉਸਦਾ ਮਨ ਖ਼ੁਦ ਸਾਖੀ ਭਰੇਗਾ ਕਿ ਉਹ ਜ਼ਰੂਰ ਅੱਲਾਹ ਦੇ ਪੈਗ਼ੰਬਰ ਹਨ। ਉਹਨਾਂ ਨੇ ਜਿਹੜਾ ਕਲਾਮ ਪੇਸ਼ ਕੀਤਾ ਉਹ ਇਹੋ ਕੁਰਆਨ ਹੈ ਜਿਸ ਨੂੰ ਤੁਸੀਂ ਪੜ੍ਹਦੇ ਹੋ। ਇਸ ਅਦੁੱਤੀ ਗ੍ਰੰਥ ਨੂੰ ਜਿਹੜਾ ਵਿਅਕਤੀ ਵੀ ਸਮਝ ਕੇ ਖੁੱਲ੍ਹੇ ਦਿਲ ਨਾਲ ਪੜ੍ਹੇਗਾ ਉਸ ਨੂੰ ਮੰਨਣਾ ਪਵੇਗਾ ਕਿ ਇਹ ਜ਼ਰੂਰ ਅੱਲਾਹ ਦੀ ਕਿਤਾਬ ਹੈ। ਕੋਈ ਵਿਅਕਤੀ ਅਜਿਹੇ ਗ੍ਰੰਥ ਦੀ ਰਚਨਾ ਨਹੀਂ ਕਰ ਸਕਦਾ।

## ਨਬੁੱਵਤ ਦੀ ਸਮਾਪਤੀ

ਹੁਣ ਤੁਹਾਨੂੰ ਜਾਣਨਾ ਚਾਹੀਦਾ ਹੈ ਕਿ ਇਸ ਸਮੇਂ ਇਸਲਾਮ ਦਾ ਸਿੱਧਾ ਸੱਚਾ ਮਾਰਗ ਪਤਾ ਕਰਨ ਦਾ ਕੋਈ ਸਾਧਨ ਹਜ਼ਰਤ ਮੁਹੰਮਦ (ਸ.) ਦੀ ਸਿੱਖਿਆ ਤੇ ਕੁਰਆਨ ਤੋਂ ਬਿਨਾਂ ਹੋਰ ਕੋਈ ਨਹੀਂ ਹੈ। ਹਜ਼ਰਤ ਮੁਹੰਮਦ (ਸ.) ਸਮੁੱਚੀ ਮਾਨਵ-ਜਾਤੀ ਦੇ ਪੈਗ਼ੰਬਰ ਹਨ। ਉਹਨਾਂ ਉੱਤੇ ਪੈਗ਼ੰਬਰੀ ਦਾ ਸਿਲਸਿਲਾ ਸਮਾਪਤ ਕਰ ਦਿੱਤਾ ਗਿਆ।[1]

## ਨਬੁੱਵਤ ਦੀ ਸਮਾਪਤੀ ਦੇ ਪ੍ਰਮਾਣ

ਪੈਗ਼ੰਬਰੀ ਦੀ ਵਾਸਤਵਿਕਤਾ ਅਸਾਂ ਤੁਹਾਨੂੰ ਉੱਪਰ ਦੱਸ ਦਿੱਤੀ ਹੈ। ਉਸ ਨੂੰ ਸਮਝਣ ਤੇ ਉਸ ਉੱਤੇ ਵਿਚਾਰ ਕਰਨ ਨਾਲ ਤੁਹਾਨੂੰ ਖ਼ੁਦ ਪਤਾ ਲੱਗ ਜਾਵੇਗਾ ਕਿ ਪੈਗ਼ੰਬਰ ਪ੍ਰਤੀਦਿਨ ਪੈਦਾ ਨਹੀਂ ਹੁੰਦੇ। ਨਾ ਇਹ ਜ਼ਰੂਰੀ ਹੈ ਕਿ ਹਰ ਇੱਕ ਜਾਤੀ ਤੇ ਹਰ ਸਮੇਂ ਇੱਕ ਪੈਗ਼ੰਬਰ ਹੋਵੇ। ਪੈਗ਼ੰਬਰ ਦਾ ਜੀਵਨ ਵਾਸਤਵ ਵਿੱਚ ਉਸਦੀ ਸਿੱਖਿਆ ਤੇ ਮਾਰਗ ਦਰਸ਼ਨ ਦਾ ਜੀਵਨ ਹੁੰਦਾ ਹੈ। ਜਦੋਂ ਤੱਕ ਉਸ ਦੀ ਸਿੱਖਿਆ

---

*ਮਾਰਗ ਦਰਸ਼ਨ ਦਾ ਜਿੰਨਾ ਪ੍ਰਬੰਧ ਕਰਨਾ ਚਾਹੁੰਦਾ ਸੀ, ਉਹ ਉਸਨੇ ਆਪਣੇ ਅੰਤਮ ਪੈਗ਼ੰਬਰ ਦੁਆਰਾ ਕਰ ਦਿੱਤਾ। ਹੁਣ ਜਿਹੜਾ ਵਿਅਕਤੀ ਸਤਿ ਦਾ ਇੱਛੁਕ ਹੋਵੇ ਅਤੇ ਰੱਬ ਦਾ ਮੁਸਲਮਾਨ। (ਆਗਿਆਕਾਰੀ ਬੰਦਾ) ਬਣਨਾ ਚਾਹੁੰਦਾ ਹੋਵੇ, ਉਸ ਦੇ ਲਈ ਜ਼ਰੂਰੀ) ਹੈ ਕਿ ਅੱਲਾਹ ਦੇ ਇਸ ਆਖ਼ਰੀ ਪੈਗ਼ੰਬਰ ਉੱਤੇ ਈਮਾਨ ਲਿਆਵੇ। ਜਿਹੜੀ ਸਿੱਖਿਆ ਉਹਨਾਂ ਦਿੱਤੀ ਹੈ ਉਸ ਨੂੰ ਮੰਨੇ ਅਤੇ ਜਿਹੜਾ ਤਰੀਕਾ ਉਹਨਾਂ ਨੇ ਦੱਸਿਆ ਹੈ ਉਸ ਉੱਤੇ ਚੱਲੇ।*

Scanned with CamScanner

ਤੇ ਮਾਰਗ-ਦਰਸ਼ਨ ਜਿਉਂਦਾ ਹੈ ਉਦੋਂ ਤੱਕ ਸਮਝੋ ਉਹ ਖ਼ੁਦ ਜਿਊਂਦਾ ਹੈ। ਪਿਛਲੇ ਪੈਗ਼ੰਬਰ ਇਸ ਹੈਸੀਅਤ ਨਾਲ ਜਿਊਂਦੇ ਨਹੀਂ ਰਹੇ ਕਿਉਂਕਿ ਜਿਹੜੀ ਸਿੱਖਿਆ ਉਹਨਾਂ ਨੇ ਦਿੱਤੀ ਸੀ ਉਸ ਨੂੰ ਦੁਨੀਆਂ ਨੇ ਬਦਲ ਸੁੱਟਿਆ। ਜਿਹੜੇ ਗ੍ਰੰਥ ਉਹ ਲਿਆਏ ਸਨ ਉਹਨਾਂ ਵਿਚੋਂ ਇੱਕ ਵੀ ਅੱਜ ਆਪਣੇ ਅਸਲੀ ਰੂਪ ਵਿੱਚ ਮੌਜੂਦ ਨਹੀਂ ਹੈ। ਖ਼ੁਦ ਉਹਨਾਂ ਨੂੰ ਮੰਨਣ ਵਾਲੇ ਵੀ ਇਹ ਦਾਅਵਾ ਨਹੀਂ ਕਰ ਸਕਦੇ ਕਿ ਸਾਡੇ ਕੋਲ ਸਾਡੇ ਪੈਗ਼ੰਬਰਾਂ ਦੇ ਦਿੱਤੇ ਹੋਏ ਮੂਲ ਗ੍ਰੰਥ ਮੌਜੂਦ ਹਨ। ਉਹਨਾਂ ਨੇ ਆਪਣੇ ਪੈਗ਼ੰਬਰਾਂ ਦੇ ਜੀਵਨ ਚਰਿੱਤਰ ਵੀ ਭੁਲਾ ਦਿੱਤੇ। ਪਿਛਲੇ ਪੈਗ਼ੰਬਰਾਂ ਵਿੱਚੋਂ ਕਿਸੇ ਇੱਕ ਦੀ ਵੀ ਸਹੀ ਤੇ ਪ੍ਰਮਾਣਤ ਜੀਵਨ ਗਾਥਾ ਅੱਜ ਕਿਧਰੇ ਨਹੀਂ ਮਿਲਦੀ। ਇਹ ਵੀ ਭਰੋਸੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਉਹ ਕਿਹੜੇ ਯੁੱਗ ਵਿੱਚ ਪੈਦਾ ਹੋਏ? ਕਿੱਥੇ ਪੈਦਾ ਹੋਏ? ਕਿਹੜੇ ਕੰਮ ਉਹਨਾਂ ਕੀਤੇ? ਕਿਸ ਤਰ੍ਹਾਂ ਜੀਵਨ ਬਤੀਤ ਕੀਤਾ? ਕਿਹੜੀਆਂ ਗੱਲਾਂ ਦੀ ਸਿੱਖਿਆ ਦਿੱਤੀ? ਕਿਹੜੀਆਂ ਗੱਲਾਂ ਤੋਂ ਰੋਕਿਆ? ਇਹੋ ਉਹਨਾਂ ਦੀ ਮੌਤ ਹੈ। ਇਸ ਹੈਸੀਅਤ ਨਾਲ ਉਹ ਜਿਊਂਦੇ ਨਹੀਂ ਪਰੰਤੂ ਹਜ਼ਰਤ ਮੁਹੰਮਦ (ਸ.) ਜੀਵਤ ਹਨ ਕਿਉਂਕਿ ਉਹਨਾਂ ਦੀ ਸਿੱਖਿਆ ਤੇ ਮਾਰਗ-ਦਰਸ਼ਨ ਜੀਵਤ ਹਨ। ਜਿਹੜਾ ਕੁਰਆਨ ਉਹਨਾਂ ਨੇ ਦਿੱਤਾ ਸੀ, ਉਹ ਆਪਣੇ ਮੂਲ ਸ਼ਬਦਾਂ ਵਿੱਚ ਅੱਜ ਵੀ ਮੌਜੂਦ ਹੈ। ਉਸ ਵਿੱਚ ਇੱਕ ਅੱਖਰ, ਇੱਕ ਬਿੰਦੂ ਅਤੇ ਇੱਕ ਮਾਤਰਾ ਦਾ ਵੀ ਅੰਤਰ ਨਹੀਂ ਹੋਇਆ। ਉਹਨਾਂ ਦੇ ਜੀਵਨ ਦੇ ਤੌਰ ਤਰੀਕੇ, ਉਹਨਾਂ ਦੇ ਵਚਨ, ਉਹਨਾਂ ਦੇ ਕੰਮ ਸਾਰੇ ਸੁਰੱਖਿਅਤ ਹਨ। 1400 ਸਾਲ ਤੋਂ ਵੱਧ ਸਮਾਂ ਬੀਤ ਜਾਣ ਪਿੱਛੋਂ ਵੀ ਇਤਿਹਾਸ ਵਿੱਚ ਉਹਨਾਂ ਦਾ ਚਿੱਤਰ ਅਜਿਹਾ ਸਪਸ਼ਟ ਵਿਖਾਈ ਦਿੰਦਾ ਹੈ ਜਿਵੇਂ ਕਿ ਅਸੀਂ ਖ਼ੁਦ ਉਹਨਾਂ ਨੂੰ ਦੇਖ ਰਹੇ ਹੋਈਏ। ਸੰਸਾਰ ਦੇ ਕਿਸੇ ਵੀ ਵਿਅਕਤੀ ਦਾ ਜੀਵਨ ਇੰਨਾ ਸੁਰੱਖਿਅਤ ਨਹੀਂ ਜਿੰਨਾ ਆਪ ਦਾ ਜੀਵਨ ਸੁਰੱਖਿਅਤ ਹੈ। ਅਸੀਂ ਆਪਣੇ ਜੀਵਨ ਦੇ ਹਰ ਮਾਮਲੇ ਵਿੱਚ ਹਰ ਸਮੇਂ ਆਪਦੇ ਜੀਵਨ ਤੋਂ ਸਿੱਖਿਆ ਗ੍ਰਹਿਣ ਕਰ ਸਕਦੇ ਹਾਂ। ਇਹੋ ਇਸ ਗੱਲ ਦਾ ਪ੍ਰਮਾਣ ਹੈ ਕਿ ਆਪ ਪਿੱਛੋਂ ਕਿਸੇ ਹੋਰ ਪੈਗ਼ੰਬਰ ਦੀ ਜ਼ਰੂਰਤ ਨਹੀਂ।

ਇੱਕ ਪੈਗ਼ੰਬਰ ਪਿੱਛੋਂ ਦੂਜਾ ਪੈਗ਼ੰਬਰ ਆਉਣ ਦੇ ਤਿੰਨ ਕਾਰਨ ਹੋ ਸਕਦੇ ਹਨ—

(1) ਜਾਂ ਤਾਂ ਪਹਿਲੇ ਪੈਗ਼ੰਬਰ ਦੀ ਸਿੱਖਿਆ ਤੇ ਮਾਰਗ ਦਰਸ਼ਨ ਮਿਟ ਗਿਆ ਹੋਵੇ, ਉਸ ਨੂੰ ਫੇਰ ਤੋਂ ਪੇਸ਼ ਕਰਨ ਦੀ ਜ਼ਰੂਰਤ ਹੋਵੇ।

Scanned with CamScanner

(2) ਜਾਂ ਪਹਿਲੇ ਪੈਗ਼ੰਬਰ ਦੀ ਸਿੱਖਿਆ ਪੂਰੀ ਨਾ ਹੋਵੇ, ਉਸ ਵਿੱਚ ਸੋਧ ਜਾਂ ਕੁਝ ਵਧਾਉਣ ਦੀ ਜ਼ਰੂਰਤ ਹੋਵੇ।

(3) ਜਾਂ ਪਹਿਲੇ ਪੈਗ਼ੰਬਰ ਦੀ ਸਿੱਖਿਆ ਕਿਸੇ ਜਾਤੀ ਵਿਸ਼ੇਸ਼ ਤੱਕ ਸੀਮਤ ਹੋਵੇ, ਦੂਜੀਆਂ ਜਾਤੀਆਂ ਜਾਂ ਜਾਤੀ ਲਈ ਦੂਜੇ ਪੈਗ਼ੰਬਰ ਦੀ ਜ਼ਰੂਰਤ ਹੋਵੇ।[1]

ਇਹ ਤਿੰਨੇ ਕਾਰਨ ਹੁਣ ਬਾਕੀ ਨਹੀਂ ਹਨ।

(1) ਹਜ਼ਰਤ ਮੁਹੰਮਦ (ਸ.) ਦੀ ਸਿੱਖਿਆ ਤੇ ਮਾਰਗ ਦਰਸ਼ਨ ਜੀਵਤ ਹੈ। ਉਹ ਸਾਧਨ ਪੂਰਨ ਸੁਰੱਖਿਅਤ ਹਨ ਜਿਨ੍ਹਾਂ ਤੋਂ ਹਰ ਸਮੇਂ ਇਹ ਪਤਾ ਕੀਤਾ ਜਾ ਸਕਦਾ ਹੈ ਕਿ ਹਜ਼ਰਤ ਮੁਹੰਮਦ (ਸ.) ਦਾ ਧਰਮ ਕੀ ਸੀ ? ਕਿਹੜਾ ਮਾਰਗ ਦਰਸ਼ਨ ਤੇ ਆਦੇਸ਼ ਆਪ ਲੈ ਕੇ ਆਏ ਸਨ ? ਜੀਵਨ ਦੇ ਕਿਹੜੇ ਤਰੀਕੇ ਨੂੰ ਆਪ ਨੇ ਪ੍ਰਚਲਤ ਕੀਤਾ ? ਕਿਹੜੇ ਤਰੀਕਿਆਂ ਨੂੰ ਆਪਨੇ ਖਤਮ ਕਰਨ ਤੇ ਬੰਦ ਕਰਨ ਦੀ ਕੋਸ਼ਿਸ਼ ਕੀਤੀ ? ਬਸ ਜਦੋਂ ਆਪ ਦਾ ਮਾਰਗ ਦਰਸ਼ਨ ਤੇ ਸਿੱਖਿਆ ਮਿਟੀ ਹੀ ਨਹੀਂ ਤਾਂ ਉਸਨੂੰ ਨਵੇਂ ਸਿਰੇ ਤੋਂ ਪੇਸ਼ ਕਰਨ ਲਈ ਕਿਸੇ ਨਬੀ ਦੇ ਆਉਣ ਦੀ ਜ਼ਰੂਰਤ ਨਹੀਂ। (2) ਹਜ਼ਰਤ ਮੁਹੰਮਦ (ਸ.) ਰਾਹੀਂ ਸੰਸਾਰ ਨੂੰ ਇਸਲਾਮ ਦੀ ਮੁਕੰਮਲ ਸਿੱਖਿਆ ਦਿੱਤੀ ਜਾ ਚੁੱਕੀ ਹੈ। ਹੁਣ ਨਾ ਇਸ ਵਿੱਚ ਕੁੱਝ ਘਟਾਉਣ ਵਧਾਉਣ ਦੀ ਜ਼ਰੂਰਤ ਹੈ ਅਤੇ ਨਾ ਹੀ ਕੋਈ ਅਜਿਹਾ ਦੋਸ਼ ਬਾਕੀ ਰਹਿ ਗਿਆ ਹੈ ਜਿਸ ਨੂੰ ਦੂਰ ਕਰਨ ਲਈ ਕਿਸੇ ਨਬੀ ਦੇ ਆਉਣ ਦੀ ਲੋੜ ਹੋਵੇ। ਇਸ ਲਈ ਦੂਜਾ ਕਾਰਨ ਵੀ ਨਹੀਂ ਰਿਹਾ।

(3) ਹਜ਼ਰਤ ਮੁਹੰਮਦ (ਸ.) ਕਿਸੇ ਵਿਸ਼ੇਸ ਜਾਤੀ ਲਈ ਨਹੀਂ ਸਗੋਂ ਸਮੁੱਚੇ ਜਗਤ ਲਈ ਨਬੀ ਬਣਾ ਕੇ ਭੇਜੇ ਗਏ ਹਨ। ਸਾਰੇ ਮਾਨਵਾਂ ਲਈ ਆਪਦੀ ਸਿੱਖਿਆ ਕਾਫ਼ੀ ਹੈ। ਇਸ ਲਈ ਹੁਣ ਕਿਸੇ ਵਿਸ਼ੇਸ਼ ਜਾਤੀ ਲਈ ਅਲੱਗ ਕਿਸੇ ਨਬੀ ਦੇ ਆਉਣ ਦੀ ਜ਼ਰੂਰਤ ਨਹੀਂ ਹੈ। ਇੰਜ ਤੀਜਾ ਕਾਰਨ ਵੀ ਬਾਕੀ ਨਹੀਂ ਰਿਹਾ।

ਇਸੇ ਲਈ ਹਜ਼ਰਤ ਮੁਹੰਮਦ (ਸ.) ਨੂੰ 'ਖਾਤਮੁੰਨਬੀਈਨ' (ਨਬੀਆਂ ਦੇ ਸਮਾਪਕ) ਕਿਹਾ ਗਿਆ ਹੈ। ਅਰਥਾਤ ਨਬੀਆਂ ਦੇ ਸਿਲਸਿਲੇ ਨੂੰ ਸਮਾਪਤ ਕਰ

---

*ਇੱਕ ਚੌਥਾ ਕਾਰਨ ਇਹ ਵੀ ਹੋ ਸਕਦਾ ਹੈ ਕਿ ਇੱਕ ਪੈਗ਼ੰਬਰ ਦੀ ਮੌਜੂਦਗੀ ਵਿੱਚ ਉਸ ਦੀ ਸਹਾਇਤਾ ਲਈ ਦੂਜਾ ਪੈਗ਼ੰਬਰ ਭੇਜਿਆ ਜਾਵੇ ਪਰੰਤੂ ਅਸੀਂ ਇਸ ਦਾ ਉਲੇਖ ਇਸ ਲਈ ਨਹੀਂ ਕੀਤਾ ਕਿ ਕੁਰਆਨ ਮਜੀਦ ਵਿੱਚ ਇਸ ਦੀਆਂ ਕੇਵਲ ਦੋ ਮਿਸਾਲਾਂ ਦਾ ਜ਼ਿਕਰ ਹੈ ਅਤੇ ਇਹਨਾਂ ਨਿਯਮ ਤੋਂ ਹਟੀਆਂ ਮਿਸਾਲਾਂ ਤੋਂ ਇਹ ਸਿੱਟਾ ਨਹੀਂ ਕੱਢਿਆ ਜਾ ਸਕਦਾ ਕਿ ਅੱਲਾਹ ਦਾ ਸਹਾਇਕ ਪੈਗ਼ੰਬਰ ਭੇਜਣ ਦਾ ਕੋਈ ਆਮ ਨਿਯਮ ਹੈ।*

Scanned with CamScanner

ਦੇਣ ਵਾਲਾ। ਹੁਣ ਸੰਸਾਰ ਨੂੰ ਕਿਸੇ ਹੋਰ ਨਬੀ ਦੀ ਜ਼ਰੂਰਤ ਨਹੀਂ ਹੈ ਬਸ ਅਜਿਹੇ ਲੋਕਾਂ ਦੀ ਜ਼ਰੂਰਤ ਹੈ ਜਿਹੜੇ ਹਜ਼ਰਤ ਮੁਹੰਮਦ (ਸ.) ਦੇ ਤਰੀਕੇ ਉੱਤੇ ਆਪ ਵੀ ਚੱਲਣ ਤੇ ਦੂਜਿਆਂ ਨੂੰ ਵੀ ਚਲਾਉਣ। ਆਪ ਦੀਆਂ ਸਿੱਖਿਆਵਾਂ ਨੂੰ ਸਮਝਣ ਅਤੇ ਉਹਨਾਂ ਨੂੰ ਵਿਵਹਾਰ ਵਿੱਚ ਲਿਆਉਣ। ਸੰਸਾਰ ਵਿੱਚ ਉਸ ਕਾਨੂੰਨ ਤੇ ਸਿਧਾਂਤ ਦਾ ਰਾਜ ਸਥਾਪਤ ਕਰਨ ਜਿਹੜਾ ਆਪ ਲੈ ਕੇ ਆਏ ਸਨ।[1]

---

*(1) ਕੁਝ ਲੋਕਾਂ ਨੂੰ ਇਹ ਸੰਦੇਹ ਹੁੰਦਾ ਹੈ ਕਿ ਇਸਲਾਮ ਨੇ ਮਾਨਵ ਜਾਤੀ ਲਈ ਜਿਹੜੇ ਕਾਨੂੰਨ ਤੇ ਨਿਯਮ ਦਿੱਤੇ ਗਏ ਹਨ ਉਹ ਸਮੇਂ ਤੇ ਸਮੇਂ ਦੀਆਂ ਬਦਲਦੀਆਂ ਹੋਈਆਂ ਪ੍ਰਸਥਿਤੀਆਂ ਵਿੱਚ ਕਿਵੇਂ ਸਾਡਾ ਸਾਥ ਦੇ ਸਕਦੇ ਹਨ ? ਹਰ ਯੁੱਗ ਲਈ ਇੱਕ ਨਵੀਨ ਕਾਨੂੰਨ ਅਤੇ ਜ਼ਾਬਤਾ ਹੀ ਉਚਿਤ ਹੁੰਦਾ ਹੈ। ਇਹ ਤੇ ਇਸ ਤਰ੍ਹਾਂ ਦੀਆਂ ਗੱਲਾਂ ਆਮ ਕਰਕੇ ਇਉਂ ਹੀ ਆਖ ਦਿੱਤੀਆਂ ਜਾਂਦੀਆਂ ਹਨ। ਕੋਈ ਡੂੰਘੀ ਸੋਚ-ਵਿਚਾਰ ਪਿੱਛੋਂ ਨਹੀਂ ਕਹੀਆਂ ਜਾਂਦੀਆਂ। ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਸਮੇਂ ਜੇਕਰ ਕੁੱਝ ਮੌਲਿਕ ਗੱਲਾਂ ਸਾਹਮਣੇ ਰਹਿਣ ਤਾਂ ਮਨ ਵਿੱਚ ਇਸ ਤਰ੍ਹਾਂ ਦੀਆਂ ਗੱਲਾਂ ਕਦੇ ਨਹੀਂ ਆਉਂਦੀਆਂ।*

*(i) ਇਸਲਾਮ ਅੱਲਾਹ ਦਾ ਉਤਾਰਿਆ ਹੋਇਆ ਧਰਮ ਹੈ। ਅੱਲਾਹ ਦਾ ਗਿਆਨ ਪੂਰਨ ਹੈ। ਉਸ ਨੂੰ ਸਮੇਂ ਦੇ ਆਦਿ ਤੇ ਅੰਤ ਦਾ ਸਾਰਾ ਗਿਆਨ ਹੈ। ਉਹ ਜਾਣਦਾ ਹੈ ਕਿ ਮਨੁੱਖ ਨੂੰ ਕਿਨ੍ਹਾਂ ਪ੍ਰਸਥਿਤੀਆਂ ਦਾ ਸਾਹਮਣਾ ਕਰਨਾ ਪਵੇਗਾ ?*

*(ii) ਇਸਲਾਮ ਦੇ ਸਿਧਾਂਤ ਤੇ ਨਿਯਮ ਵਾਸਤਵ ਵਿੱਚ ਮਾਨਵ ਪ੍ਰਕਿਰਤੀ ਉੱਤੇ ਨਿਰਭਰ ਹਨ। ਸਮੇਂ ਦੇ ਪਰੀਵਰਤਨ ਨਾਲ ਮਾਨਵ ਪ੍ਰਕਿਰਤੀ ਵਿੱਚ ਤਬਦੀਲੀ ਨਹੀਂ ਆਉਂਦੀ।*

*(iii) ਇਹ ਗੱਲ ਸਮਝ ਲੈਣ ਦੀ ਹੈ ਕਿ ਜੀਵਨ ਦੇ ਮੌਲਿਕ ਸਿਧਾਂਤਾਂ ਤੇ ਮੌਲਿਕ ਕਦਰਾਂ ਵਿੱਚ ਕੋਈ ਅੰਤਰ ਨਹੀਂ ਆਉਂਦਾ। ਸਮੇਂ ਦੀ ਉੱਨਤੀ ਤੇ ਪਰੀਵਰਤਨ ਨਾਲ ਸਮਾਜ ਤੇ ਜੀਵਨ ਦੇ ਕੇਵਲ ਬਾਹਰੀ ਰੂਪ ਵਿੱਚ ਪਰੀਵਰਤਨ ਆ ਸਕਦਾ ਹੈ, ਜੀਵਨ ਦੇ ਮੌਲਿਕ ਤੇ ਸਥਾਈ ਤੱਤਾਂ ਵਿੱਚ ਕੋਈ ਤਬਦੀਲੀ ਨਹੀਂ ਹੁੰਦੀ। ਇਸਲਾਮ ਨੇ ਮਾਨਵ ਜੀਵਨ ਲਈ ਜਿਹੜੇ ਨਿਯਮ ਤੇ ਕਾਨੂੰਨ ਦਿੱਤੇ ਹਨ ਉਹ ਅਜਿਹੇ ਹਨ ਜਿਹੜੇ ਸਦੀਵੀ ਕੰਮ ਆਉਣ ਵਾਲੇ ਹਨ। ਮਨੁੱਖ ਆਪਣੀ ਸੂਝ ਬੂਝ ਤੋਂ ਕੰਮ ਲੈ ਕੇ ਉਹਨਾਂ ਕਿਸੇ ਵੀ ਯੁੱਗ ਅਤੇ ਕਿਸੇ ਵੀ ਵਿਕਸਤ ਤੇ ਅਵਿਕਸਤ ਸਮਾਜ ਵਿੱਚ ਲਾਗੂ ਕਰ ਸਕਦਾ ਹੈ। ਇਸਲਾਮ ਦੇ ਦਿੱਤੇ ਮੌਲਿਕ ਸਿਧਾਂਤ ਅਤੇ ਉਸਦੀਆਂ ਨਿਸ਼ਚਿਤ ਕੀਤੀਆਂ ਹੋਈਆਂ ਮੌਲਿਕ ਕਦਰਾਂ ਉਸ ਨੂੰ ਹਮੇਸ਼ਾ ਸਿੱਧੇ ਤੇ ਸੱਚੇ ਮਾਰਗ ਵੱਲ ਲੈ ਕੇ ਜਾਣਗੀਆਂ। ਇਸਲਾਮ ਮਨੁੱਖ ਦੀ ਸੂਝ-ਬੂਝ ਦਾ ਆਦਰ ਕਰਦਾ ਹੈ। ਮਨੁੱਖ ਦੇ ਮਾਨਸਿਕ ਵਿਕਾਸ ਲਈ ਇਹ ਜ਼ਰੂਰੀ ਵੀ ਸੀ ਕਿ ਮਨੁੱਖ ਨੂੰ ਆਪਣੀ ਸੂਝ-ਬੂਝ ਤੋਂ ਕੰਮ ਲੈਣ ਦਾ ਅਵਸਰ ਮਿਲਦਾ ਰਹੇ। ਮਨੁੱਖ ਆਪਣੀ ਸੂਝ-ਬੂਝ ਤੋਂ ਕੰਮ ਲੈ ਕੇ ਅੱਲਾਹ ਦੇ ਉਤਾਰੇ ਹੋਏ ਪ੍ਰਕਾਸ਼ ਨਾਲ ਹਰੇਕ ਯੁੱਗ ਅਤੇ ਹਰੇਕ ਸਮਾਜ ਵਿੱਚ ਆਪਣੇ ਲਈ ਰਾਹ ਕੱਢ ਸਕਦਾ ਹੈ।*

★★★★★

Scanned with CamScanner

# ਅਧਿਆਇ—4

## ਵਿਸਤ੍ਰਿਤ ਈਮਾਨ

ਅੱਗੇ ਚੱਲਣ ਤੋਂ ਪਹਿਲਾਂ ਤੁਹਾਨੂੰ ਇੱਕ ਵਾਰ ਫੇਰ ਉਹਨਾਂ ਜਾਣਕਾਰੀਆਂ ਦਾ ਜਾਇਜ਼ਾ ਲੈ ਲੈਣਾ ਚਾਹੀਦਾ ਹੈ ਜਿਹੜੀਆਂ ਪਿਛਲੇ ਪਾਠਾਂ ਵਿੱਚ ਪ੍ਰਾਪਤ ਕੀਤੀਆਂ ਹਨ।

(1) ਭਾਵੇਂ ਇਸਲਾਮ ਦਾ ਅਰਥ ਕੇਵਲ ਅੱਲਾਹ ਦਾ ਆਗਿਆਪਾਲਣ ਤੇ ਤਾਬੇਦਾਰੀ ਹੈ।ਪਰੰਤੂ ਅੱਲਾਹ ਦੀ ਸੱਤਾ, ਗੁਣ, ਉਸ ਦੀ ਮਰਜ਼ੀ ਅਨੁਸਾਰ ਜੀਵਨ ਬਤੀਤ ਕਰਨਾ ਦਾ ਤਰੀਕਾ, ਪਰਲੋਕ ਦੇ ਦੰਡ ਤੇ ਪੁਰਸਕਾਰ ਦਾ ਯਥਾਰਥ ਗਿਆਨ ਕੇਵਲ ਅੱਲਾਹ ਦੇ ਪੈਗ਼ੰਬਰ ਦੁਆਰਾ ਹੀ ਪ੍ਰਾਪਤ ਹੋ ਸਕਦਾ ਹੈ।ਇਸ ਲਈ ਇਸਲਾਮ ਧਰਮ ਦੀ ਵਾਸਤਵਿਕ ਪਰੀਭਾਸ਼ਾ ਇਹ ਹੋਈ ਕਿ ਪੈਗ਼ੰਬਰ ਦੀ ਸਿੱਖਿਆ ਉੱਤੇ ਈਮਾਨ ਲਿਆਉਣਾ ਅਤੇ ਉਸ ਦੇ ਦੱਸੇ ਹੋਏ ਤਰੀਕੇ ਅਨੁਸਾਰ ਅੱਲਾਹ ਦੀ ਬੰਦਗੀ ਕਰਨਾ ਹੀ ਇਸਲਾਮ ਹੈ।ਜਿਹੜਾ ਵਿਅਕਤੀ ਪੈਗ਼ੰਬਰ ਦੇ ਰਸਤੇ ਨੂੰ ਛੱਡ ਕੇ ਸਿੱਧਾ ਅੱਲਾਹ ਦਾ ਆਗਿਆਪਾਲਣ ਤੇ ਉਸਦੇ ਆਦੇਸ਼ਾਂ ਦੀ ਪਾਲਣਾ ਕਰਨ ਦਾ ਦਾਅਵਾ ਕਰੇ ਉਹ ਮੁਸਲਮਾਨ ਨਹੀਂ ਹੈ.

(2) ਪ੍ਰਾਚੀਨ ਕਾਲ ਵਿੱਚ ਅਲੱਗ-ਅਲੱਗ ਜਾਤੀਆਂ ਲਈ ਅੱਲਗ-ਅਲੱਗ ਪੈਗ਼ੰਬਰ ਆਏ ਸਨ ਅਤੇ ਇੱਕੋ ਜਾਤੀ ਵਿੱਚ ਇੱਕ ਪਿੱਛੋਂ ਦੂਜਾ ਭਾਵ ਕਈ ਪੈਗ਼ੰਬਰ ਆਇਆ ਕਰਦੇ ਸਨ।ਉਸ ਸਮੇਂ ਹਰ ਜਾਤੀ ਲਈ ਇਸਲਾਮ ਉਸ ਧਰਮ ਦਾ ਨਾਉਂ ਸੀ ਜਿਹੜਾ ਖ਼ਾਸ ਉਸੇ ਜਾਤੀ ਦੇ ਪੈਗ਼ੰਬਰ ਜਾਂ ਪੈਗ਼ੰਬਰਾਂ ਨੇ ਸਿਖਾਇਆ, ਭਾਵੇਂ ਇਸਲਾਮ ਦੀ ਵਾਸਤਵਿਕਤਾ ਹਰ ਦੇਸ ਵਿੱਚ ਅਤੇ ਹਰ ਯੁੱਗ ਵਿੱਚ ਇੱਕੋ ਸੀ ਪਰੰਤੂ ਧਰਮ-ਵਿਧਾਨ (ਸ਼ਰੀਅਤਾਂ) ਅਰਥਾਤ ਕਾਨੂੰਨ ਤੇ ਇਬਾਦਤ (ਉਪਾਸਨਾ) ਦੇ ਤਰੀਕੇ ਕੁੱਝ ਵੱਖਰੇ ਸਨ। ਇਸ ਲਈ ਇੱਕ ਜਾਤੀ ਲਈ ਦੂਜੀ ਜਾਤੀ ਦੇ ਪੈਗ਼ੰਬਰਾਂ ਦੀ ਪੈਰਵੀ ਜ਼ਰੂਰੀ ਨਹੀਂ ਸੀ।ਭਾਵੇਂ ਈਮਾਨ ਸਾਰਿਆਂ ਉੱਤੇ ਲਿਆਉਣਾ ਜ਼ਰੂਰੀ ਸੀ।



Scanned with CamScanner

(3) ਹਜ਼ਰਤ ਮੁਹੰਮਦ (ਸ.) ਜਦੋਂ ਨਬੀ ਬਣਾ ਕੇ ਭੇਜੇ ਗਏ ਤਾਂ ਆਪ ਦੁਆਰਾ ਇਸਲਾਮ ਦੀ ਸਿੱਖਿਆ ਨੂੰ ਪੂਰਨ ਕਰ ਦਿੱਤਾ ਗਿਆ ਅਤੇ ਸੰਪੂਰਨ ਸੰਸਾਰ ਲਈ ਇੱਕੋ ਧਰਮ-ਵਿਧਾਨ ਭੇਜ ਦਿੱਤਾ ਗਿਆ। ਆਪ ਦੀ 'ਨਬੁੱਵਤ' (ਪੈਗ਼ੰਬਰੀ) ਕਿਸੇ ਵਿਸ਼ੇਸ ਜਾਤੀ ਜਾਂ ਦੇਸ ਲਈ ਨਹੀਂ ਸਗੋਂ ਆਦਮ ਦੀ ਸੁਮੱਚੀ ਸੰਤਾਨ ਲਈ ਹੈ ਅਤੇ ਸਦਾ ਲਈ ਹੈ। ਇਸਲਾਮ ਦੇ ਜਿਹੜੇ ਧਰਮ-ਵਿਧਾਨ ਪਿਛਲੇ ਪੈਗ਼ੰਬਰਾਂ ਨੇ ਪੇਸ਼ ਕੀਤੇ ਸਨ ਉਹ ਸਾਰੇ ਹਜ਼ਰਤ ਮੁਹੰਮਦ (ਸ.) ਦੇ ਆਉਣ ਪਿੱਛੋਂ ਖ਼ਤਮ ਕਰ ਦਿੱਤੇ ਗਏ। ਹੁਣ ਨਾ ਕਿਆਮਤ ਤੱਕ ਕੋਈ ਨਬੀ ਆਉਣ ਵਾਲਾ ਹੈ ਅਤੇ ਨਾ ਕੋਈ ਦੂਸਰਾ ਧਰਮ ਵਿਧਾਨ ਰੱਬ ਵੱਲੋਂ ਉਤਰਨ ਵਾਲਾ ਹੈ। ਇਸ ਲਈ ਹੁਣ ਇਸਲਾਮ ਕੇਵਲ ਹਜ਼ਰਤ ਮੁਹੰਮਦ (ਸ.) ਦੇ ਅਨੁਸਰਨ ਦਾ ਨਾਂ ਹੈ। ਆਪਦੀ ਪੈਗ਼ੰਬਰੀ ਨੂੰ ਮੰਨਣਾ ਤੇ ਆਪ ਉੱਤੇ ਵਿਸ਼ਵਾਸ ਕਰਕੇ ਉਹਨਾਂ ਸਾਰੀਆਂ ਗੱਲਾਂ ਨੂੰ ਮੰਨਣਾ ਜਿਨ੍ਹਾਂ ਉੱਤੇ ਈਮਾਨ ਲਿਆਉਣ ਦੀ ਆਪ ਨੇ ਸਿੱਖਿਆ ਦਿੱਤੀ ਹੈ। ਆਪ ਦੇ ਸਾਰੇ ਆਦੇਸ਼ਾ ਨੂੰ ਅੱਲਾਹ ਦੇ ਆਦੇਸ਼ ਸਮਝ ਕੇ ਉਹਨਾਂ ਦਾ ਪਾਲਣ ਕਰਨਾ 'ਇਸਲਾਮ' ਹੈ। ਹੁਣ ਕੋਈ ਹੋਰ ਅਜਿਹਾ ਵਿਅਕਤੀ ਅੱਲਾਹ ਵੱਲੋਂ ਆਉਣ ਵਾਲਾ ਨਹੀਂ ਹੈ, ਜਿਸਨੂੰ ਮੰਨਣਾ ਮੁਸਲਮਾਨ (ਅੱਲਾਹ ਦਾ ਆਗਿਆਕਾਰੀ) ਹੋਣ ਲਈ ਜ਼ਰੂਰੀ ਹੋਵੇ ਅਤੇ ਜਿਸ ਨੂੰ ਨਾ ਮੰਨਣ ਕਾਰਨ ਆਦਮੀ ਕਾਫ਼ਰ ਹੋ ਜਾਂਦਾ ਹੋਵੇ।

ਆਉ ਹੁਣ ਤੁਹਾਨੂੰ ਦੱਸੀਏ ਕਿ ਹਜ਼ਰਤ ਮੁਹੰਮਦ (ਸ.) ਨੇ ਕਿਨ੍ਹਾਂ ਗੱਲਾਂ ਉੱਤੇ ਈਮਾਨ ਲਿਆਉਣ ਦੀ ਸਿੱਖਿਆ ਦਿੱਤੀ ਹੈ। ਉਹ ਕਿੰਨੀਆਂ ਸੱਚੀਆਂ ਗੱਲਾਂ ਹਨ ਅਤੇ ਉਹਨਾਂ ਨੂੰ ਮੰਨਣ ਨਾਲ ਆਦਮੀ ਦਾ ਦਰਜਾ ਕਿੰਨਾ ਉੱਚਾ ਹੋ ਜਾਂਦਾ ਹੈ।

## ਅੱਲਾਹ ਉੱਤੇ ਈਮਾਨ

ਹਜ਼ਰਤ ਮੁਹੰਮਦ (ਸ.) ਦੀ ਸਭ ਤੋਂ ਪਹਿਲੀ ਤੇ ਮਹੱਤਵਪੂਰਨ ਸਿੱਖਿਆ ਇਹ ਹੈ : 'ਲਾ ਇਲਾਹ ਇੱਲਲਾਹ'। ਅੱਲਾਹ ਤੋਂ ਛੁੱਟ ਕੋਈ 'ਇਲਾਹ' (ਇਸ਼ਟ) ਨਹੀਂ। ਇਹ 'ਕਲਮਾ' (ਕਥਨ) ਇਸਲਾਮ ਦੀ ਨੀਂਹ ਹੈ। ਉਹ ਚੀਜ਼ ਜਿਹੜੀ ਇੱਕ ਮੁਸਲਮਾਨ ਨੂੰ ਇੱਕ ਕਾਫ਼ਰ, ਇੱਕ ਮੁਸ਼ਰਕ ਅਤੇ ਇੱਕ ਨਾਸਤਕ ਤੋਂ ਅਲੱਗ ਕਰਦੀ ਹੈ, ਉਹ ਇਹੋ ਕਲਮਾ ਹੈ। ਇਸੇ ਕਲਮੇ ਨੂੰ ਮੰਨ ਲੈਣ ਅਤੇ ਨਾ ਮੰਨਣ ਕਾਰਨ ਮਨੁੱਖ ਤੇ ਮਨੁੱਖ ਵਿਚਕਾਰ ਭਾਰੀ ਫ਼ਰਕ ਹੋ ਜਾਂਦਾ ਹੈ। ਇਸ ਨੂੰ ਮੰਨ ਲੈਣ ਵਾਲੇ ਇੱਕ ਸਮੁਦਾਇ ਦੇ ਬਣ ਜਾਂਦੇ ਹਨ ਤੇ ਨਾ ਮੰਨਣ ਵਾਲੇ ਦੂਸਰਾ ਗਿਰੋਹ। ਇਸ ਨੂੰ ਮੰਨ ਲੈਣ ਵਾਲਿਆਂ ਲਈ ਇਸ ਲੋਕ ਤੋਂ ਪਰਲੋਕ ਤੱਕ ਉਨੱਤੀ, ਸਫਲਤਾ ਤੇ ਸਤਿਕਾਰ ਹੈ। ਇਸ ਦੇ ਉਲਟ ਇਸ ਦਾ ਇਨਕਾਰ ਕਰਨ ਵਾਲਿਆਂ ਲਈ ਨਿਰਾਸ਼ਾ, ਅਪਮਾਨ ਤੇ ਅਸਫਲਤਾ ਹੈ।

Scanned with CamScanner

ਇੰਨਾ ਵੱਡਾ ਫ਼ਰਕ ਜਿਹੜਾ ਮਨੁੱਖ ਤੇ ਮਨੁੱਖ ਵਿਚਕਾਰ ਹੋ ਜਾਂਦਾ ਹੈ ਇਹ ਕੇਵਲ ਥੋੜ੍ਹੇ ਜਿਹੇ ਸ਼ਬਦਾਂ ਨੂੰ ਉਚਾਰਨ ਦਾ ਸਿੱਟਾ ਨਹੀਂ ਹੈ। ਮੂੰਹੋਂ ਤੁਸੀਂ ਜੇ ਦਸ ਲੱਖ ਵਾਰ 'ਕੁਨੈਨ, ਕੋਨੀਨ' ਪੁਕਾਰਦੇ ਰਹੋ ਪਰ ਖਾਵੋ ਨਾ ਤਾਂ ਤੁਹਾਡਾ ਬੁਖ਼ਾਰ ਨਹੀਂ ਉੱਤਰੇਗਾ। ਬਿਲਕੁਲ ਇਸੇ ਤਰ੍ਹਾਂ ਜੇਕਰ ਮੂੰਹੋਂ 'ਲਾ ਇਲਾਹ ਇੱਲਲਾਹ' ਕਹਿ ਦਿੱਤਾ ਪਰੰਤੂ ਇਹ ਨਾ ਸਮਝੇ ਕਿ ਇਸ ਦਾ ਅਰਥ ਕੀ ਹੈ ਅਤੇ ਇਹਨਾਂ ਸ਼ਬਦਾਂ ਦਾ ਉਚਾਰਣ ਕਰਕੇ ਤੁਸੀਂ ਕਿੰਨੀ ਵੱਡੀ ਚੀਜ ਨੂੰ ਮੰਨ ਲਿਆ ਹੈ। ਇਸ ਨੂੰ ਮੰਨ ਲੈਣ ਨਾਲ ਕਿੰਨੀ ਵੱਡੀ ਜ਼ਿੰਮੇਵਾਰੀ ਤੁਹਾਡੇ ਸਿਰ ਆ ਪਈ ਹੈ ਤਾਂ ਅਜਿਹਾ ਬਿਨਾਂ ਸੋਚੇ ਸਮਝੇ ਕੀਤਾ ਉਚਾਰਨ ਕੁਝ ਵੀ ਲਾਭਦਾਇਕ ਨਹੀਂ। ਹਕੀਕਤ ਵਿੱਚ ਅੰਤਰ ਤਾਂ ਉਸ ਸਮੇਂ ਹੋਵੇਗਾ ਜਦੋਂ 'ਲਾ ਇਲਾਹ ਇੱਲਲਾਹ' ਦਾ ਅਰਥ ਤੁਹਾਡੇ ਹਿਰਦੇ 'ਚ ਬੈਠ ਜਾਵੇ। ਉਸ ਦੇ ਅਰਥ ਉੱਤੇ ਤੁਹਾਨੂੰ ਪੂਰਨ ਵਿਸ਼ਵਾਸ ਹੋ ਜਾਵੇ। ਉਸ ਦੇ ਵਿਰੁੱਧ ਜਿੰਨੇ ਵੀ ਵਿਚਾਰ ਤੇ ਧਾਰਨਾਵਾਂ ਹਨ ਉਹ ਸਾਰੀਆਂ ਤੁਹਾਡੇ ਦਿਲ ਵਿੱਚੋਂ ਨਿੱਕਲ ਜਾਣ। ਇਸ ਕਲਮੇ ਦਾ ਪ੍ਰਭਾਵ ਤੁਹਾਡੇ ਦਿਲ ਤੇ ਦਿਮਾਗ਼ ਉੱਤੇ ਘੱਟੋ ਘੱਟ ਇੰਨਾ ਡੂੰਘਾ ਹੋਵੇ, ਜਿੰਨਾ ਇਸ ਗੱਲ ਦਾ ਪ੍ਰਭਾਵ ਹੈ ਕਿ ਅੱਗ ਜਲਾ ਦੇਣ ਵਾਲੀ ਚੀਜ਼ ਹੈ ਤੇ ਜ਼ਹਿਰ ਮਾਰ ਦੇਣ ਵਾਲੀ ਚੀਜ਼ ਹੈ। ਅਰਥਾਤ ਜਿਸ ਤਰ੍ਹਾਂ ਅੱਗ ਦੀ ਵਿਸ਼ੇਸ਼ਤਾ ਉੱਤੇ ਈਮਾਨ ਤੁਹਾਨੂੰ ਚੁੱਲ੍ਹੇ ਵਿੱਚ ਹੱਥ ਪਾਉਣ ਤੋਂ ਰੋਕਦਾ ਹੈ ਅਤੇ ਜ਼ਹਿਰ ਦੀ ਵਿਸ਼ੇਸ਼ਤਾ ਉੱਤੇ ਈਮਾਨ ਤੁਹਾਨੂੰ ਜ਼ਹਿਰ ਖਾਣ ਤੋਂ ਬਚਾਉਂਦਾ ਹੈ। ਉਸੇ ਤਰ੍ਹਾਂ 'ਲਾ ਇਲਾਹ ਇੱਲਲਾਹ' ਉੱਤੇ ਈਮਾਨ ਤੁਹਾਨੂੰ ਸ਼ਿਰਕ, ਕੁਫ਼ਰ ਅਤੇ ਨਾਸਤਕਤਾ ਦੀ ਹਰ ਛੋਟੀ ਤੋਂ ਛੋਟੀ ਗੱਲ ਤੋਂ ਵੀ ਰੋਕ ਦੇਵੇ, ਚਾਹੇ ਉਹਦਾ ਸਬੰਧ ਅਕੀਦੇ ਨਾਲ ਹੋਵੇ ਚਾਹੇ ਵਿਵਹਾਰ (ਅਮਲ) ਨਾਲ।

## ਲਾ ਇਲਾਹ ਇੱਲਲਾਹ ਦਾ ਅਰਥ

ਸਭ ਤੋਂ ਪਹਿਲਾਂ ਇਹ ਸਮਝੋ ਕਿ ਇਲਾਹ ਕਿਸਨੂੰ ਆਖਦੇ ਹਨ। ਅਰਬੀ ਭਾਸ਼ਾ ਵਿੱਚ 'ਇਲਾਹ' ਦਾ ਅਰਥ ਹੈ ਇਬਾਦਤ ਯੋਗ ਅਰਥਾਤ ਅਜਿਹੀ ਸੱਤਾ ਜਿਹੜੀ ਆਪਣੀ ਮਹਿਮਾ, ਆਪਣੀ ਸ਼ਾਨ ਅਤੇ ਆਪਣੀ ਉੱਚਤਾ ਪੱਖੋਂ ਇਸ ਯੋਗ ਹੋਵੇ ਕਿ ਉਸਦੀ ਪੂਜਾ ਕੀਤੀ ਜਾਵੇ, ਬੰਦਗੀ ਤੇ ਇਬਾਦਤ ਲਈ ਉਸ ਅੱਗੇ ਸੀਸ ਝੁਕਾ ਦਿੱਤਾ ਜਾਵੇ। 'ਇਲਾਹ' ਦੇ ਅਰਥ ਵਿੱਚ ਇਹ ਭਾਵ ਵੀ ਸ਼ਾਮਲ ਹੈ ਕਿ ਉਹ ਅਪਾਰ ਸਮਰਥਾਵਾਨ ਤੇ ਸ਼ਕਤੀ ਦਾ ਅਧਿਕਾਰੀ ਹੈ ਜਿਸ ਦੇ ਵਿਸਥਾਰ ਨੂੰ ਸਮਝਣ ਵਿੱਚ ਮਾਨਵ-ਬੁੱਧੀ ਦੰਗ ਰਹਿ ਜਾਂਦੀ ਹੈ। 'ਇਲਾਹ' ਦੇ ਅਰਥ ਵਿੱਚ ਇਹ ਗੱਲ ਵੀ ਸ਼ਾਮਲ ਹੈ ਕਿ ਉਹ ਆਪ ਕਿਸੇ ਦਾ ਮੁਥਾਜ ਤੇ ਆਸ਼ਰਿਤ ਨਾ ਹੋਵੇ ਬਾਕੀ ਸਾਰੇ ਆਪਣੇ ਜੀਵਨ ਸਬੰਧੀ ਮਾਮਲਿਆਂ ਵਿੱਚ ਉਸ ਦੇ ਮੁਥਾਜ ਤੇ ਉਸ ਤੋਂ

ਸਹਾਇਤਾ ਮੰਗਣ ਲਈ ਮਜਬੂਰ ਹੋਣ।'ਇਲਾਹ' ਸ਼ਬਦ ਵਿੱਚ ਛੁਪੇ ਹੋਣ ਦਾ ਭਾਵ ਵੀ ਪਾਇਆ ਜਾਂਦਾ ਹੈ, ਅਰਥਾਤ 'ਇਲਾਹ' ਉਸਨੂੰ ਕਹਾਂਗੇ ਜਿਸਦੀਆਂ ਸ਼ਕਤੀਆਂ ਭੇਦ ਭਰੀਆਂ ਹੋਣ। ਫਾਰਸੀ ਭਾਸ਼ਾ ਵਿੱਚ 'ਖ਼ੁਦਾ' ਤੇ ਹਿੰਦੀ ਵਿੱਚ ਦੇਵਤਾ ਅਤੇ ਅੰਗਰੇਜ਼ੀ ਵਿੱਚ 'ਗਾਡ' ਦਾ ਅਰਥ ਵੀ ਇਸ ਨਾਲ ਮਿਲਦਾ ਜੁਲਦਾ ਹੈ ਅਤੇ ਸੰਸਾਰ ਦੀਆਂ ਦੂਜੀਆਂ ਭਾਸ਼ਾਵਾਂ ਵਿੱਚ ਵੀ ਇਸ ਸ਼ਬਦ ਲਈ ਵਿਸ਼ੇਸ਼ ਸ਼ਬਦ ਹਨ।

"ਅੱਲਾਹ" ਸ਼ਬਦ ਅਸਲ ਵਿੱਚ ਖ਼ੁਦਾ ਦਾ ਵਿਅਕਤੀ ਵਾਚਕ ਨਾਉਂ (ਖਾਸ ਨਾਉ) ਨਾਉਂ ਹੈ। 'ਲਾ ਇਲਾਹ ਇੱਲਲਾਹ' ਦਾ ਸ਼ਬਦ ਅਰਥ ਇਹ ਹੋਵੇਗਾ ਕਿ ਕੋਈ 'ਇਲਾਹ ਨਹੀਂ ਹੈ ਛੁੱਟ ਉਸ ਵਿਸ਼ੇਸ਼ ਸੱਤਾ ਦੇ ਜਿਸਦਾ ਨਾਂ ਅੱਲਾਹ ਹੈ। ਮਤਲਬ ਇਹ ਹੈ ਕਿ ਸਾਰੇ ਵਿਸ਼ਵ ਵਿੱਚ ਅੱਲਾਹ ਤੋਂ ਛੁੱਟ ਕੋਈ ਇੱਕ ਸੱਤਾ ਵੀ ਅਜਿਹੀ ਨਹੀਂ ਜਿਹੜੀ ਪੂਜਣਯੋਗ ਹੋਵੇ। ਉਸ ਤੋਂ ਬਿਨਾਂ ਕੋਈ ਇਹ ਹੱਕ ਨਹੀਂ ਰੱਖਦਾ ਕਿ ਇਬਾਦਤ, ਉਪਾਸਨਾ ਤੇ ਬੰਦਗੀ ਅਤੇ ਆਗਿਆਪਾਲਣ ਵਿੱਚ ਉਸ ਅੱਗੇ ਸੀਸ ਝੁਕਾਇਆ ਜਾਵੇ।ਕੇਵਲ ਉਹੀ ਇੱਕ ਸੱਤਾ ਪੂਰੇ ਵਿਸ਼ਵ ਦੀ ਮਾਲਕ ਤੇ ਹਾਕਮ ਹੈ।ਸਾਰੀਆਂ ਚੀਜ਼ਾਂ ਉਸ ਦੀਆਂ ਮੁਥਾਜ ਹਨ, ਸਾਰੀਆਂ ਉਸ ਤੋਂ ਸਹਾਇਤਾ ਲੈਣ ਲਈ ਮਜਬੂਰ ਹਨ। ਗਿਆਨ ਇੰਦਰੀਆਂ ਦੁਆਰਾ ਸੰਭਵ ਨਹੀਂ। ਉਸ ਦੀ ਸੱਤਾ ਤੇ ਵਿਅਕਤੀਤਵ ਨੂੰ ਸਮਝਣ ਵਿੱਚ ਅਕਲ ਦੰਗ ਹੈ।

## 'ਲਾ ਇਲਾਹ ਇੱਲਲੱਾਹ ਦੀ ਅਸਲੀਅਤ

ਇਹ ਤਾਂ ਕੇਵਲ ਸ਼ਬਦਾਂ ਦਾ ਅਰਥ ਸੀ।ਹੁਣ ਇਸ ਦੀ ਹਕੀਕਤ ਨੂੰ ਸਮਝਣ ਦਾ ਜਤਨ ਕਰੋ।

ਮਾਨਵ ਦੇ ਪ੍ਰਾਚੀਨ ਤੋਂ ਪ੍ਰਾਚੀਨ ਇਤਿਹਾਸ ਦੇ ਜਿਹੜੇ ਬਿਰਤਾਂਤ ਸਾਡੇ ਤੱਕ ਪਹੁੰਚੇ ਹਨ ਅਤੇ ਪ੍ਰਾਚੀਨ ਤੋਂ ਪ੍ਰਾਚੀਨ ਜਾਤੀਆਂ ਦੇ ਜਿਹੜੇ ਚਿੰਨ੍ਹ ਵੇਖੇ ਗਏ ਹਨ ਉਹਨਾਂ ਤੋਂ ਪਤਾ ਲਗਦਾ ਹੈ ਕਿ ਮਨੁੱਖ ਨੇ ਹਰ ਯੁੱਗ ਵਿੱਚ ਕਿਸੇ ਨਾ ਕਿਸੇ ਨੂੰ ਈਸ਼ (ਖ਼ੁਦਾ) ਮੰਨਿਆ ਹੈ ਅਤੇ ਕਿਸੇ ਨਾ ਕਿਸੇ ਦੀ ਇਬਾਦਤ (ਉਪਾਸਨਾ) ਜ਼ਰੂਰ ਕੀਤੀ ਹੈ।ਹੁਣ ਵੀ ਵਿਸ਼ਵ ਵਿੱਚ ਜਿੰਨੀਆਂ ਜਾਤੀਆਂ ਹਨ ਚਾਹੇ ਉਹ ਅਤਿਅੰਤ ਅਸੱਭਿਆ ਹੋਣ ਜਾਂ ਅਤਿਅੰਤ ਸੱਭਿਆ ਉਹਨਾਂ ਸਭਨਾਂ ਵਿੱਚ ਇਹ ਗੱਲ ਪਾਈ ਜਾਂਦੀ ਹੈ ਕਿ ਕਿਸੇ ਨੂੰ ਖ਼ੁਦਾ ਮੰਨ ਦੀਆਂ ਹਨ ਤੇ ਉਸਦੀ ਪੂਜਾ ਕਰਦੀਆਂ ਹਨ। ਇਸ ਤੋਂ ਪਤਾ ਲਗਦਾ ਹੈ ਕਿ ਮਨੁੱਖੀ ਸੁਭਾਅ ਵਿੱਚ ਈਸ਼ਵਰ ਦਾ ਖ਼ਿਆਲ ਬੈਠਿਆ ਹੋਇਆ ਹੈ। ਉਸ ਦੇ ਅੰਦਰ ਕੋਈ ਅਜਿਹੀ ਚੀਜ਼ ਹੈ ਜਿਹੜੀ ਉਸ ਨੂੰ ਮਜਬੂਰ ਕਰਦੀ ਹੈ ਕਿ ਕਿਸੇ ਨੂੰ ਖ਼ੁਦਾ ਮੰਨੇ ਤੇ ਉਸਦੀ ਉਪਾਸਨਾ ਕਰੇ।

ਸਵਾਲ ਉੱਠਦਾ ਹੈ ਕਿ ਉਹ ਕਿਹੜੀ ਚੀਜ਼ ਹੈ? ਤੁਸੀਂ ਖ਼ੁਦ ਆਪਣੇ

Scanned with CamScanner

ਅਸਤੀਤਵ ਉੱਤੇ ਅਤੇ ਸਾਰੇ ਮਨੁੱਖਾਂ ਦੀ ਦਸ਼ਾ ਨੂੰ ਦੇਖਕੇ ਇਸ ਪ੍ਰਸ਼ਨ ਦਾ ਉੱਤਰ ਪਤਾ ਕਰ ਸਕਦੇ ਹੋ।

ਮਨੁੱਖ ਅਸਲ ਵਿੱਚ ਬੰਦਾ (ਉਪਾਸਕ) ਹੀ ਪੈਦਾ ਹੋਇਆ ਹੈ। ਸੁਭਾਵਿਕ ਹੀ ਮੁਥਾਜ ਹੈ, ਨਿਰਬਲ ਹੈ, ਨਿਰਧਨ ਹੈ। ਅਣਗਿਣਤ ਚੀਜ਼ਾਂ ਹਨ ਜਿਹੜੀਆਂ ਉਸ ਦੇ ਵਜੂਦ ਨੂੰ ਕਾਇਮ ਰੱਖਣ ਲਈ ਜ਼ਰੂਰੀ ਹਨ ਪਰੰਤੂ ਉਸ ਨੂੰ ਉਹਨਾਂ ਉੱਤੇ ਅਧਿਕਾਰ ਪ੍ਰਾਪਤ ਨਹੀਂ ਹੈ, ਆਪਣੇ ਆਪ ਉਹ ਉਸਨੂੰ ਮਿਲਦੀਆਂ ਵੀ ਹਨ ਅਤੇ ਉਸ ਤੋਂ ਖੁਸ ਵੀ ਜਾਂਦੀਆਂ ਹਨ।

ਬਹੁਤ ਸਾਰੀਆਂ ਚੀਜ਼ਾਂ ਹਨ ਜਿਹੜੀਆਂ ਉਸ ਲਈ ਲਾਭਦਾਇਕ ਹਨ। ਉਹ ਉਹਨਾਂ ਨੂੰ ਪ੍ਰਾਪਤ ਕਰਨਾ ਚਾਹੁੰਦਾ ਹੈ ਪਰੰਤੂ ਕਦੇ ਇਹ ਉਸ ਨੂੰ ਮਿਲ ਜਾਂਦੀਆਂ ਹਨ ਅਤੇ ਕਦੇ ਨਹੀਂ ਮਿਲਦੀਆਂ, ਕਿਉਂਕਿ ਉਹਨਾਂ ਨੂੰ ਪ੍ਰਾਪਤ ਕਰਨਾ ਬਿਲਕੁਲ ਉਸ ਦੇ ਬਸ ਵਿੱਚ ਨਹੀਂ ਹੈ।

ਬਹੁਤ ਸਾਰੀਆਂ ਚੀਜ਼ਾਂ ਹਨ ਜਿਹੜੀਆਂ ਉਸ ਨੂੰ ਹਾਨੀ ਪਹੁੰਚਾਉਂਦੀਆਂ ਹਨ। ਉਸ ਦੀ ਜੀਵਨ ਭਰ ਦੀ ਮਿਹਨਤ ਨੂੰ ਪਲ ਭਰ ਵਿੱਚ ਨਸ਼ਟ ਕਰ ਦਿੰਦੀਆਂ ਹਨ। ਉਹ ਦੀਆਂ ਸੱਧਰਾਂ ਨੂੰ ਮਿੱਟੀ ਵਿੱਚ ਮਿਲਾ ਦਿੰਦੀਆਂ ਹਨ। ਉਸ ਨੂੰ ਬਿਮਾਰ ਕਰਦੀਆਂ ਹਨ ਤੇ ਬਰਬਾਦੀ ਵਿੱਚ ਪਾਉਂਦੀਆਂ ਹਨ। ਉਹ ਉਹਨਾਂ ਨੂੰ ਦੂਰ ਕਰਨਾ ਚਾਹੁੰਦਾ ਹੈ ਕਦੇ ਉਹ ਦੂਰ ਹੋ ਜਾਂਦੀਆਂ ਹਨ ਤੇ ਕਦੇ ਦੂਰ ਨਹੀਂ ਹੁੰਦੀਆਂ। ਇਸ ਤੋਂ ਉਹ ਜਾਣ ਲੈਂਦਾ ਹੈ ਕਿ ਉਹਨਾਂ ਦਾ ਆਉਣਾ ਅਤੇ ਨਾ ਆਉਣਾ ਉਸ ਦੇ ਬਸ ਵਿੱਚ ਨਹੀਂ ਹੈ।

ਬਹੁਤ ਸਾਰੀਆਂ ਚੀਜ਼ਾਂ ਹਨ ਜਿਨ੍ਹਾਂ ਦੀ ਠਾਠ-ਬਾਠ ਤੇ ਵਡਿਆਈ ਨੂੰ ਦੇਖਕੇ ਉਹ ਅਤੰਕਤ ਹੋ ਜਾਂਦਾ ਹੈ। ਪਹਾੜਾਂ ਨੂੰ ਵੇਖਦਾ ਹੈ, ਨਦੀਆਂ ਨੂੰ ਵੇਖਦਾ ਹੈ। ਬੜੇ-ਬੜੇ ਭਿਆਨਕ ਤੇ ਹਿੰਸਕ ਜਾਨਵਰਾਂ ਨੂੰ ਦੇਖਦਾ ਹੈ। ਹਵਾ ਤੇ ਤੂਫ਼ਾਨ, ਪਾਣੀ ਦੇ ਹੜ੍ਹ ਅਤੇ ਭੂਚਾਲ ਦੇਖਦਾ ਹੈ। ਬੱਦਲਾਂ ਦੀ ਗਰਜ, ਬੱਦਲਾਂ ਦੀਆਂ ਕਾਲੀਆਂ ਘਟਾਵਾਂ, ਬਿਜਲੀ ਦੀ ਕੜਕ, ਚਮਕ ਤੇ ਮੂਸਲਾਧਾਰ ਮੀਂਹ ਦੇ ਦ੍ਰਿਸ਼ ਉਸ ਦੇ ਸਾਹਮਣੇ ਆਉਂਦੇ ਹਨ। ਸੂਰਜ, ਚੰਨ ਅਤੇ ਤਾਰੇ ਉਸਨੂੰ ਗਤੀਸ਼ੀਲ ਵਿਖਾਈ ਦਿੰਦੇ ਹਨ। ਉਹ ਦੇਖਦਾ ਹੈ ਕਿ ਸਾਰੀਆਂ ਚੀਜ਼ਾਂ ਕਿੰਨੀਆਂ ਵੱਡੀਆਂ, ਕਿੰਨੀਆਂ ਸ਼ਕਤੀਸ਼ਾਲੀ, ਕਿੰਨੀਆਂ ਵਿਰਾਟ, ਕਿੰਨੀਆਂ ਸ਼ਾਨਦਾਰ ਹਨ, ਉਹਨਾਂ ਦੀ ਤੁਲਨਾ ਵਿੱਚ ਉਹ ਖ਼ੁਦ ਕਿੰਨਾ ਨਿਰਬਲ ਅਤੇ ਤੁਛ ਹੈ।

ਇਹ ਭਿੰਨ-ਭਿੰਨ ਦ੍ਰਿਸ਼ ਅਤੇ ਖ਼ੁਦ ਆਪਣੀਆਂ ਮਜਬੂਰੀਆਂ ਦੀਆਂ ਵਿਭਿੰਨ ਸਥਿਤੀਆਂ ਨੂੰ ਦੇਖਕੇ ਉਸ ਦੇ ਮਨ ਵਿੱਚ ਆਪਣੇ ਆਪ ਆਪਣੀ ਬੰਦਗੀ (ਦਾਸਤਾ)

Scanned with CamScanner

ਮੁਥਾਜੀ ਤੇ ਦੁਰਬਲਤਾ ਅਨੁਭਵ ਹੁੰਦੀ ਹੈ। ਜਦੋਂ ਇਹ ਅਨੁਭਵ ਹੁੰਦਾ ਹੈ ਤਾਂ ਇਸ ਦੇ ਨਾਲ ਹੀ ਖ਼ੁਦ ਈਸ਼ਵਰ ਦੀ ਕਲਪਨਾ ਵੀ ਉੱਭਰ ਆਉਂਦੀ ਹੈ। ਉਹ ਉਹਨਾਂ ਹੱਥਾਂ ਦਾ ਖਿਆਲ ਕਰਦਾ ਹੈ ਜਿਹੜੇ ਇੰਨੀਆਂ ਵੱਡੀਆਂ ਸ਼ਕਤੀਆਂ ਦੇ ਮਾਲਕ ਹਨ। ਉਹਨਾਂ ਦੀ ਵਡਿਆਈ ਦਾ ਅਹਿਸਾਸ ਉਸ ਨੂੰ ਬੇਬਸ ਕਰਦਾ ਹੈ ਕਿ ਉਹ ਉਹਨਾਂ ਦੀ ਇਬਾਦਤ ਵਿੱਚ ਸਿਰ ਝੁਕਾ ਦੇਵੇ। ਉਹਨਾਂ ਦੀ ਸ਼ਕਤੀ ਦਾ ਅਹਿਸਾਸ ਉਸਨੂੰ ਬੇਬਸ ਕਰਦਾ ਹੈ ਕਿ ਉਹ ਉਹਨਾਂ ਅੱਗੇ ਆਪਣੀ ਵਿਚਾਰਗੀ ਪੇਸ਼ ਕਰੇ। ਉਸ ਨੂੰ ਲਾਭ ਪਹੁੰਚਾਉਣ ਵਾਲੀਆਂ ਸ਼ਕਤੀਆਂ ਦਾ ਅਹਿਸਾਸ ਉਸ ਨੂੰ ਮਜਬੂਰ ਕਰਦਾ ਹੈ ਕਿ ਉਹ ਉਹਨਾਂ ਅੱਗੇ ਪ੍ਰੇਸ਼ਾਨੀ ਦੂਰ ਕਰਨ ਲਈ ਹੱਥ ਅੱਡੇ ਅਤੇ ਉਹਨਾਂ ਹਾਨੀ ਪਹੁੰਉਚਾਣ ਵਾਲੀਆਂ ਸ਼ਕਤੀਆਂ ਦਾ ਅਹਿਸਾਸ ਉਸ ਨੂੰ ਬੇਬਸ ਕਰਦਾ ਹੈ ਕਿ ਉਹ ਉਹਨਾਂ ਤੋਂ ਡਰੇ ਅਤੇ ਉਹਨਾਂ ਦੇ ਪ੍ਰਕੋਪ ਤੋਂ ਬਚੇ।

ਅਗਿਆਨ ਦੀ ਨਿਊਨਤਮ ਅਵਸਥਾ ਵਿੱਚ ਮਨੁੱਖ ਇਹ ਸਮਝਦਾ ਹੈ ਕਿ ਜਿਹੜੀਆਂ ਚੀਜ਼ਾਂ ਉਸ ਨੂੰ ਮਰਤਬੇ ਤੇ ਸ਼ਕਤੀ ਵਾਲੀਆਂ ਵਿਖਾਈ ਦਿੰਦੀਆਂ ਹਨ ਜਾਂ ਕਿਸੇ ਤਰ੍ਹਾਂ ਲਾਭ ਤੇ ਹਾਣ ਪਹੁੰਚਾਉਂਦੀਆਂ ਹੋਈਆਂ ਭਾਸਦੀਆਂ ਹਨ, ਇਹੋ ਖ਼ੁਦਾ ਹਨ। ਇਸੇ ਕਾਰਨ ਉਹ ਜਾਨਵਰਾਂ, ਨਦੀਆਂ ਅਤੇ ਪਹਾੜਾਂ ਨੂੰ ਪੂਜਦਾ ਹੈ। ਪ੍ਰਿਥਵੀ ਦੀ ਪੂਜਾ ਕਰਦਾ ਹੈ। ਅੱਗ, ਵਰਖਾ, ਹਵਾ, ਚੰਨ ਅਤੇ ਸੂਰਜ ਦੀ ਪੂਜਾ ਕਰਨ ਲੱਗਦਾ ਹੈ।

ਇਹ ਅਗਿਆਨ ਜਦੋਂ ਕੁਝ ਘੱਟਦਾ ਹੈ ਅਤੇ ਕੁਝ ਗਿਆਨ ਦਾ ਪ੍ਰਕਾਸ਼ ਆਉਂਦਾ ਹੈ ਤਾਂ ਉਸਨੂੰ ਪਤਾ ਲਗਦਾ ਹੈ ਕਿ ਇਹ ਚੀਜ਼ਾਂ ਤਾਂ ਖ਼ੁਦ ਉਸੇ ਵਾਂਗ ਮੁਥਾਜ ਤੇ ਕਮਜ਼ੋਰ ਹਨ। ਬੜੇ ਤੋਂ ਬੜਾ ਜਾਨਵਰ ਵੀ ਇੱਕ ਨਿੱਕੇ ਜਿਹੇ ਮੱਛਰ ਵਾਂਗ ਮਰਦਾ ਹੈ। ਬੜੇ-ਬੜੇ ਦਰਿਆ ਸੁੱਕ ਜਾਂਦੇ ਹਨ, ਚੜ੍ਹਦੇ ਤੇ ਲਹਿੰਦੇ ਰਹਿੰਦੇ ਹਨ। ਪਹਾੜਾਂ ਨੂੰ ਮਨੁੱਖ ਆਪ ਤੋੜਦਾ-ਫੋੜਦਾ ਹੈ। ਧਰਤੀ ਦਾ ਫਲਣਾ-ਫੁੱਲਣਾ ਖ਼ੁਦ ਧਰਤੀ ਦੇ ਆਪਣੇ ਅਧਿਕਾਰ ਵਿੱਚ ਨਹੀਂ। ਜਦੋਂ ਪਾਣੀ ਉਸ ਦਾ ਸਾਥ ਨਹੀਂ ਦਿੰਦਾ ਤਾਂ ਉਹ ਸੁੱਕ ਜਾਂਦੀ ਹੈ। ਪਾਣੀ ਵੀ ਬੇਬਸ ਹੈ। ਉਸ ਦਾ ਆਉਣਾ ਹਵਾ ਉੱਤੇ ਨਿਰਭਰ ਕਰਦਾ ਹੈ। ਹਵਾ ਨੂੰ ਵੀ ਆਪਣੇ ਆਪ ਉੱਤੇ ਅਧਿਕਾਰ ਪ੍ਰਾਪਤ ਨਹੀਂ। ਉਸ ਦਾ ਉਪਯੋਗੀ ਤੇ ਅਣਉਪਯੋਗੀ ਹੋਣਾ ਦੂਜੇ ਕਾਰਨਾਂ ਦੇ ਅਧੀਨ ਹੈ। ਚੰਨ, ਸੂਰਜ, ਤਾਰੇ ਵੀ ਕਿਸੇ ਨਿਯਮ ਦੇ ਅਧੀਨ ਹਨ। ਉਸ ਜ਼ਾਬਤੇ ਦੇ ਵਿਰੁੱਧ ਉਹ ਰਤਾ ਵੀ ਹਿਲ ਨਹੀਂ ਸਕਦੇ। ਹੁਣ ਉਸ ਦਾ ਧਿਆਨ ਗੁੱਝੀਆਂ ਤੇ ਰਹੱਸਮਈ ਸ਼ਕਤੀਆਂ ਵਲ ਜਾਂਦਾ ਹੈ। ਉਹ ਸੋਚਦਾ ਹੈ ਕਿ ਇਹਨਾਂ ਅਪ੍ਰਤੱਖ ਚੀਜ਼ਾਂ ਦੇ ਪਿੱਛੇ ਕੁੱਝ ਗੁਪਤ ਸ਼ਕਤੀਆਂ ਹਨ ਜਿਹੜੀਆਂ ਉਹਨਾਂ 'ਤੇ ਸ਼ਾਸਨ ਕਰ ਰਹੀਆਂ ਹਨ। ਸਾਰਾ ਕੁੱਝ

Scanned with CamScanner

ਉਹਨਾਂ ਦੇ ਹੀ ਅਧਿਕਾਰ ਵਿੱਚ ਹੈ। ਇੱਥੋਂ ਹੀ ਅਨੇਕ ਈਸ਼ਵਰ ਤੇ ਦੇਵਤਿਆਂ ਦੀ ਕਲਪਨਾ ਦਾ ਜਨਮ ਹੁੰਦਾ ਹੈ। ਪ੍ਰਕਾਸ਼, ਹਵਾ, ਪਾਣੀ, ਰੋਗ, ਨਿਰੋਗ ਅਤੇ ਵਿਭਿੰਨ ਦੂਜੀਆਂ ਚੀਜ਼ਾਂ ਦੇ ਈਸ਼ਵਰ ਅਲੱਗ-ਅਲੱਗ ਮੰਨ ਲਏ ਜਾਂਦੇ ਹਨ ਅਤੇ ਉਹਨਾਂ ਨੂੰ ਕਲਪਤ ਰੂਪ ਦੇ ਕੇ ਉਹਨਾਂ ਦੀ ਪੂਜਾ ਕੀਤੀ ਜਾਂਦੀ ਹੈ। ਇਸ ਪਿੱਛੋਂ ਜਦੋਂ ਹੋਰ ਵਧੇਰੇ ਗਿਆਨ ਦਾ ਪ੍ਰਕਾਸ਼ ਹੁੰਦਾ ਹੈ ਤਾਂ ਮਨੁੱਖ ਦੇਖਦਾ ਹੈ ਕਿ ਸੰਸਾਰ ਦੇ ਪ੍ਰਬੰਧ ਤੇ ਵਿਵਸਥਾ ਵਿੱਚ ਇੱਕ ਅਟਲ ਨਿਯਮ ਤੇ ਇੱਕ ਬੜੇ ਜ਼ਾਬਤੇ ਦੀ ਪਾਬੰਦੀ ਹੋ ਰਹੀ ਹੈ। ਹਵਾਵਾਂ ਦੀ ਗਤੀ, ਵਰਖਾ ਦੀ ਆਮਦ, ਗ੍ਰਹਿਆਂ ਦੀ ਗਤੀ, ਰੁੱਤਾਂ ਤੇ ਪਰੀਵਰਤਨਾਂ ਵਿੱਚ ਕਿਹੋ ਜਿਹੀ ਨਿਯਮਬੱਧਤਾ ਪਾਈ ਜਾਂਦੀ ਹੈ ? ਕਿਸ ਪ੍ਰਕਾਰ ਅਣਗਿਣਤ ਸ਼ਕਤੀਆਂ ਇੱਕ ਦੂਜੇ ਨਾਲ ਮਿਲਕੇ ਕੰਮ ਕਰ ਰਹੀਆਂ ਹਨ ? ਕਿਹੋ ਜਿਹਾ ਅਟਲ ਨਿਯਮ ਹੈ ਕਿ ਜਿਹੜਾ ਸਮਾਂ ਜਿਸ ਕੰਮ ਲਈ ਨਿਸ਼ਚਤ ਕਰ ਦਿੱਤਾ ਗਿਆ ਹੈ, ਠੀਕ ਉਸੇ ਵੇਲੇ ਵਿਸ਼ਵ ਦੇ ਸਾਰੇ ਸਾਧਨ ਇੱਕ ਜੁੱਟ ਹੋ ਜਾਂਦੇ ਹਨ ਅਤੇ ਕੰਮਾਂ ਨੂੰ ਨੇਪਰੇ ਚੜ੍ਹਾਉਣ ਲਈ ਇੱਕ ਦੂਜੇ ਨੂੰ ਆਪਣਾ ਸਹਿਯੋਗ ਦਿੰਦੇ ਹਨ। ਵਿਸ਼ਵ ਵਿਵਸਥਾ ਵਿੱਚ ਅਜਿਹਾ ਆਪਸੀ ਸਹਿਯੋਗ ਵੇਖ ਕੇ ਮੁਸ਼ਰਕ ਵਿਅਕਤੀ ਇਹ ਸਵੀਕਾਰ ਕਰਨ ਲਈ ਮਜਬੂਰ ਹੋ ਜਾਂਦਾ ਹੈ ਕਿ ਇੱਕ ਵੱਡਾ ਈਸ਼ਵਰ ਵੀ ਹੈ ਜਿਹੜਾ ਇਹਨਾਂ ਸਾਰੇ ਛੋਟੇ-ਛੋਟੇ ਈਸ਼ਵਰਾਂ ਉੱਤੇ ਸ਼ਾਸ਼ਨ ਕਰ ਰਿਹਾ ਹੈ। ਜੇਕਰ ਸਾਰੇ ਇੱਕ ਦੂਜੇ ਤੋਂ ਅਲੱਗ ਅਤੇ ਬਿਲਕੁਲ ਸੁਤੰਤਰ ਹੋਣ ਤਾਂ ਸੰਸਾਰ ਦੀ ਪੂਰੀ ਦੀ ਪੂਰੀ ਵਿਵਸਥਾ ਵਿਗੜਕੇ ਰਹਿ ਜਾਵੇ। ਉਹ ਇਸ ਬੜੇ ਈਸ਼ਵਰ ਨੂੰ ਅਲੱਾਹ ਪਰਮੇਸ਼ਰ (ਈਸ਼ਵਰਾਂ ਦਾ ਈਸ਼ਵਰ) ਆਦਿ ਨਾਵਾਂ ਨਾਲ ਸੰਬੋਧਨ ਕਰਦਾ ਹੈ ਪਰੰਤੂ ਇਬਾਦਤ ਅਤੇ ਪੂਜਾ ਵਿੱਚ ਉਸ ਨਾਲ ਛੋਟੇ ਈਸ਼ਵਰਾਂ ਨੂੰ ਵੀ ਸ਼ਾਮਲ ਕਰਦਾ ਹੈ। ਉਹ ਸਮਝਦਾ ਹੈ ਕਿ 'ਖ਼ੁਦਾਈ' ਅਤੇ ਖ਼ੁਦਾ ਦਾ ਰਾਜ ਵੀ ਸੰਸਾਰਕ ਰਾਜ ਵਰਗਾ ਹੈ। ਜਿਸ ਤਰ੍ਹਾਂ ਸੰਸਾਰ ਵਿੱਚ ਇੱਕ ਬਾਦਸ਼ਾਹ ਹੁੰਦਾ ਹੈ ਅਤੇ ਉਸਦੇ ਬਹੁਤ ਸਾਰੇ ਮੰਤਰੀ, ਵਿਸ਼ਵਾਸ-ਪਾਤਰ ਪ੍ਰਬੰਧਕ, ਹੋਰ ਅਧਿਕਾਰ ਪ੍ਰਾਪਤ ਪਦ ਅਧਿਕਾਰੀ ਹੁੰਦੇ ਹਨ ਇਸ ਤਰ੍ਹਾਂ ਸ੍ਰਿਸ਼ਟੀ ਵਿੱਚ ਵੀ ਇੱਕ ਬੜਾ ਖ਼ੁਦਾ ਹੈ ਅਤੇ ਬਹੁਤ ਸਾਰੇ ਛੋਟੇ-ਛੋਟੇ ਖ਼ੁਦਾ ਉਸ ਦੇ ਅਧੀਨ ਹਨ। ਜਦੋਂ ਤੱਕ ਛੋਟੇ ਈਸ਼ਵਰਾਂ ਨੂੰ ਪ੍ਰਸੰਨ ਨਾ ਕਰ ਲਿਆ ਜਾਵੇ ਬੜੇ ਈਸ਼ਵਰ ਤੱਕ ਪਹੁੰਚ ਨਹੀਂ ਹੋ ਸਕੇਗੀ। ਇਸ ਲਈ ਉਹਨਾਂ ਦੀ ਇਬਾਦਤ ਤੇ ਪੂਜਾ ਵੀ ਕਰੋ, ਉਹਨਾਂ ਅੱਗੇ ਵੀ ਹੱਥ ਫੈਲਾਉ, ਉਹਨਾਂ ਦੇ ਵੀ ਗੁੱਸੇ ਤੋਂ ਡਰੋ, ਉਹਨਾਂ ਨੂੰ ਵੱਡੇ ਈਸ਼ਵਰ ਤੱਕ ਪਹੁੰਚਣ ਦਾ ਸਾਧਨ ਬਣਾਓ, ਭੇਟਾਂ ਤੇ ਉਪਹਾਰਾਂ ਨਾਲ ਉਹਨਾਂ ਨੂੰ ਪ੍ਰਸੰਨ ਰੱਖੋ।

Scanned with CamScanner

ਫੇਰ ਜਦੋਂ ਗਿਆਨ ਵਿੱਚ ਹੋਰ ਵਾਧਾ ਹੁੰਦਾ ਹੈ ਤਾਂ ਈਸ਼ਵਰਾਂ ਦੀ ਸੰਖਿਆ ਘਟਣ ਲੱਗਦੀ ਹੈ। ਜਿੰਨੇ ਕਲਪਤ ਈਸ਼ਵਰ ਅਗਿਆਨੀਆਂ ਨੇ ਘੜ ਰੱਖੇ ਹਨ ਉਹਨਾਂ ਵਿੱਚੋਂ ਇੱਕ ਇੱਕ ਬਾਰੇ ਵਿਚਾਰ ਕਰਨ ਨਾਲ ਮਨੁੱਖ ਨੂੰ ਪਤਾ ਲਗਦਾ ਚਲਿਆ ਜਾਂਦਾ ਹੈ ਕਿ ਉਹ ਈਸ਼ਵਰ ਨਹੀਂ ਹਨ। ਸਾਡੇ ਵਾਂਗ ਹੀ ਬੰਦੇ ਹਨ ਸਗੋਂ ਸਾਥੋਂ ਵੀ ਵਧੇਰੇ ਮਜਬੂਰ ਹਨ। ਇਸ ਤਰ੍ਹਾਂ ਉਹ ਉਹਨਾਂ ਨੂੰ ਤਿਆਗਦਾ ਚਲਿਆ ਜਾਂਦਾ ਹੈ ਇੱਥੋਂ ਤੱਕ ਕਿ ਅੰਤ ਵਿੱਚ ਇੱਕ ਈਸ਼ਵਰ ਰਹਿ ਜਾਂਦਾ ਹੈ। ਪਰੰਤੂ ਉਸ ਇੱਕ ਦੇ ਬਾਰੇ ਵੀ ਉਸ ਦੇ ਵਿਚਾਰਾਂ ਵਿੱਚ ਬਹੁਤ ਅਗਿਆਨ ਬਾਕੀ ਰਹਿ ਜਾਂਦਾ ਹੈ। ਕੋਈ ਇਹ ਖ਼ਿਆਲ ਕਰਦਾ ਹੈ ਕਿ ਈਸ਼ਵਰ ਸਾਡੇ ਵਾਂਗ ਸਰੀਰਧਾਰੀ ਹੈ ਤੇ ਇੱਕ ਥਾਂ ਬੈਠਾ ਪ੍ਰਭੂਤਾ ਚਲਾ ਰਿਹਾ ਹੈ। ਕੋਈ ਇਹ ਸਮਝਦਾ ਹੈ ਕਿ ਈਸ਼ਵਰ ਪਤਨੀ ਤੇ ਬੱਚਿਆਂ ਵਾਲਾ ਹੈ ਅਤੇ ਮਨੁੱਖਾਂ ਵਾਂਗ ਉਸ ਦੇ ਵੀ ਸੰਤਾਨਾਂ ਦੀ ਪ੍ਰੰਪਰਾ ਹੈ। ਕੋਈ ਇਹ ਕਲਪਨਾ ਕਰਦਾ ਹੈ ਕਿ ਈਸ਼ਵਰ ਮਨੁੱਖ ਦੇ ਰੂਪ ਵਿੱਚ ਧਰਤੀ ਤੇ ਉਤਰਦਾ ਹੈ। ਕੋਈ ਕਹਿੰਦਾ ਹੈ ਕਿ ਈਸ਼ਵਰ ਇਸ ਦਨੀਆਂ ਦੇ ਕਾਰਖ਼ਾਨੇ ਨੂੰ ਚਲਾ ਕੇ ਸ਼ਾਂਤ ਬੈਠ ਗਿਆ ਅਤੇ ਹੁਣ ਕਿਤੇ ਅਰਾਮ ਕਰ ਰਿਹਾ ਹੈ। ਕੋਈ ਸਮਝਦਾ ਹੈ ਕਿ ਈਸ਼ਵਰ ਦੇ ਦਰਬਾਰ ਵਿੱਚ ਬਜ਼ੁਰਗਾਂ ਤੇ ਰੂਹਾਂ ਦੀ ਸਿਫ਼ਾਰਸ਼ ਲੈ ਕੇ ਜਾਣਾ ਜ਼ਰੂਰੀ ਹੈ ਉਹਨਾਂ ਨੂੰ ਵਸੀਲਾ ਤੇ ਸਾਧਨ ਬਣਾਏ ਬਿਨਾਂ ਉੱਥੇ ਕੰਮ ਨਹੀਂ ਚੱਲਦਾ। ਕੋਈ ਆਪਣੀ ਕਲਪਨਾ ਵਿੱਚ ਈਸ਼ਵਰ ਦਾ ਇੱਕ ਰੂਪ ਨਿਸ਼ਚਿਤ ਕਰਦਾ ਹੈ ਅਤੇ ਇਬਾਦਤ ਤੇ ਉਪਸਾਨਾ ਲਈ ਉਸ ਦੇ ਰੂਪ ਨੂੰ ਆਪਣੇ ਸਾਹਮਣੇ ਰੱਖਣਾ ਜ਼ਰੂਰੀ ਸਮਝਦਾ ਹੈ। ਇਸ ਤਰ੍ਹਾਂ ਦੇ ਬਹੁਤ ਸਾਰੇ ਭਰਮ ਤੌਹੀਦ (ਇਕ ਈਸ਼ਵਰਵਾਦ) ਨੂੰ ਅਪਣਾ ਲੈਣ ਪਿੱਛੋ ਵੀ ਮਨੁੱਖ ਦੇ ਮਨ ਵਿੱਚ ਬਚੇ ਰਹਿ ਜਾਂਦੇ ਹਨ, ਜਿਨ੍ਹਾਂ ਕਾਰਨ ਉਹ ਸ਼ਿਰਕ ਜਾਂ ਕੁਫ਼ਰ ਵਿੱਚ ਉਲਝ ਜਾਂਦਾ ਹੈ। ਇਹ ਸਾਰਾ ਅਗਿਆਨ ਦਾ ਸਿੱਟਾ ਹੈ।

ਸਭ ਤੋਂ ਉੱਪਰ 'ਲਾ ਇਲਾਹ ਇੱਲਲਾਹ' ਦਾ ਸਥਾਨ ਹੈ। ਇਹ ਉਹ ਗਿਆਨ ਹੈ ਜਿਹੜਾ ਖ਼ੁਦ ਅੱਲਾਹ ਨੇ ਹਰ ਜ਼ਮਾਨੇ ਵਿੱਚ ਆਪਣੇ ਨਬੀਆਂ (ਪੈਗ਼ੰਬਰਾਂ) ਰਾਹੀਂ ਮਨੁੱਖ ਕੋਲ ਭੇਜਿਆ। ਇਹੋ ਗਿਆਨ ਸਭ ਤੋਂ ਪਹਿਲੇ ਮਨੁੱਖ ਹਜ਼ਰਤ ਆਦਮ (ਅ.) ਨੂੰ ਦੇ ਕੇ ਧਰਤੀ ਉੱਤੇ ਉਤਾਰਿਆ ਗਿਆ ਸੀ। ਇਹੋ ਗਿਆਨ ਹਜ਼ਰਤ ਆਦਮ (ਅ.) ਪਿੱਛੋਂ ਹਜ਼ਰਤ ਨੂਹ, ਹਜ਼ਰਤ ਇਬਰਾਹੀਮ, ਹਜ਼ਰਤ ਮੂਸਾ ਅਤੇ ਦੂਜੇ ਪੈਗ਼ੰਬਰਾਂ ਨੂੰ ਦਿੱਤਾ ਗਿਆ ਸੀ। ਫੇਰ ਇਹੋ ਗਿਆਨ ਲੈ ਕੇ ਸਭ ਤੋਂ ਅੰਤ ਵਿੱਚ ਹਜ਼ਰਤ ਮੁਹੰਮਦ (ਸ.) ਆਏ। ਇਹ ਬਿਲਕੁਲ ਸ਼ੁੱਧ ਗਿਆਨ ਹੈ ਜਿਸ ਵਿੱਚ ਭੋਰਾ ਵੀ ਅਗਿਆਨ ਨਹੀਂ ਹੈ। ਉੱਪਰ ਸ਼ਿਰਕ ਤੇ ਮੂਰਤੀ ਪੂਜਾ ਅਤੇ ਕੁਫ਼ਰ ਦੇ ਜਿੰਨੇ ਵੀ

Scanned with CamScanner

ਰੂਪ ਲਿਖੇ ਹਨ ਉਹਨਾਂ ਸਭਨਾਂ ਵਿੱਚ ਮਨੁੱਖ ਇਸੇ ਕਰਕੇ ਉਲਝਿਆ ਹੋਇਆ ਹੈ ਕਿ ਉਸਨੇ ਪੈਗੰਬਰਾਂ ਦੀ ਸਿੱਖਿਆ ਤੋਂ ਮੂੰਹ ਮੋੜਕੇ ਆਪਣੀ ਅਨੁਭਵ-ਸ਼ਕਤੀ ਤੇ ਆਪਣੀ ਬੁੱਧੀ ਉੱਤੇ ਭਰੋਸਾ ਕੀਤਾ। ਆਉ ਤੁਹਾਨੂੰ ਦੱਸੀਏ ਕਿ ਇਸ ਛੋਟੇ ਜਿਹੇ ਵਾਕ ਵਿੱਚ ਕਿੰਨੀ ਵੱਡੀ ਹਕੀਕਤ ਦਾ ਉਲੇਖ ਕੀਤਾ ਗਿਆ ਹੈ।

(1) ਸਭ ਤੋਂ ਪਹਿਲੀ ਚੀਜ਼ ਈਸ਼ਵਰਤਵ (Divinity) ਦੀ ਕਲਪਨਾ ਹੈ। ਇਹ ਵਿਸਤ੍ਰਿਤ ਸੰਸਾਰ ਜਿਸ ਦੇ ਆਦਿ ਤੇ ਅੰਤ ਅਤੇ ਵਿਸ਼ਾਲਤਾ ਦਾ ਖ਼ਿਆਲ ਕਰਨ ਨਾਲ ਸਾਡੀ ਬੁੱਧੀ ਥੱਕ ਜਾਂਦੀ ਹੈ ਅਤੇ ਪਤਾ ਨਹੀਂ ਕਿ ਇਹ ਕਿਹੜੇ ਯੁੱਗਾਂ ਤੋਂ ਚੱਲਿਆ ਆਉਂਦਾ ਹੈ। ਜਿਸ ਵਿੱਚ ਅਸੰਖ ਪ੍ਰਾਣੀ ਪੈਦਾ ਹੋਏ ਤੇ ਹੋ ਰਹੇ ਹਨ, ਜਿਸ ਵਿੱਚ ਅਜਿਹੇ ਚਮਤਕਾਰ ਹੋ ਰਹੇ ਹਨ ਕਿ ਉਹਨਾਂ ਨੂੰ ਵੇਖਕੇ ਅਕਲ ਦੰਗ ਰਹਿ ਜਾਂਦੀ ਹੈ। ਇਸ ਵਿਸ਼ਵ ਵਿੱਚ ਪ੍ਰਭੁਤਾ ਉਸੇ ਦੀ ਹੋ ਸਕਦੀ ਹੈ ਜਿਹੜਾ ਅਸੀਮਤ ਹੋਵੇ, ਸਦਾ ਤੋਂ ਹੋਵੇ ਤੇ ਸਦੀਵੀ ਰਹੇ, ਕਿਸੇ ਦਾ ਮੁਥਾਜ ਨਾ ਹੋਵੇ, ਪਰਮ ਸੁਤੰਤਰ ਹੋਵੇ, ਸਰਬਸ਼ਕਤੀਮਾਨ ਹੋਵੇ। ਯੁਕਤੀਵਾਨ ਤੇ ਵਿਵੇਕਸ਼ੀਲ ਹੋਵੇ, ਸਰਬ ਗਿਆਤਾ ਹੋਵੇ, ਕੋਈ ਚੀਜ਼ ਉਸ ਤੋਂ ਲੁਕੀ ਹੋਈ ਨਾ ਹੋਵੇ। ਸਭਨਾਂ ਉੱਤੇ ਭਾਰੂ ਹੋਵੇ ਅਤੇ ਕੋਈ ਉਸਦੇ ਆਦੇਸ਼ ਦੀ ਉਲੰਘਣਾ ਨਾ ਕਰ ਸਕੇ। ਅਪਾਰ ਸ਼ਕਤੀ ਦਾ ਅਧਿਕਾਰੀ ਹੋਵੇ ਅਤੇ ਵਿਸ਼ਵ ਦੀਆਂ ਸਾਰੀਆਂ ਚੀਜ਼ਾਂ ਨੂੰ ਉਸ ਤੋਂ ਜੀਵਨ ਤੇ ਉਪਜੀਵਕਾ ਮਿਲੇ। ਦੋਸ਼, ਅਪੂਰਣਤਾ ਅਤੇ ਹਰ ਪ੍ਰਕਾਰ ਦੀਆਂ ਕਮਜ਼ੋਰੀਆਂ ਤੋਂ ਸ਼ੁੱਧ ਹੋਵੇ ਅਤੇ ਉਹਦੇ ਕੰਮਾਂ ਵਿੱਚ ਕੋਈ ਦਖ਼ਲ ਨਾ ਦੇ ਸਕੇ।

(2) ਈਸ਼ਵਰਤਵ ਦੇ ਇਹਨਾਂ ਸਾਰੇ ਗੁਣਾਂ ਦਾ ਕੇਵਲ ਇੱਕ ਹਸਤੀ ਵਿੱਚ ਇਕੱਤਰ ਹੋਣਾ ਜ਼ਰੂਰੀ ਹੈ। ਇਹ ਅਸੰਭਵ ਹੈ ਕਿ ਦੋ ਹਸਤੀਆਂ ਵਿੱਚ ਇਹ ਸਾਰੇ ਗੁਣ ਸਮਾਨ ਰੂਪ ਵਿੱਚ ਹੋਣ। ਕਿਉਂਕਿ ਸਭਨਾਂ ਉੱਤੇ ਪ੍ਰਭਾਵਸ਼ਾਲੀ ਅਧਿਕਾਰ ਰੱਖਣ ਵਾਲਾ ਅਤੇ ਸਭ ਦਾ ਸ਼ਾਸਕ ਤਾਂ ਇੱਕ ਹੀ ਹੋ ਸਕਦਾ ਹੈ। ਇਹ ਵੀ ਸੰਭਵ ਨਹੀਂ ਹੈ ਕਿ ਇਹ ਗੁਣ ਵਿਭਾਜਤ ਹੋ ਕੇ ਬਹੁਤ ਸਾਰੇ ਈਸ਼ਵਰਾਂ ਵਿੱਚ ਵੰਡੇ ਜਾਣ ਕਿਉਂਕਿ ਜੇ ਸ਼ਾਸਕ ਇੱਕ ਹੋਵੇ ਤੇ ਸਰਬ ਗਿਆਤਾ ਦੂਜਾ ਅਤੇ ਦਾਤਾ ਤੀਜਾ ਤਾਂ ਹਰੇਕ ਈਸ਼ਵਰ ਦੂਜੇ ਉੱਤੇ ਨਿਰਭਰ ਹੋਵੇਗਾ। ਜੇਕਰ ਇੱਕ ਨੇ ਦੂਜੇ ਨੂੰ ਸਹਿਯੋਗ ਨਾ ਦਿੱਤਾ ਤਾਂ ਸਮੁੱਚਾ ਸੰਸਾਰ ਪਲਕ ਝਪਕਦੇ ਹੀ ਮਿਟ ਜਾਵੇਗਾ। ਇਹ ਵੀ ਸੰਭਵ ਨਹੀਂ ਕਿ ਇਹ ਗੁਣ ਇੱਕ ਵਿਚੋਂ ਦੂਜੇ ਵਿੱਚ ਭੇਜੇ ਜਾ ਸਕਣ ਅਰਥਾਤ ਕਦੇ ਇੱਕ ਈਸ਼ਵਰ ਵਿੱਚ ਹੋਣ ਅਤੇ ਕਦੇ ਦੂਜੇ ਵਿੱਚ ਕਿਉਂਕਿ ਜਿਹੜਾ ਖ਼ੁਦ ਜੀਵਤ ਰਹਿਣ ਦੀ ਸ਼ਕਤੀ ਨਾ ਰੱਖਦਾ ਹੋਵੇ ਉਹ ਸੰਪੂਰਨ ਵਿਸ਼ਵ ਨੂੰ ਜੀਵਨ ਨਹੀਂ ਪ੍ਰਦਾਨ ਕਰ

Scanned with CamScanner

ਸਕਦਾ। ਜਿਹੜਾ ਈਸ਼ਵਰ ਖ਼ੁਦ ਆਪਣੇ ਈਸ਼ਵਰਤਵ ਦੀ ਰੱਖਿਆ ਨਾ ਕਰ ਸਕਦਾ ਹੋਵੇ ਉਹ ਇੰਨੇ ਵੱਡੇ ਵਿਸ਼ਵ ਉੱਤੇ ਸ਼ਾਸਨ ਨਹੀਂ ਕਰ ਸਕਦਾ। ਬਸ ਤੁਹਾਨੂੰ ਗਿਆਨ ਦਾ ਜਿੰਨਾ ਵੱਧ ਪ੍ਰਕਾਸ਼ ਮਿਲੇਗਾ ਉਨ੍ਹਾਂ ਹੀ ਵਧੇਰੇ, ਤੁਹਾਨੂੰ ਵਿਸ਼ਵਾਸ ਹੁੰਦਾ ਜਾਵੇਗਾ ਕਿ ਖ਼ੁਦਾਈ ਦੇ ਗੁਣਾਂ ਦਾ ਕੇਵਲ ਇੱਕ ਹਸਤੀ ਵਿੱਚ ਹੋਣਾ ਜ਼ਰੂਰੀ ਹੈ।

(3) ਪ੍ਰਭੂਤਾ ਦੀ ਇਸ ਪੂਰਨ ਤੇ ਸੱਚੀ ਕਲਪਨਾ ਨੂੰ ਧਿਆਨ ਵਿੱਚ ਰੱਖ ਕੇ ਫੇਰ ਸਾਰੀ ਸਰਿਸ਼ਟੀ ਤੇ ਨਿਗ੍ਹਾ ਮਾਰੋ। ਜਿੰਨੀਆਂ ਚੀਜ਼ਾਂ ਤੁਸੀਂ ਦੇਖਦੇ ਹੋ, ਜਿੰਨੀਆਂ ਚੀਜ਼ਾਂ ਦਾ ਅਨੁਭਵ ਕਿਸੇ ਸਾਧਨ ਰਾਹੀਂ ਕਰਦੇ ਹੋ, ਜਿੰਨੀਆਂ ਚੀਜ਼ਾਂ ਤੁਹਾਡੇ ਗਿਆਨ ਘੇਰੇ ਵਿੱਚ ਹਨ ਉਹਨਾਂ ਵਿਚੋਂ ਕੋਈ ਵੀ ਇਨ੍ਹਾਂ ਗੁਣਾਂ ਨਾਲ ਭਰਪੂਰ ਨਹੀਂ। ਸਰਿਸ਼ਟੀ ਦੀਆਂ ਸਾਰੀਆਂ ਚੀਜ਼ਾਂ ਦੂਜਿਆਂ ਤੇ ਆਸ਼ਰਿਤ ਹਨ, ਅਧੀਨ ਹਨ, ਬਣਦੀਆਂ ਤੇ ਟੁੱਟਦੀਆਂ ਹਨ, ਮਰਦੀਆਂ ਤੇ ਜਿਊਂਦੀਆਂ ਹਨ। ਕਿਸੇ ਨੂੰ ਇੱਕ ਅਵਸਥਾ ਵਿੱਚ ਸਥਰਿਤਾ ਪ੍ਰਾਪਤ ਨਹੀਂ। ਕਿਸੇ ਨੂੰ ਆਪਣੇ ਅਧਿਕਾਰ ਨਾਲ ਕੁੱਝ ਕਰਨ ਦੀ ਸ਼ਕਤੀ ਨਹੀਂ। ਕਿਸੇ ਨੂੰ ਵੀ ਇੱਕ ਸਰਬ ਉੱਚ ਨਿਯਮ ਦੇ ਵਿਰੁੱਧ ਵਾਲ ਬਰਾਬਰ ਹਿੱਲਣ ਦਾ ਹੀ ਅਧਿਕਾਰ ਨਹੀਂ। ਉਹਨਾਂ ਦੀ ਆਪਣੀ ਅਵਸਥਾ ਇਸ ਚੀਜ਼ ਦੀ ਗਵਾਹੀ ਦਿੰਦੀ ਹੈ ਕਿ ਉਹਨਾਂ ਵਿਚੋਂ ਕੋਈ ਈਸ਼ਵਰ ਨਹੀਂ। ਕਿਸੇ ਵਿੱਚ ਪ੍ਰਭੂਤਾ ਦੀ ਰਤਾ ਵੀ ਝਲਕ ਨਹੀਂ ਮਿਲਦੀ, ਕਿਸੇ ਦਾ ਪ੍ਰਭੂਤਾ ਵਿੱਚ ਰਤਾ ਵੀ ਅਧਿਕਾਰ ਨਹੀਂ ਹੈ। ਇਹੋ ਅਰਥ ਹੈ 'ਲਾ ਇਲਾਹ' ਦਾ।

ਸੰਸਾਰ ਦੀਆਂ ਸਾਰੀਆਂ ਚੀਜ਼ਾਂ ਤੋਂ ਖ਼ੁਦਾਈ ਖੋਹ ਲੈਣ ਪਿੱਛੋਂ ਤੁਹਾਨੂੰ ਮੰਨਣਾ ਪੈਂਦਾ ਹੈ ਕਿ ਇੱਕ ਹੋਰ ਸੱਤਾ ਹੈ ਜਿਹੜੀ ਸਰਬ ਉੱਚ ਹੈ। ਕੇਵਲ ਉਹੀ ਸਾਰੇ ਖ਼ੁਦਾਈ ਗੁਣਾਂ ਨਾਲ ਸੰਪੰਨ ਹੈ ਅਤੇ ਉਸ ਤੋਂ ਛੁੱਟ ਕੋਈ ਈਸ਼ਵਰ (ਖ਼ੁਦਾ) ਨਹੀਂ। ਇਹ ਅਰਥ ਹੈ ਇੱਲਲਾਹ ਦਾ।

ਇਹ ਸਭ ਤੋਂ ਵੱਡਾ ਗਿਆਨ ਹੈ। ਤੁਸੀਂ ਜਿੰਨੀ ਜਾਂਚ-ਪੜਤਾਲ ਅਤੇ ਖੋਜ ਕਰੋਗੇ ਤੁਹਾਨੂੰ ਇਹੋ ਪਤਾ ਲੱਗੇਗਾ ਕਿ ਇਹੋ ਗਿਆਨ ਦਾ ਸਿਰਾ ਵੀ ਹੈ ਅਤੇ ਇਹੋ ਗਿਆਨ ਦੀ ਅੰਤਮ ਸੀਮਾ ਵੀ। ਭੌਤਕ ਵਿਗਿਆਨ, ਰਸਾਇਣ ਸ਼ਾਸਤਰ, ਖਗੋਲ ਸ਼ਾਸਤਰ, ਭੂ-ਵਿਗਿਆਨ, ਜੀਵ ਵਿਗਿਆਂਨ, ਜੰਤੂ-ਵਿਗਿਆਨ, ਮਾਨਵ ਸ਼ਾਸਤਰ ਭਾਵ ਇਹ ਕਿ ਸੰਸਾਰ ਦੀ ਵਾਸਤਵਿਕਤਾ ਦੀ ਖੋਜ ਕਰਨ ਵਾਲੇ ਜਿੰਨੇ ਵਿਗਿਆਨ ਹਨ ਉਹਨਾਂ ਵਿਚੋਂ ਚਾਹੇ ਕਿਸੇ ਵਿਗਿਆਨ ਨੂੰ ਲੈ ਲਉ ਉਸਦੇ ਅਧਿਐਨ ਵਿੱਚ ਜਿੰਨਾ ਤੁਸੀਂ ਅੱਗੇ ਵਧਦੇ ਚਲੇ ਜਾਓਗੇ 'ਲਾ ਇਲਲਾਹ ਇੱਲਾਹ' ਦੀ ਸਚਾਈ ਤੁਹਾਡੇ ਸਾਹਮਣੇ ਵਧੇਰੇ ਖੁੱਲ੍ਹਦੀ ਚਲੀ ਜਾਵੇਗੀ ਅਤੇ ਇਸ ਉੱਤੇ ਤੁਹਾਡਾ ਯਕੀਨ ਵਧਦਾ ਜਾਵੇਗਾ। ਤੁਹਾਨੂੰ ਸਿੱਖਿਆ ਖੋਜਾਂ (ਸ਼ਾਸਤਰ ਖੋਜਾਂ) ਦੇ ਖੇਤਰ ਵਿੱਚ ਹਰ

Scanned with CamScanner

ਕਦਮ 'ਤੇ ਅਨੁਭਵ ਹੋਵੇਗਾ ਕਿ ਇਸ ਸਭ ਤੋਂ ਪਹਿਲੀ ਅਤੇ ਸਭ ਤੋਂ ਵੱਡੀ ਸਚਾਈ ਤੋਂ ਇਨਕਾਰ ਕਰਨ ਪਿੱਛੋਂ ਵਿਸ਼ਵ ਦੀ ਹਰ ਚੀਜ਼ ਅਰਥਹੀਣ ਹੋ ਜਾਂਦੀ ਹੈ।

## ਮਨੁੱਖੀ ਜੀਵਨ ਉੱਤੇ ਤੌਹੀਦ (ਇੱਕ ਈਸ਼ਵਰਵਾਦ) ਦਾ ਪ੍ਰਭਾਵ

ਹੁਣ ਅਸੀਂ ਤੁਹਾਨੂੰ ਦੱਸਾਂਗੇ ਕਿ 'ਲਾ ਇਲਾਹ ਇੱਲਲਾਹ' ਨੂੰ ਮੰਨ ਲੈਣ ਨਾਲ ਮਨੁੱਖ ਦੇ ਜੀਵਨ ਉੱਤੇ ਕੀ ਪ੍ਰਭਾਵ ਪੈਂਦਾ ਹੈ ਅਤੇ ਇਸ ਨੂੰ ਨਾ ਮੰਨਣ ਵਾਲਾ ਇਸ ਲੋਕ ਅਤੇ ਪਰਲੋਕ ਵਿੱਚ ਕਿਉਂ ਨਿਰਾਸ਼ ਹੋ ਜਾਂਦਾ ਹੈ।

(1) ਇਸ ਕਲਮੇ ਉੱਤੇ ਈਮਾਨ ਰੱਖਣ ਵਾਲਾ ਸੌੜੀ ਸੋਚ ਵਾਲਾ ਨਹੀਂ ਹੋ ਸਕਦਾ। ਉਹ ਇੱਕ ਅਜਿਹੇ ਰੱਬ ਨੂੰ ਮੰਨਦਾ ਹੈ ਜਿਹੜਾ ਧਰਤੀ ਤੇ ਅਕਾਸ਼ ਦਾ ਸਿਰਜਣਹਾਰ ਅਤੇ ਸਾਰੇ ਸੰਸਾਰ ਦਾ ਪਾਲਣਹਾਰ ਹੈ। ਇਸ ਈਮਾਨ ਪਿੱਛੋਂ ਸਮੁੱਚੇ ਵਿਸ਼ਵ ਵਿੱਚ ਕੋਈ ਚੀਜ਼ ਵੀ ਉਸਨੂੰ ਪਰਾਈ ਨਹੀਂ ਵਿਖਾਈ ਦਿੰਦੀ। ਉਹ ਸਭ ਨੂੰ ਆਪਣੇ ਵਾਂਗ ਹੀ ਇੱਕ ਮਾਲਕ ਦੀ ਸੰਪਤੀ ਅਤੇ ਇੱਕ ਸਮਰਾਟ ਦੀ ਪਰਜਾ ਸਮਝਦਾ ਹੈ। ਉਸ ਦੀ ਹਮਦਰਦੀ, ਪ੍ਰੇਮ ਅਤੇ ਸੇਵਾ ਕਿਸੇ ਸੀਮਾ ਵਿੱਚ ਕੈਦ ਨਹੀਂ ਰਹਿੰਦੀ। ਉਸ ਦੀ ਨਿਗ੍ਹਾ ਉਨੀ ਹੀ ਵਿਆਪਕ ਹੋ ਜਾਂਦੀ ਹੈ ਜਿੰਨਾ ਈਸ਼ਵਰ ਦਾ ਰਾਜ ਹੈ। ਇਹ ਗੱਲ ਕਿਸੇ ਅਜਿਹੇ ਵਿਅਕਤੀ ਵਿੱਚ ਨਹੀਂ ਹੋ ਸਕਦੀ ਜਿਹੜਾ ਬਹੁਤ ਸਾਰੇ ਛੋਟੇ-ਛੋਟੇ ਈਸ਼ਵਰਾਂ ਨੂੰ ਮੰਨਦਾ ਹੋਵੇ ਜਾਂ ਈਸ਼ਵਰ ਵਿੱਚ ਮਨੁੱਖ ਵਰਗੀਆਂ ਸੀਮਤ ਅਤੇ ਅਪੂਰਨ ਸਿਫ਼ਤਾਂ ਮੰਨਦਾ ਹੋਵੇ ਜਾਂ ਸਿਰੇ ਤੋਂ ਈਸ਼ਵਰ ਵਿੱਚ ਵਿਸ਼ਵਾਸ ਹੀ ਨਾ ਰੱਖਦਾ ਹੋਵੇ।

(2) ਇਹ ਕਲਮਾ ਮਨੁੱਖ ਵਿੱਚ ਉਚਕੋਟੀ ਦਾ ਸਵੈਮਾਨ ਤੇ ਆਤਮ ਗੌਰਵ ਪੈਦਾ ਕਰ ਦਿੰਦਾ ਹੈ। ਇਸ ਕਲਮੇ 'ਤੇ ਈਮਾਨ ਰੱਖਣ ਵਾਲਾ ਜਾਣਦਾ ਹੈ ਕਿ ਕੇਵਲ ਇੱਕੋ ਇੱਕ ਖ਼ੁਦਾ ਸਮੁੱਚੀਆਂ ਸ਼ਕਤੀਆਂ ਦਾ ਮਾਲਕ ਹੈ। ਉਸ ਤੋਂ ਬਿਨਾਂ ਕੋਈ ਲਾਭ-ਹਾਣ ਪਹੁੰਚਾਉਣ ਵਾਲਾ ਨਹੀਂ, ਕੋਈ ਮੌਤ ਤੇ ਜ਼ਿੰਦਗੀ ਦੇਣ ਵਾਲਾ ਨਹੀਂ ਕੋਈ ਅਧਿਕਾਰੀ ਤੇ ਪ੍ਰਭਾਵਸ਼ਾਲੀ ਨਹੀਂ। ਇਹ ਗਿਆਨ ਤੇ ਵਿਸ਼ਵਾਧ ਉਸ ਨੂੰ ਈਸ਼ਵਰ ਤੋਂ ਬਿਨਾਂ ਸਾਰੀਆਂ ਸ਼ਕਤੀਆਂ ਤੋਂ ਬੇਪਰਵਾਹ ਤੇ ਨਿਰਭੈ ਕਰ ਦਿੰਦਾ ਹੈ। ਉਸ ਦਾ ਸਿਰ ਸਰਿਸ਼ਟੀ ਦੇ ਕਿਸੇ ਜੀਵ ਅੱਗੇ ਨਹੀਂ ਝੁਕਦਾ। ਉਸ ਦਾ ਹੱਥ ਕਿਸੇ ਅੱਗੇ ਨਹੀਂ ਫੈਲਦਾ। ਉਸ ਦੇ ਦਿਲ ਵਿੱਚ ਕਿਸੇ ਦੀ ਵਡਿਆਈ (ਬਜ਼ੁਰਗੀ) ਦਾ ਸਿੱਕਾ ਨਹੀਂ ਬੈਠਦਾ। ਇਹ ਗੁਣ ਤੌਹੀਦ (ਇਕ ਈਸ਼ਵਰਵਾਦ) ਦੀ ਧਾਰਨਾ ਤੋਂ ਬਿਨਾਂ ਕਿਸੇ ਹੋਰ ਧਾਰਨਾ ਨਾਲ ਪੈਦਾ ਨਹੀਂ ਹੁੰਦਾ। ਸ਼ਿਰਕ, ਕੁਫ਼ਰ ਤੇ ਨਾਸਤਿਕਤਾ ਦੀ ਲਾਜ਼ਮੀ ਵਿਸ਼ੇਸ਼ਤਾ ਹੈ ਕਿ ਮਨੁੱਖ ਸਰਿਸ਼ਟੀ ਦੇ ਜੀਵ ਆਦਿ ਅੱਗੇ ਝੁਕੇ, ਉਹ ਨੂੰ ਹਾਨੀ ਲਾਭ ਦਾ ਮਾਲਕ ਸਮਝੇ, ਉਸ ਤੋਂ ਭੈ ਮੰਨੇ, ਉਸ ਉੱਤੇ ਆਸ ਰੱਖੇ।

Scanned with CamScanner

(3) ਸਵੈਮਾਣ ਦੇ ਨਾਲ-ਨਾਲ ਇਹ ਕਲਮਾ ਮਨੁੱਖ ਵਿੱਚ ਨਿਮਰਤਾ ਵੀ ਪੈਦਾ ਕਰਦਾ ਹੈ। ਇਸ ਨੂੰ ਮੰਨਣ ਵਾਲਾ ਕਦੇ ਹੰਕਾਰੀ ਤੇ ਅਭਿਮਾਨੀ ਨਹੀਂ ਹੋ ਸਕਦਾ। ਆਪਣੀ ਸ਼ਕਤੀ, ਆਪਣੇ ਧਨ ਅਤੇ ਆਪਣੀ ਯੋਗਤਾ ਦਾ ਘੁਮੰਡ ਉਸ ਦੇ ਮਨ ਵਿੱਚ ਸਮਾ ਹੀ ਨਹੀਂ ਸਕਦਾ ਕਿਉਂਕਿ ਉਹ ਜਾਣਦਾ ਹੈ ਕਿ ਉਸ ਕੋਲ ਜੋ ਕੁਝ ਵੀ ਹੈ ਉਹ ਅੱਲਾਹ ਦਾ ਹੀ ਦਿੱਤਾ ਹੋਇਆ ਹੈ। ਅੱਲਾਹ ਜਿਸ ਤਰ੍ਹਾਂ ਦੇਣ ਦੀ ਸਮਰਥਾ ਰੱਖਦਾ ਹੈ ਉਸੇ ਤਰ੍ਹਾਂ ਖੋਹ ਲੈਣ ਦੇ ਵੀ ਸਮਰਥ ਹੈ। ਇਸ ਦੀ ਤੁਲਨਾ ਵਿੱਚ ਨਾਸਤਕ ਨੂੰ ਜਦੋਂ ਕਿਸੇ ਪ੍ਰਕਾਰ ਦੀ ਸੰਸਾਰਕ ਪ੍ਰਾਪਤੀ ਹੁੰਦੀ ਹੈ ਤਾਂ ਉਹ ਹੰਕਾਰੀ ਹੋ ਜਾਂਦਾ ਹੈ ਕਿਉਂਕਿ ਉਹ ਇਹਨਾਂ ਪ੍ਰਾਪਤੀਆਂ ਨੂੰ ਆਪਣੀ ਯੋਗਤਾ ਦਾ ਫਲ ਸਮਝਦਾ ਹੈ। ਇਸੇ ਤਰ੍ਹਾਂ ਸ਼ਿਰਕ ਤੇ ਕੁਫ਼ਰ ਨਾਲ ਵੀ ਘੁਮੰਡ ਦਾ ਪੈਦਾ ਹੋਣਾ ਲਾਜ਼ਮੀ ਹੈ ਕਿਉਂਕ ਮੁਸ਼ਰਕ ਤੇ ਕਾਫ਼ਰ ਆਪਣੇ ਮਨ ਵਿੱਚ ਇਹ ਸਮਝਦਾ ਹੈ ਕਿ ਈਸ਼ਵਰਾਂ ਤੇ ਦੇਵਤਿਆਂ ਨਾਲ ਉਸ ਦਾ ਕੋਈ ਵਿਸ਼ੇਸ਼ ਸਬੰਧ ਹੈ ਜਿਹੜਾ ਹੋਰਨਾਂ ਨੂੰ ਪ੍ਰਾਪਤ ਨਹੀਂ।

(4) ਇਸ ਕਲਮੇ ਤੇ ਈਮਾਨ ਰੱਖਣ ਵਾਲਾ ਭਲੀ ਭਾਂਤ ਜਾਣਦਾ ਹੈ ਕਿ ਮਨ ਦੀ ਸ਼ੁੱਧਤਾ ਅਤੇ ਨੇਕ ਅਮਲਾਂ (ਸਦਾਚਾਰ) ਵਾਝੋਂ ਉਸ ਦੀ ਸ਼ਕਤੀ ਤੇ ਕਲਿਆਣ ਦਾ ਹੋਰ ਕੋਈ ਸਾਧਨ ਨਹੀਂ। ਕਿਉਂਕਿ ਉਹ ਇੱਕ ਅਜਿਹੇ ਈਸ਼ਵਰ ਵਿੱਚ ਵਿਸ਼ਵਾਸ ਰੱਖਦਾ ਹੈ ਜਿਹੜਾ ਬੇਪਰਵਾਹ ਤੇ ਪੂਰਨ ਸੁਤੰਤਰ ਹੈ, ਕਿਸੇ ਨਾਲ ਉਹ ਦਾ ਕੋਈ ਨਾਤਾ ਨਹੀਂ ਬੇਲਾਗ (ਨਿਰਪੱਖ) ਨਿਆਂ ਕਰਨ ਵਾਲਾ ਹੈ। ਕਿਸੇ ਨੂੰ ਉਸ ਦੀ ਖ਼ੁਦਾਈ ਵਿੱਚ ਅਧਿਕਾਰ ਦਾ ਪ੍ਰਭਾਵ ਪ੍ਰਾਪਤ ਨਹੀਂ। ਇਸ ਦੇ ਉਲਟ ਮੁਸ਼ਰਕ ਤੇ ਕਾਫ਼ਰ ਸਦਾ ਝੂਠੀਆਂ ਆਸਾਂ ਦੇ ਸਹਾਰੇ ਜੀਵਨ ਬਤੀਤ ਕਰਦੇ ਹਨ। ਉਹਨਾਂ ਵਿੱਚੋਂ ਕੋਈ ਸਮਝਦਾ ਹੈ ਕਿ ਈਸ਼ਵਰ ਦਾ ਪੁੱਤਰ ਸਾਡੇ ਲਈ ਕੁੱਫ਼ਾਰਾ (ਪ੍ਰਾਸ਼ਚਿਤ) ਬਣ ਗਿਆ ਹੈ। ਕੋਈ ਸਮਝਦਾ ਹੈ ਕਿ ਅਸੀਂ ਅੱਲਾਹ ਦੇ ਚਹੇਤੇ ਹਾਂ ਤੇ ਸਾਨੂੰ ਕੋਈ ਦੰਡ ਮਿਲ ਹੀ ਨਹੀਂ ਸਕਦਾ। ਕੋਈ ਸਮਝਦਾ ਹੈ ਅਸੀਂ ਆਪਣੇ ਬਜ਼ੁਰਗਾਂ ਤੋਂ ਖ਼ੁਦਾ ਕੋਲ ਸਿਫਾਰਸ਼ ਕਰਵਾ ਲਵਾਂਗੇ। ਕੋਈ ਆਪਣੇ ਦੇਵਤਿਆਂ ਨੂੰ ਭੇਟਾਂ ਤੇ ਉਪਹਾਰ ਦੇ ਕੇ ਸਮਝ ਲੈਂਦਾ ਹੈ ਕਿ ਹੁਣ ਉਸ ਨੂੰ ਦੁਨੀਆਂ ਵਿੱਚ ਸਭ ਕੁਝ ਕਰਨ ਦਾ ਲਾਇਸੰਸ ਮਿਲ ਗਿਆ ਹੈ। ਇਸ ਤਰ੍ਹਾਂ ਦੀਆਂ ਅਸ਼ੁੱਧ ਧਾਰਨਾਵਾਂ ਇਹਨਾਂ ਲੋਕਾਂ ਨੂੰ ਸਦਾ ਪਾਪਾਂ ਤੇ ਕੁਕਰਮਾਂ ਵਿੱਚ ਉਲਝਾਈ ਰੱਖਦੀਆਂ ਹਨ। ਇਹਨਾਂ ਦੇ ਭਰੋਸੇ ਉਹ ਆਤਮਾ ਦੀ ਸ਼ੁੱਧਤਾ ਤੇ ਸੁਕਰਮਾਂ ਦੀ ਭਲਾਈ ਤੋਂ ਬੇਪਰਵਾਹ ਹੋ ਜਾਂਦੇ ਹਨ। ਰਹੇ ਨਾਸਤਕ, ਉਹਨਾਂ ਦਾ ਸਿਰੇ ਤੋਂ ਇਹ ਵਿਸ਼ਵਾਸ ਹੀ ਨਹੀਂ ਕਿ ਕੋਈ ਸਰਬ ਉੱਚ ਸੱਤਾ ਉਹਨਾਂ ਤੋਂ ਉਹਨਾਂ ਦੇ ਭਲੇ ਬੁਰੇ ਕੰਮਾਂ ਬਾਰੇ ਪੁੱਛ-ਗਿੱਛ ਕਰਨ ਵਾਲੀ ਹੈ।

Scanned with CamScanner

ਇਸ ਲਈ ਉਹ ਦੁਨੀਆਂ ਵਿੱਚ ਆਪਣੇ ਆਪ ਨੂੰ ਅਜ਼ਾਦ ਸਮਝਦੇ ਹਨ। ਉਹਨਾਂ ਦੀਆਂ ਆਪਣੀਆਂ ਖਹਿਸ਼ਾਂ ਹੀ ਉਹਨਾਂ ਦਾ ਰੱਬ ਹੁੰਦੀਆਂ ਹਨ ਤੇ ਉਹ ਉਹਨਾਂ ਦੇ ਹੀ ਦਾਸ ਬਣੇ ਹੁੰਦੇ ਹਨ।

(5) ਇਸ ਕਲਮੇ ਨੂੰ ਮੰਨਣ ਵਾਲਾ ਕਿਸੇ ਵੀ ਅਵਸਥਾ ਵਿੱਚ ਨਿਰਾਸ਼ ਨਹੀਂ ਹੁੰਦਾ ਹੈ ਅਤੇ ਨਾ ਉਹਦਾ ਦਿਲ ਟੁੱਟਦਾ ਹੈ। ਉਹ ਇੱਕ ਅਜਿਹੇ ਈਸ਼ਵਰ ਉੱਤੇ ਈਮਾਨ ਰੱਖਦਾ ਹੈ ਜਿਹੜਾ ਧਰਤੀ ਤੇ ਅਕਾਸ਼ ਦੇ ਸਾਰੇ ਖ਼ਜ਼ਾਨਿਆਂ ਦਾ ਮਾਲਕ ਹੈ। ਜਿਸ ਦੀ ਕਿਰਪਾ ਅਸੀਮ ਹੈ। ਜਿਸ ਦੀਆਂ ਸ਼ਕਤੀਆਂ ਅਨੰਤ ਹਨ। ਇਹ ਈਮਾਨ ਉਸ ਨੂੰ ਅਸਧਾਰਨ ਸ਼ਾਂਤੀ ਪ੍ਰਦਾਨ ਕਰਦਾ ਹੈ। ਉਸ ਨੂੰ ਸੰਤੁਸ਼ਟੀ ਨਾਲ ਭਰ ਦਿੰਦਾ ਹੈ। ਸਦੀਵੀ ਆਸਾਵਾਦੀ ਬਣਾ ਦਿੰਦਾ ਹੈ। ਭਾਵੇਂ ਉਹ ਸੰਸਾਰ ਦੇ ਸਾਰੇ ਬੂਹਿਆਂ ਤੋਂ ਠੁਕਰਾ ਦਿੱਤਾ ਜਾਵੇ, ਸਾਰੇ ਸਾਧਨਾਂ ਦਾ ਰਿਸ਼ਤਾ ਟੁੱਟ ਜਾਵੇ, ਸਾਰੇ ਉਪਾਅ ਤੇ ਉਪਕਰਨ ਇੱਕ ਇੱਕ ਕਰਕੇ ਉਸਦਾ ਸਾਥ ਛੱਡ ਦੇਣ ਫੇਰ ਵੀ ਇੱਕ ਈਸ਼ਵਰ ਦਾ ਸਹਾਰਾ ਕਿਸੇ ਦਸ਼ਾ ਵਿੱਚ ਉਸ ਦਾ ਸਾਥ ਨਹੀਂ ਛੱਡਦਾ। ਉਸ ਦੇ ਹੀ ਬਲਬੂਤੇ ਉਹ ਨਵੀਆਂ ਉਮੀਦਾਂ ਨਾਲ ਕੋਸ਼ਿਸ਼ ਤੇ ਕੋਸ਼ਿਸ਼ ਕਰਦਾ ਚਲਿਆ ਜਾਂਦਾ ਹੈ। ਇਹ ਆਤਮਾ ਸੰਤੁਸ਼ਟੀ ਤੇ ਦਿਲ ਦੀ ਸਥਿਰਤਾ ਇੱਕ ਰੱਬ ਦੀ ਧਾਰਨਾ ਤੋਂ ਬਿਨਾਂ ਕਿਸੇ ਧਾਰਨਾ ਤੋਂ ਪ੍ਰਾਪਤ ਨਹੀਂ ਹੋ ਸਕਦੀ। ਮੁਸ਼ਰਕ, ਕਾਫ਼ਰ ਅਤੇ ਨਾਸਤਕ ਛੋਟੇ ਦਿਲ ਦੇ ਹੁੰਦੇ ਹਨ। ਉਹਨਾਂ ਦਾ ਭਰੋਸਾ ਸੀਮਤ ਸ਼ਕਤੀਆਂ ਉੱਤੇ ਹੁੰਦਾ ਹੈ। ਇਸ ਲਈ ਕਠਿਨਾਈਆਂ ਵਿੱਚ ਛੇਤੀ ਹੀ ਉਹਨਾਂ ਨੂੰ ਨਿਰਾਸ਼ਾ ਘੇਰ ਲੈਂਦੀ ਹੈ ਅਤੇ ਬਹੁਤ ਸਾਰੇ ਤਾਂ ਅਜਿਹੀ ਦਸ਼ਾ ਵਿੱਚ ਆਤਮ-ਦਾਹ ਤੱਕ ਕਰ ਲੈਂਦੇ ਹਨ।

(6) ਇਸ ਕਲਮੇ 'ਤੇ ਭਰੋਸਾ ਮਨੁੱਖ ਵਿੱਚ ਸਾਹਸ, ਧੀਰਜ ਅਤੇ ਅਲੱਾਹ ਉੱਤੇ ਭਰੋਸੇ ਦੀ ਪ੍ਰਬਲ ਸ਼ਕਤੀ ਪੈਦਾ ਕਰ ਦਿੰਦਾ ਹੈ। ਉਹ ਜਦੋਂ ਈਸ਼ਵਰ ਦੀ ਪ੍ਰਸੰਨਤਾ ਲਈ ਦੁਨੀਆਂ ਵਿੱਚ ਵੱਡੇ ਕਾਰਜ ਕਰਨ ਲਈ ਉਠਦਾ ਹੈ ਤਾਂ ਇਸ ਦੇ ਦਿਲ ਵਿੱਚ ਇਹ ਵਿਸ਼ਵਾਸ ਹੁੰਦਾ ਹੈ ਕਿ ਮੇਰੀ ਪਿੱਠ ਉੱਤੇ ਧਰਤੀ ਤੇ ਅਕਾਸ਼ ਦੇ ਬਾਦਸ਼ਾਹ ਦੀ ਸ਼ਕਤੀ ਹੈ। ਇਹ ਖਿਆਲ ਉਸ ਵਿੱਚ ਪਹਾੜ ਵਰਗੀ ਮਜ਼ਬੂਤੀ ਪੈਦਾ ਕਰ ਦਿੰਦਾ ਹੈ। ਸੰਸਾਰ ਦੀਆਂ ਸਾਰੀਆਂ ਕਠਿਨਾਈਆਂ ਤੇ ਕਸ਼ਟ ਅਤੇ ਵਿਰੋਧੀ ਸ਼ਕਤੀਆਂ ਮਿਲਕੇ ਵੀ ਉਹਨੂੰ ਆਪਣੇ ਸੰਕਲਪ ਤੋਂ ਡਗਮਗਾ ਨਹੀਂ ਸਕਦੀਆਂ। ਨਾਸਤਕ ਵਿੱਚ ਇਹ ਸ਼ਕਤੀ ਬਿਲਕੁਲ ਵੀ ਨਹੀਂ ਹੋ ਸਕਦੀ।

(7) ਇਹ ਕਲਮਾ ਮਨੁੱਖ ਨੂੰ ਸੂਰਬੀਰ ਬਣਾ ਦਿੰਦਾ ਹੈ। ਮਨੁੱਖ ਨੂੰ ਕਾਇਰ ਬਣਾਉਣ ਵਾਲੀਆਂ ਕੇਵਲ ਦੋ ਚੀਜ਼ਾਂ ਹੁੰਦੀਆਂ ਹਨ। ਇੱਕ ਤਾਂ ਜਾਨ-ਮਾਲ ਤੇ ਬੱਚਿਆਂ ਦਾ ਮੋਹ, ਦੂਜੀ ਇਹ ਧਾਰਨਾਂ ਕਿ ਅੱਲਾਹ ਤੋਂ ਛੁੱਟ ਕੋਈ ਹੋਰ ਵੀ ਮਾਰਨ

Scanned with CamScanner

ਵਾਲਾ ਹੈ ਅਤੇ ਆਦਮੀ ਆਪਣੇ ਉਪਾ ਕਰਕੇ ਮੌਤ ਨੂੰ ਟਾਲ ਸਕਦਾ ਹੈ। 'ਲਾ ਇਲਾਹ ਇੱਲਲਾਹ 'ਤੇ ਈਮਾਨ ਇਹ ਦੋਵੇਂ ਚੀਜ਼ਾਂ ਹਿਰਦੇ 'ਚੋਂ ਕੱਢ ਦਿੰਦਾ ਹੈ। ਪਹਿਲੀ ਚੀਜ਼ ਤਾਂ ਇਸ ਲਈ ਨਿੱਕਲ ਜਾਂਦੀ ਹੈ ਕਿ ਇਸ ਕਲਮੇ 'ਤੇ ਈਮਾਨ ਰੱਖਣ ਵਾਲਾ ਆਪਣੀ ਜਾਨ, ਮਾਲ ਤੇ ਹਰ ਚੀਜ਼ ਦਾ ਮਾਲਕ ਅਲੱਾਹ ਨੂੰ ਹੀ ਸਮਝਦਾ ਹੈ ਅਤੇ ਉਸ ਦੀ ਪ੍ਰਸੰਨਤਾ ਲਈ ਸਭ ਕੁਝ ਅਰਪਨ ਕਰਨ ਲਈ ਤਿਆਰ ਹੋ ਜਾਂਦਾ ਹੈ। ਰਹੀ ਦੂਜੀ ਚੀਜ਼ ਤਾਂ ਉਹ ਇਸ ਕਾਰਨ ਨਹੀਂ ਠਹਿਰ ਸਕਦੀ ਕਿ 'ਲਾ ਇਲਾਹ ਇੱਲਾਹ' ਕਹਿਣ ਵਾਲੇ ਦੇ ਵਿਚਾਰ ਵਿੱਚ ਪ੍ਰਾਣ ਲੈਣ ਦੀ ਸ਼ਕਤੀ ਕਿਸੇ ਮਨੁੱਖ, ਜਾਨਵਰ, ਤੋਪ, ਤਲਵਾਰ, ਲਾਠੀ ਜਾਂ ਪੱਥਰ ਵਿੱਚ ਨਹੀਂ ਹੈ। ਇਸ ਦਾ ਅਧਿਕਾਰ ਕੇਵਲ ਅਲੱਾਹ ਨੂੰ ਹੀ ਹੈ। ਉਸ ਨੇ ਮੌਤ ਦਾ ਜਿਹੜਾ ਸਮਾਂ ਨਿਸ਼ਚਿਤ ਕਰ ਦਿੱਤਾ ਹੈ ਉਸ ਤੋਂ ਪਹਿਲਾਂ ਵਿਸ਼ਵ ਦੀਆਂ ਸਾਰੀਆਂ ਸ਼ਕਤੀਆਂ ਜੁੜਕੇ ਚਾਹੁਣ ਤਾਂ ਕਿਸੇ ਦੇ ਪ੍ਰਾਣ ਨਹੀਂ ਲੈ ਸਕਦੀਆਂ। ਇਹੋ ਕਾਰਨ ਹੈ ਕਿ ਅੱਲਾਹ ਤੇ ਈਮਾਨ ਰੱਖਣ ਵਾਲੇ ਤੋਂ ਅਧਿਕ ਸੂਰਬੀਰ ਸੰਸਾਰ ਵਿੱਚ ਕੋਈ ਨਹੀਂ ਹੁੰਦਾ। ਉਸ ਦੇ ਮੁਕਾਬਲੇ ਵਿੱਚ ਤਲਵਾਰਾਂ ਦਾ ਹੜ੍ਹ, ਗੋਲੀਆਂ ਦੀ ਵਰਖਾ ਫੌਜਾਂ ਦਾ ਹਮਲਾ ਸਾਰੀਆਂ ਚੀਜ਼ਾਂ ਬੇਸਿੱਟਾ ਹੋ ਜਾਂਦੀਆਂ ਹਨ। ਜਦੋਂ ਉਹ ਅੱਲਾਹ ਦੇ ਰਾਹ ਵਿੱਚ ਲੜਨ ਲਈ ਨਿੱਕਲਦਾ ਹੈ ਤਾਂ ਆਪਣੇ ਨਾਲੋਂ ਦਸ ਗੁਣਾਂ ਸ਼ਕਤੀ ਦਾ ਵੀ ਮੂੰਹ ਮੋੜ ਦਿੰਦਾ ਹੈ। ਮੁਸ਼ਰਕ, ਕਾਫ਼ਰ ਤੇ ਨਾਸਤਕ ਇਹ ਸ਼ਕਤੀ ਕਿਥੋਂ ਲਿਆਉਣਗੇ। ਉਹਨਾਂ ਨੂੰ ਤਾਂ ਆਪਣੀ ਜਾਨ ਸਭ ਤੋਂ ਵੱਧ ਪਿਆਰੀ ਹੁੰਦੀ ਹੈ ਅਤੇ ਉਹ ਇਹ ਸਮਝਦੇ ਹਨ ਕਿ ਮੌਤ ਦੁਸ਼ਮਣਾਂ ਦੇ ਲਿਆਉਣ ਨਾਲ ਆਉਂਦੀ ਹੈ ਅਤੇ ਉਹਨਾਂ ਦੇ ਭੱਜ ਜਾਣ ਤੇ ਭੱਜ ਸਕਦੀ ਹੈ।

(8) 'ਲਾ ਇਲਾਹ ਇੱਲਲਾਹ' ਦਾ ਵਿਸ਼ਵਾਸ ਮਨੁੱਖ ਵਿੱਚ ਸੰਤੁਸ਼ਟੀ ਤੇ ਲੋਭਹੀਣਤਾ ਦੇ ਗੁਣ ਪੈਦਾ ਕਰ ਦਿੰਦਾ ਹੈ। ਲੋਭ-ਲਾਲਚ ਤੇ ਈਰਖਾ ਵਰਗੀਆਂ ਤੁੱਛ ਭਾਵਨਾਵਾਂ ਨੂੰ ਮਨ 'ਚੋਂ ਕੱਢ ਦਿੰਦਾ ਹੈ। ਸਫਲਤਾ ਪ੍ਰਾਪਤੀ ਲਈ ਅਯੋਗ ਤੇ ਨੀਚ ਵਿਧੀਆਂ ਅਪਣਾਉਣ ਦਾ ਖ਼ਿਆਲ ਵੀ ਉਹਦੇ ਮਨ ਵਿੱਚ ਨਹੀਂ ਆਉਣ ਦਿੰਦਾ। ਉਹ ਸਮਝਦਾ ਹੈ ਰੋਜ਼ੀ ਅੱਲਾਹ ਦੇ ਹੱਥ ਵਿੱਚ ਹੈ, ਜਿਸ ਨੂੰ ਚਾਹੇ ਵੱਧ ਦੇਵੇ ਤੇ ਜਿਸ ਨੂੰ ਚਾਹੇ ਘੱਟ ਦੇਵੇ। ਇੱਜ਼ਤ ਤੇ ਸ਼ਕਤੀ ਅਤੇ ਜਸ ਤੇ ਹਕੂਮਤ ਸਭ ਕੁਝ ਅੱਲਾਹ ਦੇ ਅਧਿਕਾਰ ਵਿੱਚ ਹੈ। ਉਹ ਭਲਾਈ ਅਨੁਸਾਰ ਜਿਸ ਨੂੰ ਜਿੰਨਾ ਚਾਹੁੰਦਾ ਹੈ ਦਿੰਦਾ ਹੈ। ਸਾਡਾ ਕੰਮ ਕੇਵਲ ਆਪਣੀ ਹੱਦ ਤੱਕ ਉਚਿਤ ਜਤਨ ਕਰਨਾ ਹੈ। ਸਫਲਤਾ ਅਤੇ ਅਸਫਲਤਾ ਅੱਲਾਹ ਦੀ ਕਿਰਪਾ ਉੱਤੇ ਨਿਰਭਰ ਹੈ। ਉਹ ਜੇਕਰ ਦੇਣਾ ਚਾਹੇ ਸੰਸਾਰ ਦੀ ਕੋਈ ਸ਼ਕਤੀ ਉਹਨੂੰ ਰੋਕ ਨਹੀਂ ਸਕਦੀ ਅਤੇ ਨਾ ਦੇਣਾ

Scanned with CamScanner

ਚਾਹੇ ਤਾਂ ਕੋਈ ਸ਼ਕਤੀ ਦਿਲਵਾ ਨਹੀਂ ਸਕਦੀ। ਇਸ ਦੇ ਉਲਟ ਮੁਸ਼ਰਕ, ਕਾਫ਼ਰ ਤੇ ਨਾਸਤਕ ਆਪਣੀ ਸਫਲਤਾ ਅਤੇ ਅਸਫਲਤਾ ਨੂੰ ਆਪਣੇ ਜਤਨਾਂ, ਸੰਸਾਰਕ ਸ਼ਕਤੀਆਂ ਦੀ ਸਹਾਇਤਾ ਜਾਂ ਵਿਰੋਧ ਉੱਤੇ ਅਧਾਰਤ ਸਮਝਦੇ ਹਨ। ਇਸ ਲਈ ਉਹਨਾਂ ਉੱਤੇ ਲੋਭ-ਲਾਲਚ ਦੇ ਗੁਣਾਂ ਨੇ ਪੂਰਨ ਅਧਿਕਾਰ ਜਮਾ ਰੱਖਿਆ ਹੁੰਦਾ ਹੈ। ਸਫਲਤਾ ਪ੍ਰਾਪਤ ਕਰਨ ਲਈ ਰਿਸ਼ਵਤ, ਚਾਪਲੂਸੀ, ਸਾਜ਼ਿਸ਼ ਤੇ ਹਰ ਪ੍ਰਕਾਰ ਦੇ ਨੀਚ ਸਾਧਨ ਅਪਨਾਉਣ ਤੋਂ ਉਹ ਨਹੀਂ ਝਿਜਕਦੇ। ਦੂਜਿਆਂ ਦੀ ਸਫਲਤਾ ਉੱਤੇ ਈਰਖਾ ਤੇ ਦੁਸ਼ਮਨੀ ਵਿੱਚ ਸੜ ਮਰਦੇ ਹਨ ਅਤੇ ਉਹਨਾਂ ਨੂੰ ਨੀਚਾ ਦਿਖਾਉਣ ਲਈ ਕੋਈ ਭੈੜੇ ਤੋਂ ਭੈੜਾ ਉਪਾਅ ਕਰਨ ਤੋਂ ਵੀ ਨਹੀਂ ਟਲਦੇ।

(9) ਸਭ ਤੋਂ ਵੱਡੀ ਗੱਲ ਇਹ ਹੈ ਕਿ 'ਲਾ ਇਲਾਹ ਇੱਲਲਾਹ' ਉੱਤੇ ਵਿਸ਼ਵਾਸ ਮਨੁੱਖ ਨੂੰ ਈਸ਼ਵਰ ਦੇ ਕਾਨੂੰਨ ਦਾ ਪਾਬੰਦ ਬਣਾਉਂਦਾ ਹੈ। ਇਸ ਕਲਮੇ ਉੱਤੇ ਈਮਾਨ ਲਿਆਉਣ ਵਾਲਾ ਵਿਸ਼ਵਾਸ ਰੱਖਦਾ ਹੈ ਕਿ ਅੱਲਾਹ ਗੁੱਝੀ ਤੇ ਪ੍ਰਗਟ ਹਰ ਚੀਜ਼ ਦੀ ਖ਼ਬਰ ਰੱਖਦਾ ਹੈ। ਉਹ ਸਾਡੀ ਸਾਹ ਨਾੜੀ ਤੋਂ ਵੀ ਵੱਧ ਨੇੜੇ ਹੈ। ਜੇਕਰ ਅਸੀਂ ਰਾਤ ਦੇ ਹਨ੍ਹੇਰੇ ਵਿੱਚ ਅਤੇ ਇਕਾਂਤ ਕਮਰੇ ਵਿੱਚ ਵੀ ਕੋਈ ਪਾਪ ਕਰੀਏ ਤਾਂ ਈਸ਼ਵਰ ਨੂੰ ਉਸ ਦੀ ਖ਼ਬਰ ਹੋ ਜਾਂਦੀ ਹੈ। ਜੇਕਰ ਸਾਡੇ ਦਿਲ ਦੀਆਂ ਡੂੰਘਾਈਆਂ ਵਿੱਚ ਵੀ ਕੋਈ ਬੁਰਾ ਇਰਾਦਾ ਪੈਦਾ ਹੋਵੇ ਤਾਂ ਈਸ਼ਵਰ ਤੱਕ ਉਸ ਦੀ ਸੂਚਨਾ ਪਹੁੰਚ ਜਾਂਦੀ ਹੈ। ਅਸੀਂ ਸਭਨਾਂ ਤੋਂ ਪਰਦਾ ਰਖ ਸਕਦੇ ਹਾਂ ਪਰੰਤੂ ਈਸ਼ਵਰ ਤੋਂ ਨਹੀਂ ਰੱਖ ਸਕਦੇ। ਸਭਨਾਂ ਕੋਲੋਂ ਭੱਜਕੇ ਜਾ ਸਕਦੇ ਹਾਂ ਪਰੰਤੂ ਈਸ਼ਵਰ ਦੇ ਰਾਜ 'ਚੋਂ ਨਹੀਂ ਨਿਕਲ ਸਕਦੇ। ਇਹ ਵਿਸ਼ਵਾਸ ਜਿੰਨਾ ਦ੍ਰਿੜ੍ਹ ਹੋਵੇਗਾ ਉਨਾ ਹੀ ਵੱਧ ਮਨੁੱਖ ਆਪਣੇ ਈਸ਼ਵਰ ਦੇ ਆਦੇਸ਼ਾਂ ਦਾ ਪਾਲਣ ਕਰੇਗਾ। ਜਿਸ ਚੀਜ਼ ਨੂੰ ਈਸ਼ਵਰ ਨੇ ਹਰਾਮ ਕੀਤਾ ਹੈ ਉਸਦੇ ਨੇੜੇ ਵੀ ਨਹੀਂ ਢੁੱਕੇਗਾ ਅਤੇ ਜਿਸ ਚੀਜ਼ ਦਾ ਆਦੇਸ਼ ਦਿੱਤਾ ਹੈ, ਉਹ ਉਸਨੂੰ ਇਕਾਂਤ ਤੇ ਹਨੇਰੇ ਵਿੱਚ ਵੀ ਮੰਨੇਗਾ ਕਿਉਂਕਿ ਉਹਦੇ ਨਾਲ ਇੱਕ ਅਜਿਹੀ ਪੁਲੀਸ ਲੱਗੀ ਹੋਈ ਹੈ ਜਿਹੜੀ ਕਿਸੇ ਅਵਸਥਾ ਵਿੱਚ ਵੀ ਉਸ ਦਾ ਪਿੱਛਾ ਨਹੀਂ ਛੱਡਦੀ। ਉਸ ਨੂੰ ਅਜਿਹੀ ਅਦਾਲਤ ਦਾ ਖਟਕਾ ਲੱਗਿਆ ਹੋਇਆ ਹੈ ਜਿਸ ਦੇ ਵਰੰਟ ਤੋਂ ਉਹ ਕਿਧਰੇ ਭੱਜ ਹੀ ਨਹੀਂ ਸਕਦਾ। ਇਹੋ ਕਾਰਨ ਹੈ ਕਿ ਮੁਸਲਮਾਨ ਹੋਣ ਲਈ ਸਭ ਤੋਂ ਪਹਿਲੀ ਤੇ ਜ਼ਰੂਰੀ ਸ਼ਰਤ 'ਲਾ ਇਲਾਹ ਇੱਲਲਾਹ' ਉੱਤੇ ਈਮਾਨ ਲਿਆਉਣਾ ਹੈ। ਜਿਹਾ ਕਿ ਤੁਹਾਨੂੰ ਸ਼ੁਰੂ ਵਿੱਚ ਦੱਸਿਆ ਜਾ ਚੁੱਕਿਆ ਹੈ। ਮੁਸਲਮਾਨ ਦਾ ਅਰਥ ਹੈ ਈਸ਼ਵਰ ਦਾ ਆਗਿਆਕਾਰੀ ਬੰਦਾ। ਈਸ਼ਵਰ ਦਾ ਆਗਿਆਕਾਰੀ ਹੋਣਾ ਸੰਭਵ ਹੀ ਨਹੀਂ ਜਦੋਂ ਤੱਕ ਕਿ ਮਨੁੱਖ ਇਸ ਗੱਲ ਉੱਤੇ ਵਿਸ਼ਵਾਸ ਨਾ ਕਰੇ ਕਿ ਅੱਲਾਹ ਤੋਂ ਛੁੱਟ ਕੋਈ ਇਲਾਹ (ਇਸ਼ਟ) ਨਹੀਂ।

Scanned with CamScanner

ਹਜ਼ਰਤ ਮੁਹੰਮਦ (ਸ.) ਦੀ ਸਿੱਖਿਆ ਵਿੱਚ, ਇਹ ਅੱਲਾਹ ਉੱਤੇ ਈਮਾਨ ਸਭ ਤੋਂ ਮਹੱਤਵਪੂਰਨ ਤੇ ਮੌਲਿਕ ਚੀਜ਼ ਹੈ। ਇਹ ਇਸਲਾਮ ਦਾ ਕੇਂਦਰ ਹੈ, ਉਸਦਾ ਮੂਲ ਹੈ, ਉਸਦੀ ਸ਼ਕਤੀ ਦਾ ਸਰੋਤ ਹੈ। ਇਸ ਤੋਂ ਬਿਨਾਂ ਇਸਲਾਮ ਦੀਆਂ ਜਿੰਨੀਆਂ ਵੀ ਧਾਰਨਾਵਾਂ, ਆਦੇਸ਼ ਤੇ ਕਾਨੂੰਨ ਹਨ। ਸਾਰੇ ਇਸੇ ਅਧਾਰ ਉੱਤੇ ਸਥਿੱਤ ਹਨ ਅਤੇ ਉਹਨਾਂ ਸਭਨਾਂ ਨੂੰ ਇਸੇ ਕੇਂਦਰ ਤੋਂ ਬਲ ਮਿਲਦਾ ਹੈ। ਇਸ ਨੂੰ ਹਟਾ ਦੇਣ ਪਿੱਛੋਂ ਇਸਲਾਮ ਕੋਈ ਚੀਜ਼ ਨਹੀਂ ਰਹਿੰਦਾ।

## ਅੱਲਾਹ ਦੇ ਫ਼ਰਿਸ਼ਤਿਆਂ ਉੱਤੇ ਈਮਾਨ

ਅੱਲਾਹ ਉੱਤੇ ਈਮਾਨ ਲਿਆਉਣ ਪਿੱਛੋਂ ਦੂਜੀ ਗੱਲ ਜਿਸ ਉੱਤੇ ਹਜ਼ਰਤ ਮੁਹੰਮਦ (ਸ.) ਨੇ ਈਮਾਨ ਲਿਆਉਣ ਦਾ ਆਦੇਸ਼ ਦਿੱਤਾ ਹੈ, ਉਹ ਫ਼ਰਿਸ਼ਤਿਆਂ ਦੀ ਹੋਂਦ ਹੈ। ਇਸ ਸਿੱਖਿਆ ਦਾ ਵੱਡਾ ਲਾਭ ਇਹ ਹੈ ਕਿ ਇਸ ਨਾਲ ਤੌਹੀਦ ਦੀ ਧਾਰਨਾ ਸ਼ਿਰਕ ਦੇ ਸਾਰੇ ਖ਼ਤਰਿਆਂ ਤੋਂ ਮੁਕਤ ਹੋ ਜਾਂਦੀ ਹੈ।

ਉੱਪਰ ਤੁਹਾਨੂੰ ਦੱਸਿਆ ਜਾ ਚੁੱਕਿਆ ਹੈ ਕਿ ਮੁਸ਼ਰਕਾਂ ਨੇ ਖ਼ੁਦਾਈ ਵਿੱਚ ਸਰਿਸ਼ਟੀ ਦੀਆਂ ਦੋ ਤਰ੍ਹਾਂ ਦੀਆਂ ਚੀਜ਼ਾਂ ਨੂੰ ਸ਼ਾਮਲ ਕੀਤਾ ਹੈ। ਇਕ ਕਿਸਮ ਤਾਂ ਉਹਨਾਂ ਚੀਜ਼ਾਂ ਦੀ ਹੈ ਜਿਹੜੀਆਂ ਦਾ ਸਰੀਰਕ ਵਜੂਦ ਹੈ ਅਤੇ ਵਿਖਾਈ ਦਿੰਦੀਆਂ ਹਨ। ਜਿਵੇਂ ਸੂਰਜ, ਚੰਨ, ਤਾਰੇ, ਪਾਣੀ ਅਤੇ ਮਨੁੱਖਾਂ ਵਿੱਚੋਂ ਮਹਾਨ ਲੋਕ ਆਦਿ। ਦੂਜੀ ਕਿਸਮ ਉਹਨਾਂ ਦੀ ਹੈ ਜਿਨ੍ਹਾਂ ਦਾ ਸਰੀਰਕ ਵਜੂਦ (ਭੌਤਿਕ ਹੋਂਦ) ਨਹੀਂ ਹੈ, ਉਹ ਵਿਖਾਈ ਨਹੀਂ ਦਿੰਦੀਆਂ ਅਤੇ ਪਰੋਖ ਰੂਪ ਵਿੱਚ ਵਿਸ਼ਵ ਦਾ ਪ੍ਰਬੰਧ ਕਰ ਰਹੀਆਂ ਹਨ। ਜਿਵੇਂ ਕੋਈ ਹਵਾ ਚਲਾਉਣ ਵਾਲੀ, ਕੋਈ ਮੀਂਹ ਵਰ੍ਹਾਉਣ ਵਾਲੀ, ਕੋਈ ਪ੍ਰਕਾਸ਼ ਕਰਨ ਵਾਲੀ। ਇਹਨਾਂ ਵਿਚੋਂ ਪਹਿਲੀ ਕਿਸਮ ਦੀਆਂ ਚੀਜ਼ਾਂ ਮਨੁੱਖ ਦੀਆਂ ਅੱਖਾਂ ਦੇ ਸਾਹਮਣੇ ਮੌਜੂਦ ਹਨ। ਇਸ ਲਈ ਉਹਨਾਂ ਦੇ ਈਸ਼ਵਰ ਹੋਣ ਦੀ ਮਨਾਹੀ ਖ਼ੁਦ 'ਲਾ ਇਲਾਹ ਇੱਲਾਹ' ਦੇ ਸ਼ਬਦਾਂ ਨਾਲ ਹੀ ਹੋਬ ਜਾਂਦੀ ਹੈ ਪਰੰਤੂ ਦੂਜੀ ਕਿਸਮ ਦੀਆਂ ਚੀਜ਼ਾਂ ਅਪਰਤੱਖ ਤੇ ਭੇਦ ਭਰੀਆਂ ਹਨ। ਮੁਸ਼ਰਕ ਬਹੁਤਾ ਕਰਕੇ ਉਹਨਾਂ 'ਤੇ ਹੀ ਜੰਮੇ ਹੋਏ ਹਨ। ਉਹਨਾਂ ਨੂੰ ਹੀ ਦੇਵਤਾ ਈਸ਼ਵਰ ਅਤੇ ਈਸ਼ਵਰ ਦੀ ਸੰਤਾਨ ਸਮਝਦੇ ਹਨ। ਉਹਨਾਂ ਦੀਆਂ ਹੀ ਕਲਪਤ ਮੂਰਤੀਆਂ ਬਣਾ ਕੇ ਉਹਨਾਂ ਤੇ ਚੜ੍ਹਾਵੇ ਚੜਾਉਂਦੇ ਹਨ। ਇਸ ਲਈ ਤੌਹੀਦ (ਇੱਕ ਈਸ਼ਵਵਾਦ) ਨੂੰ ਸ਼ਿਰਕ (ਅਨੇਕ ਈਸ਼ਵਰਵਾਦ) ਦੀ ਇਸ ਦੂਜੀ ਸ਼ਾਖ ਤੋਂ ਬਚਾਉਣ ਦੇ ਲਈ ਇੱਕ ਸਥਾਈ ਧਾਰਨਾ ਦਾ ਵਰਣਨ ਕੀਤਾ ਗਿਆ ਹੈ।

Scanned with CamScanner

ਹਜ਼ਰਤ ਮੁਹੰਮਦ (ਸ.) ਨੇ ਸਾਨੂੰ ਦੱਸਿਆ ਹੈ ਕਿ ਇਹ ਛੁਪੀਆਂ ਹੋਈਆਂ ਨੂਰਾਨੀ ਹਸਤੀਆਂ ਜਿਨ੍ਹਾਂ ਨੂੰ ਦੇਵਤਾ, ਈਸ਼ਵਰ ਅਤੇ ਈਸ਼ਵਰ ਦੀ ਸੰਤਾਨ ਆਖਦੇ ਹੋ, ਅਸਲ ਵਿੱਚ ਇਹ ਅੱਲਾਹ ਦੇ ਫ਼ਰਿਸ਼ਤੇ ਹਨ। ਇਹਨਾਂ ਦਾ ਈਸ਼ਵਰਤਣ (ਖ਼ੁਦਾਈ) ਵਿੱਚ ਕੋਈ ਅਧਿਕਾਰ ਤੇ ਹਿੱਸਾ ਨਹੀਂ ਹੈ। ਇਹ ਸਾਰੇ ਅੱਲਾਹ ਦੇ ਆਗਿਆਕਾਰੀ ਹਨ। ਇੰਨੇ ਆਗਿਆਕਾਰੀ ਹਨ ਕਿ ਅੱਲਾਹ ਦੇ ਆਦੇਸ਼ ਦੀ ਰਤਾ ਵੀ ਉਲੰਘਣਾ ਨਹੀਂ ਕਰ ਸਕਦੇ। ਅੱਲਾਹ ਇਹਨਾਂ ਰਾਹੀਂ ਆਪਣੇ ਰਾਜ ਦਾ ਪ੍ਰਬੰਧ ਕਰਦਾ ਹੈ ਅਤੇ ਇਹ ਠੀਕ-ਠੀਕ ਅੱਲਾਹ ਦੇ ਆਦੇਸ਼ ਦਾ ਪਾਲਣ ਕਰਦੇ ਹਨ। ਇਹਨਾਂ ਨੂੰ ਖ਼ੁਦ ਆਪਣੇ ਅਧਿਕਾਰ ਨਾਲ ਕੁਝ ਕਰਨ ਦੀ ਸਕਤੀ ਪ੍ਰਾਪਤ ਨਹੀਂ ਹੈ। ਇਹ ਆਪਣੀ ਸ਼ਕਤੀ ਨਾਲ ਈਸ਼ਵਰ ਦੀ ਸੇਵਾ ਵਿੱਚ ਕੋਈ ਪ੍ਰਸਤਾਵ ਪੇਸ਼ ਨਹੀਂ ਕਰ ਸਕਦੇ। ਇਹਨਾਂ ਵਿੱਚ ਇਹ ਸਾਹਸ ਤੇ ਸ਼ਕਤੀ ਨਹੀਂ ਕਿ ਉਹਦੇ ਸਾਹਮਣੇ ਕਿਸੇ ਦੀ ਸਿਫ਼ਾਰਸ਼ ਕਰਨ। ਇਹਨਾਂ ਦੀ ਪੂਜਾ ਕਰਨਾ ਤੇ ਇਹਨਾਂ ਤੋਂ ਸਹਾਇਤਾ ਦੀ ਉਮੀਦ ਰੱਖਣਾ ਤਾਂ ਮਨੁੱਖ ਦੇ ਲਈ ਅਪਮਾਨ ਵਾਲੀ ਗੱਲ ਹੈ ਕਿਉਂਕਿ ਮਨੁੱਖ ਦੀ ਸਿਰਜਣਾ ਦੇ ਪਹਿਲੇ ਹੀ ਦਿਨ ਅੱਲਾਹ ਨੇ ਇਹਨਾਂ ਤੋਂ ਆਦਮ ਨੂੰ ਸਜਦਾ ਕਰਵਾਇਆ ਸੀ। ਆਦਮ ਨੂੰ ਇਹਨਾਂ ਤੋਂ ਵੱਧ ਗਿਆਨ ਪ੍ਰਦਾਨ ਕੀਤਾ ਸੀ। ਇਹਨਾਂ ਨੂੰ ਛੱਡਕੇ ਆਦਮ ਨੂੰ ਧਰਤੀ ਉੱਤੇ ਪ੍ਰਤੀਨਿਧਤਾ ਬਖ਼ਸ਼ੀ ਸੀ। ਜਿਸ ਮਨੁੱਖ ਸਾਹਮਣੇ ਇਹ ਫ਼ਰਿਸ਼ਤੇ ਸਿਰ ਝੁਕਾਉਣ ਉਹਦੇ ਲਈ ਇਸ ਤੋਂ ਵਧਕੇ ਕੀ ਅਪਮਾਨ ਹੋ ਸਕਦਾ ਹੈ ਕਿ ਉਹ ਉਲਟਾ ਉਹਨਾਂ ਅੱਗੇ ਸਜਦਾ ਕਰੇ ਅਤੇ ਉਹਨਾਂ ਤੋਂ ਭੀਖ ਮੰਗੇ।

ਹਜ਼ਰਤ ਮੁਹੰਮਦ (ਸ.) ਨੇ ਇੱਕ ਪਾਸੇ ਤਾਂ ਸਾਨੂੰ ਫ਼ਰਿਸ਼ਤਿਆਂ ਨੂੰ ਪੂਜਣ ਅਤੇ ਖ਼ੁਦਾਈ ਵਿੱਚ ਉਹਨਾਂ ਨੂੰ ਭਾਗੀਦਾਰ ਬਣਾਉਣ ਤੋਂ ਰੋਕ ਦਿੱਤਾ ਦੂਜੇ ਪਾਸੇ ਸਾਨੂੰ ਇਹ ਦੱਸਿਆ ਕਿ ਫ਼ਰਿਸ਼ਤੇ ਅੱਲਾਹ ਦੇ ਸਰੇਸ਼ਠ ਬੰਦੇ ਹਨ, ਉਸੇ ਦੇ ਪੈਦਾ ਕੀਤੇ ਹੋਏ ਹਨ, ਪਾਪਾਂ ਤੋਂ ਰਹਿਤ ਹਨ। ਉਹਨਾਂ ਦੀ ਪ੍ਰਕਿਰਤੀ ਹੀ ਅਜਿਹੀ ਹੈ ਕਿ ਉਹ ਈਸ਼ਵਰ ਦੇ ਆਦੇਸ਼ਾਂ ਦਾ ਉਲੰਘਣ ਕਰ ਹੀ ਨਹੀਂ ਸਕਦੇ। ਉਹ ਸਦਾ ਈਸ਼ਵਰ ਦੀ ਬੰਦਗੀ ਤੇ ਇਬਾਦਤ ਵਿੱਚ ਲੱਗੇ ਰਹਿੰਦੇ ਹਨ। ਉਹਨਾਂ ਵਿਚੋਂ ਹੀ ਚੁਣੇ ਹੋਏ ਇੱਕ ਫਰਿਸ਼ਤੇ ਦੁਆਰਾ ਈਸ਼ਵਰ ਆਪਣੇ ਪੈਗ਼ੰਬਰਾਂ ਉੱਤੇ ਵਹੀ (ਈਸ਼ਵਰ ਬਾਣੀ) ਭੇਜਦਾ ਹੈ, ਜਿਸ ਦਾ ਨਾਂ ਜਿਬਰੀਲ ਹੈ। ਹਜ਼ਰਤ ਮੁਹੰਮਦ (ਸ.) ਕੋਲ ਜਿਬਰੀਲ (ਅ.) ਰਾਹੀਂ ਹੀ ਕੁਰਆਨ ਦੀਆਂ ਆਇਤਾਂ ਉੱਤਰੀਆਂ ਸਨ। ਇਹਨਾਂ ਹੀ ਫ਼ਰਿਸ਼ਤਿਆਂ ਵਿੱਚ ਉਹ ਫ਼ਰਿਸ਼ਤੇ ਵੀ ਹਨ ਜਿਹੜੇ ਹਰ ਸਮੇਂ ਤੁਹਾਡੇ ਨਾਲ ਲੱਗੇ ਹੋਏ ਹਨ। ਤੁਹਾਡੇ ਭਲੇ ਤੇ ਬੁਰੇ ਕੰਮ ਨੂੰ ਹਰਸਮੇਂ ਦੇਖਦੇ ਰਹਿੰਦੇ ਹਨ। ਤੁਹਾਡੀ ਹਰੇਕ ਬੁਰੀ ਤੇ ਭਲੀ ਗੱਲ ਨੂੰ ਹਰ ਸਮੇਂ ਸੁਣਦੇ ਹਨ ਅਤੇ ਨੋਟ ਕਰਦੇ ਹਨ। ਉਹਨਾਂ ਕੋਲ ਹਰ ਵਿਅਕਤੀ ਦੇ

Scanned with CamScanner

ਜੀਵਨ ਦਾ ਰਿਕਾਰਡ ਸੁਰੱਖਿਅਤ ਰਹਿੰਦਾ ਹੈ।ਮਰਨ ਉਪਰੰਤ ਜਦੋਂ ਤੁਸੀਂ ਅੱਲਾਹ ਅੱਗੇ ਹਾਜ਼ਰ ਹੋਵੋਗੇ ਤਾਂ ਇਹ ਤੁਹਾਡਾ ਕਰਮ-ਪੱਤਰ ਪੇਸ਼ ਕਰ ਦੇਣਗੇ ਅਤੇ ਤੁਸੀਂ ਵੇਖੋਗੇ ਕਿ ਜੀਵਨ ਭਰ ਤੁਸੀਂ ਖੁੱਲ੍ਹੇ-ਛੁਪੇ ਜਿਹੜੀਆਂ ਵੀ ਨੇਕੀਆਂ ਤੇ ਬੁਰਾਈਆਂ ਕੀਤੀਆਂ ਸਨ ਉਹ ਸਾਰੀਆਂ ਉਸ ਵਿੱਚ ਮੌਜੂਦ ਹਨ।

ਫ਼ਰਿਸ਼ਤਿਆਂ ਦੀ ਵਾਸਤਵਿਕਤਾ ਸਾਨੂੰ ਨਹੀਂ ਦੱਸੀ ਗਈ ਕੇਵਲ ਉਹਨਾਂ ਦੇ ਗੁਣ ਦੱਸੇ ਗਏ ਹਨ ਅਤੇ ਉਨ੍ਹਾਂ ਦੀ ਹੋਂਦ ਉੱਤੇ ਵਿਸ਼ਵਾਸ ਕਰਨ ਦਾ ਹੁਕਮ ਦਿੱਤਾ ਗਿਆ ਹੈ।ਸਾਡੇ ਕੋਲ ਇਹ ਪਤਾ ਕਰਨ ਦਾ ਕੋਈ ਸਾਧਨ ਨਹੀਂ ਕਿ ਉਹ ਕਿਹੋ ਜਿਹੇ ਹਨ ਅਤੇ ਕਿਹੋ ਜਿਹੇ ਨਹੀਂ।ਇਸ ਲਈ ਆਪਣੀ ਅਕਲ ਨਾਲ ਉਹਨਾਂ ਦੀ ਹੋਂਦ ਨੂੰ ਨਾ ਮੰਨਣਾ ਕੁਫ਼ਰ ਹੈ, ਕਿਉਂਕਿ ਨਾ ਮੰਨਣ ਅਤੇ ਉਹਨਾਂ ਦਾ ਇਨਕਾਰ ਕਰਨ ਦੇ ਲਈ ਕਿਸੇ ਕੋਲ ਕੋਈ ਸਬੂਤ ਨਹੀਂ ਇਨਕਾਰ ਦਾ ਅਰਥ ਅੱਲਾਹ ਦੇ ਰਸੂਲ (ਪੈਗ਼ੰਬਰ) ਨੂੰ ਝੁਠਲਾਉਣਾ ਹੈ, ਰੱਬ ਇਸ ਤੋਂ ਸਾਨੂੰ ਬਚਾਵੇ।ਅਸੀਂ ਉਹਨਾਂ ਦੀ ਹੋਂਦ ਨੂੰ ਇਸ ਲਈ ਮੰਨਦੇ ਹਾਂ ਕਿ ਈਸ਼ਵਰ ਦੇ ਸੱਚੇ ਰਸੂਲ (ਪੈਗ਼ੰਬਰ) ਨੇ ਸਾਨੂੰ ਉਹਨਾਂ ਦੀ ਸੂਚਨਾ ਦਿੱਤੀ ਹੈ।

## ਅੱਲਾਹ ਦੀਆਂ ਕਿਤਾਬਾਂ ਉੱਤੇ ਈਮਾਨ

ਤੀਜੀ ਚੀਜ਼ ਜਿਸ ਉੱਤੇ ਈਮਾਨ ਲਿਆਉਣ ਦੀ ਸਿੱਖਿਆ ਹਜ਼ਰਤ ਮੁਹੰਮਦ (ਸ.) ਰਾਹੀਂ ਸਾਨੂੰ ਦਿੱਤੀ ਗਈ ਹੈ, ਉਹ ਅੱਲਾਹ ਦੀਆਂ ਕਿਤਾਬਾਂ ਹਨ, ਜਿਹੜੀਆਂ ਉਸਨੇ ਆਪਣੇ ਨਬੀਆਂ ਉੱਤੇ ਉਤਾਰੀਆਂ।

ਅੱਲਾਹ ਨੇ ਜਿਸ ਤਰ੍ਹਾਂ ਹਜ਼ਰਤ ਮੁਹੰਮਦ (ਸ.) ਉੱਤੇ ਕੁਰਆਨ ਉਤਾਰਿਆ ਹੈ, ਉਸੇ ਤਰ੍ਹਾਂ ਆਪ (ਸ.) ਤੋਂ ਪਹਿਲਾਂ ਜਿਹੜੇ ਪੈਗ਼ੰਬਰ ਹੋਏ ਹਨ ਉਹਨਾਂ ਕੋਲ ਵੀ ਕਿਤਾਬਾਂ ਭੇਜੀਆਂ ਸਨ।ਉਹਨਾਂ ਵਿਚੋਂ ਕੁੱਝ ਕਿਤਾਬਾਂ ਦੇ ਨਾਂ ਸਾਨੂੰ ਦੱਸ ਦਿੱਤੇ ਗਏ ਹਨ ਜਿਵੇਂ ਇਬਰਾਹੀਮ ਦੇ 'ਸਹੀਫ਼ੇ' ਜਿਹੜੇ ਹਜ਼ਰਤ ਇਬਰਾਹੀਮ ਅ. ਉੱਤੇ ਉੱਤਰੇ ਸਨ।ਤੌਰਾਤ, ਜਿਹੜੀ ਮੂਸਾ (ਅ.) ਉੱਤੇ ਉੱਤਰੀ।ਜ਼ਬੂਰ, ਜਿਹੜੀ ਹਜ਼ਰਤ ਦਾਊਦ ਕੋਲ ਭੇਜੀ ਗਈ ਅਤੇ ਇੰਜੀਲ ਜਿਹੜੀ ਹਜ਼ਰਤ ਈਸਾ (ਅ.) ਨੂੰ ਦਿੱਤੀ ਗਈ। ਇਹਨਾਂ ਤੋਂ ਬਿਨਾਂ ਦੂਜੀਆਂ ਕਿਤਾਬਾਂ ਜਿਹੜੀਆਂ ਦੂਜੇ ਪੈਗ਼ੰਬਰਾਂ ਕੋਲ ਆਈਆਂ ਸਨ ਉਹਨਾਂ ਦੇ ਨਾਂ ਸਾਨੂੰ ਨਹੀਂ ਦੱਸੇ ਗਏ।ਇਸ ਲਈ ਕਿਸੇ ਹੋਰ ਧਾਰਮਿਕ ਗ੍ਰੰਥ ਬਾਰੇ ਅਸੀਂ ਨਿਸ਼ਚਤ ਰੂਪ ਵਿੱਚ ਇਹ ਨਹੀਂ ਕਹਿ ਸਕਦੇ ਕਿ ਉਹ ਅੱਲਾਹ ਵੱਲੋਂ ਹੈ ਅਤੇ ਨਾ ਇਹ ਕਹਿ ਸਕਦੇ ਹਾਂ ਕਿ ਉਹ ਈਸ਼ਵਰ ਵੱਲੋਂ ਨਹੀਂ ਹੈ। ਹਾਂ, ਅਸੀਂ ਈਮਾਨ ਲਿਆਉਂਦੇ ਹਾਂ ਕਿ ਜਿਹੜੇ ਗ੍ਰੰਥ ਵੀ ਈਸ਼ਵਰ ਵੱਲੋਂ ਉੱਤਰੇ ਸਨ ਉਹ ਸਾਰੇ ਸੱਚੇ ਸਨ।

Scanned with CamScanner

ਜਿਨ੍ਹਾਂ ਕਿਤਾਬਾਂ ਦੇ ਨਾਂ ਸਾਨੂੰ ਦੱਸੇ ਗਏ ਹਨ, ਉਹਨਾਂ ਵਿੱਚੋਂ ਇਬਰਾਹੀਮ ਦੇ 'ਸਹੀਫ਼ੇ' ਤਾਂ ਹੁਣ ਸੰਸਾਰ ਵਿੱਚ ਮਿਲਦੇ ਨਹੀਂ। ਰਹੀ ਤੌਰਾਤ, ਜ਼ਬੂਰ ਤੇ ਇੰਜੀਲ ਉਹ ਤਾਂ ਜ਼ਰੂਰ ਯਹੂਦੀਆਂ ਤੇ ਈਸਾਈਆਂ ਕੋਲ ਮੌਜੂਦ ਹਨ, ਪਰੰਤੂ ਕੁਰਆਨ ਵਿੱਚ ਸਾਨੂੰ ਦੱਸਿਆ ਗਿਆ ਹੈ ਕਿ ਇਹਨਾਂ ਸਾਰੀਆਂ ਕਿਤਾਬਾਂ ਵਿੱਚ ਲੋਕਾਂ ਨੇ ਰੱਬੀ-ਕਲਾਮ ਨੂੰ ਬਦਲ ਸੁੱਟਿਆ ਹੈ ਅਤੇ ਆਪਣੇ ਵੱਲੋਂ ਬਹੁਤ ਸਾਰੀਆਂ ਗੱਲਾਂ ਉਸ ਵਿੱਚ ਜੋੜ ਦਿੱਤੀਆਂ ਹਨ। ਖ਼ੁਦ ਈਸਾਈ ਤੇ ਯਹੂਦੀ ਵੀ ਮੰਨਦੇ ਹਨ ਕਿ ਮੂਲ ਗ੍ਰੰਥ ਉਹਨਾਂ ਕੋਲ ਨਹੀਂ ਹਨ। ਕੇਵਲ ਉਹਨਾਂ ਦੇ ਅਨੁਵਾਦ ਬਚੇ ਰਹਿ ਗਏ ਹਨ, ਜਿਨ੍ਹਾਂ ਵਿੱਚ ਸਦੀਆਂ ਤੋਂ ਫੇਰ ਬਦਲ ਹੁੰਦਾ ਰਿਹਾ ਹੈ ਅਤੇ ਹੁਣ ਤੱਕ ਹੁੰਦਾ ਚੱਲਿਆ ਆ ਰਿਹਾ ਹੈ। ਫੇਰ ਇਹਨਾਂ ਗ੍ਰੰਥਾਂ ਦੇ ਪੜ੍ਹਨ ਨਾਲ ਵੀ ਸਪਸ਼ਟ ਪਤਾ ਲਗਦਾ ਹੈ ਕਿ ਇਹਨਾਂ ਵਿੱਚ ਬਹੁਤ ਸਾਰੀਆਂ ਗੱਲਾਂ ਅਜਿਹੀਆਂ ਹਨ ਜਿਹੜੀਆਂ ਅੱਲਾਹ ਵੱਲੋਂ ਨਹੀਂ ਹੋ ਸਕਦੀਆਂ। ਇਸ ਲਈ ਜਿਹੜੇ ਗ੍ਰੰਥ ਮਿਲਦੇ ਹਨ ਉਹ ਠੀਕ-ਠੀਕ ਈਸ਼ਵਰ ਦੇ ਗ੍ਰੰਥ ਨਹੀਂ ਹਨ। ਉਹਨਾਂ ਵਿੱਚ ਅੱਲਾਹ ਦੀ ਬਾਣੀ ਤੇ ਮਨੁੱਖ ਦਾ ਆਪਣਾ ਕਲਾਮ ਰਲ-ਗਡ ਗਏ ਹਨ। ਇਹ ਪਤਾ ਕਰਨ ਦਾ ਕੋਈ ਸਾਧਨ ਨਹੀਂ ਕਿ ਅੱਲਾਹ ਦਾ ਕਲਾਮ ਕਿਹੜਾ ਹੈ ਅਤੇ ਮਨੁੱਖ ਦਾ ਕਲਾਮ ਕਿਹੜਾ ਹੈ? ਇਸ ਲਈ ਪਿਛਲੇ ਗ੍ਰੰਥਾਂ ਉੱਤੇ ਈਮਾਨ ਲਿਆਉਣ ਦਾ ਜਿਹੜਾ ਆਦੇਸ਼ ਸਾਨੂੰ ਦਿੱਤਾ ਗਿਆ ਹੈ ਉਹ ਕੇਵਲ ਇਸ ਹੈਸੀਅਤ ਨਾਲ ਦਿੱਤਾ ਗਿਆ ਹੈ ਕਿ ਅੱਲਾਹ ਨੇ ਕੁਰਆਨ ਤੋਂ ਪਹਿਲਾਂ ਵੀ ਹਰੇਕ ਜਾਤੀ ਕੋਲ ਆਪਣੇ ਆਦੇਸ਼ ਆਪਣੇ ਨਬੀਆਂ ਰਾਹੀਂ ਭੇਜੇ ਸਨ। ਉਹ ਸਾਰੇ ਉਸੇ ਅੱਲਾਹ ਦੇ ਆਦੇਸ਼ ਸਨ ਜਿਸ ਵੱਲੋਂ ਕੁਰਆਨ ਆਇਆ ਹੈ। ਕੁਰਆਨ ਕੋਈ ਨਵਾਂ ਤੇ ਅਨੋਖਾ ਗ੍ਰੰਥ ਨਹੀਂ ਹੈ ਸਗੋਂ ਉਸੇ ਸ਼ਿੱਖਿਆ ਨੂੰ ਸੁਰਜੀਤ ਕਰਨ ਲਈ ਭੇਜਿਆ ਗਿਆ ਹੈ ਜਿਹੜੀ ਪਹਿਲੇ ਯੁੱਗ ਦੇ ਲੋਕਾਂ ਨੂੰ ਮਿਲੀ ਸੀ ਤੇ ਉਹਨਾਂ ਉਸ ਨੂੰ ਗੁਆ ਦਿੱਤਾ ਜਾਂ ਬਦਲ ਦਿੱਤਾ ਜਾਂ ਮਨੁੱਖੀ ਕਲਾਮ ਨਾਲ ਰਲ ਗਡ ਕਰ ਦਿੱਤਾ।

ਕੁਰਆਨ ਸਭ ਤੋਂ ਅੰਤਮ ਗ੍ਰੰਥ ਹੈ। ਇਸ ਵਿੱਚ ਪਿਛਲੇ ਗ੍ਰੰਥਾਂ ਨਾਲੋਂ ਕਈ ਤਰ੍ਹਾਂ ਦੇ ਅੰਤਰ ਹਨ—

(1) ਪਹਿਲਾਂ ਜਿਹੜੇ ਗ੍ਰੰਥ ਆਏ ਸਨ ਉਹਨਾਂ ਵਿੱਚੋਂ ਅਕਸਰ ਦੀਆਂ ਮੂਲ-ਪਰਤੀਆਂ ਸੰਸਾਰ 'ਚੋਂ ਅਲੋਪ ਹੋ ਗਈਆਂ ਹਨ ਤੇ ਉਹਨਾਂ ਦੇ ਕੇਵਲ ਅਨੁਵਾਦ ਰਹਿ ਗਏ ਹਨ। ਪਰੰਤੂ ਕੁਰਆਨ ਜਿਨ੍ਹਾਂ ਸ਼ਬਦਾਂ ਵਿੱਚ ਉਤਰਿਆ ਸੀ ਠੀਕ-ਠੀਕ ਉਹਨਾਂ ਹੀ ਸ਼ਬਦਾਂ ਵਿੱਚ ਮੌਜੂਦ ਹੈ। ਉਸ ਦੇ ਇੱਕ ਅੱਖਰ ਬਲਕਿ ਇੱਕ ਮਾਤਰਾ ਵਿੱਚ ਵੀ ਪਰੀਵਰਤਨ ਨਹੀਂ ਹੋਇਆ।

Scanned with CamScanner

(2) ਪਿਛਲੇ ਗ੍ਰੰਥਾਂ ਵਿੱਚ ਲੋਕਾਂ ਨੇ ਰੱਬੀ ਬਾਣੀ ਵਿੱਚ ਆਪਣਾ ਕਲਾਮ ਮਿਲਾ ਦਿੱਤਾ ਹੈ। ਇੱਕੋ ਗ੍ਰੰਥ ਵਿੱਚ ਰੱਬੀ ਬਾਣੀ ਵੀ ਹੈ, ਜਾਤੀ ਦਾ ਇਤਿਹਾਸ ਵੀ ਹੈ, ਮਹਾਂ-ਪੁਰਖਾਂ ਦੀਆਂ ਜੀਵਨ ਕਥਾਵਾਂ ਵੀ ਹਨ, ਟੀਕਾ ਤੇ ਵਿਆਖਿਆ ਵੀ ਹੈ ਅਤੇ ਧਰਮ-ਸ਼ਾਸਤਰੀਆਂ ਦੇ ਕੱਢੇ ਹੋਏ ਧਾਰਮਿਕ ਮਸਲੇ ਵੀ ਹਨ। ਇਹ ਸਾਰੀਆਂ ਚੀਜ਼ਾਂ ਇੰਜ ਰਲਗਡ ਹਨ ਕਿ ਰੱਬੀ ਬਾਣੀ ਨੂੰ ਇਸ ਵਿੱਚੋਂ ਅਲੱਗ ਛਾਂਟ ਲੈਣਾ ਸੰਭਵ ਨਹੀਂ ਹੈ। ਪਰੰਤੂ ਕੁਰਆਨ ਵਿੱਚ ਸ਼ੁੱਧ ਰੱਬੀ-ਬਾਣੀ ਸਾਨੂੰ ਮਿਲਦੀ ਹੈ ਅਤੇ ਉਸ ਵਿੱਚ ਕਿਸੇ ਦੂਜੇ ਦੇ ਕਲਾਮ ਦੀ ਰਤਾ ਵੀ ਮਿਲਾਵਟ ਨਹੀਂ ਹੈ। ਕੁਰਆਨ ਦਾ ਟੀਕਾ, ਹਦੀਸ, ਫਿਕਹ, (ਇਸਲਾਮੀ ਧਰਮ ਸ਼ਾਸਤਰ) ਰਸੂਲ ਦੇ ਜੀਵਨ ਚਰਿੱਤਰ, 'ਸਹਾਬਾ' ਦੇ ਜੀਵਨ ਚਰਿੱਤਰ ਅਤੇ ਇਸਲਾਮ ਦੇ ਇਤਿਹਾਸ ਸਬੰਧੀ ਮੁਸਲਮਾਨਾਂ ਨੇ ਜੋ ਕੁੱਝ ਵੀ ਲਿਖਿਆ ਹੈ ਉਹ ਕੁਰਆਨ ਤੋਂ ਬਿਲਕੁਲ ਅਲੱਗ ਦੂਜੇ ਗ੍ਰੰਥਾਂ ਵਿੱਚ ਲਿਖਿਆ ਹੈ। ਕੁਰਆਨ ਵਿੱਚ ਉਹਨਾਂ ਦਾ ਇੱਕ ਸ਼ਬਦ ਵੀ ਨਹੀਂ ਰਲਿਆ।

(3) ਜਿੰਨੇ ਧਾਰਮਿਕ ਗ੍ਰੰਥ ਸੰਸਾਰ ਦੀਆਂ ਭਿੰਨ-ਭਿੰਨ ਜਾਤੀਆਂ ਕੋਲ ਹਨ। ਉਹਨਾਂ ਵਿਚੋਂ ਕਿਸੇ ਇੱਕ ਬਾਰੇ ਵੀ ਇਤਿਹਾਸਕ ਪ੍ਰਮਾਣ ਨਾਲ ਇਹ ਸਿੱਧ ਨਹੀਂ ਕੀਤਾ ਜਾ ਸਕਦਾ ਕਿ ਉਸ ਦਾ ਸਬੰਧ ਜਿਸ ਨਬੀ ਨਾਲ ਜੋੜਿਆਂ ਜਾਂਦਾ ਹੈ ਅਸਲ ਵਿੱਚ ਉਸੇ ਦਾ ਹੈ ਸਗੋਂ ਕੁਝ ਧਾਰਮਿਕ ਗ੍ਰੰਥ ਅਜਿਹੇ ਵੀ ਹਨ ਜਿਨ੍ਹਾਂ ਬਾਰੇ ਸਿਰੇ ਤੋਂ ਇਹ ਵੀ ਨਹੀਂ ਪਤਾ ਕਿ ਉਹ ਕਿਸ ਯੁੱਗ ਵਿੱਚ ਨਬੀ 'ਤੇ ਉੱਤਰੇ ਸਨ। ਪਰੰਤੂ ਕੁਰਆਨ ਬਾਰੇ ਇੰਨੇ ਅਟੱਲ ਇਤਿਹਾਸਕ ਪ੍ਰਮਾਣ ਮੌਜੂਦ ਹਨ ਕਿ ਕੋਈ ਵਿਅਕਤੀ ਹਜ਼ਰਤ ਮੁਹੰਮਦ (ਸ.) ਨਾਲ ਉਹਨਾਂ ਦਾ ਸਬੰਧ ਹੋਣ 'ਚ ਸ਼ੱਕ ਕਰ ਹੀ ਨਹੀਂ ਸਕਦਾ। ਉਸ ਦੀਆਂ ਆਇਤਾਂ ਤੱਕ ਦੇ ਬਾਰੇ ਇਹ ਪਤਾ ਹੈ ਕਿ ਕਿਹੜੀ ਆਇਤ ਕਦੋਂ ਤੇ ਕਿੱਥੇ ਉਤਰੀ ਹੈ।

(4) ਪਿਛਲੇ ਗ੍ਰੰਥ ਜਿਨ੍ਹਾਂ ਭਾਸ਼ਾਵਾਂ ਵਿੱਚ ਉੱਤਰੇ ਸਨ, ਉਹ ਇੱਕ ਜ਼ਮਾਨੇ ਤੋਂ ਮਰ ਚੁੱਕੀਆਂ ਹਨ। ਹੁਣ ਸੰਸਾਰ ਵਿੱਚ ਕਿਧਰੇ ਵੀ ਉਹਨਾਂ ਨੂੰ ਬੋਲਣ ਵਾਲੇ ਬਾਕੀ ਨਹੀਂ ਰਹੇ। ਉਹਨਾਂ ਨੂੰ ਸਮਝਣ ਵਾਲੇ ਵੀ ਬਹੁਤ ਘੱਟ ਮਿਲਦੇ ਹਨ। ਅਜਿਹੇ ਗ੍ਰੰਥ ਜੇਕਰ ਮੂਲ ਤੇ ਵਾਸਤਵਿਕ ਰੂਪ ਵਿੱਚ ਮਿਲਦੇ ਵੀ ਹੋਣ ਤਾਂ ਉਹਨਾਂ ਦੇ ਆਦੇਸ਼ਾਂ ਨੂੰ ਠੀਕ-ਠੀਕ ਸਮਝਣਾ ਤੇ ਉਹਨਾਂ ਦਾ ਪਾਲਣ ਕਰਨਾ ਸੰਭਵ ਨਹੀਂ। ਪਰੰਤੂ ਕੁਰਆਨ ਜਿਸ ਭਾਸ਼ਾ ਵਿੱਚ ਹੈ ਉਹ ਇੱਕ ਜੀਵਤ ਭਾਸ਼ਾ ਹੈ। ਸੰਸਾਰ ਵਿੱਚ ਕਰੋੜਾਂ ਵਿਅਕਤੀ ਅੱਜ ਵੀ ਉਹਨੂੰ ਬੋਲਦੇ ਹਨ ਅਤੇ ਕਰੋੜਾਂ ਵਿਅਕਤੀ ਉਸ ਨੂੰ ਜਾਣਦੇ ਤੇ ਸਮਝਦੇ

Scanned with CamScanner

ਹਨ। ਉਸ ਦੀ ਸਿੱਖਿਆ ਦਾ ਸਿਲਸਿਲਾ ਸੰਸਾਰ ਵਿੱਚ ਹਰ ਥਾਂ ਚੱਲ ਰਿਹਾ ਹੈ। ਹਰ ਵਿਅਕਤੀ ਉਹਨੂੰ ਸਿੱਖ ਸਕਦਾ ਹੈ। ਜਿਸ ਕੋਲ ਉਸ ਨੂੰ ਸਿੱਖਣ ਦਾ ਮੌਕਾ ਪ੍ਰਾਪਤ ਨਹੀਂ, ਉਸ ਨੂੰ ਹਰ ਥਾਂ ਅਜਿਹੇ ਵਿਅਕਤੀ ਮਿਲ ਸਕਦੇ ਹਨ ਜਿਹੜੇ ਕੁਰਆਨ ਦਾ ਅਰਥ ਉਸ ਨੂੰ ਸਮਝਾਉਣ ਦੀ ਯੋਗਤਾ ਰੱਖਦੇ ਹਨ।

(5) ਜਿੰਨੇ ਧਾਰਮਿਕ ਗ੍ਰੰਥ ਸੰਸਾਰ ਦੀਆਂ ਭਿੰਨ-ਭਿੰਨ ਜਾਤੀਆਂ ਕੋਲ ਹਨ। ਉਹਨਾਂ ਵਿੱਚੋਂ ਹਰੇਕ ਗ੍ਰੰਥ ਵਿੱਚ ਕਿਸੇ ਵਿਸ਼ੇਸ਼ ਜਾਤੀ ਨੂੰ ਸੰਬੋਧਨ ਕੀਤਾ ਗਿਆ ਹੈ। ਹਰੇਕ ਗ੍ਰੰਥ ਵਿੱਚ ਅਜਿਹੇ ਆਦੇਸ਼ ਮਿਲਦੇ ਹਨ ਜਿਨ੍ਹਾਂ ਤੋਂ ਪਤਾ ਲਗਦਾ ਹੈ ਕਿ ਉਹ ਇੱਕ ਵਿਸ਼ੇਸ਼ ਯੁੱਗ ਦੀਆਂ ਪ੍ਰਸਥਿਤੀਆਂ ਤੇ ਜ਼ਰੂਰਤਾਂ ਲਈ ਸਨ ਪਰੰਤੂ ਹੁਣ ਨਾ ਉਹਨਾਂ ਦੀ ਜ਼ਰੂਰਤ ਹੈ ਤੇ ਨਾ ਹੀ ਉਹਨਾਂ ਨੂੰ ਵਿਵਹਾਰ ਵਿੱਚ ਲਿਆਂਦਾ ਜਾ ਸਕਦਾ ਹੈ। ਇਸ ਤੋਂ ਇਹ ਗੱਲ ਆਪਣੇ ਆਪ ਸਪਸ਼ਟ ਹੋ ਜਾਂਦੀ ਹੈ ਇਹ ਸਾਰੇ ਗ੍ਰੰਥ ਵੱਖ-ਵੱਖ ਜਾਤੀਆਂ ਲਈ ਹੀ ਸਨ। ਇਹਨਾਂ ਵਿਚੋਂ ਕੋਈ ਗ੍ਰੰਥ ਵੀ ਸਾਰੇ ਸੰਸਾਰ ਲਈ ਨਹੀਂ ਆਇਆ ਸੀ। ਫੇਰ ਜਿਨ੍ਹਾਂ ਜਾਤੀਆਂ ਲਈ ਇਹ ਗ੍ਰੰਥ ਆਏ ਸਨ ਉਹਨਾਂ ਲਈ ਵੀ ਇਹ ਸਦਾ ਵਾਸਤੇ ਨਹੀਂ ਸਨ ਸਗੋਂ ਕਿਸੇ ਵਿਸ਼ੇਸ਼ ਯੁੱਗ ਲਈ ਸਨ। ਹੁਣ ਕੁਰਆਨ ਨੂੰ ਵੇਖੋ। ਇਸ ਵਿੱਚ ਹਰ ਥਾਂ ਮਨੁੱਖ ਨੂੰ ਸੰਬੋਧਨ ਕੀਤਾ ਗਿਆ ਹੈ। ਇਸ ਦੇ ਕਿਸੇ ਇੱਕ ਵਾਕ ਤੋਂ ਵੀ ਇਹ ਸੰਦੇਹ ਨਹੀਂ ਹੋ ਸਕਦਾ ਕਿ ਉਹ ਵਿਸ਼ੇਸ਼ ਜਾਤੀ ਲਈ ਹੈ। ਫੇਰ ਇਸ ਗ੍ਰੰਥ ਵਿੱਚ ਜਿੰਨੇ ਆਦੇਸ਼ ਦਿੱਤੇ ਗਏ ਹਨ ਉਹ ਸਾਰੇ ਅਜਿਹੇ ਹਨ ਜਿਨ੍ਹਾਂ ਦਾ ਹਰ ਯੁੱਗ ਵਿੱਚ ਤੇ ਹਰ ਥਾਂ ਪਾਲਣ ਕੀਤਾ ਜਾ ਸਕਦਾ ਹੈ। ਇਹ ਗੱਲ ਸਿੱਧ ਕਰਦੀ ਹੈ ਕਿ ਕੁਰਆਨ ਸੰਪੂਰਨ ਜਗਤ ਲਈ ਅਤੇ ਸਦਾ ਵਾਸਤੇ ਹੈ।

(6) ਪਿਛਲੇ ਗ੍ਰੰਥਾਂ ਵਿੱਚ ਹਰ ਇੱਕ ਵਿੱਚ ਭਲਾਈ ਤੇ ਸਚਾਈ ਦੀਆਂ ਗੱਲਾਂ ਬਿਆਨ ਕੀਤੀਆਂ ਗਈਆਂ ਹਨ। ਨੈਤਿਕਤਾ ਤੇ ਸਤਿਵਾਦ ਸਬੰਧੀ ਨਿਯਮ ਸਿਖਾਏ ਗਏ ਸਨ। ਅੱਲਾਹ ਦੀ ਮਰਜ਼ੀ ਅਨੁਸਾਰ ਜੀਵਨ ਬਤੀਤ ਕਰਨ ਦੇ ਸਿਧਾਂਤ ਦੱਸੇ ਗਏ ਸਨ। ਪਰੰਤੂ ਕੋਈ ਗ੍ਰੰਥ ਵੀ ਅਜਿਹਾ ਨਹੀਂ ਸੀ ਜਿਸ ਵਿੱਚ ਸਾਰੀਆਂ ਵਿਸ਼ੇਸ਼ਤਾਈਆਂ ਇੱਕ ਥਾਂ ਕਰ ਇਕੱਤਰ ਕਰ ਦਿੱਤੀਆਂ ਗਈਆਂ ਹੋਣ ਤੇ ਕੋਈ ਚੀਜ਼ ਛੱਡੀ ਨਾ ਗਈ ਹੋਵੇ। ਇਹ ਗੱਲ ਕੁਰਆਨ ਵਿੱਚ ਵਿਖਾਈ ਦਿੰਦੀ ਹੈ ਕਿ ਜਿੰਨੀਆਂ ਵਿਸ਼ੇਸ਼ਤਾਵਾਂ ਪਿਛਲੇ ਗ੍ਰੰਥਾਂ ਵਿੱਚ ਅਲੱਗ-ਅਲੱਗ ਸਨ ਉਹ ਸਾਰੀਆਂ ਇਸ ਵਿੱਚ ਇਕੱਤਰ ਕਰ ਦਿੱਤੀਆਂ ਗਈਆਂ ਹਨ ਅਤੇ ਜਿਹੜੀਆਂ ਖ਼ੂਬੀਆਂ ਪਿਛਲੇ ਗ੍ਰੰਥਾਂ ਵਿੱਚ ਨਹੀਂ ਸਨ ਉਹ ਵੀ ਇਸ ਕਿਤਾਬ ਵਿੱਚ ਆ ਗਈਆਂ ਹਨ।

Scanned with CamScanner

(7) ਸਾਰੇ ਧਾਰਮਿਕ ਗ੍ਰੰਥਾਂ ਵਿੱਚ ਮਨੁੱਖ ਦੀ ਦਖਲ-ਅੰਦਾਜ਼ੀ ਕਾਰਨ ਅਜਿਹੀਆਂ ਗੱਲਾਂ ਰਲ ਗਈਆਂ ਹਨ ਜਿਹੜੀਆਂ ਹਕੀਕਤ ਦੇ ਵਿਰੁੱਧ ਹਨ, ਅਕਲ ਦੇ ਵਿਰੁੱਧ ਹਨ। ਅੱਤਿਆਚਾਰ ਤੇ ਅਨਿਆਂ ਉੱਤੇ ਅਧਾਰਤ ਹਨ। ਮਨੁੱਖੀ ਧਾਰਨਾ ਤੇ ਵਿਵਹਾਰ ਦੋਹਾਂ ਨੂੰ ਵਿਗਾੜਦੀਆਂ ਹਨ। ਇੱਥੋਂ ਤੱਕ ਕਿ ਬਹੁਤ ਸਾਰੇ ਗ੍ਰੰਥਾਂ ਵਿੱਚ ਅਸ਼ਲੀਲ ਤੇ ਅਨੈਤਿਕ ਗੱਲਾਂ ਮਿਲਦੀਆਂ ਹਨ। ਕੁਰਆਨ ਇਹਨਾਂ ਸਾਰੀਆਂ ਚੀਜ਼ਾਂ ਤੋਂ ਬਚਿਆ ਹੋਇਆ ਹੈ। ਇਸ ਵਿੱਚ ਕੋਈ ਗੱਲ ਵੀ ਅਜਿਹੀ ਨਹੀਂ ਜਿਹੜੀ ਅਕਲ ਦੇ ਉਲਟ ਹੋਵੇ। ਜਾਂ ਜਿਸ ਨੂੰ ਪ੍ਰਮਾਣ ਤੇ ਤਜਰਬੇ ਨਾਲ ਗ਼ਲਤ ਸਿੱਧ ਕੀਤਾ ਜਾ ਸਕਦਾ ਹੋਵੇ। ਇਸ ਦੇ ਕਿਸੇ ਆਦੇਸ਼ ਵਿੱਚ ਅਨਿਆਂ ਨਹੀ ਹੈ। ਇਸ ਦੀ ਕੋਈ ਵੀ ਗੱਲ ਮਨੁੱਖ ਨੂੰ ਕੁਰਾਹੇ ਪਾਉਣ ਵਾਲੀ ਨਹੀਂ ਹੈ। ਇਸ ਵਿੱਚ ਅਸ਼ਲੀਲਤਾ ਤੇ ਦੁਰਾਚਾਰ ਦਾ ਨਾਂ ਤੱਕ ਨਹੀਂ ਮਿਲਦਾ। ਅਰੰਭ ਤੋਂ ਅੰਤ ਤੱਕ ਪੂਰਾ ਕੁਰਆਨ ਉਚਕੋਟੀ ਦੀ ਦਾਨਾਈ ਤੇ ਸਿਆਣਪ, ਨਿਆਂ ਤੇ ਇਨਸਾਫ਼ ਦੀ ਸਿੱਖਿਆ, ਸੱਚੇ ਮਾਰਗ ਦਰਸ਼ਨ, ਉੱਤਮ ਆਦੇਸ਼ਾਂ ਅਤੇ ਨਿਯਮਾਂ ਨਾਲ ਭਰਪੂਰ ਹੈ।

ਇਹੋ ਵਿਸ਼ੇਸ਼ਤਾਵਾਂ ਹਨ ਜਿਸ ਕਾਰਨ ਸੰਪੂਰਨ ਸੰਸਾਰ ਦੀਆਂ ਜਾਤੀਆਂ ਨੂੰ ਆਦੇਸ਼ ਦਿੱਤਾ ਗਿਆ ਹੈ ਕਿ ਕੁਰਆਨ ਉੱਤੇ ਈਮਾਨ ਲਿਆਉਣ ਅਤੇ ਸਾਰੇ ਗ੍ਰੰਥਾਂ ਨੂੰ ਛੱਡ ਕੇ ਕੇਵਲ ਕਿਸੇ ਇੱਕ ਗ੍ਰੰਥ ਦਾ ਆਗਿਆ ਪਾਲਣ ਕਰਨ, ਕਿਉਂਕਿ ਮਨੁੱਖ ਨੂੰ ਈਸ਼ਵਰ ਦੀ ਇੱਛਾ ਅਨੁਸਾਰ ਜੀਵਨ ਬਤੀਤ ਕਰਨ ਲਈ ਜਿੰਨੇ ਆਦੇਸ਼ਾਂ ਦੀ ਜ਼ਰੂਰਤ ਹੈ ਉਹ ਸਾਰੇ ਇਸ ਵਿੱਚ ਬਿਨਾਂ ਘਾਟ-ਵਾਧ ਦੇ ਬਿਆਨ ਕਰ ਦਿੱਤੇ ਗਏ ਹਨ। ਇਹ ਗ੍ਰੰਥ ਆ ਜਾਣ ਪਿੱਛੋਂ ਕਿਸੇ ਦੂਜੇ ਗ੍ਰੰਥ ਦੀ ਜ਼ਰੂਰਤ ਹੀ ਨਹੀਂ ਰਹੀ।

ਜਦੋਂ ਤੁਹਾਨੂੰ ਪਤਾ ਲੱਗ ਗਿਆ ਕਿ ਕੁਰਆਨ ਅਤੇ ਦੂਜੇ ਗ੍ਰੰਥਾਂ ਵਿੱਚ ਕੀ ਅੰਤਰ ਹੈ ਤਾਂ ਇਹ ਗੱਲ ਤੁਸੀਂ ਖ਼ੁਦ ਸਮਝ ਸਕਦੇ ਹੋ ਕਿ ਦੂਜੇ ਗ੍ਰੰਥਾਂ ਉੱਤੇ ਈਮਾਨ ਅਤੇ ਕੁਰਆਨ ਉੱਤੇ ਈਮਾਨ ਵਿੱਚ ਕੀ ਅੰਤਰ ਹੋਣਾ ਚਾਹੀਦਾ ਹੈ। ਪੁਰਾਣੇ ਗ੍ਰੰਥਾਂ ਉੱਤੇ ਈਮਾਨ ਕੇਵਲ ਤਸਦੀਕ ਦੀ ਹੱਦ ਤੱਕ ਹੈ ਕਿ ਉਹ ਸਾਰੇ ਰੱਬ ਵੱਲੋਂ ਸਨ ਤੇ ਸੱਚੇ ਸਨ। ਉਸ ਉਦੇਸ਼ ਲਈ ਹੀ ਆਏ ਸਨ ਜਿਸ ਨੂੰ ਪੂਰਾ ਕਰਨ ਲਈ ਕੁਰਆਨ ਆਇਆ ਹੈ। ਕੁਆਨ ਉੱਤੇ ਈਮਾਨ ਇਸ ਹੈਸੀਅਤ 'ਚ ਹੈ ਕਿ ਇਹ ਸ਼ੁੱਧ ਰੱਬੀ ਬਾਣੀ ਹੈ, ਸਾਰੀ ਦੀ ਸਾਰੀ ਸੱਚੀ ਹੈ। ਇਸਦਾ ਹਰ ਸ਼ਬਦ ਸੁਰੱਖਿਅਤ ਹੈ। ਇਸ ਦੀ ਹਰ ਗੱਲ ਸੱਚ ਹੈ। ਇਸ ਦੇ ਹਰ ਆਦੇਸ਼ ਦੀ ਪਾਲਣਾ ਕਰਨੀ ਜ਼ਰੂਰੀ ਹੈ। ਉਹ ਹਰ ਗਲ ਤਿਆਗਣ ਯੋਗ ਹੈ ਜਿਹੜੀ ਕੁਰਆਨ ਦੇ ਵਿਰੁੱਧ ਹੋਵੇ।

Scanned with CamScanner

## ਅੱਲਾਹ ਦੇ ਰਸੂਲਾਂ ਉੱਤੇ ਈਮਾਨ

ਗ੍ਰੰਥਾਂ ਪਿੱਛੋਂ ਸਾਨੂੰ ਅੱਲਾਹ ਦੇ ਸਾਰੇ ਰਸੂਲਾਂ (ਪੈਗ਼ੰਬਰਾਂ) ਉੱਤੇ ਵੀ ਈਮਾਨ ਲਿਆਉਣ ਦਾ ਹੁਕਮ ਦਿੱਤਾ ਗਿਆ ਹੈ। ਇਹ ਗੱਲ ਤੁਹਾਨੂੰ ਪਿਛਲੇ ਅਧਿਆਇ ਵਿੱਚ ਦੱਸੀ ਜਾ ਚੁੱਕੀ ਹੈ ਕਿ ਅੱਲਾਹ ਦੇ ਰਸੂਲ ਸੰਸਾਰ ਦੀਆਂ ਸਾਰੀਆਂ ਜਾਤੀਆਂ ਕੋਲ ਆਏ ਸਨ। ਉਹਨਾਂ ਸਭਨਾਂ ਨੇ ਉਸੇ ਇਸਲਾਮ ਦੀ ਸਿੱਖਿਆ ਦਿੱਤੀ ਸੀ ਜਿਸ ਦੀ ਸਿੱਖਿਆ ਦੇਣ ਲਈ ਅੰਤ ਵਿੱਚ ਹਜ਼ਰਤ ਮੁਹੰਮਦ ਸ. ਆਏ। ਇਸ ਪੱਖੋਂ ਖ਼ੁਦਾ ਦੇ ਸਾਰੇ ਰਸੂਲ ਇੱਕੋ ਵਰਗ ਦੇ ਲੋਕ ਸਨ। ਜੇਕਰ ਕੋਈ ਵਿਅਕਤੀ ਉਹਨਾਂ ਵਿਚੋਂ ਕਿਸੇ ਇੱਕ ਨੂੰ ਵੀ ਝੂਠਾ ਮੰਨਦਾ ਹੈ ਤਾਂ ਜਾਣੋ ਉਸਨੇ ਸਭ ਨੂੰ ਝੁਠਲਾ ਦਿੱਤਾ। ਉਹਨਾਂ ਵਿੱਚੋਂ ਕਿਸੇ ਇੱਕ ਦੀ ਤਸਦੀਕ ਕਰੇ ਤਾਂ ਆਪਣੇ ਆਪ ਉਹਦੇ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਸਭ ਦੀ ਤਸਦੀਕ ਕਰੇ। ਮੰਨ ਲਉ ਦਸ ਵਿਅਕਤੀ ਇੱਕੋ ਗੱਲ ਆਖਦੇ ਹਨ। ਜਦੋਂ ਤੁਸਾਂ ਉਹਨਾਂ ਵਿੱਚੋਂ ਇੱਕ ਨੂੰ ਸੱਚਾ ਮੰਨ ਲਿਆ ਤਾਂ ਆਪਣੇ ਆਪ ਬਾਕੀ ਨੌਂ ਨੂੰ ਵੀ ਸੱਚਾ ਮੰਨ ਲਿਆ। ਜੇਕਰ ਤੁਸੀਂ ਇੱਕ ਨੂੰ ਝੂਠਾ ਕਹੋਗੇ ਤਾਂ ਇਸ ਦਾ ਅਰਥ ਹੈ ਤੁਸੀਂ ਉਸ ਗੱਲ ਨੂੰ ਹੀ ਝੂਠਾ ਨਹੀਂ ਮੰਨਿਆ ਹੈ ਜਿਹੜੀ ਉਹ ਬਿਆਨ ਕਰ ਰਿਹਾ ਹੈ। ਸਗੋਂ ਇਸ ਨਾਲ ਦਸਾਂ ਨੂੰ ਝੂਠਾ ਮੰਨਣਾ ਸਿੱਧ ਹੋਵੇਗਾ। ਇਹੋ ਕਾਰਨ ਹੈ ਕਿ ਇਸਲਾਮ ਵਿੱਚ ਸਾਰੇ ਰਸੂਲਾਂ ਉੱਤੇ ਈਮਾਨ ਲਿਆਉਣਾ ਜ਼ਰੂਰੀ ਹੈ। ਜਿਹੜਾ ਵਿਅਕਤੀ ਕਿਸੇ ਰਸੂਲ ਉੱਤੇ ਈਮਾਨ ਨਹੀਂ ਲਿਆਵੇਗਾ ਉਹ ਕਾਫ਼ਰ ਹੋਵੇਗਾ ਭਾਵੇਂ ਉਹ ਬਾਕੀ ਸਾਰੇ ਰਸੂਲਾਂ ਨੂੰ ਮੰਨਦਾ ਹੋਵੇ।

ਕੁੱਝ ਉਲੇਖਾਂ ਅਨੁਸਾਰ ਸੰਸਾਰ ਦੀਆਂ ਵੱਖੋ-ਵੱਖ ਜਾਤੀਆਂ ਵਿੱਚ ਜਿਹੜੇ ਪੈਗ਼ੰਬਰ ਭੇਜੇ ਗਏ ਹਨ ਉਹਨਾਂ ਦੀ ਸੰਖਿਆ ਇੱਕ ਲੱਖ ਚੌਬੀ ਹਜ਼ਾਰ ਹੈ। ਜੇਕਰ ਤੁਸੀਂ ਵਿਚਾਰ ਕਰੋ ਕਿ ਦੁਨੀਆਂ ਕਦੋਂ ਤੋਂ ਅਬਾਦ ਹੈ ਅਤੇ ਉਸ ਵਿੱਚ ਕਿੰਨੀਆਂ ਜਾਤੀਆਂ ਬੀਤ ਚੁੱਕੀਆਂ ਹਨ ਤਾਂ ਇਹ ਸੰਖਿਆ ਕੋਈ ਬਹੁਤ ਨਹੀਂ ਪ੍ਰਤੀਤ ਹੋਵੇਗੀ। ਇਨ੍ਹਾਂ ਸਵਾ ਲੱਖ ਨਬੀਆਂ ਵਿੱਚੋਂ ਜਿਨ੍ਹਾਂ ਦੇ ਨਾਂ ਸਾਨੂੰ ਕੁਰਆਨ ਵਿੱਚ ਦੱਸੇ ਗਏ ਉਹਨਾਂ ਉੱਤੇ ਤਾਂ ਨਿਸ਼ਚਿਤ ਰੂਪ 'ਚ ਈਮਾਨ ਲਿਆਉਣਾ ਜ਼ਰੂਰੀ ਹੈ। ਬਾਕੀਆਂ ਬਾਰੇ ਸਾਨੂੰ ਕੇਵਲ ਇਹ ਵਿਸ਼ਵਾਸ ਰੱਖਣ ਦੀ ਸਿੱਖਿਆ ਦਿੱਤੀ ਗਈ ਹੈ ਕਿ ਜਿਹੜੇ ਵੀ ਲੋਕ ਅੱਲਾਹ ਵੱਲੋਂ ਉਸਦੇ ਬੰਦਿਆਂ ਦੇ ਮਾਰਗ-ਦਰਸ਼ਨ ਲਈ ਭੇਜੇ ਗਏ ਸਨ ਉਹ ਸਾਰੇ ਸੱਚੇ ਸਨ। ਭਾਰਤ, ਚੀਨ, ਇਰਾਨ, ਮਿਸਰ, ਅਫ਼ਰੀਕਾ, ਯੂਰਪ ਅਤੇ ਸੰਸਾਰ ਦੇ ਦੂਜੇ ਦੇਸ਼ਾਂ ਵਿੱਚ ਜਿਹੜੇ ਨਬੀ (ਪੈਗ਼ੰਬਰ) ਆਏ ਹੋਣਗੇ ਅਸੀਂ

Scanned with CamScanner

ਉਹਨਾਂ ਸਭਨਾਂ ਉੱਤੇ ਈਮਾਨ ਲਿਆਉਂਦੇ ਹਾਂ। ਪਰੰਤੂ ਅਸੀਂ ਕਿਸੇ ਵਿਸ਼ੇਸ਼ ਵਿਅਕਤੀ ਬਾਰੇ ਇਹ ਨਹੀਂ ਕਹਿ ਸਕਦੇ ਕਿ ਉਹ ਨਬੀ ਸੀ ਅਤੇ ਨਾ ਇਹ ਕਹਿ ਸਕਦੇ ਹਾਂ ਕਿ ਉਹ ਨਬੀ ਨਹੀਂ ਸੀ। ਇਸ ਲਈ ਕਿ ਸਾਨੂੰ ਉਸ ਬਾਰੇ ਕੁੱਝ ਦੱਸਿਆ ਹੀ ਨਹੀਂ ਗਿਆ ਹੈ। ਹਾਂ, ਵੱਖੋ-ਵੱਖ ਧਰਮਾਂ ਦੇ ਅਨੁਯਾਈ ਜਿਨ੍ਹਾਂ ਲੋਕਾਂ ਨੂੰ ਆਪਣਾ ਪੇਸ਼ਵਾ ਮੰਨਦੇ ਹਨ ਉਹਨਾਂ ਦੇ ਵਿਰੁੱਧ ਕੁੱਝ ਕਹਿਣਾ ਸਾਡੇ ਲਈ ਉਚਿਤ ਨਹੀਂ। ਬਹੁਤ ਸੰਭਵ ਹੈ ਕਿ ਵਾਸਤਵ ਵਿੱਚ ਉਹ ਨਬੀ ਹੋਣ ਅਤੇ ਬਾਦ ਵਿੱਚ ਉਹਨਾਂ ਦੇ ਅਨੁਯਾਈਆਂ ਨੇ ਉਹਨਾਂ ਦੇ ਧਰਮ ਨੂੰ ਵਿਗਾੜ ਦਿੱਤਾ ਹੋਵੇ ਜਿਸ ਤਰ੍ਹਾਂ ਹਜ਼ਰਤ ਮੂਸਾ (ਅ.) ਅਤੇ ਹਜ਼ਰਤ ਈਸਾ (ਅ.) ਦੇ ਅਨੁਯਾਈਆਂ ਨੇ ਵਿਗਾੜਿਆਂ ਇਸ ਲਈ ਅਸੀਂ ਜੋ ਵੀ ਰਾਇ ਪ੍ਰਗਟ ਕਰਾਂਗੇ ਉਹਨਾਂ ਦੇ ਮਜ਼ਹਬ ਤੇ ਉਹਨਾਂ ਦੀਆਂ ਰਸਮਾਂ ਸਬੰਧੀ ਕਰਾਂਗੇ ਪਰੰਤੂ ਪੇਸ਼ਵਾ ਲੋਕਾਂ ਬਾਰੇ ਚੁੱਪ ਰਹਾਂਗੇ ਤਾਂ ਕਿ ਬਿਨਾਂ ਜਾਣੇ-ਬੁੱਝੇ ਸਾਥੋਂ ਕਿਸੇ ਰਸੂਲ ਦਾ ਕੋਈ ਅਪਮਾਨ ਨਾ ਹੋ ਜਾਵੇ।

ਪਿਛਲੇ ਰਸੂਲਾਂ ਵਿੱਚ ਤੇ ਹਜ਼ਰਤ ਮੁਹੰਮਦ (ਸ.) ਵਿੱਚ ਇਸ ਪੱਖੋਂ ਤਾਂ ਕੋਈ ਅੰਤਰ ਨਹੀਂ ਕਿ ਆਪ (ਸ.) ਵਾਂਗ ਉਹ ਸਾਰੇ ਵੀ ਸੱਚੇ ਸਨ। ਈਸ਼ਵਰ ਦੇ ਭੇਜੇ ਹੋਏ ਸਨ। ਇਸਲਾਮ ਦਾ ਸਿੱਧਾ ਰਾਹ ਦੱਸਣ ਵਾਲੇ ਸਨ ਅਤੇ ਸਾਨੂੰ ਸਭਨਾਂ ਉੱਤੇ ਈਮਾਨ ਲਿਆਉਣ ਦਾ ਹੁਕਮ ਦਿੱਤਾ ਗਿਆ ਹੈ। ਪਰੰਤੂ ਇਹਨਾਂ ਸਾਰੇ ਪੱਖਾਂ ਵਜੋਂ ਸਮਾਨਤਾ ਹੋਣ ਦੇ ਬਾਵਜੂਦ ਆਪ (ਸ.) ਵਿੱਚ ਅਤੇ ਦੂਸਰੇ ਪੈਗੰਬਰਾਂ ਵਿੱਚ ਤਿੰਨ ਗੱਲਾਂ ਦਾ ਅੰਤਰ ਹੈ।

ਇੱਕ ਇਹ ਕਿ ਪਿਛਲੇ ਨਬੀ ਵਿਸ਼ੇਸ਼ ਜਾਤੀਆਂ ਵਿੱਚ ਵਿਸ਼ੇਸ਼ ਯੁੱਗਾਂ ਲਈ ਆਏ ਸਨ। ਹਜ਼ਰਤ ਮੁਹੰਮਦ (ਸ.) ਸੰਪੂਰਨ ਸੰਸਾਰ ਲਈ ਅਤੇ ਸਦਾ ਲਈ ਨਬੀ ਬਣਾਕੇ ਭੇਜੇ ਗਏ ਹਨ। ਜਿਹਾ ਕਿ ਅਸੀਂ ਪਿਛਲੇ ਅਧਿਆਇ ਵਿੱਚ ਵਿਸਥਾਰ ਪੂਰਬਕ ਬਿਆਨ ਕਰ ਚੁੱਕੇ ਹਾਂ। ਦੂਜੀ ਗੱਲ ਇਹ ਕਿ ਪਿਛਲੇ ਨਬੀਆਂ ਦੀਆਂ ਸਿੱਖਿਆਵਾਂ ਜਾਂ ਤਾਂ ਸੰਸਾਰ ਚੋਂ ਬਿਲਕੁਲ ਅਲੋਪ ਹੋ ਗਈਆਂ ਹਨ। ਜੇਕਰ ਕੁੱਝ ਬਾਕੀ ਬਚੀਆਂ ਵੀ ਹਨ ਤਾਂ ਉਹ ਆਪਣੇ ਸ਼ੁੱਧ ਰੂਪ ਵਿੱਚ ਸੁਰੱਖਿਅਤ ਨਹੀਂ ਰਹੀਆਂ ਹਨ। ਇਸੇ ਤਰ੍ਹਾਂ ਉਹਨਾਂ ਦੇ ਠੀਕ-ਠੀਕ ਜੀਵਨ ਬਿਰਤਾਂਤ ਵੀ ਸੰਸਾਰ ਵਿੱਚ ਕਿਧਰੇ ਨਹੀਂ ਮਿਲਦੇ। ਉਹਨਾਂ ਬਿਰਤਾਂਤਾਂ ਉੱਪਰ ਬਹੁਤ ਸਾਰੀਆਂ ਕਲਪਤ ਕਹਾਣੀਆਂ ਦੀਆਂ ਪਰਤਾਂ ਚੜ੍ਹ ਗਈਆਂ ਹਨ। ਇਸ ਲਈ ਜੇਕਰ ਕੋਈ ਉਹਨਾਂ

Scanned with CamScanner

ਦੀ ਪੈਰਵੀ ਕਰਨੀ ਵੀ ਚਾਹੇ ਤਾਂ ਨਹੀਂ ਕਰ ਸਕਦਾ। ਇਸ ਦੇ ਉਲਟ ਹਜ਼ਰਤ ਮੁਹੰਮਦ (ਸ.) ਦੀ ਸਿੱਖਿਆ, ਆਪ ਦਾ ਪਵਿੱਤਰ ਜੀਵਨ-ਚਰਿੱਤਰ, ਆਪਦੇ ਮੌਖਿਕ ਆਦੇਸ਼, ਆਪ ਦੀਆਂ ਵਿਵਹਾਰਕ ਵਿੱਧੀਆਂ, ਆਪ ਦਾ ਉੱਤਮ ਆਚਰਣ, ਸੁਭਾਅ ਪ੍ਰਕਿਰਤੀ ਭਾਵ ਹਰ ਚੀਜ਼ ਸੰਸਾਰ ਵਿੱਚ ਬਿਲਕੁਲ ਸੁਰੱਖਿਅਤ ਹੈ। ਇਸ ਲਈ ਵਾਸਤਵ ਵਿੱਚ ਸਾਰੇ ਪੈਗ਼ੰਬਰਾਂ ਵਿਚੋਂ ਕੇਵਲ ਹਜ਼ਰਤ ਮੁਹੰਮਦ (ਸ.) ਹੀ ਇੱਕ ਜੀਵਤ ਪੈਗ਼ੰਬਰ ਹਨ ਅਤੇ ਆਪ ਦੀ ਹੀ ਪੈਰਵੀ ਕਰਨੀ ਸੰਭਵ ਹੈ।

ਤੀਜੇ ਇਹ ਕਿ ਪਿਛਲੇ ਨਬੀਆਂ ਦੁਆਰਾ ਇਸਲਾਮ ਦੀ ਜਿਹੜੀ ਸਿੱਖਿਆ ਦਿੱਤੀ ਗਈ ਸੀ ਉਹ ਪੂਰੀ ਨਹੀਂ ਸੀ। ਹਰ ਨਬੀ ਪਿੱਛੋਂ ਇੱਕ ਦੂਜਾ ਨਬੀ ਆ ਕੇ ਉਸਦੇ ਉਪਦੇਸ਼, ਕਾਨੂੰਨ ਅਤੇ ਸਿੱਖਿਆਵਾਂ ਵਿੱਚ ਪਰੀਵਰਤਨ ਤੇ ਵਾਧਾ ਕਰਦਾ ਰਿਹਾ। ਸੁਧਾਰ ਤੇ ਉੱਨਤੀ ਦੀ ਲੜੀ ਲਗਾਤਾਰ ਚਲਦੀ ਰਹੀ। ਇਹੋ ਕਾਰਨ ਹੈ ਕਿ ਉਹਨਾਂ ਨਬੀਆਂ (ਪੈਗ਼ੰਬਰਾਂ) ਦੀਆਂ ਸਿੱਖਿਆਵਾਂ ਨੂੰ ਉਹਨਾਂ ਦਾ ਸਮਾਂ ਬੀਤ ਜਾਣ ਪਿੱਛੋਂ ਈਸ਼ਵਰ ਨੇ ਉਹਨਾਂ ਨੂੰ ਸੁਰੱਖਿਅਤ ਨਹੀਂ ਰੱਖਿਆ। ਕਿਉਂਕਿ ਹਰੇਕ ਪੂਰਨ ਸਿੱਖਿਆ ਪਿੱਛੋਂ ਪਿਛਲੀ ਅਪੂਰਨ ਸਿੱਖਿਆ ਦੀ ਜ਼ਰੂਰਤ ਹੀ ਨਹੀਂ ਰਹੀ। ਅੰਤ ਵਿੱਚ ਹਜ਼ਰਤ ਮੁਹੰਮਦ (ਸ.) ਦੁਆਰਾ ਇਸਲਾਮ ਦੀ ਅਜਿਹੀ ਸਿੱਖਿਆ ਦਿੱਤੀ ਗਈ ਜਿਹੜੀ ਹਰ ਪੱਖੋਂ ਪੂਰਨ ਸੀ। ਇਸ ਪਿੱਛੋਂ ਸਾਰੇ ਨਬੀਆਂ ਦੇ ਧਰਮ-ਵਿਧਾਨ ਜਾਂ ਸ਼ਰੀਅਤ ਤਾਂ ਆਪਣੇ ਆਪ ਰੱਦ ਹੋ ਗਈਆਂ ਕਿਉਂਕਿ ਪੂਰਨ ਨੂੰ ਛੱਡ ਕੇ ਅਪੂਰਨ ਦੀ ਪੈਰਵੀ ਕਰਨਾ ਅਕਲ ਦੇ ਖਿਲਾਫ਼ ਹੈ। ਜਿਹੜਾ ਵਿਅਕਤੀ ਹਜ਼ਰਤ ਮੁਹੰਮਦ (ਸ.) ਦੀ ਪੈਰਵੀ ਕਰੇਗਾ ਉਸ ਨੇ ਜਾਣੋ ਸਾਰੇ ਨਬੀਆਂ ਦੀ ਪੈਰਵੀ ਕੀਤੀ ਇਸ ਲਈ ਕਿ ਸਾਰੇ ਨਬੀਆਂ ਦੀ ਸਿੱਖਿਆ ਵਿੱਚ ਜੋ ਵੀ ਭਲਾਈ ਸੀ ਉਹ ਸਾਰੀ ਹਜ਼ਰਤ ਮੁਹੰਮਦ (ਸ.) ਦੀਆਂ ਸਿੱਖਿਆਵਾਂ ਵਿੱਚ ਮੌਜੂਦ ਹੈ। ਜਿਹੜਾ ਵਿਅਕਤੀ ਆਪ ਦੀ ਪੈਰਵੀ ਛੱਡਕੇ ਕਿਸੇ ਪਿਛਲੇ ਨਬੀ ਦੀ ਪੈਰਵੀ ਕਰੇਗਾ ਉਹ ਬਹੁਤ ਸਾਰੀਆਂ ਭਲਾਈਆਂ ਤੋਂ ਵਾਂਝਾ ਰਹਿ ਜਾਵੇਗਾ। ਇਸ ਲਈ ਕਿਹ ਜਿਹੜੀਆਂ ਭਲਾਈਆਂ ਬਾਅਦ ਵਿੱਚ ਆਈਆਂ ਹਨ ਉਹ ਉਸ ਪੁਰਾਣੀ ਸਿੱਖਿਆ ਵਿੱਚ ਨਹੀਂ ਸਨ।

ਇਹਨਾਂ ਹੀ ਕਾਰਨਾਂ ਕਰਕੇ ਸਾਰੇ ਵਿਸ਼ਵ ਦੇ ਮਨੁੱਖਾਂ ਲਈ ਜ਼ਰੂਰੀ ਹੋ ਗਿਆ ਹੈ ਕਿ ਉਹ ਕੇਵਲ ਹਜ਼ਰਤ ਮੁਹੰਮਦ (ਸ.) ਦਾ ਆਗਿਆ ਪਾਲਣ ਕਰਨ। ਮੁਸਲਮਾਨ

Scanned with CamScanner

ਹੋਣ ਲਈ ਜ਼ਰੂਰੀ ਹੈ ਕਿ ਮਨੁੱਖ ਹਜ਼ਰਤ ਮੁਹੰਮਦ (ਸ.) ਉੱਤੇ ਤਿੰਨ ਹੈਸੀਅਤਾਂ ਤੋਂ ਈਮਾਨ ਲਿਆਵੇ—

ਇੱਕ ਇਹ ਕਿ ਆਪ ਅਲੱਾਹ ਦੇ ਸੱਚੇ ਪੈਗ਼ੰਬਰ ਹਨ।

ਦੂਜੇ ਇਹ ਕਿ ਆਪਦੀ ਸਿੱਖਿਆ ਤੇ ਮਾਰਗ-ਦਰਸ਼ਨ ਬਿਲਕੁਲ ਪੂਰਨ ਹੈ। ਉਸ ਵਿੱਚ ਕੋਈ ਅਪੂਰਨਤਾ ਨਹੀਂ ਅਤੇ ਉਹ ਹਰ ਗ਼ਲਤੀ ਤੋਂ ਰਹਿਤ ਹੈ।

ਤੀਜੇ ਇਹ ਕਿ ਆਪ ਈਸ਼ਵਰ ਦੇ ਅੰਤਮ ਪੈਗ਼ੰਬਰ ਹਨ। ਆਪ ਦੇ ਪਿੱਛੋਂ ਹੁਣ ਕਿਆਮਤ ਤੱਕ ਕੋਈ ਨਬੀ ਕਿਸੇ ਜਾਤੀ ਵਿੱਚ ਆਉਣ ਵਾਲਾ ਨਹੀਂ ਹੈ, ਨਾ ਹੀ ਕੋਈ ਵਿਅਕਤੀ ਅਜਿਹਾ ਆਉਣ ਵਾਲਾ ਹੈ ਜਿਸ ਉੱਤੇ ਈਮਾਨ ਲਿਆਉਣਾ ਮੁਸਲਮਾਨ ਹੋਣ ਦੇ ਲਈ ਸ਼ਰਤ ਹੋਵੇ ਅਤੇ ਜਿਸ ਨੂੰ ਨਾ ਮੰਨਣ ਕਰਕੇ ਕੋਈ ਵਿਅਕਤੀ ਕਾਫ਼ਰ ਹੋ ਜਾਵੇ।

## ਆਖ਼ਰਤ ਉੱਤੇ ਈਮਾਨ

ਪੰਜਵੀਂ ਚੀਜ਼ ਜਿਸ ਉੱਪਰ ਹਜ਼ਰਤ ਮੁਹੰਮਦ (ਸ.) ਨੇ ਸਾਨੂੰ ਈਮਾਨ ਲਿਆਉਣ ਦੀ ਸਿੱਖਿਆ ਦਿੱਤੀ ਹੈ ਉਹ ਆਖ਼ਰਤ ਹੈ। ਆਖ਼ਰਤ ਬਾਰੇ ਜਿਨ੍ਹਾਂ ਚੀਜ਼ਾਂ ਤੇ ਈਮਾਨ ਲਿਆਉਣਾ ਜ਼ਰੂਰੀ ਹੈ ਉਹ ਹੇਠ ਲਿਖੀਆਂ ਹਨ—

(1) ਇੱਕ ਦਿਨ ਈਸ਼ਵਰ ਸਮੁੱਚੇ ਵਿਸ਼ਵ ਅਤੇ ਸਰਿਸ਼ਟੀ ਦੇ ਪ੍ਰਾਣੀਆਂ ਆਦਿ ਨੂੰ ਮਿਟਾ ਦੇਵੇਗਾ। ਉਸ ਦਿਨ ਦਾ ਨਾਂ ਕਿਆਮਤ ਹੈ।

(2) ਫੇਰ ਉਹ ਸਭਨਾਂ ਨੂੰ ਦੂਜਾ ਜੀਵਨ ਦੇਵੇਗਾ ਤੇ ਸਾਰੇ ਈਸ਼ਵਰ ਦੇ ਸਾਹਮਣੇ ਪੇਸ਼ ਹੋਣਗੇ। ਇਸ ਨੂੰ ਹਸ਼ਰ ਕਹਿੰਦੇ ਹਨ।

(3) ਸਭ ਲੋਕਾਂ ਨੇ ਆਪਣੇ ਸੰਸਾਰਕ ਜੀਵਨ ਵਿੱਚ ਜੋ ਕੁਝ ਕੀਤਾ ਹੈ ਉਸਦਾ ਦਾ ਪੂਰਾ ਕਰਮ-ਪੱਤਰ ਅੱਲਾਹ ਅੱਗੇ ਪੇਸ਼ ਕੀਤਾ ਜਾਵੇਗਾ।

(4) ਈਸ਼ਵਰ ਹਰ ਇੱਕ ਵਿਅਕਤੀ ਦੇ ਭਲੇ ਤੇ ਬੁਰੇ ਕਰਮਾਂ ਨੂੰ ਤੋਲੇਗਾ। ਜਿਸ ਦੀ ਭਲਾਈ ਅੱਲਾਹ ਦੇ ਤੋਲ ਵਿੱਚ ਬੁਰਾਈ ਤੋਂ ਜ਼ਿਆਦਾ ਭਾਰੀ ਹੋਵੇਗੀ ਉਸ ਨੂੰ ਬਖ਼ਸ਼ ਦੇਵੇਗਾ ਅਤੇ ਜਿਸ ਜੀ ਬੁਰਾਈ ਦਾ ਪਲੜਾ ਭਾਰੀ ਰਹੇਗਾ ਉਸ ਨੂੰ ਦੰਡ ਦੇਵੇਗਾ।

(5) ਜਿਹੜੇ ਲੋਕਾਂ ਨੂੰ ਬਖ਼ਸ਼ ਦਿੱਤਾ ਜਾਵੇਗਾ ਉਹ ਜੰਨਤ (ਸਵਰਗ) ਵਿੱਚ ਜਾਣਗੇ ਅਤੇ ਜਿਨ੍ਹਾਂ ਨੂੰ ਦੰਡ ਦਿੱਤਾ ਜਾਵੇਗਾ ਉਹ ਦੋਜ਼ਖ (ਨਰਕ) ਵਿੱਚ ਜਾਣਗੇ।

Scanned with CamScanner

## ਆਖਰਤ ਤੇ ਈਮਾਨ ਦੀ ਜ਼ਰੂਰਤ

ਆਖ਼ਰਤ ਦੀ ਇਹ ਧਾਰਨਾ ਜਿਸ ਤਰ੍ਹਾਂ ਹਜ਼ਰਤ ਮੁਹੰਮਦ (ਸ.) ਪੇਸ਼ ਨੇ ਕੀਤੀ ਹੈ, ਉਸੇ ਤਰ੍ਹਾਂ ਪਿਛਲੇ ਸਾਰੇ ਨਬੀ ਇਹਨੂੰ ਪੇਸ਼ ਕਰਦੇ ਆਏ ਹਨ। ਹਰ ਯੁੱਗ ਵਿੱਚ ਇਸ ਉੱਤੇ ਈਮਾਨ ਲਿਆਉਣਾ ਮੁਸਲਮਾਨ ਹੋਣ ਲਈ ਜ਼ਰੂਰੀ ਸ਼ਰਤ ਰਿਹਾ ਹੈ। ਸਾਰੇ ਨਬੀਆਂ ਨੇ ਉਸ ਵਿਅਕਤੀ ਨੂੰ ਕਾਫ਼ਰ ਕਿਹਾ ਹੈ, ਜਿਹੜਾ ਇਸ ਦਾ ਇਨਕਾਰ ਕਰੇ ਜਾਂ ਇਸ ਵਿੱਚ ਸ਼ੱਕ ਕਰੇ, ਕਿਉਂਕਿ ਇਸ ਧਾਰਨਾ ਤੋਂ ਬਿਨਾਂ ਈਸ਼ਵਰ, ਉਹਦੇ ਗ੍ਰੰਥਾਂ ਅਤੇ ਉਹਦੇ ਰਸੂਲਾਂ ਨੂੰ ਮੰਨਣਾ ਉਕਾ ਹੀ ਬੇਕਾਰ ਹੋ ਜਾਂਦਾ ਹੈ। ਇਸ ਈਮਾਨ ਬਾਝੋਂ ਮਨੁੱਖ ਦਾ ਸਾਰਾ ਜੀਵਨ ਖ਼ਰਾਬ ਹੋ ਜਾਂਦਾ ਹੈ। ਜੇਕਰ ਤੁਸੀਂ ਵਿਚਾਰ ਕਰੋ ਤਾਂ ਇਹ ਗੱਲ ਅਸਾਨੀ ਨਾਲ ਸਮਝ ਵਿੱਚ ਆ ਸਕਦੀ ਹੈ। ਤੁਹਾਨੂੰ ਜਦੋਂ ਵੀ ਕਿਸੇ ਕੰਮ ਲਈ ਕਿਹਾ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਪ੍ਰਸ਼ਨ ਜਿਹੜਾ ਤੁਹਾਡੇ ਦਿਲ ਵਿੱਚ ਪੈਦਾ ਹੁੰਦਾ ਹੈ ਉਹ ਇਹੋ ਹੈ ਕਿ ਇਸ ਦੇ ਕਰਨ ਦਾ ਕੀ ਲਾਭ ਹੈ ? ਅਤੇ ਨਾ ਕਰਨ ਨਾਲ ਹਾਨੀ ਕੀ ਹੈ ? ਇਹ ਪ੍ਰਸ਼ਨ ਕਿਉਂ ਉੱਠਦਾ ਹੈ ? ਇਸ ਦਾ ਕਾਰਨ ਇਹ ਹੈ ਕਿ ਮਨੁੱਖ ਦੀ ਪਰਵਿਰਤੀ ਹਰ ਇੱਕ ਅਜਿਹੇ ਕੰਮ ਨੂੰ ਬੇਕਾਰ ਸਮਝਦੀ ਹੈ ਜਿਸਦਾ ਕੋਈ ਸਿੱਟਾ ਨਾ ਹੋਵੇ। ਤੁਸੀਂ ਕਿਸੇ ਅਜਿਹੇ ਕੰਮ ਲਈ ਤਿਆਰ ਨਹੀਂ ਹੋਵੋਗੇ ਜਿਸ ਬਾਰੇ ਤੁਹਾਨੂੰ ਵਿਸ਼ਵਾਸ ਹੋਵੇ ਕਿ ਉਸ ਤੋਂ ਕੋਈ ਲਾਭ ਨਹੀਂ। ਇਸੇ ਤਰ੍ਹਾਂ ਤੁਸੀਂ ਕਿਸੇ ਅਜਿਹੀ ਚੀਜ਼ ਤੋਂ ਬਚਣਾ ਵੀ ਨਹੀਂ ਚਾਹੋਗੇ। ਜਿਸ ਬਾਰੇ ਤੁਹਾਨੂੰ ਵਿਸ਼ਵਾਸ ਹੋਵੇ ਕਿ ਉਹਦੀ ਕੋਈ ਹਾਨੀ ਨਹੀਂ। ਇਹੋ ਗੱਲ ਸੰਦੇਹ ਬਾਰੇ ਵੀ ਹੈ। ਜਿਸ ਕੰਮ ਦੇ ਲਾਭ ਵਿੱਚ ਸ਼ੱਕ ਹੋਵੇ ਉਸ ਕੰਮ ਵਿੱਚ ਤੁਹਾਡਾ ਮਨ ਨਹੀਂ ਲੱਗੇਗਾ। ਇਸੇ ਤਰ੍ਹਾਂ ਜਿਸ ਕੰਮ ਦੇ ਹਾਨੀਕਾਰਕ ਹੋਣ ਦਾ ਸੰਦੇਹ ਹੋਵੇ ਉਸ ਤੋਂ ਬਚਣ ਦੀ ਤੁਸੀਂ ਕੋਈ ਵਿਸ਼ੇਸ਼ ਕੋਸ਼ਿਸ਼ ਨਹੀਂ ਕਰੋਗੇ। ਬੱਚਿਆਂ ਨੂੰ ਵੇਖੋ, ਉਹ ਅੱਗ ਵਿੱਚ ਕਿਉਂ ਹੱਥ ਪਾ ਲੈਂਦੇ ਹਨ ? ਇਸ ਲਈ ਕਿ ਉਹਨਾਂ ਨੂੰ ਇਸ ਗੱਲ ਦਾ ਵਿਸ਼ਵਾਸ ਨਹੀਂ ਹੁੰਦਾ ਕਿ ਅੱਗ ਜਲਾ ਦੇਣ ਵਾਲੀ ਚੀਜ਼ ਹੈ। ਉਹ ਪੜ੍ਹਨ ਤੋਂ ਕਿਉਂ ਭੱਜਦੇ ਹਨ ? ਇਸ ਲਈ ਕਿ ਜਿਹੜੇ ਲਾਭ ਉਹਨਾਂ ਦੇ ਵਡੇਰੇ ਉਹਨਾਂ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ, ਉਹ ਉਹਨਾਂ ਦੇ ਮਨ ਨੂੰ ਨਹੀਂ ਲਗਦੇ। ਹੁਣ ਵਿਚਾਰ ਕਰੋ ਕਿ ਜਿਹੜਾ ਵਿਅਕਤੀ ਆਖ਼ਰਤ ਨੂੰ ਨਹੀਂ ਮੰਨਦਾ, ਉਹ ਈਸ਼ਵਰ ਨੂੰ ਮੰਨਣ ਤੇ ਉਸਦੀ ਇੱਛਾ ਅਨੁਸਾਰ ਚੱਲਣ ਨੂੰ ਬੇਸਿੱਟਾ ਸਮਝਦਾ ਹੈ। ਉਸ ਦੀ ਨਿਗ੍ਹਾ ਵਿੱਚ ਨਾ ਤਾਂ ਈਸ਼ਵਰ ਦੇ ਆਗਿਆ

Scanned with CamScanner

ਪਾਲਣ ਤੋਂ ਕੋਈ ਲਾਭ ਹੈ ਅਤੇ ਨਾ ਉਸ ਦੀ ਅਵੱਗਿਆ ਦਾ ਕੋਈ ਹਾਣ ! ਫੇਰ ਇਹ ਕਿਵੇਂ ਸੰਭਵ ਹੈ ਕਿ ਉਹ ਉਹਨਾਂ ਆਦੇਸ਼ਾਂ ਦਾ ਪਾਲਣ ਕਰੇ ਜਿਹੜੇ ਈਸ਼ਵਰ ਨੇ ਆਪਣੇ ਰਸੂਲਾਂ ਤੇ ਆਪਣਾ ਗ੍ਰੰਥਾਂ ਰਾਹੀਂ ਦਿੱਤੇ ਹਨ ? ਕਲਪਨਾ ਕਰੋ ਜੇਕਰ ਉਸ ਨੇ ਈਸ਼ਵਰ ਨੂੰ ਮੰਨ ਵੀ ਲਿਆ ਤਾਂ ਇਸ ਤਰ੍ਹਾਂ ਦਾ ਮੰਨਣਾ ਬਿਲਕੁਲ ਬੇਕਾਰ ਹੋਵੇਗਾ, ਕਿਉਂਕਿ ਉਹ ਅੱਲਾਹ ਦੇ ਕਾਨੂੰਨ ਦਾ ਪਾਲਣ ਨਹੀਂ ਕਰੇਗਾ ਅਤੇ ਉਸ ਦੀ ਇੱਛਾ ਅਨੁਸਾਰ ਨਹੀਂ ਚੱਲੇਗਾ।

ਇਹ ਮਾਮਲਾ ਇੱਥੋਂ ਤਕ ਹੀ ਸੀਮਤ ਨਹੀਂ ਰਹਿੰਦਾ, ਜਦੋਂ ਤੁਸੀਂ ਹੋਰ ਸੋਚ ਵਿਚਾਰ ਕਰੋਗੇ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਆਖ਼ਰਤ ਨੂੰ ਮੰਨਣ ਜਾਂ ਨਾ ਮੰਨਣ ਦਾ ਮਨੁੱਖੀ ਜੀਵਨ ਉੱਤੇ ਫੈਸਲਾਕੁਨ ਪ੍ਰਭਾਵ ਪੈਂਦਾ ਹੈ। ਜਿਵੇਂ ਕਿ ਉਪਰ ਬਿਆਨ ਕੀਤਾ ਗਿਆ ਹੈ ਕਿ ਮਨੁੱਖ ਦੀ ਪਰਵਿਰਤੀ ਹੀ ਅਜਿਹੀ ਹੈ ਕਿ ਉਹ ਕਿਸੇ ਕੰਮ ਨੂੰ ਕਰਨ ਜਾਂ ਨਾ ਕਰਨ ਦਾ ਨਿਰਣਾ ਉਸਦੇ ਲਾਭ ਜਾਂ ਹਾਨੀ ਨੂੰ ਸਾਹਮਣੇ ਰੱਖ ਕੇ ਕਰਦਾ ਹੈ। ਹੁਣ ਇੱਕ ਵਿਅਕਤੀ ਤਾਂ ਉਹ ਹੈ ਜਿਸ ਦੀ ਨਿਗ੍ਹਾ ਕੇਵਲ ਇਸੇ ਸੰਸਾਰ ਦੇ ਲਾਭ ਅਤੇ ਹਾਨੀ ਉੱਪਰ ਹੈ। ਉਹ ਕਿਸੇ ਅਜਿਹੇ ਭਲੇ ਕੰਮ ਲਈ ਕਦੇ ਵੀ ਤਿਆਰ ਨਹੀਂ ਹੋਵੇਗਾ ਜਿਸ ਤੋਂ ਕੋਈ ਲਾਭ ਇਸ ਸੰਸਾਰ ਵਿੱਚ ਪ੍ਰਾਪਤ ਹੋਣ ਦੀ ਆਸ ਨਾ ਹੋਵੇ ਅਤੇ ਕਿਸੇ ਅਜਿਹੇ ਬੁਰੇ ਕੰਮ ਤੋਂ ਨਹੀਂ ਬਚੇਗਾ ਜਿਸ ਤੋਂ ਇਸ ਲੋਕ ਵਿੱਚ ਕੋਈ ਹਾਨੀ ਹੋਣ ਦਾ ਡਰ ਨਾ ਹੋਵੇ। ਇੱਕ ਦੂਜਾ ਵਿਅਕਤੀ ਹੈ ਜਿਸ ਦੀ ਨਿਗ੍ਹਾ ਕੰਮਾਂ ਦੇ ਅੰਤਮ ਨਤੀਜੇ ਉੱਪਰ ਹੈ। ਉਹ ਸੰਸਾਰਕ ਲਾਭ ਤੇ ਹਾਨੀ ਨੂੰ ਕੇਵਲ ਅਸਥਾਈ ਵਸਤੂ ਸਮਝੇਗਾ ਅਤੇ ਆਖ਼ਰਤ ਦੇ ਸਦੀਵੀ ਤੇ ਸਥਾਈ ਲਾਭ ਹਾਣ ਦਾ ਧਿਆਨ ਰੱਖਦੇ ਹੋਏ ਭਲਾਈ ਤੇ ਨੇਕੀ ਨੂੰ ਅਪਣਾਏਗਾ ਅਤੇ ਬੁਰਾਈ ਨੂੰ ਛੱਡ ਦੇਵੇਗਾ। ਭਾਵੇਂ ਇਸ ਸੰਸਾਰ ਵਿੱਚ ਭਲਾਈ ਤੇ ਨੇਕੀ ਨਾਲ ਕਿੰਨੀ ਹੀ ਬੜੀ ਹਾਨੀ ਅਤੇ ਬੁਰਾਈ ਨਾਲ ਕਿੰਨਾ ਵੀ ਲਾਭ ਹੁੰਦਾ ਹੋਵੇ। ਵੇਖੋ ਦੋਹਾਂ ਵਿੱਚ ਕਿੰਨਾ ਵੱਡਾ ਅੰਤਰ ਹੋ ਗਿਆ। ਇੱਕ ਦੀ ਨਿਗ੍ਹਾਂ ਵਿੱਚ ਨੇਕੀ ਉਹ ਹੈ ਜਿਸ ਦਾ ਕੋਈ ਵਧੀਆ ਨਤੀਜਾ ਇਸ ਸੰਸਾਰ ਦੀ ਛੋਟੀ ਜਿਹੀ ਜ਼ਿੰਦਗੀ ਵਿੱਚ ਪ੍ਰਾਪਤ ਹੋ ਜਾਵੇ ਉਦਾਹਣ ਵਜੋਂ ਕੁੱਝ ਰੁਪਿਆ ਮਿਲੇ, ਕੋਈ ਜ਼ਮੀਨ ਹੱਥ ਲੱਗ ਜਾਵੇ, ਕੋਈ ਉਪਾਧੀ ਮਿਲ ਜਾਵੇ, ਕੁੱਝ ਜਸ ਤੇ ਪ੍ਰਸਿੱਧੀ ਪ੍ਰਾਪਤ ਹੋ ਜਾਵੇ, ਕੁੱਝ ਲੋਕ ਵਾਹ ਵਾਹ ਕਰਨ ਜਾਂ ਅਨੰਦ ਤੇ ਪ੍ਰਸੰਨਤਾ ਪ੍ਰਾਪਤ ਹੋ ਜਾਵੇ, ਕੁੱਝ ਖ਼ਾਹਿਸ਼ਾਂ ਪੂਰੀਆਂ ਹੋਣ, ਅਤੇ ਕੁੱਝ

Scanned with CamScanner

ਵਾਸਨਾ ਪੂਰੀ ਹੋ ਜਾਵੇ। ਬੁਰਾਈ ਉਹ ਹੈ ਜਿਸ ਦਾ ਕੋਈ ਬੁਰਾ ਸਿੱਟਾ ਇਸ ਜੀਵਨ ਵਿੱਚ ਸਾਹਮਣੇ ਆ ਜਾਵੇ ਜਾਂ ਸਾਹਮਣੇ ਆਉਣ ਦਾ ਡਰ ਹੋਵੇ। ਉਦਾਹਰਣ ਵਜੋਂ ਪ੍ਰਾਣ ਤੇ ਧਨ ਦੀ ਹਾਨੀ, ਸਿਹਤ ਦੀ ਖ਼ਰਾਬੀ, ਬਦਨਾਮੀ, ਹਕੂਮਤ ਵੱਲੋਂ ਦੰਡ, ਕਿਸੇ ਪ੍ਰਕਾਰ ਦਾ ਦੁੱਖ ਤੇ ਸੋਗ ਆਦਿ। ਇਸ ਦੇ ਉਲਟ ਦੂਜੇ ਵਿਅਕਤੀ ਦੀ ਨਿਗ੍ਹਾ ਵਿੱਚ ਭਲਾਈ ਤੇ ਨੇਕੀ ਉਹ ਹੈ ਜਿਸ ਨਾਲ ਅੱਲਾਹ ਖ਼ੁਸ਼ ਹੋਵੇ ਅਤੇ ਬੁਰਾਈ ਉਹ ਹੈ ਜਿਸ ਨਾਲ ਅੱਲਾਹ ਨਰਾਜ਼ ਹੋਵੇ। ਭਲਾਈ ਜੇਕਰ ਉਸ ਨੂੰ ਦੁਨੀਆਂ ਵਿੱਚ ਕਿਸੇ ਪ੍ਰਕਾਰ ਦਾ ਲਾਭ ਨਾ ਪਹੁੰਚਾਵੇ ਬਲਕਿ ਉਲਟਾ ਹਾਨੀ ਹੀ ਹਾਨੀ ਪਹੁੰਚਾਵੇ ਤਦ ਵੀ ਉਹ ਉਸ ਨੂੰ ਭਲਾਈ ਤੇ ਨੇਕੀ ਹੀ ਸਮਝਦਾ ਹੈ ਅਤੇ ਵਿਸ਼ਵਾਸ ਰੱਖਦਾ ਹੈ ਕਿ ਆਖ਼ਰਤ ਵਿੱਚ ਈਸ਼ਵਰ ਉਸ ਨੂੰ ਕਦੇ ਨਾ ਖਤਮ ਹੋਣ ਵਾਲਾ ਲਾਭ ਪਹੁੰਚਾਏਗਾ। ਬੁਰਾਈ ਨਾਲ ਭਾਵੇਂ ਇਥੇ ਕਿਸੇ ਪ੍ਰਕਾਰ ਦੀ ਹਾਨੀ ਨਾ ਪਹੁੰਚੇ, ਨਾ ਹਾਨੀ ਦਾ ਭੈ ਹੋਵੇ, ਸਗੋਂ ਪੂਰੀ ਤਰ੍ਹਾਂ ਲਾਭ ਹੀ ਲਾਭ ਦਿਖਾਈ ਦੇਣ ਫੇਰ ਵੀ ਉਹ ਉਸ ਨੂੰ ਬੁਰਾਈ ਹੀ ਸਮਝਦਾ ਹੈ ਅਤੇ ਵਿਸ਼ਵਾਸ ਰੱਖਦਾ ਹੈ ਕਿ ਜੇਕਰ ਮੈਂ ਨਿੱਕੇ ਜਿਹੇ ਸੰਸਾਰਕ ਜੀਵਨ ਵਿੱਚ ਸਜ਼ਾ ਤੋਂ ਬਚ ਗਿਆ ਅਤੇ ਕੁੱਝ ਦਿਨ ਮੌਜਾਂ ਮਾਰਦਾ ਰਿਹਾ ਤਦ ਵੀ ਆਖ਼ਰਤ ਵਿੱਚ ਅੱਲਾਹ ਦੇ ਅਜ਼ਾਬ ਤੋਂ ਨਹੀਂ ਬਚਾਂਗਾ।

ਇਹ ਦੋ ਵੱਖ-ਵੱਖ ਧਾਰਨਾਵਾਂ ਹਨ ਜਿਨ੍ਹਾਂ ਦੇ ਪ੍ਰਭਾਵ ਕਾਰਨ ਮਨੁੱਖ ਦੋ ਅਲੱਗ-ਅਲੱਗ ਤੀਰਕੇ ਅਪਣਾਉਂਦਾ ਹੈ। ਜਿਹੜਾ ਵਿਅਕਤੀ ਆਖ਼ਰਤ ਉੱਤੇ ਵਿਸ਼ਵਾਸ ਨਹੀਂ ਰੱਖਦਾ ਉਸ ਲਈ ਸੰਭਵ ਨਹੀਂ ਕਿ ਉਹ ਇੱਕ ਕਦਮ ਵੀ ਇਸਲਾਮ ਦੇ ਮਾਰਗ ਉੱਤੇ ਚੱਲ ਸਕੇ। ਇਸਲਾਮ ਕਹਿੰਦਾ ਹੈ ਕਿ ਰੱਬ ਦੇ ਰਾਹ ਵਿੱਚ ਗ਼ਰੀਬਾਂ ਨੂੰ ਜ਼ਕਾਤ ਦਿਉ। ਉਹ ਸਮਝਦਾ ਹੈ ਕਿ ਜ਼ਕਾਤ ਦੇਣ ਨਾਲ ਮੇਰਾ ਧਨ ਘਟ ਜਾਵੇਗਾ। ਮੈਂ ਤਾਂ ਆਪਣੇ ਧਨ 'ਤੇ ਉਲਟਾ ਵਿਆਜ ਲਵਾਂਗਾ ਅਤੇ ਵਿਆਜ ਦੀ ਡਿਗਰੀ ਵਿੱਚ ਗਰੀਬਾਂ ਦੇ ਘਰ ਦਾ ਸਭ ਕੁੱਝ ਕੁਰਕ ਕਰਵਾ ਲਵਾਂਗਾ। ਇਸਲਾਮ ਕਹਿੰਦਾ ਹੈ— ਹਮੇਸ਼ਾਂ ਸੱਚ ਬੋਲੋ ਤੇ ਝੂਠ ਤੋਂ ਬਚੋ। ਭਾਵੇਂ ਸੱਚਾਈ ਵਿੱਚ ਕਿੰਨੀ ਵੀ ਹਾਨੀ ਤੇ ਝੂਠ ਵਿੱਚ ਕਿੰਨਾ ਵੀ ਲਾਭ ਹੋਵੇ। ਉਹ ਆਖਦਾ ਹੈ ਕਿ ਮੈਂ ਅਜਿਹੀ ਸਚਾਈ ਨੂੰ ਅਪਣਾ ਕੇ ਕੀ ਕਰਾਂਗਾ ਜਿਸ ਨਾਲ ਮੈਨੂੰ ਹਾਨੀ ਹੋਵੇ ਤੇ ਲਾਭ ਬਿਲਕੁਲ ਨਾ ਹੋਵੇ ? ਅਜਿਹੇ ਝੂਠ ਤੋਂ ਕਿਉਂ ਬਚਾ ਜਿਸ ਵਿੱਚ ਲਾਭ ਹੋਵੇ ਅਤੇ ਜਿਸ ਵਿੱਚ ਬਦਨਾਮੀ ਦਾ ਭੈ ਤੱਕ ਨਾ ਹੋਵੇ ? ਉਹ ਇੱਕ ਸੁੰਨ-ਸਾਨ ਰਾਹ ਤੋਂ ਲੰਘਦਾ ਹੈ। ਇੱਕ

Scanned with CamScanner

ਬਹੁਮੁੱਲੀ ਚੀਜ਼ ਡਿੱਗੀ ਪਈ ਉਸਨੂੰ ਵਿਖਾਈ ਦਿੰਦੀ ਹੈ। ਇਸਲਾਮ ਆਖਦਾ ਹੈ ਕਿ ਇਹ ਤੇਰਾ ਮਾਲ ਨਹੀਂ, ਤੂੰ ਇਹ ਬਿਲਕੁਲ ਨਾ ਲੈ। ਉਹ ਕਹਿੰਦਾ ਹੈ ਮੁਫਤ ਵਿੱਚ ਮਿਲੀ ਚੀਜ਼ ਨੂੰ ਕਿਉਂ ਛੱਡ ਦੇਵਾਂ। ਇੱਥੇ ਕੋਈ ਦੇਖਣ ਵਾਲਾ ਨਹੀਂ ਹੈ ਜਿਹੜਾ ਪੁਲੀਸ ਨੂੰ ਸੂਚਨਾ ਦੇਵੇ ਜਾਂ ਅਦਾਲਤ ਵਿੱਚ ਗਵਾਹੀ ਦੇਵੇ। ਜਾਂ ਲੋਕਾਂ ਵਿੱਚ ਬਦਨਾਮ ਕਰੇ, ਫੇਰ ਕਿਉਂ ਨਾ ਮੈਂ ਇਸ ਤੋਂ ਲਾਭ ਉਠਾਵਾਂ। ਇੱਕ ਵਿਅਕਤੀ ਚੁਪ-ਚੁਪੀਤੇ ਉਹਦੇ ਕੋਲ ਅਮਾਨਤ ਰਖਵਾਉਂਦਾ ਹੈ ਤੇ ਮਰ ਜਾਂਦਾ ਹੈ। ਇਸਲਾਮ ਕਹਿੰਦਾ ਹੈ ਕਿ ਕਿਸੇ ਦੀ ਅਮਾਨਤ ਵਿੱਚ ਖਿਆਨਤ ਨਾ ਕਰੋ, ਉਸਦਾ ਮਾਲ ਉਸਦੇ ਬਾਲ-ਬੱਚਿਆਂ ਤੱਕ ਪਹੁੰਚਾ ਦਿਉ। ਉਹ ਕਹਿੰਦਾ ਹੈ ਕਿਉਂ ? ਕੋਈ ਗਵਾਹੀ ਇਸ ਗੱਲ ਦੀ ਨਹੀਂ ਕਿ ਮਰਨ ਵਾਲੇ ਦਾ ਮਾਲ ਮੇਰੇ ਕੋਲ ਹੈ, ਖ਼ੁਦ ਉਸਦੇ ਬਾਲ-ਬੱਚਿਆਂ ਨੂੰ ਇਸ ਦੀ ਖ਼ਬਰ ਤੱਕ ਨਹੀਂ ਹੈ। ਜਦੋਂ ਮੈਂ ਅਸਾਨੀ ਨਾਲ ਇਸ ਨੂੰ ਖਾ ਸਕਦਾ ਹਾਂ ਅਤੇ ਕਿਸੇ ਮੁਕੱਦਮੇ ਤੇ ਬਦਨਾਮੀ ਦਾ ਵੀ ਕੋਈ ਡਰ ਨਹੀਂ ਤਾਂ ਮੈਂ ਕਿਉਂ ਨਾ ਇਹ ਖਾ ਜਾਵਾਂ ?

ਅਰਥਾਤ ਜੀਵਨ-ਯਾਤਰਾ ਵਿੱਚ ਹਰ ਕਦਮ ਉੱਤੇ ਇਸਲਾਮ ਉਸਨੂੰ ਇੱਕ ਤਰੀਕਾ ਅਪਣਾਉਣ ਦੀ ਸਿੱਖਿਆ ਦੇਵੇਗਾ ਅਤੇ ਉਹ ਉਸਦੇ ਬਿਲਕੁਲ ਉਲਟ ਦੂਸਰਾ ਮਾਰਗ ਅਪਣਾਏਗਾ। ਕਿਉਂਕਿ ਇਸਲਾਮ ਵਿੱਚ ਹਰ ਚੀਜ਼ ਦਾ ਮਹੱਤਵ ਤੇ ਕਦਰ ਆਖ਼ਰਤ ਦੇ ਸਦੀਵੀ ਸਿੱਟਿਆਂ ਤੇ ਅਧਾਰਤ ਹੈ। ਪਰੰਤੂ ਉਹ ਵਿਅਕਤੀ ਹਰ ਮਾਮਲੇ ਵਿੱਚ ਉਹਨਾਂ ਸਿੱਟਿਆਂ ਨੂੰ ਦੇਖਦਾ ਹੈ ਜਿਹੜੇ ਸੰਸਾਰ ਦੇ ਇਸ ਸੰਖੇਪ ਜਿਹੇ ਜੀਵਨ ਵਿੱਚ ਸਾਹਮਣੇ ਆਉਂਦੇ ਹਨ। ਹੁਣ ਤੁਸੀਂ ਖ਼ੁਦ ਸਮਝ ਸਕਦੇ ਹੋ ਕਿ ਆਖ਼ਰਤ ਉੱਤੇ ਈਮਾਨ ਲਿਆਏ ਬਿਨਾਂ ਮਨੁੱਖ ਕਿਉਂ ਮੁਸਲਮਾਨ ਨਹੀਂ ਹੋ ਸਕਦਾ। ਮੁਸਲਮਾਨ ਤਾਂ ਬੜੀ ਚੀਜ਼ ਹੈ, ਸੱਚੀ ਗੱਲ ਤਾਂ ਇਹ ਹੈ ਕਿ ਆਖ਼ਰਤ ਦਾ ਇਨਕਾਰ ਮਨੁੱਖ ਨੂੰ ਮਨੁੱਖਤਾ ਤੋਂ ਗਿਰਾ ਕੇ ਪਸ਼ੂਪੁਣੇ ਤੋਂ ਵੀ ਭੈੜੇ ਦਰਜੇ ਵਿੱਚ ਲੈ ਜਾਂਦਾ ਹੈ।

## ਆਖ਼ਰਤ ਦੀ ਧਾਰਨਾ ਦੀ ਸਚਾਈ

ਆਖ਼ਰਤ ਦੀ ਧਾਰਨਾ ਦੀ ਜ਼ਰੂਰਤ ਅਤੇ ਉਸਦੇ ਲਾਭ ਤੁਸੀਂ ਜਾਣ ਲਏ। ਹੁਣ ਅਸੀਂ ਤੁਹਾਨੂੰ ਸੰਖੇਪ ਵਿੱਚ ਇਹ ਦੱਸਦੇ ਹਾਂ ਕਿ ਹਜ਼ਰਤ ਮੁਹੰਮਦ (ਸ.) ਨੇ ਆਖ਼ਰਤ ਦੀ ਧਾਰਨਾ ਬਾਰੇ ਜੋ ਕੁੱਝ ਬਿਆਨ ਕੀਤਾ ਹੈ ਅਕਲ ਪੱਖੋਂ ਵੀ ਉਹੀ ਸੱਚਾ ਪ੍ਰਤੀਤ ਹੁੰਦਾ ਹੈ। ਭਾਵੇਂ ਆਖ਼ਰਤ ਉੱਤੇ ਸਾਡਾ ਈਮਾਨ ਕੇਵਲ ਅੱਲਾਹ ਦੇ ਰਸੂਲ (ਸ.)

Scanned with CamScanner

ਉੱਤੇ ਵਿਸ਼ਵਾਸ ਕਾਰਨ ਹੈ।ਬੁੱਧੀ ਉਸਦਾ ਅਧਾਰ ਨਹੀਂ ਹੈ, ਪਰੰਤੂ ਜਦੋਂ ਅਸੀਂ ਸੋਚ ਵਿਚਾਰ ਤੋਂ ਕੰਮ ਲੈਂਦੇ ਹਾਂ ਤਾਂ ਵੀ ਸਾਨੂੰ ਆਖ਼ਰਤ ਦੀਆਂ ਸਾਰੀਆਂ ਧਾਰਨਾਵਾਂ ਵਿੱਚੋਂ ਸਭ ਤੋਂ ਵੱਧ ਇਹੋ ਧਾਰਨਾ ਅਕਲ ਦੇ ਅਨੁਸਾਰ ਜਾਪਦੀ ਹੈ।

ਆਖ਼ਰਤ ਬਾਰੇ ਦੁਨੀਆਂ ਵਿੱਚ ਤਿੰਨ ਧਾਰਨਾਵਾਂ ਪਾਈਆਂ ਜਾਂਦੀਆਂ ਹਨ। ਇੱਕ ਵਰਗ ਕਹਿੰਦਾ ਹੈ ਕਿ ਮਨੁੱਖ ਮਰਨ ਪਿੱਛੋਂ ਮਿਟ ਜਾਂਦਾ ਹੈ ਫ਼ੇਰ ਕੋਈ ਜ਼ਿੰਦਗੀ ਨਹੀਂ ਹੈ।ਇਹ ਨਾਸਤਕਾਂ ਦਾ ਵਿਚਾਰ ਹੈ ਜਿਹੜੇ ਵਿਗਿਆਨੀ ਹੋਣ ਦਾ ਦਾਅਵਾ ਕਰਦੇ ਹਨ।

ਦੂਜਾ ਵਰਗ ਕਹਿੰਦਾ ਹੈ ਕਿ ਮਨੁੱਖ ਆਪਣੇ ਕਰਮਾਂ ਦਾ ਫਲ ਭੋਗਣ ਲਈ ਵਾਰ-ਵਾਰ ਇਸੇ ਸੰਸਾਰ ਵਿੱਚ ਜਨਮ ਲੈਂਦਾ ਹੈ।ਜੇਕਰ ਉਹਦੇ ਕਰਮ ਬੁਰੇ ਹਨ ਤਾਂ ਉਹ ਦੂਸਰੇ ਜਨਮ ਵਿੱਚ ਕੋਈ ਜਾਨਵਰ ਜਿਵੇਂ ਕੁੱਤਾ ਜਾਂ ਬਿੱਲੀ ਬਣਕੇ ਆਵੇਗਾ। ਜਾਂ ਕੋਈ ਰੁੱਖ ਬਣਕੇ ਪੈਦਾ ਹੋਵੇਗਾ।ਜਾਂ ਕਿਸੇ ਨੀਚ ਦਰਜੇ ਦੇ ਮਨੁੱਖ ਦੇ ਰੂਪ ਵਿੱਚ ਆਵੇਗਾ।ਜੇਕਰ ਕਰਮ ਭਲੇ ਹਨ ਤਾਂ ਅਧਿਕ ਉੱਚ ਸ਼੍ਰੇਣੀ ਵਿੱਚ ਪਹੁੰਚੇਗਾ।ਇਹ ਧਾਰਨਾਂ ਕੇਵਲ ਕੁਝ ਕੱਚੇ ਧਰਮਾਂ ਵਿੱਚ ਮਿਲਦੀ ਹੈ।

ਤੀਜਾ ਵਰਗ ਕਿਆਮਤ, ਹਸ਼ਰ ਤੇ ਅੱਲਾਹ ਦੀ ਅਦਾਲਤ ਵਿੱਚ ਪੇਸ਼ੀ ਅਤੇ ਦੰਡ ਤੇ ਪੁਰਸਕਾਰ ਦੀ ਪ੍ਰਾਪਤੀ ਉੱਤੇ ਈਮਾਨ ਰੱਖਦਾ ਹੈ।ਸਾਰੇ ਨਬੀਆਂ ਦੀ ਇਹੋ ਧਾਰਨਾ ਹੈ।

ਹੁਣ ਪਹਿਲੇ ਵਰਗ ਦੀ ਧਾਰਨਾ ਤੇ ਵਿਚਾਰ ਕਰੋ।ਇਹ ਲੋਕ ਕਹਿੰਦੇ ਹਨ ਕਿ ਮਰਨ ਉਪਰੰਤ ਕਿਸੇ ਨੂੰ ਜਿਊਂਦਾ ਹੁੰਦੇ ਅਸੀਂ ਨਹੀਂ ਵੇਖਿਆ। ਅਸੀਂ ਤਾਂ ਇਹੋ ਵੇਖਦੇ ਹਾਂ ਕਿ ਜੋ ਮਰਦਾ ਹੈ ਉਹ ਮਿੱਟੀ ਵਿੱਚ ਮਿਲ ਜਾਂਦਾ ਹੈ। ਇਸ ਲਈ ਮੌਤ ਪਿੱਛੋਂ ਕੋਈ ਜੀਵਨ ਨਹੀਂ, ਪਰੰਤੂ ਵਿਚਾਰ ਕਰੋ ਕੀ ਇਹ ਕੋਈ ਦਲੀਲ ਹੈ ?ਮਰਨ ਪਿੱਛੋਂ ਤੁਸੀਂ ਕਿਸੇ ਨੂੰ ਜੀਵਤ ਹੁੰਦੇ ਨਹੀਂ ਦੇਖਿਆ ਤਾਂ ਤੁਸੀਂ ਵੱਧ ਤੋਂ ਵੱਧ ਇਹ ਕਹਿ ਸਕਦੇ ਹੋ। "ਅਸੀਂ ਜਾਣਦੇ ਹਾਂ ਕਿ ਮਰਨ ਪਿੱਛੋਂ ਕੁੱਝ ਨਹੀਂ ਹੋਵੇਗਾ", ਇਸ ਦਾ ਤੁਹਾਡੇ ਕੋਲ ਕੀ ਸਬੂਤ ਹੈ ? ਇੱਕ ਵਿਅਕਤੀ ਨੇ ਜੇਕਰ ਹਵਾਈ ਜਹਾਜ਼ ਨਹੀਂ ਵੇਖਿਆ ਤਾਂ ਉਹ ਕਹਿ ਸਕਦਾ ਹੈ, "ਮੈਂ ਨਹੀਂ ਜਾਣਦਾ ਕਿ ਹਵਾਈ ਜਹਾਜ਼ ਕੀ ਚੀਜ਼ ਹੈ ? ਪਰੰਤੂ ਜੇ ਉਹ ਕਹੇਗਾ, "ਮੈਂ ਜਾਣਦਾ ਹਾਂ ਕਿ ਹਵਾਈ ਜਹਾਜ਼ ਕੋਈ ਚੀਜ਼ ਨਹੀਂ ਹੈ" ਤਾਂ ਬੁੱਧੀਮਾਨ ਉਹਨੂੰ ਬੇਵਕੂਫ਼ ਕਹਿਣਗੇ।ਕਿਸੇ ਇੱਕ ਵਿਅਕਤੀ

Scanned with CamScanner

ਜਾਂ ਸਾਰੇ ਵਿਸ਼ਵ ਦੇ ਲੋਕਾਂ ਨੇ ਵੀ ਕਿਸੇ ਚੀਜ਼ ਨੂੰ ਨਾ ਦੇਖਿਆ ਹੋਵੇ ਤਾਂ ਇਹ ਦਾਅਵਾ ਨਹੀਂ ਕੀਤਾ ਜਾ ਸਕਦਾ ਕਿ ਉਹ ਨਹੀਂ ਹੈ ਜਾਂ ਨਹੀਂ ਹੋ ਸਕਦੀ।

ਇਸ ਪਿੱਛੋਂ ਦੂਜੀ ਧਾਰਨਾ ਨੂੰ ਲਉ। ਇਸ ਧਾਰਨਾ ਅਨੁਸਾਰ, ਇਸ ਸਮੇਂ ਜਿਹੜਾ ਵਿਅਕਤੀ ਮਨੁੱਖ ਹੈ, ਉਹ ਇਸ ਲਈ ਮਨੁੱਖ ਬਣ ਗਿਆ ਕਿ ਜਦੋਂ ਉਹ ਜਾਨਵਰ ਸੀ ਤਾਂ ਉਸ ਨੇ ਭਲੇ ਕਰਮ ਕੀਤੇ ਸਨ। ਇੱਕ ਜਾਨਵਰ ਜਿਹੜਾ ਇਸ ਸਮੇਂ ਜਾਨਵਰ ਹੈ ਉਹ ਇਸ ਲਈ ਜਾਨਵਰ ਹੋ ਗਿਆ ਕਿ ਮਨੁੱਖ ਜੂਨੀ ਵਿੱਚ ਉਸ ਨੇ ਬੁਰੇ ਕਰਮ ਕੀਤੇ ਸਨ। ਦੂਜੇ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ ਕਿ ਮਨੁੱਖ, ਪਸ਼ੂ ਤੇ ਪੇੜ ਹੋਣਾ ਸਭ ਅਸਲ ਵਿੱਚ ਪਹਿਲੇ ਜਨਮ ਦੇ ਕਰਮਾਂ ਦਾ ਫਲ ਹੈ।

ਹੁਣ ਪ੍ਰਸ਼ਨ ਇਹ ਉਤਪੰਨ ਹੁੰਦਾ ਹੈ ਕਿ ਪਹਿਲਾਂ ਕਿਹੜੀ ਚੀਜ਼ ਸੀ? ਜੇਕਰ ਕਹਿੰਦੇ ਹਾਂ ਕਿ ਪਹਿਲਾਂ ਮਨੁੱਖ ਸੀ ਤਾਂ ਮੰਨਣਾ ਪਵੇਗਾ ਕਿ ਉਸ ਤੋਂ ਪਹਿਲਾਂ ਮਨੁੱਖ ਸਵਾਲ ਕੀਤਾ ਜਾਵੇਗਾ ਕਿ ਮਾਨਵ ਸਰੀਰ ਉਸ ਨੂੰ ਕਿਹੜੇ ਭਲੇ ਕਰਮਾਂ ਸਦਕਾ ਮਿਲਿਆ ਜੇਕਰ ਕਹਿੰਦੇ ਹਾਂ ਕਿ ਜਾਨਵਰ ਤੇ ਰੱਖ ਸਨ ਤਾਂ ਮੰਨਣਾ ਪਵੇਗਾ ਕਿ ਉਸ ਤੋਂ ਪਹਿਲਾਂ ਮਨੁੱਖ ਹੋਵੇ। ਰੁੱਖ ਤੇ ਜਾਨਵਰ ਦੀ ਜੂਨੀ ਵਿੱਚ ਉਹ ਕਿਹੜੇ ਬੁਰੇ ਕਰਮ ਦਾ ਦੰਡ ਭੋਗਣ ਆਇਆ ਹੈ? ਮਤਲਬ ਇਹ ਹੈ ਕਿ ਇਹ ਧਾਰਨਾ ਰੱਖਣ ਵਾਲੇ ਸਰਿਸ਼ਟੀ ਦੇ ਜੀਵ ਆਦਿ ਦਾ ਅਰੰਭ ਕਿਸੇ ਜੂਨੀ ਨਾਲ ਵੀ ਨਿਸ਼ਚਿਤ ਨਹੀਂ ਕਰ ਸਕਦੇ ਕਿਉਂਕਿ ਹਰ ਇੱਕ ਜੂਨੀ ਤੋਂ ਪਹਿਲਾਂ ਇੱਕ ਜੂਨੀ ਦਾ ਹੋਣਾ ਜ਼ਰੂਰੀ ਹੈ ਤਾਂ ਕਿ ਬਾਦ ਵਾਲੀ ਜੂਨੀ ਨੂੰ ਪਹਿਲੀ ਜੂਨੀ ਦੇ ਵਿਵਹਾਰ ਦਾ ਨਤੀਜਾ ਕਿਹਾ ਜਾਵੇ। ਇਹ ਗੱਲ ਸਾਫ਼ ਤੌਰ ਤੇ ਅਕਲ ਦੇ ਵਿਰੁੱਧ ਹੈ।

ਹੁਣ ਤੀਜੀ ਧਾਰਨਾ ਨੂੰ ਲਉ। ਇਸ ਵਿੱਚ ਸਭ ਤੋਂ ਪਹਿਲਾਂ ਇਹ ਕਿਹਾ ਗਿਆ ਹੈ, "ਇੱਕ ਦਿਨ ਕਿਆਮਤ ਆਵੇਗੀ ਅਤੇ ਅੱਲਾਹ ਆਪਣੇ ਇਸ ਕਾਰਖਾਨੇ ਨੂੰ ਤੋੜ-ਫੋੜ ਕੇ ਨਵੇਂ ਸਿਰੇ ਤੋਂ ਇੱਕ ਦੂਜਾ ਉਚਕੋਟੀ ਦਾ ਸਥਾਈ ਕਾਰਖ਼ਾਨਾ ਬਣਾਵੇਗਾ। ਇਹ ਅਜਿਹੀ ਗੱਲ ਹੈ ਜਿਸ ਦੇ ਸੱਚੀ ਹੋਣ ਵਿੱਚ ਕੋਈ ਸੰਦੇਹ ਨਹੀਂ ਹੋ ਸਕਦਾ। ਦੁਨੀਆਂ ਦੇ ਇਸ ਕਾਰਖ਼ਾਨੇ ਉੱਤੇ ਜਿੰਨੀ ਸੋਚ-ਵਿਚਾਰ ਕੀਤੀ ਜਾਂਦੀ ਹੈ। ਉਨਾਂ ਹੀ ਜ਼ਿਆਦਾ ਇਸ ਗੱਲ ਦਾ ਪ੍ਰਮਾਣ ਮਿਲਦਾ ਹੈ ਕਿ ਇਹ ਸਦੀਵੀ ਰਹਿਣ ਵਾਲਾ ਕਾਰਖ਼ਾਨਾ ਨਹੀਂ ਹੈ, ਕਿਉਂਕਿ ਜਿੰਨੀਆਂ ਵੀ ਸ਼ਕਤੀਆਂ ਇਸ ਵਿੱਚ ਕੰਮ ਕਰ ਰਹੀਆਂ ਹਨ, ਉਹ ਸਾਰੀਆਂ ਸੀਮਤ ਹਨ ਤੇ ਇੱਕ ਦਿਨ ਉਹਨਾਂ ਦਾ ਖ਼ਤਮ

ਹੋਣਾ ਜ਼ਰੂਰੀ ਹੈ। ਇਸ ਲਈ ਸਾਰੇ ਵਿਗਿਆਨੀ ਇਸ ਗੱਲ ਤੇ ਸਹਿਮਤ ਹੋ ਚੁੱਕੇ ਹਨ ਕਿ ਇੱਕ ਦਿਨ ਸੂਰਜ ਠੰਢਾ ਤੇ ਪ੍ਰਕਾਸ਼ਹੀਣ ਹੋ ਜਾਵੇਗਾ। ਗ੍ਰਹਿ ਇੱਕ ਦੂਜੇ ਨਾਲ ਟਕਰਾਉਣਗੇ ਤੇ ਸੰਸਾਰ ਨਸ਼ਟ ਹੋ ਜਾਵੇਗਾ।

ਦੂਜੀ ਗੱਲ ਇਸ ਧਾਰਨਾ ਵਿੱਚ ਇਹ ਆਖੀ ਗਈ ਹੈ ਕਿ ਮਨੁੱਖ ਨੂੰ ਮੁੜ ਸੁਰਜੀਤ ਕੀਤਾ ਜਾਵੇਗਾ। ਕੀ ਇਹ ਸੰਭਵ ਹੈ ? ਜੇਕਰ ਇਹ ਅਸੰਭਵ ਹੈ, ਤਾਂ ਹੁਣ ਜਿਹੜਾ ਜੀਵਨ ਮਨੁੱਖ ਨੂੰ ਪ੍ਰਾਪਤ ਹੈ ਇਹ ਕਿਵੇਂ ਸੰਭਵ ਹੋ ਗਿਆ ?ਸਪਸ਼ਟ ਜਿਹੀ ਗੱਲ ਹੈ ਜਿਸ ਈਸ਼ਵਰ ਨੇ ਇਸ ਦੁਨੀਆਂ ਵਿੱਚ ਪੈਦਾ ਕੀਤਾ ਹੈ ਉਹ ਦੂਸਰੀ ਦੁਨੀਆਂ ਵਿੱਚ ਵੀ ਪੈਦਾ ਕਰ ਸਕਦਾ ਹੈ।

ਤੀਜੀ ਗੱਲ ਇਹ ਆਖੀ ਗਈ ਹੈ, "ਮਨੁੱਖ ਨੇ ਸੰਸਾਰਕ ਜੀਵਨ ਵਿੱਚ ਜਿੰਨੇ ਕਰਮ ਕੀਤੇ ਹਨ ਉਹਨਾਂ ਸਭਨਾਂ ਦਾ ਰਿਕਾਰਡ ਸੁਰੱਖਿਅਤ ਹੈ ਤੇ ਉਹ ਹਸ਼ਰ ਦੇ ਦਿਹਾੜੇ ਪੇਸ਼ ਹੋਵੇਗਾ। ਇਹ ਅਜਿਹੀ ਚੀਜ਼ੀ ਹੈ ਜਿਸ ਦਾ ਪ੍ਰਮਾਣ ਅੱਜ ਸਾਨੂੰ ਇਸ ਸੰਸਾਰ ਵਿੱਚ ਵੀ ਮਿਲ ਰਿਹਾ ਹੈ। ਪਹਿਲਾਂ ਸਮਝਿਆ ਜਾਂਦਾ ਸੀ ਕਿ ਜਿਹੜੀ ਅਵਾਜ਼ ਸਾਡੇ ਮੁੱਖੋਂ ਨਿਕਲਦੀ ਹੈ ਉਹ ਹਵਾ ਵਿੱਚ ਥੋੜ੍ਹੀ ਜਿਹੀ ਲਹਿਰ ਪੈਦਾ ਕਰਕੇ ਨਸ਼ਟ ਹੋ ਜਾਂਦੀ ਹੈ। ਪਰੰਤੂ ਹੁਣ ਗਿਆਨ ਹੋਇਆ ਹੈ ਕਿ ਹਰ ਆਵਾਜ਼ ਆਪਣੇ ਚਾਰੇ ਪਾਸੇ ਦੀਆਂ ਚੀਜ਼ਾਂ ਉੱਤੇ ਆਪਣਾ ਚਿੰਨ੍ਹ ਛੱਡ ਜਾਂਦੀ ਹੈ, ਜਿਸ ਨੂੰ ਦੁਬਾਰਾ ਪੈਦਾ ਕੀਤਾ ਜਾ ਸਕਦਾ ਹੈ। ਗ੍ਰਾਮੋਫ਼ੋਨ ਦਾ ਰਿਕਾਰਡ ਇਸੇ ਸਿਧਾਂਤ ਤੇ ਬਣਿਆ ਹੈ। ਇਸੇ ਤੋਂ ਇਹ ਪਤਾ ਲੱਗਿਆ ਕਿ ਹਰੇਕ ਗਤੀ-ਵਿੱਧੀ ਦਾ ਰਿਕਾਰਡ ਉਹਨਾਂ ਸਭਨਾਂ ਚੀਜ਼ਾਂ ਉੱਤੇ ਅੰਕਤ ਹੋ ਰਿਹਾ ਹੈ ਜਿਹੜੀ ਕਿਸੇ ਰੂਪ ਵਿੱਚ ਇਸ ਗਤੀ ਵਿਧੀ ਦੇ ਸੰਪਕਰ 'ਚ ਆਉਂਦੀ ਹੈ। ਜਦੋਂ ਹਾਲ ਇਹ ਹੈ ਤਾਂ ਇਹ ਗੱਲ ਪੂਰਨ ਵਿਸ਼ਵਾਸ ਯੋਗ ਪ੍ਰਤੀਤ ਹੁੰਦੀ ਹੈ ਕਿ ਸਾਡੇ ਕਰਮਾਂ ਦਾ ਪੂਰਾ ਲੇਖਾ-ਜੋਖਾ ਸੁਰੱਖਿਅਤ ਹੈ ਅਤੇ ਦੁਬਾਰਾ ਉਸਨੂੰ ਪੇਸ਼ ਕੀਤਾ ਜਾ ਸਕਦਾ ਹੈ।

ਚੌਥੀ ਗੱਲ ਇਹ ਹੈ ਕਿ ਈਸ਼ਵਰ 'ਹਸ਼ਰ' (ਪੁਨਰ ਉਥਾਨ) ਦੇ ਦਿਹਾੜੇ ਅਦਾਲਤ ਕਰੇਗਾ ਅਤੇ ਨਿਆਂ ਪੂਰਵਕ ਸਾਡੇ ਭਲੇ-ਬੁਰੇ ਕੰਮਾਂ ਦਾ ਦੰਡ ਜਾਂ ਪੁਰਸਕਾਰ ਦੇਵੇਗਾ। ਇਸ ਨੂੰ ਕੌਣ ਅਸੰਭਵ ਕ਼ਹਿ ਸਕਦਾ ਹੈ ? ਇਸ ਵਿੱਚ ਕਿਹੜੀ ਗੱਲ ਅਕਲ ਦੇ ਵਿਰੁੱਧ ਹੈ ? ਅਕਲ ਤਾਂ ਖ਼ੁਦ ਇਹ ਚਾਹੁੰਦੀ ਹੈ ਕਿ ਕਦੇ ਖ਼ੁਦਾ ਦੀ ਅਦਾਲਤ ਲੱਗੇ ਅਤੇ ਠੀਕ-ਠੀਕ ਨਿਆਂਪੂਰਵਕ ਫ਼ੈਸਲੇ ਕੀਤੇ ਜਾਣ। ਅਸੀਂ

Scanned with CamScanner

ਦੇਖਦੇ ਹਾਂ ਕਿ ਇੱਕ ਵਿਅਕਤੀ ਭਲਾਈ ਕਰਦਾ ਹੈ, ਉਸ ਦਾ ਕੋਈ ਲਾਭ ਉਸਨੂੰ ਸੰਸਾਰ ਵਿੱਚ ਪ੍ਰਾਪਤ ਨਹੀਂ ਹੁੰਦਾ। ਇੱਕ ਵਿਅਕਤੀ ਬੁਰਾਈ ਕਰਦਾ ਹੈ ਅਤੇ ਇਸ ਦੀ ਕੋਈ ਹਾਨੀ ਉਹਨੂੰ ਨਹੀਂ ਹੁੰਦੀ। ਇਹੋ ਨਹੀਂ ਬਲਕਿ ਅਸੀਂ ਹਜ਼ਾਰਾਂ ਮਿਸਾਲਾਂ ਅਜਿਹੀਆਂ ਵੇਖਦੇ ਹਾਂ ਕਿ ਇੱਕ ਵਿਅਕਤੀ ਭਲਾਈ ਕਰਦਾ ਹੈ ਉਸ ਦਾ ਕੋਈ ਲਾਭ ਉਸ ਨੂੰ ਸੰਸਾਰ ਵਿੱਚ ਪ੍ਰਾਪਤ ਨਹੀਂ ਹੁੰਦਾ। ਇੱਕ ਵਿਅਕਤੀ ਬੁਰਾਈ ਕਰਦਾ ਹੈ ਅਤੇ ਇਸ ਦੀ ਕੋਈ ਹਾਨੀ ਉਹਨੂੰ ਨਹੀਂ ਹੁੰਦੀ। ਇਹੋ ਨਹੀਂ ਬਲਕਿ ਅਸੀਂ ਹਜ਼ਾਰਾਂ ਮਿਸਾਲਾਂ ਅਜਿਹੀਆਂ ਵੇਖਦੇ ਹਾਂ ਕਿ ਇੱਕ ਵਿਅਕਤੀ ਨੇ ਭਲਾਈ ਕੀਤੀ ਤੇ ਉਹਨੂੰ ਉਲਟਾ ਨੁਕਸਾਨ ਹੋਇਆ ਅਤੇ ਇੱਕ ਵਿਅਕਤੀ ਨੇ ਬੁਰਾਈ ਕੀਤੀ ਤੇ ਉਹ ਭਲੀਭਾਂਤ ਸੁੱਖ ਭੋਗਦਾ ਰਿਹਾ। ਇਸੇ ਤਰ੍ਹਾਂ ਦੀਆਂ ਘਟਨਾਵਾਂ ਦੇਖ਼ਕੇ ਬੁੱਧੀ ਦੀ ਇਹ ਮੰਗ ਹੁੰਦੀ ਹੈ ਕਿ ਕਿਤੇ-ਨਾ-ਕਿਤੇ ਭਲੇ ਮਨੁੱਖ ਨੂੰ ਭਲਾਈ ਦਾ ਤੇ ਪਾਪੀ ਮਨੁੱਖ ਨੂੰ ਪਾਪਾਂ ਦਾ ਫਲ ਮਿਲਣਾ ਚਾਹੀਦਾਹੈ।

ਅੰਤਮ ਚੀਜ਼ ਜੰਨਤ ਅਤੇ ਦੋਜ਼ਖ਼ ਹੈ। ਇਹਨਾਂ ਦਾ ਹੋਣਾ ਵੀ ਅਸੰਭਵ ਨਹੀਂ। ਜੇਕਰ ਸੂਰਜ, ਚੰਨ, ਮੰਗਲ, ਧਰਤੀ ਨੂੰ ਈਸ਼ਵਰ ਬਣਾ ਸਕਦਾ ਹੈ ਤਾਂ ਉਸ ਵੱਲੋਂ ਜੰਨਤ ਤੇ ਦੋਜ਼ਖ਼ (ਸਵਰਗ ਤੇ ਨਰਕ) ਨਾ ਬਣਾ ਸਕਣ ਦਾ ਕੀ ਕਾਰਨ ਹੈ ? ਜਦੋਂ ਉਹ ਅਦਾਲਤ ਕਰੇਗਾ ਅਤੇ ਲੋਕਾਂ ਨੂੰ ਪੁਰਸਕਾਰ ਤੇ ਦੰਡ ਦੇਵੇਗਾ ਜਾਂ ਪੁਰਸਕਾਰ ਪ੍ਰਾਪਤ ਕਰਨ ਵਾਲਿਆਂ ਲਈ ਕੋਈ ਸਨਮਾਨ, ਅਨੰਦ ਤੇ ਪ੍ਰਸੰਨਤਾ ਦਾ ਸਥਾਨ ਅਤੇ ਸਜ਼ਾ ਦੇ ਭਾਗੀਆਂ ਲਈ ਕੋਈ ਅਪਮਾਨ, ਦੁੱਖ, ਕਸ਼ਟ ਤੇ ਸ਼ੋਕ ਦਾ ਸਥਾਨ ਵੀ ਹੋਣਾ ਹੀ ਚਾਹੀਦਾ ਹੈ।

ਇਨ੍ਹਾਂ ਗੱਲਾਂ 'ਤੇ ਜਦੋਂ ਤੁਸੀਂ ਵਿਚਾਰ ਕਰੋਗੇ ਤਾਂ ਤੁਹਾਡੀ ਅਕਲ ਆਪਣੇ ਆਪ ਪੁਕਾਰ ਉੱਠੇਗੀ ਕਿ ਮਨੁੱਖ ਦੇ ਅੰਤ ਸਬੰਧੀ ਜਿੰਨੀਆਂ ਵੀ ਧਾਰਨਾਵਾਂ ਸੰਸਾਰ ਵਿੱਚ ਪ੍ਰਚੱਲਤ ਹਨ, ਉਹਨਾਂ ਵਿੱਚ ਸਭ ਤੋਂ ਵੱਧ ਦਿਲ ਨੂੰ ਜਚਣ ਵਾਲੀ ਇਹੋ ਹੈ। ਇਸ ਵਿੱਚ ਕੋਈ ਚੀਜ਼ ਅਕਲ ਦੇ ਵਿਰੁੱਧ ਜਾਂ ਅਸੰਭਵ ਨਹੀਂ ਹੈ।

ਫੇਰ ਜਦੋਂ ਅਜਿਹੀ ਗੱਲ ਮੁਹੰਮਦ (ਸ.) ਜਿਹੇ ਸੱਚੇ ਨਬੀ ਨੇ ਬਿਆਨ ਕੀਤੀ ਹੈ ਤੇ ਇਸ ਵਿੱਚ ਸਮੁੱਚੀ ਸਾਡੀ ਆਪਣੀ ਭਲਾਈ ਹੈ ਤਾਂ ਸਿਆਣਪ ਇਹ ਹੈ ਕਿ ਇਸ ਉੱਤੇ ਵਿਸ਼ਵਾਸ ਕੀਤਾ ਜਾਵੇ। ਇਹ ਨਹੀਂ ਹੋਣਾ ਚਾਹੀਦਾ ਕਿ ਅਕਾਰਨ ਹੀ ਬਿਨਾਂ ਕਿਸੇ ਪ੍ਰਮਾਣ ਦੇ ਇਸ ਉੱਤੇ ਸ਼ੱਕ ਕੀਤਾ ਜਾਵੇ।

Scanned with CamScanner

## ਕਲਮਾ ਤੱਯਬ

ਇਹ ਪੰਜ ਅਕੀਦੇ (ਧਾਰਨਾਵਾਂ) ਹਨ ਜਿਹੜੀਆਂ ਇਸ ਦੀਆਂ ਨੀਹਾਂ ਹਨ।[1] ਇਨ੍ਹਾਂ ਪੰਜਾਂ ਧਾਰਨਾਵਾਂ ਦਾ ਸਾਰਾਂਸ਼ ਕੇਵਲ ਇੱਕ 'ਕਲਮੇ' (ਵਾਕ) ਵਿੱਚ ਆ ਜਾਂਦਾ ਹੈ।

'ਲਾ ਇਲਾਹ ਇੱਲਲਾਹ ਮੁਹੰਮਦੁੱਰ-ਰਸੂਲੁੱਲਾਹ'

(ਅੱਲਾਹ ਤੋਂ ਛੁੱਟ ਕੋਈ ਇਲਾਹ ਨਹੀਂ, ਮੁਹੰਮਦ (ਸ.) ਅੱਲਾਹ ਦੇ ਰਸੂਲ ਹਨ)।

ਜਦੋਂ ਤੁਸੀਂ 'ਲਾ ਇਲਾਹ ਇੱਲਲਾਹ ਕਹਿੰਦੇ' ਹੋ ਤਾਂ ਸਾਰੇ ਝੂਠੇ ਇਸ਼ਟਾਂ ਨੂੰ ਤਿਆਗ ਕੇ ਸਿਰਫ਼ ਇੱਕ ਈਸ਼ਵਰ ਦੀ ਬੰਦਗੀ ਕਰਨ ਲਈ ਸਹਿਮਤ ਹੁੰਦੇ ਹੋ ਅਤੇ ਜਦੋਂ ਮੁਹੱਮਦੁੱਰ ਰਸੂਲੁੱਲਾਹ ਕਹਿੰਦੇ ਹੋ ਤਾਂ ਇਸ ਗੱਲ ਦੀ ਤਸਦੀਕ ਕਰਦੇ ਹੋ ਕਿ ਹਜ਼ਰਤ ਮੁਹੰਮਦ (ਸ.) ਅੱਲਾਹ ਦੇ ਰਸੂਲ (ਪੈਗ਼ੰਬਰ) ਹਨ। ਪੈਗ਼ੰਬਰੀ ਦੀ ਤਸਦੀਕ ਪਿੱਛੋਂ ਇਹ ਗੱਲ ਆਪਣੇ ਆਪ ਤੁਹਾਡੇ ਲਈ ਜ਼ਰੂਰੀ ਹੋ ਜਾਂਦੀ ਹੈ ਕਿ ਈਸ਼ਵਰ ਸੱਤਾ, ਗੁਣ, ਫ਼ਰਿਸ਼ਤਿਆਂ, ਅਸਮਾਨੀ ਕਿਤਾਬਾਂ, ਨਬੀਆਂ ਤੇ ਆਖ਼ਰਤ ਬਾਰੇ ਜੋ ਕੁੱਝ ਤੇ ਜਿਹੋ ਜਿਹਾ ਕੁੱਝ ਮੁਹੰਮਦ (ਸ.) ਨੇ ਕਿਹਾ ਹੈ ਉਸ ਉੱਤੇ ਈਮਾਨ ਲਿਆਈਏ। ਅੱਲਾਹ ਦੀ ਇਬਾਦਤ (ਬੰਦਗੀ ਤੇ ਪੂਜਾ) ਤੇ ਆਗਿਆ ਪਾਲਣ ਦਾ ਜਿਹੜਾ ਤਰੀਕਾ ਆਪ (ਸ.) ਨੇ ਦੱਸਿਆ ਹੈ, ਉਸ ਦੀ ਪਾਲਣਾ ਕਰੀਏ।

★ ★ ★ ★ ★

---

*ਮੈਂ ਇੱਥੇ ਧਾਰਨਾਵਾਂ ਦੀ ਸੰਖਿਆ ਪੰਜ ਦੱਸੀ ਹੈ। ਇਹ ਸੰਖਿਆ ਕੁਰਆਨ ਦੇ ਬਿਆਨ (ਸੂਰਤ: ਅਲ-ਬਕਰਾ, ਆਇਤ: 285, ਸੂਰਤ: ਅਨ-ਨਿਸਾ ਆਇਤ 136) ਉੱਤੇ ਅਧਾਰਤ ਹੈ। ਇਸ ਵਿੱਚ ਸੰਦੇਹ ਨਹੀਂ ਕਿ ਹਦੀਸ ਵਿੱਚ ਤਕਦੀਰ ਨੂੰ ਧਾਰਨਾਵਾਂ ਵਿੱਚ ਸ਼ਾਮਲ ਕੀਤਾ ਗਿਆ ਹੈ ਅਤੇ ਇਸ ਤਰ੍ਹਾਂ ਮੌਲਿਕ ਧਾਰਨਾਵਾਂ ਪੰਜ ਦੀ ਥਾਂ ਛੇ ਹੁੰਦੀਆਂ ਹਨ। ਪਰੰਤੂ ਤਕਦੀਰ ਉੱਤੇ ਈਮਾਨ ਅਸਲ ਵਿੱਚ ਅਲੱਾਹ ਉੱਤੇ ਈਮਾਨ ਲਿਆਉਣ ਦਾ ਇੱਕ ਪਹਿਲੂ ਹੈ ਅਤੇ ਕੁਰਆਨ ਵਿੱਚ-ਇਸ ਧਾਰਨਾਂ ਦਾ ਵਰਨਣ ਇਸੇ ਹੈਸੀਅਤ ਵਿੱਚ ਹੋਇਆ ਹੈ। ਇਸ ਲਈ ਮੈਂ ਵੀ ਇਸ ਧਾਰਨਾ ਨੂੰ 'ਤੌਹੀਦ' ਦੀ ਧਾਰਨਾਂ ਦੀ ਵਿਆਖਿਆ ਵਿੱਚ ਸ਼ਾਮਲ ਕਰ ਦਿੱਤਾ ਹੈ। ਠੀਕ ਇਸੇ ਤਰ੍ਹਾਂ ਕੁੱਝ ਹਦੀਸਾਂ ਵਿੱਚ ਜੰਨਤ, ਦੋਜ਼ਖ਼, ਸਿਰਾਤ ਤੇ ਮੀਜ਼ਾਨ ਨੂੰ ਅਲਗ ਧਾਰਨਾ ਦੇ ਰੂਪ ਵਿੱਚ ਬਿਆਨ ਕੀਤਾ ਗਿਆ ਹੈ। ਪਰੰਤੂ ਅਸਲ ਵਿੱਚ ਇਹ ਸਾਰੇ ਆਖ਼ਰਤ ਉੱਤੇ ਈਮਾਨ ਦੇ ਭਾਗ ਹਨ।*

Scanned with CamScanner

# ਅਧਿਆਇ—5

## ਇਬਾਦਤਾਂ

ਪਿਛਲੇ ਅਧਿਆਇ ਵਿੱਚ ਤੁਹਾਨੂੰ ਦੱਸਿਆ ਗਿਆ ਹੈ ਕਿ ਹਜ਼ਰਤ ਮੁਹੰਮਦ (ਸ.) ਨੇ ਪੰਜ ਚੀਜ਼ਾਂ ਉੱਤੇ ਈਮਾਨ ਲਿਆਉਣ ਦੀ ਸਿੱਖਿਆ ਦਿੱਤੀ ਹੈ—

(1) ਈਸ਼ਵਰ ਜਿਹੜਾ ਇਕੋ ਇੱਕ ਹੈ ਇਸ ਦਾ ਕੋਈ ਭਾਗੀਦਾਰ ਨਹੀਂ।

(2) ਈਸ਼ਵਰ ਦੇ ਫ਼ਰਿਸ਼ਤਿਆਂ ਉੱਤੇ

(3) ਈਸ਼ਵਰ ਦੇ ਗ੍ਰੰਥਾਂ ਉੱਤੇ ਅਤੇ ਵਿਸ਼ੇਸ਼ ਰੂਪ ਵਿੱਚ ਪਵਿੱਤਰ ਕੁਰਆਨ ਉੱਤੇ (ਜਿਹੜਾ ਈਸ਼ਵਰ ਦਾ ਅੰਤਮ ਗ੍ਰੰਥ ਹੈ)

(4) ਈਸ਼ਵਰ ਦੇ ਰਸੂਲਾਂ (ਪੈਗ਼ੰਬਰਾਂ) ਉੱਤੇ ਅਤੇ ਵਿਸ਼ੇਸ਼ ਰੂਪ ਵਿੱਚ ਉਸ ਦੇ ਅੰਤਮ ਰਸੂਲ ਹਜ਼ਰਤ ਮੁਹੰਮਦ (ਸ.) ਉੱਤੇ।

(5) ਆਖ਼ਰ ਦੇ ਜੀਵਨ ਉੱਤੇ।

ਇਹ ਇਸਲਾਮ ਦੀਆਂ ਨੀਹਾਂ ਹਨ। ਜਦੋਂ ਤੁਸੀਂ ਇਹਨਾਂ ਪੰਜ ਚੀਜ਼ਾਂ ਉੱਤੇ ਈਮਾਨ ਲੈ ਆਏ ਤਾਂ ਮੁਸਲਮਾਨਾਂ ਦੇ ਸਮੂੰਹ ਵਿੱਚ ਸ਼ਾਮਲ ਹੋ ਗਏ। ਪਰੰਤੂ ਅਜੇ ਸੰਪੂਰਨ ਮੁਸਲਮਾਨ ਨਹੀਂ ਹੋਏ। ਆਦਮੀ, ਪੂਰਾ ਮੁਸਲਮਾਨ ਉਸ ਸਮੇਂ ਹੁੰਦਾ ਹੈ ਜਦੋਂ ਉਹ ਉਹਨਾਂ ਆਦੇਸ਼ਾਂ ਦਾ ਪਾਲਣ ਕਰੇ ਜਿਹੜੇ ਹਜ਼ਰਤ ਮੁਹੰਮਦ (ਸ.) ਨੇ ਰੱਬ ਵੱਲੋਂ ਦਿੱਤੇ ਹਨ ਕਿਉਂਕਿ ਈਮਾਨ ਲਿਆਉਣ ਦੇ ਨਾਲ ਹੀ ਆਗਿਆਵਾਂ ਦੀ ਪਾਲਣਾ ਕਰਨਾ ਤੁਹਾਡੇ ਲਈ ਜ਼ਰੂਰੀ ਹੋ ਜਾਂਦਾ ਹੈ।ਆਗਿਆ ਪਾਲਣ ਦਾ ਨਾਂ ਹੀ ਇਸਲਾਮ ਹੈ।ਦੇਖੋ ਤੁਸਾਂ ਮੰਨ ਲਿਆ ਕਿ ਈਸ਼ਵਰ ਹੈ, ਇਸ ਦਾ ਅਰਥ ਇਹ ਹੈ ਕਿ ਉਹ ਤੁਹਾਡਾ ਰੱਬ ਤੇ ਮਾਲਕ ਹੈ, ਤੁਸੀਂ ਉਸਦੇ ਦਾਸ ਤੇ ਸੇਵਕ, ਉਹ ਤੁਹਾਡਾ ਸ਼ਾਸ਼ਕ ਹੈ ਤੇ ਤੁਸੀਂ ਉਸਦੇ ਆਗਿਆਕਾਰੀ।ਹੁਣ ਜੇਕਰ ਉਹਨੂੰ ਮਾਲਕ ਤੇ ਸ਼ਾਸ਼ਕ ਮੰਨ ਕੇ ਤੁਸਾਂ ਅਵੱਗਿਆ ਕੀਤੀ ਤਾਂ ਤੁਸੀਂ ਖ਼ੁਦ ਆਪਣੇ ਇਕਰਾਰ ਦੇ ਅਨੁਕੂਲ ਵਿਦਰੋਹੀ ਤੇ ਅਪਰਾਧੀ ਹੋਏ।ਫੇਰ ਤੁਸੀਂ ਮੰਨਿਆ ਕਿ ਕੁਰਆਨ ਰੱਬੀ ਕਿਤਾਬ ਹੈ। ਇਸ ਦਾ ਅਰਥ ਇਹ ਹੈ ਕਿ ਕੁਰਆਨ ਵਿੱਚ ਜੋ ਕੁੱਝ ਹੈ ਤੁਸਾਂ ਮੰਨ ਲਿਆ ਕਿ ਉਹ



Scanned with CamScanner

ਮਾਮਲਿਆਂ ਵਿੱਚ ਆਪਣੇ ਈਸ਼ਵਰ ਦੇ ਆਦੇਸ਼ ਤੇ ਉਹਦੇ ਕਾਨੂੰਨ ਨੂੰ ਧਿਆਨ 'ਚ ਰੱਖਿਆ, ਹਰ ਇੱਕ ਦਾ ਹੱਕ ਅਦਾ ਕੀਤਾ ਇਹ ਸਮਝ ਕੇ ਕਿ ਅੱਲਾਹ ਨੇ ਇਸਦਾ ਆਦੇਸ਼ ਦਿੱਤਾ ਹੈ ਅਤੇ ਕਿਸੇ ਦਾ ਹੱਕ ਨਹੀਂ ਮਾਰਿਆ, ਇਹ ਸਮਝਕੇ ਕਿ ਈਸ਼ਵਰ ਨੇ ਇਸਤੋਂ ਰੋਕਿਆ ਹੈ ਤਾਂ ਜਾਣੋ ਆਪ ਦਾ ਇਹ ਸੰਪੂਰਨ ਜੀਵਨ ਅੱਲਾਹ ਦੀ ਇਬਾਦਤ ਵਿੱਚ ਬਤੀਤ ਹੋਇਆ ਹੈ।

ਤੁਸੀਂ ਕਿਸੇ ਗ਼ਰੀਬ ਦੀ ਸਹਾਇਤਾ ਕੀਤੀ, ਕਿਸੇ ਭੁੱਖੇ ਨੂੰ ਭੋਜਨ ਕਰਵਾਇਆ, ਕਿਸੇ ਬਿਮਾਰ ਦੀ ਸੇਵਾ ਕੀਤੀ ਇਹਨਾਂ ਸਾਰੇ ਕੰਮਾਂ ਵਿੱਚ ਤੁਸੀਂ ਆਪਣੇ ਕਿਸੇ ਨਿੱਜੀ ਲਾਭ ਜਾਂ ਜਸ ਨੂੰ ਨਹੀਂ ਸਗੋਂ ਈਸ਼ਵਰ ਦੀ ਹੀ ਪ੍ਰਸੰਨਤਾ ਨੂੰ ਧਿਆਨ ਵਿੱਚ ਰੱਖਿਆ ਤਾਂ ਇਹ ਸਾਰੇ ਕੰਮਾਂ ਦੀ ਗਿਣਤੀ ਇਬਾਦਤ ਵਿੱਚ ਹੋਵੇਗੀ।ਤੁਸੀਂ ਵਿਉਪਾਰ, ਸ਼ਿਲਪ ਜਾਂ ਮਜ਼ਦੂਰੀ ਦਾ ਕੰਮ ਕੀਤਾ ਅਤੇ ਉਸ ਵਿੱਚ ਈਸ਼ਵਰ ਤੋਂ ਡਰਕੇ ਪੂਰੀ ਈਮਾਦਾਰੀ ਤੋਂ ਕੰਮ ਲਿਆ, ਹਲਾਲ ਦੀ ਰੋਟੀ ਕਮਾਈ ਤੇ ਹਰਾਮ ਤੋਂ ਬਚੇ ਤਾਂ ਇਹ ਰੋਟੀ ਕਮਾਉਣਾ ਵੀ ਇਬਾਦਤ ਵਿੱਚ ਲਿਖਿਆ ਜਾਵੇਗਾ ਜਦੋਂਕਿ ਤੁਸੀਂ ਇਹ ਸਾਰੇ ਕੰਮ ਆਪਣੀ ਰੋਜ਼ੀ ਕਮਾਉਣ ਲਈ ਕੀਤੇ ਸਨ।ਭਾਵ ਇਹ ਕਿ ਸੰਸਾਰਕ ਜੀਵਨ ਵਿੱਚ ਹਰ ਸਮੇਂ ਹਰ ਮਾਮਲੇ ਵਿੱਚ ਈਸ਼ਵਰ ਤੋਂ ਡਰਨਾ, ਹਰ ਅਜਿਹੇ ਲਾਭ ਨੂੰ ਠੁਕਰਾ ਦੇਣਾ ਜਿਹੜਾ ਉਸ ਦੀ ਅਵੱਗਿਆ ਨਾਲ ਪ੍ਰਾਪਤ ਹੁੰਦਾ ਹੋਵੇ ਅਤੇ ਹਰ ਅਜਿਹੇ ਹਾਣ ਨੂੰ ਸਹਿਣ ਕਰ ਲੈਣਾ ਜਿਹੜਾ ਉਸਦੇ ਆਗਿਆ ਪਾਲਣ ਨਾਲ ਪ੍ਰਾਪਤ ਹੁੰਦਾ ਹੋਵੇ ਅਤੇ ਹਰ ਅਜਿਹੇ ਹਾਣ ਨੂੰ ਸਹਿਣ ਕਰ ਲੈਣਾ ਜਿਹੜਾ ਉਸਦੀ ਆਗਿਆ ਪਾਲਣ ਕਾਰਨ ਪਹੁੰਚੇ ਜਾਂ ਪਹੁੰਚਣ ਦਾ ਡਰ ਹੋਵੇ, ਇਹ ਅੱਲਾਹ ਦੀ ਇਬਾਦਤ ਹੈ। ਇਸ ਤਰਾਂ ਦਾ ਸਾਰਾ ਜੀਵਨ ਇਬਾਦਤ ਹੀ ਇਬਾਦਤ ਹੈ। ਇੱਥੋਂ ਤੱਕ ਕਿ ਅਜਿਹੇ ਜੀਵਨ ਵਿੱਚ ਖਾਣਾ-ਪੀਣਾ, ਤੁਰਨਾ-ਫਿਰਨਾ ਸੌਣਾ-ਜਾਗਣਾ, ਗੱਲਬਾਤ ਕਰਨਾ ਸਭ ਕੁੱਝ ਇਬਾਦਤ ਵਿੱਚ ਸ਼ਾਮਲ ਹੈ।

ਇਹ ਇਬਾਦਤ ਦਾ ਵਾਸਤਵਿਕ ਭਾਵ ਅਰਥ ਹੈ। ਇਸਲਾਮ ਦਾ ਅਸਲ ਉਦੇਸ਼ ਮੁਸਲਮਾਨ ਨੂੰ ਅਜਿਹਾ ਹੀ ਉਪਾਸਕ ਤੇ ਬੰਦਾ ਬਣਾਉਣਾ ਹੈ।ਇਸ ਉਦੇਸ਼ ਦੀ ਪੂਰਤੀ ਲਈ ਇਸਲਾਮ ਵਿੱਚ ਕੁੱਝ ਅਜਿਹੀਆਂ ਇਬਾਦਤਾਂ ਜ਼ਰੂਰੀ ਕੀਤੀਆਂ ਗਈਆਂ ਹਨ ਜਿਹੜੀਆਂ ਮਨੁੱਖ ਨੂੰ ਇਸ ਵੱਡੀ ਇਬਾਦਤ ਲਈ ਤਿਆਰ ਕਰਦੀਆਂ ਹਨ।ਇੰਜ ਸਮਝ ਲਉ ਕਿ ਇਹ ਵਿਸ਼ੇਸ਼ ਇਬਾਦਤਾਂ ਵਿੱਚ ਵੱਡੀ ਇਬਾਦਤ ਲਈ ਟ੍ਰੇਨਿੰਗ ਕੋਰਸ ਹਨ।ਜਿਹੜਾ ਵਿਅਕਤੀ ਇਹ ਟ੍ਰੇਨਿੰਗ ਕੋਰਸ ਚੰਗੀ ਤਰ੍ਹਾਂ ਕਰੇਗਾ,

Scanned with CamScanner

ਉਹ ਇਸ ਵੱਡੀ ਤੇ ਵਾਸਤਵਿਕ ਇਬਾਦਤ ਨੂੰ ਓਨੀ ਹੀ ਵਧੀਆ ਵਿਧੀ ਨਾਲ ਅਦਾ ਕਰ ਸਕੇਗਾ। ਇਸੇ ਕਰਕੇ ਇਹਨਾਂ ਵਿਸ਼ੇਸ਼ ਇਬਾਦਤਾਂ ਨੂੰ ਮੁੱਖ ਫਰਜ਼ ਕਿਹਾ ਗਿਆ ਹੈ ਅਤੇ ਇਹਨਾਂ ਨੂੰ "ਦੀਨ ਦੇ ਅਰਕਾਨ' ਅਰਥਾਤ ਧਰਮ ਥੰਮਾਂ ਦਾ ਨਾਂ ਦਿੱਤਾ ਗਿਆ ਹੈ। ਜਿਸ ਤਰ੍ਹਾਂ ਇੱਕ ਭਵਨ ਕੁੱਝ ਥੱਮਾਂ 'ਤੇ ਟਿਕਿਆ ਹੁੰਦਾ ਹੈ ਉਸੇ ਤਰ੍ਹਾਂ ਇਸਲਾਮੀ ਜੀਵਨ ਦਾ ਭਵਨ ਵੀ ਇਹਨਾਂ ਥੱਮਾਂ ਉੱਪਰ ਟਿਕਿਆ ਹੋਇਆ ਹੈ। ਇਹਨਾਂ ਨੂੰ ਤੋੜ ਦਿਉਗੇ ਤਾਂ ਇਸਲਾਮ ਦੇ ਭਵਨ ਨੂੰ ਗਿਰਾ ਦਿਉਗੇ।

## ਨਮਾਜ਼

ਇਹਨਾਂ ਫ਼ਰਜ਼ਾਂ ਵਿੱਚ ਸਬ ਤੋਂ ਪਹਿਲਾ ਫ਼ਰਜ ਨਮਾਜ਼ ਹੈ। ਇਹ ਨਮਾਜ਼ ਕੀ ਹੈ ? ਦਿਨ ਵਿੱਚ ਪੰਜ ਵਾਰ ਜ਼ਬਾਨੋਂ ਅਤੇ ਆਚਰਣ ਰਾਹੀਂ ਉਹਨਾਂ ਹੀ ਚੀਜ਼ਾਂ ਨੂੰ ਦੁਹਰਾਉਣਾ ਜਿਨ੍ਹਾਂ ਉੱਪਰ ਤੁਸੀਂ ਈਮਾਨ ਲਿਆਏ ਹੋ। ਤੁਸੀਂ ਸਵੇਰੇ ਉੱਠੇ ਅਤੇ ਸਭ ਤੋਂ ਪਹਿਲਾਂ ਸਾਫ਼ ਤੇ ਪਵਿੱਤਰ ਹੋ ਕੇ ਆਪਣੇ ਈਸ਼ਵਰ ਦੀ ਸੇਵਾ ਵਿੱਚ ਪਹੁੰਚ ਗਏ। ਉਸ ਦੇ ਸਾਹਮਣੇ ਖੜ੍ਹੇ ਹੋ ਕੇ, ਬੈਠਕੇ, ਝੁਕ ਕੇ, ਧਰਤੀ ਉੱਤੇ ਸੀਸ ਟਿਕਾ ਕੇ ਆਪਣੀ ਬੰਦਗੀ (ਦਾਸ ਹੋਣ) ਦਾ ਇਕਰਾਰ ਕੀਤਾ, ਉਸ ਤੋਂ ਮਦਦ ਮੰਗੀ, ਉਸ ਤੋਂ ਮਾਰਗ ਦਰਸ਼ਨ ਚਾਹਿਆ, ਉਸ ਦੇ ਆਦੇਸ਼ਾਂ ਦੀ ਪੈਰਵੀ ਦਾ ਪ੍ਰਣ ਕੀਤਾ, ਉਸ ਦੀ ਪ੍ਰਸੰਨਤਾ ਚਾਹੁਣ ਤੇ ਉਸ ਦੇ ਪ੍ਰਕੋਪ ਤੋਂ ਬਚਣ ਦੀ ਇੱਛਾ ਨੂੰ ਵਾਰ-ਵਾਰ ਦੁਹਰਾਇਆ, ਉਸਦੇ ਗ੍ਰੰਥ ਦਾ ਪਾਠ ਦੁਹਰਾਇਆ। ਉਸ ਦੇ ਰਸੂਲ ਦੀ ਸਚਾਈ ਤੇ ਗਵਾਹੀ ਦਿੱਤੀ ਅਤੇ ਉਸ ਦਿਨ ਨੂੰ ਵੀ ਯਾਦ ਕਰ ਲਿਆ ਜਦੋਂ ਆਪ ਉਸ ਦੀ ਅਦਾਲਤ ਵਿੱਚ ਆਪਣੇ ਕਰਮਾਂ ਲਈ ਉੱਤਰਦਾਈ ਦੇ ਰੂਪ ਵਿੱਚ ਹਾਜ਼ਰ ਹੋਵੋਗੇ। ਇਸ ਤਰ੍ਹਾਂ ਤੁਹਾਡਾ ਦਿਨ ਸ਼ੁਰੂ ਹੋਇਆ। ਕੁੱਝ ਘੰਟੇ ਤੁਸੀਂ ਆਪਣੇ ਕੰਮਾਂ ਵਿੱਚ ਰੁੱਝੇ ਰਹੇ ਫੇਰ 'ਜ਼ੋਹਰ'[1] ਵੇਲੇ ਮੁਅੱਜ਼ਿਨ (ਅਜ਼ਾਨ ਦੇਣ ਵਾਲੇ) ਨੇ ਤੁਹਨੂੰ ਚੇਤੇ ਕਰਵਾਇਆ ਕਿ ਆਉ ਅਤੇ ਕੁੱਝ ਪਲਾਂ ਲਈ ਉਸ ਪਾਠ ਨੂੰ ਫੇਰ ਦੁਹਰਾ ਲਉ। ਕਿਤੇ ਅਜਿਹਾ ਨਾ ਹੋਵੇ ਕਿ ਉਸਨੂੰ ਭੁੱਲ ਕੇ ਤੁਸੀਂ ਈਸ਼ਵਰ ਵੱਲੋਂ ਅਵੇਸਲੇ ਹੋ ਜਾਉ। ਤੁਸੀਂ ਉੱਠੇ ਅਤੇ ਈਮਾਨ ਤਾਜ਼ਾ ਕਰਕੇ ਫੇਰ ਸੰਸਾਰ ਤੇ ਸੰਸਾਰਕ ਕੰਮਾਂ ਵਿੱਚ ਆ ਲੱਗੇ। ਕੁੱਝ ਘੰਟਿਆਂ ਪਿੱਛੋਂ ਫੇਰ 'ਅਸਰ'[2] ਵੇਲੇ ਤੁਹਾਨੂੰ ਸੱਦਿਆ ਗਿਆ ਅਤੇ ਤੁਸੀਂ ਫੇਰ

*(1) ਦਿਨ ਢਲਣ ਦਾ ਸਮਾਂ, ਤੀਸਰਾ ਪਹਿਰ*

*(2) ਦਿਨ ਦਾ ਚੌਥਾ ਪਹਿਰ, ਉਹ ਨਮਾਜ਼ ਜਿਹੜੀ ਜ਼ੁਹਰ ਪਿੱਛੋਂ ਥੋੜ੍ਹਾ ਦਿਨ ਰਹਿ ਜਾਣ ਤੇ ਪੜ੍ਹੀ ਜਾਂਦੀ ਹੈ।*

Scanned with CamScanner

ਆਪਣਾ ਈਮਾਨ ਤਾਜ਼ਾ ਕਰ ਲਿਆ। ਇਸ ਪਿੱਛੋਂ ਮ.ਗਰਿਬ (ਦਿਨ ਦਾ ਛਿਪਾਅ) ਹੋਈ ਅਤੇ ਰਾਤ ਸ਼ੁਰੂ ਹੋ ਗਈ। ਸਵੇਰੇ ਆਪ ਨੇ ਦਿਨ ਦਾ ਆਰੰਭ ਜਿਸ ਇਬਾਦਤ ਨਾਲ ਕੀਤਾ ਸੀ, ਰਾਤ ਦਾ ਆਰੰਭ ਵੀ ਉਸੇ ਨਾਲ ਕੀਤਾ, ਤਾਂ ਕਿ ਰਾਤ ਨੂੰ ਵੀ ਤੁਸੀਂ ਉਸ ਪਾਠ ਨੂੰ ਨਾ ਭੁੱਲੋਂ ਅਤੇ ਉਸਨੂੰ ਭੁੱਲ ਕੇ ਭਟਕ ਨਾ ਜਾਉ। ਕੁੱਝ ਘੰਟਿਆਂ ਪਿੱਛੋਂ 'ਇਸ਼ਾ'[1] ਹੋਈ ਤੇ ਸੌਣ ਦਾ ਸਮਾਂ ਹੋ ਗਿਆ। ਹੁਣ ਅੰਤਮ ਵਾਰ ਤੁਹਾਨੂੰ ਈਮਾਨ ਦੀ ਸਮੁੱਚੀ ਸਿੱਖਿਆ ਚੇਤੇ ਕਰਾ ਦਿੱਤੀ ਗਈ ਕਿਉਂਕਿ ਇਹ ਸ਼ਾਂਤੀ ਦਾ ਸਮਾਂ ਹੈ। ਦਿਨ ਦੇ ਹੰਗਾਮਿਆਂ ਵਿੱਚ ਜੇਕਰ ਤੁਹਾਨੂੰ ਪੂਰਨ ਰੂਪ ਵਿੱਚ ਧਿਆਨ ਦੇਣ ਦਾ ਮੌਕਾ ਨਾ ਮਿਲਿਆ ਹੋਵੇ ਤਾਂ ਇਸ ਸਮੇਂ ਦਿਲ ਜਮੀ ਨਾਲ ਧਿਆਨ ਦੇ ਸਕਦੇ ਹੋ।

ਦੇਖੋ ਇਹ ਉਹ ਚੀਜ਼ ਹੈ ਜਿਹੜੀ ਹਰ ਰੋਜ਼ ਪੰਜ ਵਾਰ ਤੁਹਾਡੇ ਇਸਲਾਮ ਦੇ ਅਧਾਰ ਨੂੰ ਮਜ਼ਬੂਤ ਕਰਦੀ ਹੈ। ਇਹ ਵਾਰ-ਵਾਰ ਤੁਹਾਨੂੰ ਉਸ ਵੱਡੀ ਇਬਾਦਤ ਲਈ ਤਿਆਰ ਕਰਦੀ ਹੈ ਜਿਸ ਦਾ ਅਰਥ ਹੁਣੇ ਕੁੱਝ ਪੰਕਤੀਆਂ ਪਹਿਲਾਂ ਅਸੀਂ ਤੁਹਾਨੂੰ ਸਮਝਾ ਦਿੱਤਾ ਹੈ। ਇਹ ਉਹਨਾਂ ਸਾਰੀਆਂ ਧਾਰਨਾਵਾਂ ਨੂੰ ਤਾਜ਼ਾ ਕਰਦੀ ਰਹਿੰਦੀ ਹੈ ਜਿਨ੍ਹਾਂ ਉੱਤੇ ਤੁਹਾਡੇ ਮਨ ਦੀ ਪਵਿੱਤਰਤਾ, ਆਤਮਾ ਦਾ ਵਿਕਾਸ, ਸੁਭਾ ਅਤੇ ਆਚਰਣ ਦਾ ਸੁਧਾਰ ਟਿਕਿਆ ਹੋਇਆ ਹੈ। ਵਿਚਾਰ ਕਰੋ 'ਵਜ਼ੂ'[1] ਵਿੱਚ ਉਸ ਤਰੀਕੇ ਨੂੰ ਕਿਉਂ ਅਪਣਾਉਂਦੇ ਹੋ ਜਿਹੜਾ ਅੱਲਾਹ ਦੇ ਰਸੂਲ ਨੇ ਦੱਸਿਆ ਹੈ। ਨਮਾਜ਼ ਵਿੱਚ ਉਹ ਸਭ ਚੀਜ਼ਾਂ ਕਿਉਂ ਪੜ੍ਹਦੇ ਹੋ ਜਿਸਦੀ ਸਿੱਖਿਆ ਅੱਲਾਹ ਦੇ ਰਸੂਲ ਨੇ ਦਿੱਤੀ ਹੈ ? ਇਸੇ ਲਈ ਕਿ ਤੁਸੀਂ ਹਜ਼ਰਤ ਮੁਹੰਮਦ (ਸ.) ਦੀ ਆਗਿਆ ਪਾਲਣ ਨੂੰ ਜ਼ਰੂਰੀ ਸਮਝਦੇ ਹੋ। ਕੁਰਆਨ ਨੂੰ ਤੁਸੀਂ ਜਾਣ ਬੁੱਝ ਕੇ ਗ.ਲਤ ਕਿਉਂ ਨਹੀਂ ਪੜ੍ਹਦੇ ? ਇਸੇ ਲਈ ਨਹੀਂ ਪੜ੍ਹਦੇ ਕਿ ਤੁਹਾਨੂੰ ਉਹ ਦੇ ਰੱਬੀ ਬਾਣੀ ਹੋਣ ਦਾ ਵਿਸ਼ਵਾਸ ਹੈ। ਨਮਾਜ਼ ਵਿੱਚ ਜਿਹੜੀਆਂ ਚੀਜ਼ਾਂ ਖ਼ਮੋਸ਼ੀ ਨਾਲ ਪੜ੍ਹੀਆਂ ਜਾਂਦੀਆਂ ਹਨ। ਜੇਕਰ ਤੁਸੀਂ ਉਹਨਾਂ ਨੂੰ ਨਾ ਪੜ੍ਹੋ ਜਾਂ ਉਹਦੀ ਥਾਂ ਕੁਝ ਹੋਰ ਪੜ੍ਹ ਦਿਓ ਤਾਂ ਤੁਹਾਨੂੰ ਕਿਸ ਦਾ ਡਰ ਹੈ ? ਕੋਈ ਆਦਮੀ ਸੁਣਨ ਵਾਲਾ ਨਹੀਂ, ਸਪਸ਼ਟ ਹੈ ਕਿ ਤੁਸੀਂ ਇਹੋ ਸਮਝਦੇ ਹੋ ਕਿ ਖ਼ਮੋਸ਼ੀ ਨਾਲ ਜਿਹੜਾ ਕੁਝ ਅਸੀਂ ਪੜ੍ਹਦੇ ਰਹੇ ਹਾਂ ਉਹਨੂੰ

*(1) ਰਾਤ ਦਾ ਪਹਿਲਾ ਪਹਿਰ, ਰਾਤ ਦਾ ਅੰਧਕਾਰ। ਉਹ ਨਮਾਜ਼ ਜੋ ਮ.ਗਰਿਬ ਦਾ ਸਮਾਂ ਸਮਾਪਤ ਹੋ ਜਾਣ ਪਿੱਛੋਂ ਪੜ੍ਹੀ ਜਾਂਦੀ ਹੈ।*

Scanned with CamScanner

ਵੀ ਈਸ਼ਵਰ ਸੁਣ ਰਿਹਾ ਹੈ ਅਤੇ ਉਹ ਸਾਡੀ ਕਿਸੇ ਵੀ ਲੁੱਕੀ ਛੁਪੀ ਗਤੀ-ਵਿਧੀ ਤੋਂ ਬੇਖ਼ਬਰ ਨਹੀਂ, ਜਿੱਥੇ ਕੋਈ ਵੇਖਣ ਵਾਲਾ ਨਹੀਂ ਹੁੰਦਾ ਉੱਥੇ ਕਿਹੜੀ ਚੀਜ਼ ਤੁਹਾਨੂੰ ਨਮਾਜ਼ ਲਈ ਉਠਾਉਂਦੀ ਹੈ ? ਇਹ ਇਹੋ ਵਿਸ਼ਵਾਸ ਤਾਂ ਹੈ ਕਿ ਈਸ਼ਵਰ ਤੁਹਾਨੂੰ ਵੇਖ ਰਿਹਾ ਹੈ। ਨਮਾਜ਼ ਸਮੇਂ ਜ਼ਰੂਰੀ ਤੋਂ ਜ਼ਰੂਰੀ ਕੰਮ ਛੁਡਵਾ ਕੇ ਕਿਹੜੀ ਚੀਜ਼ ਤੁਹਾਨੂੰ ਨਮਾਜ਼ ਵੱਲ ਲਿਜਾਂਦੀ ਹੈ ? ਉਹ ਇਹੋ ਅਹਿਸਾਸ ਤਾਂ ਹੈ ਕਿ ਨਮਾਜ਼ ਨੂੰ ਅੱਲਾਹ ਨੇ ਫ਼ਰਜ਼ (ਜ਼ਰੂਰੀ) ਕੀਤਾ ਹੈ। ਸਰਦੀ ਵਿੱਚ ਸਵੇਰੇ ਅਤੇ ਗਰਮੀ ਵਿੱਚ ਦੁਪਹਿਰ ਨੂੰ ਅਤੇ ਹਰ ਰੋਜ਼ ਸ਼ਾਮ ਦੇ ਦਿਲਚਸਪ ਮਨੋਰੰਜਨਾਂ ਵਿੱਚੋਂ ਮਗ਼ਰਿਬ ਸਮੇਂ ਕਿਹੜੀ ਚੀਜ਼ ਤੁਹਾਨੂੰ ਨਮਾਜ਼ ਪੜ੍ਹਨ ਲਈ ਮਜ਼ਬੂਰ ਕਰ ਦਿੰਦੀ ਹੈ।

(1) ਨਮਾਜ਼ ਅਦਾ ਕਰਨ ਤੋਂ ਪਹਿਲਾਂ ਹੱਥ ਪੈਰ ਮੂੰਹ ਆਦਿ ਧੋਣ ਦੀ ਕਿਰਿਆ।

ਇਹ ਕਰਤੱਵ-ਗਿਆਨ ਨਹੀਂ ਤਾਂ ਹੋਰ ਕੀ ਹੈ ? ਫੇਰ ਨਮਾਜ਼ ਨਾ ਪੜ੍ਹਨ ਜਾਂ ਨਮਾਜ਼ ਵਿੱਚ ਜਾਣ ਬੁੱਝਕੇ ਗਲਤੀ ਕਰਨ ਤੋਂ ਕਿਉਂ ਡਰਦੇ ਹੋ ? ਇਸੇ ਲਈ ਕਿ ਤੁਹਾਨੂੰ ਈਸ਼ਵਰ ਦਾ ਭੈ ਹੈ ਅਤੇ ਤੁਸੀਂ ਜਾਣਦੇ ਹੋ ਕਿ ਇੱਕ ਦਿਨ ਉਸ ਦੀ ਅਦਾਲਤ ਵਿੱਚ ਹਾਜ਼ਰ ਹੋਣਾ ਹੈ। ਹੁਣ ਤੁਸੀਂ ਦੱਸੋ ਕਿ ਨਮਾਜ਼ ਤੋਂ ਚੰਗੇਰੀ ਹੋਰ ਕਿਹੜੀ ਟ੍ਰੇਨਿੰਗ ਹੋ ਸਕਦੀ ਹੈ ਜਿਹੜੀ ਤੁਹਾਨੂੰ ਪੂਰਾ ਤੇ ਸੱਚਾ ਮੁਸਲਮਾਨ ਬਣਾਉਣ ਵਾਲੀ ਹੋਵੇ ? ਮੁਸਲਮਾਨ ਲਈ ਇਸ ਤੋਂ ਵਧੀਆ ਟ੍ਰੇਨਿੰਗ ਹੋਰ ਕਿਹੜੀ ਹੋ ਸਕਦੀ ਹੈ, ਜਿਹੜੀ ਹਰ ਰੋਜ਼ ਕਈ-ਕਈ ਵਾਰ ਈਸ਼ਵਰ ਦਾ ਸਿਮਰਣ, ਉਸ ਦੇ ਭੈ, ਉਸਦੇ ਸਰਬਵਿਆਪਕ ਹੋਣ, ਉਸ ਦੇ ਸਰਬਗਿਆਤਾ ਹੋਣ ਅਤੇ ਉਸ ਦੀ ਅਦਾਲਤ ਵਿੱਚ ਪੇਸ਼ ਹੋਣ ਦੀ ਧਾਰਨਾਂ ਨੂੰ ਤਾਜ਼ਾ ਕਰਦੀ ਰਹੇ ਅਤੇ ਰੋਜ਼ਾਨਾ ਕਈ ਵਾਰ ਅੱਲਾਹ ਦੇ ਰਸੂਲ ਦੀ ਲਾਜ਼ਮੀ ਪੈਰਵੀ ਕਰੇ। ਸਵੇਰ ਤੋਂ ਸ਼ਾਮ ਤੱਕ ਹਰੇਕ ਕੁੱਝ ਘੰਟਿਆਂ ਪਿੱਛੋਂ ਉਸ ਨੂੰ ਕਰਤੱਵ ਦੀ ਪਾਲਣਾ ਦਾ ਅਭਿਆਸ ਕਰਾਇਆ ਜਾਂਦਾ ਰਹੇ। ਅਜਿਹੇ ਵਿਅਕਤੀ ਤੋਂ ਇਹ ਆਸ ਕੀਤੀ ਜਾ ਸਕਦੀ ਹੈ ਕਿ ਜਦੋਂ ਉਹ ਨਮਾਜ਼ ਤੋਂ ਵਿਹਲਾ ਹੋ ਕੇ ਸੰਸਾਰਕ ਕੰਮਾਂ ਵਿੱਚ ਰੁੱਝਿਆ ਹੋਵੇਗਾ ਤਾਂ ਉਥੇ ਵੀ ਉਹ ਅੱਲਾਹ ਤੋਂ ਡਰੇਗਾ ਤੇ ਉਸਦੇ ਕਾਨੂੰਨ ਦਾ ਪਾਲਣ ਕਰੇਗਾ। ਹਰ ਗੁਨਾਹ ਦੇ ਪਾਪ ਦੇ ਅਵਸਰ 'ਤੇ ਉਸਨੂੰ ਯਾਦ ਹੋਵੇਗਾ ਕਿ ਈਸ਼ਵਰ ਮੈਨੂੰ ਵੇਖ ਰਿਹਾ ਹੈ। ਜੇਕਰ ਕੋਈ ਇੰਨੀ ਉਚਕੋਟੀ ਦੀ ਟ੍ਰੇਨਿੰਗ ਪਿੱਛੋਂ ਵੀ ਈਸ਼ਵਰ ਤੋਂ ਨਾ ਡਰੇ ਅਤੇ ਉਸ ਦੇ ਆਦੇਸਾਂ ਦੀ ਉਲੰਘਣਾ ਕਰਨਾ ਨਾ ਛੱਡੇ ਤਾਂ ਇਹ ਨਮਾਜ਼ ਦਾ ਕਸੂਰ ਨਹੀਂ ਸਗੋਂ ਇਹ ਖ਼ੁਦ ਇਸ ਵਿਅਕਤੀ ਦੇ ਮਨ ਦੀ ਖ਼ਰਾਬੀ ਹੈ।

Scanned with CamScanner

ਫੇਰ ਦੇਖੋ, ਅੱਲਾਹ ਤਆਲਾ ਨੇ ਨਮਾਜ਼ ਨੂੰ ਜਮਾਤ ਨਾਲ (ਸਮੂਹਕ ਰੂਪ ਵਿੱਚ) ਪੜ੍ਹਨ ਦੀ ਤਾਕੀਦ ਕੀਤੀ ਹੈ ਵਿਸ਼ੇਸ਼ ਰੂਪ ਵਿੱਚ ਹਫ਼ਤੇ ਵਿੱਚ ਇੱਕ ਵਾਰ ਜੁਮਾ (ਸ਼ੁੱਕਰਵਾਰ) ਦੀ ਨਮਾਜ ਜਮਾਤ ਨਾਲ ਪੜ੍ਹਨੀ ਜ਼ਰੂਰੀ ਕਰ ਦਿੱਤੀ ਹੈ। ਇਹ ਮੁਸਲਮਾਨਾਂ ਵਿੱਚ ਏਕਤਾ ਤੇ ਬਰਾਬਰੀ ਪੈਦਾ ਕਰਨ ਵਾਲੀ ਚੀਜ਼ ਹੈ। ਉਹਨਾਂ ਨੂੰ ਜੋੜਕੇ ਇੱਕ ਮਜ਼ਬੂਤ ਜੱਥਾ ਬਣਾਉਂਦੀ ਹੈ। ਜਦੋਂ ਉਹ ਸਾਰੇ ਮਿਲਕੇ ਇੱਕ ਹੀ ਈਸ਼ਵਰ ਦੀ ਇਬਾਦਤ ਕਰਦੇ ਹਨ, ਇਕੱਠੇ ਉਠੱਦੇ ਤੇ ਬੈਠਦੇ ਹਨ ਤਾਂ ਆਪਣੇ ਆਪ ਉਹਨਾਂ ਦੇ ਦਿਲ ਇੱਕ ਦੂਜੇ ਨਾਲ ਜੁੜ ਜਾਂਦੇ ਹਨ। ਉਹਨਾਂ ਵਿੱਚ ਇਹ ਭਾਵਨਾਂ ਪੈਦਾ ਹੋ ਜਾਂਦੀ ਹੈ ਕਿ ਅਸੀਂ ਸਾਰੇ ਭਾਈ-ਭਾਈ ਹਾਂ। ਫਿਰ ਇਹੋ ਚੀਜ਼ ਉਹਨਾਂ ਵਿੱਚ ਇੱਕ ਸਰਦਾਰ ਦੇ ਆਗਿਆ ਪਾਲਣ ਦਾ ਮਾਦਾ ਪੈਦਾ ਕਰਦੀ ਹੈ ਅਤੇ ਉਹਨਾਂ ਨੂੰ ਨਿਯਮਬੱਧਤਾ ਦਾ ਪਾਠ ਪੜ੍ਹਾਉਂਦੀ ਹੈ। ਇਸੇ ਨਾਲ ਉਹਨਾਂ ਵਿੱਚ ਆਪਸੀ ਹਮਦਰਦੀ ਪੈਦਾ ਹੋ ਜਾਂਦੀ ਹੈ, ਸਮਾਨਤਾ ਤੇ ਅਪਣੈਤ ਆ ਜਾਂਦੀ ਹੈ। ਧਨਵਾਨ ਤੇ ਨਿਰਧਨ, ਵੱਡੇ ਤੇ ਛੋਟੇ, ਉੱਚ ਪਦਅਧਿਕਾਰੀ ਤੇ ਸਧਾਰਨ ਚਪੜਾਸੀ ਸਾਰੇ ਇਕੱਠੇ ਮਿਲਕੇ ਖੜ੍ਹੇ ਹੁੰਦੇ ਹਨ। ਨਾ ਕੋਈ ਉੱਚੀ ਜਾਤੀ ਦਾ ਹੁੰਦਾ ਹੈ ਨਾ ਕੋਈ ਨੀਵੀਂ ਜਾਤੀ ਦਾ।

ਇਹ ਉਹਨਾਂ ਅਣਗਿਣਤ ਲਾਭਾਂ ਵਿਚੋਂ ਕੁੱਝ ਲਾਭ ਹਨ ਜਿਹੜੇ ਤੁਹਾਨੂੰ ਆਪਣੀ ਨਮਾਜ਼ ਤੋਂ ਈਸ਼ਵਰ ਨੂੰ ਨਹੀਂ ਤੁਹਾਨੂੰ ਪ੍ਰਾਪਤ ਹੁੰਦੇ ਹਨ। ਈਸ਼ਵਰ ਨੇ ਤੁਹਾਡੇ ਲਾਭ ਲਈ ਇਸ ਚੀਜ਼ ਨੂੰ ਜ਼ਰੂਰੀ ਕੀਤਾ ਨਾ ਪੜ੍ਹਨ ਤੇ ਉਸ ਦੀ ਨਾਰਾਜ਼ਗੀ ਇਸ ਲਈ ਨਹੀਂ ਹੈ ਕਿ ਤੁਸਾਂ ਉਸ ਨੂੰ ਕੋਈ ਹਾਨੀ ਪਹੁੰਚਾਈ ਸਗੋਂ ਇਸ ਲਈ ਹੈ ਕਿ ਤੁਸੀਂ ਖ਼ੁਦ ਆਪਣੇ ਆਪ ਨੂੰ ਹਾਨੀ ਪਹੁੰਚਾਈ। ਕਿਹੋ ਜਿਹੀ ਪ੍ਰਬਲ ਸ਼ਕਤੀ ਨਮਾਜ਼ ਦੁਆਰਾ ਈਸ਼ਵਰ ਤੁਹਾਨੂੰ ਦੇ ਰਿਹਾ ਹੈ ਅਤੇ ਤੁਸੀਂ ਉਸ ਨੂੰ ਲੈਣ ਤੋਂ ਵੀ ਜੀ ਚੁਰਾ ਰਹੇ ਹੋ। ਕਿੰਨੀ ਸ਼ਰਮ ਦੀ ਗੱਲ ਹੈ ਕਿ ਆਪ ਮੁੱਖ ਤੋਂ ਤਾਂ ਈਸ਼ਵਰ ਦੇ ਈਸ਼ਵਰਤਵ, ਰਸੂਲ ਦੇ ਆਗਿਆ ਪਾਲਣ, ਆਖ਼ਰਤ ਦੀ ਜਵਾਬ ਦਹੀ ਨੂੰ ਮੰਨੋ ਪਰ ਤੁਹਾਡਾ ਆਚਰਣ ਇਹ ਹੋਵੇ ਕਿ ਅੱਲਾਹ ਅਤੇ ਰਸੂਲ ਨੇ ਜਿਸ ਚੀਜ਼ ਨੂੰ ਤੁਹਾਡੇ ਲਈ ਸਭ ਤੋਂ ਵੱਧ ਜ਼ਰੂਰੀ ਕੀਤਾ ਹੈ ਉਸ ਦਾ ਪਾਲਣ ਨਾ ਕਰੋ। ਆਪ ਦੀ ਇਸ ਨੀਤੀ ਪਿੱਛੇ ਦੋ ਵਿਚੋਂ ਕੋਈ ਇੱਕ ਚੀਜ਼ ਜ਼ਰੂਰ ਕੰਮ ਕਰ ਰਹੀ ਹੈ ਜਾਂ ਤਾਂ ਤੁਹਾਨੂੰ ਨਮਾਜ਼ ਦੇ ਜ਼ਰੂਰੀ ਹੋਣ ਦਾ ਇਨਕਾਰ ਹੈ ਜਾਂ ਆਪ ਉਸਨੂੰ ਜ਼ਰੂਰੀ ਸਮਝਦੇ ਹੋ ਪਰ ਫੇਰ ਉਸਦਾ ਪਾਲਣ ਕਰਨ ਤੋਂ ਬਚਦੇ ਹੋ। ਜੇਕਰ ਜ਼ਰੂਰੀ ਹੋਣ ਤੋਂ ਇਨਕਾਰ ਹੈ

Scanned with CamScanner

ਤਾਂ ਤੁਸੀਂ ਕੁਰਆਨ ਤੇ ਅੱਲਾਹ ਦੇ ਰਸੂਲ ਦੋਹਾਂ ਨੂੰ ਝੁਟਲਾਉਂਦੇ ਹੋ ਤੇ ਫੇਰ ਇਨ੍ਹਾਂ ਦੋਹਾਂ ਉੱਤੇ ਈਮਾਨ ਲਿਆਉਣ ਦਾ ਝੂਠਾ ਦਾਅਵਾ ਕਰਦੇ ਹੋ। ਜੇਕਰ ਤੁਸੀਂ ਉਸਨੂੰ ਜ਼ਰੂਰੀ ਸਮਝਦੇ ਹੋਏ ਵੀ ਉਸਦਾ ਪਾਲਣ ਨਹੀਂ ਕਰਤੇ ਤਾਂ ਤੁਸੀਂ ਭਰੋਸੇ ਯੋਗ ਵਿਅਕਤੀ ਨਹੀਂ। ਸੰਸਾਰ ਦੇ ਕਿਸੇ ਮਾਮਲੇ ਵਿੱਚ ਵੀ ਤੁਹਾਡੇ 'ਤੇ ਭਰੋਸਾ ਨਹੀਂ ਕੀਤਾ ਜਾ ਸਕਦਾ। ਜਦੋਂ ਤੁਸੀਂ ਈਸ਼ਵਰ ਦੀ ਡਿਊਟੀ ਵਿੱਚ ਚੋਰੀ ਕਰ ਸਕਦੇ ਹੋ ਤਾਂ ਕੋਈ ਕੀ ਆਸ ਕਰ ਸਕਦਾ ਹੈ ਕਿ ਤੁਸੀ ਮਨੁੱਖ ਦੀ ਡਿਊਟੀ ਵਿੱਚ ਚੋਰੀ ਨਹੀਂ ਕਰੋਗੇ।

## ਰੋਜ਼ਾ

ਦੂਜੀ ਜ਼ਰੂਰੀ ਚੀਜ਼ ਰੋਜ਼ਾ ਹੈ। ਇਹ ਰੋਜ਼ਾ ਕੀ ਹੈ ? ਜਿਹੜਾ ਪਾਠ ਨਮਾਜ਼ ਪ੍ਰਤੀਦਿਨ ਪੰਜ ਵਾਰ ਯਾਦ ਕਰਵਾਉਂਦੀ ਹੈ। ਉਹਨੂੰ ਰੋਜ਼ਾ ਸਾਲ ਵਿੱਚ ਇੱਕ ਵਾਰ ਪੂਰੇ ਮਹੀਨੇ ਤੱਕ ਹਰ ਸਮੇਂ ਯਾਦ ਕਰਵਾਉਂਦਾ ਰਹਿੰਦਾ ਹੈ। ਰਮਜ਼ਾਨ[1] ਆਇਆ ਅਤੇ ਸਵੇਰ ਤੋਂ ਲੈ ਕੇ ਸ਼ਾਮ ਤੱਕ ਤੁਹਾਡਾ ਖਾਣਾ-ਪੀਣਾਂ ਬੰਦ ਹੋਇਆ। 'ਸਹਰੀ'[2] ਸਮੇਂ ਖਾ ਪੀ ਰਹੇ ਸੀ, ਅਚਾਨਕ ਅਜ਼ਾਨ ਹੋਈ ਤੇ ਤੁਸਾਂ ਤਰੁੰਤ ਹੱਥ ਰੋਕ ਲਿਆ। ਹੁਣ ਜਿੰਨਾ ਮਰਜ਼ੀ ਮਨ-ਭਾਉਂਦਾ ਭੋਜਨ ਅੱਗੇ ਆਵੇ, ਜਿੰਨੀ ਮਰਜ਼ੀ ਭੁੱਖ-ਤ੍ਰੇਹ ਲੱਗੀ ਹੋਵੇ, ਜਿੰਨੀ ਮਰਜ਼ੀ ਖ਼ਾਹਿਸ਼ ਹੋਵੇ, ਤੁਸੀਂ ਸ਼ਾਮ ਤੱਕ ਕੁਝ ਨਹੀਂ ਖਾਂਦੇ। ਇਕਾਂਤ ਵਿੱਚ ਵੀ ਜਿੱਥੇ ਕੋਈ ਵੇਖਣ ਵਾਲਾ ਨਹੀਂ ਹੁੰਦਾ ਤੁਸੀਂ ਖਾਂਦੇ ਨਹੀਂ। ਇੱਕ ਤੁਪਕਾ ਪਾਣੀ ਜਾਂ ਇੱਕ ਦਾਣਾ ਨਿਗਲਣਾ ਵੀ ਤੁਹਾਡੇ ਲਈ ਅਸੰਭਵ ਹੁੰਦਾ ਹੈ। ਫਿਰ ਇਹ ਸਾਰੀ ਰੁਕਾਵਟ ਇੱਕ ਖ਼ਾਸ ਸਮੇਂ ਤੱਕ ਹੀ ਰਹਿੰਦੀ ਹੈ। ਜਿਉਂ ਹੀ ਮ਼ਗਰਿਬ ਦੀ ਅਜ਼ਾਨ ਹੋਈ ਤੁਸੀਂ ਰੋਜ਼ਾ ਅਫ਼ਤਾਰ[3] ਕੀਤਾ। ਤੁਸੀਂ ਰਾਤ ਭਰ ਜਿਹੜੀ ਚੀਜ਼ ਚਾਹੁੰਦੇ ਹੋ ਖਾਂਦੇ ਹੋ। ਵਿਚਾਰ ਕਰੋ, ਇਹ ਕੀ ਚੀਜ਼ ਹੈ ? ਇਸ ਦੀ ਤਹਿ ਵਿੱਚ ਰੱਬ ਦਾ ਡਰ ਹੈ। ਉਸ ਦੇ ਸਰਵਵਿਆਪੀ ਤੇ ਸਰਬਗਿਆਤਾ ਹੋਣ ਦਾ ਵਿਸ਼ਵਾਸ ਹੈ।

ਆਖ਼ਰਤ ਦੇ ਜੀਵਨ ਅਤੇ ਅੱਲਾਹ ਦੀ ਆਦਲਤ ਉੱਤੇ ਈਮਾਨ ਹੈ। ਕੁਰਆਨ ਤੇ ਰਸੂਲ (ਸ.) ਦਾ ਪੂਰਨ ਆਗਿਆ ਪਾਲਣ ਹੈ, ਕਰਤੱਵ ਦਾ ਜ਼ਬਰਦਸਤ ਅਹਿਸਾਸ

*(1) ਉਹ ਅਰਬੀ ਮਹੀਨਾ ਜਿਸ ਵਿੱਚ ਰੋਜ਼ੇ ਰੱਖਣਾ ਜ਼ਰੂਰੀ ਹੈ।*

*(2) ਲੋਈ ਫਟਣ ਤੋਂ ਪਹਿਲਾਂ ਦਾ ਸਮਾਂ ਜਿਸ ਵਿੱਚ ਕੁੱਝ ਖਾ ਪੀ ਲਿਆ ਜਾਂਦਾ ਹੈ ਤਾਂ ਕਿ ਰੋਜ਼ਾ ਰੱਖਣ ਨਾਲ ਦਿਨ ਸਮੇਂ ਕੋਈ ਅਸਧਾਰਣ ਕਸ਼ਟ ਨਾ ਹੋਵੇ।*

*(3) ਕੁੱਝ ਖਾ ਪੀ ਕੇ ਰੋਜ਼ਾ ਖੋਲਣਾ।*

ਹੈ।ਧੀਰਜ ਤੇ ਮੁਸ਼ਕਲਾਂ ਦੇ ਮੁਕਾਬਲੇ ਦਾ ਅਭਿਆਸ ਹੈ।ਈਸ਼ਵਰ ਦੀ ਪ੍ਰਸੰਨਤਾ ਦੇ ਮੁਕਾਬਲੇ ਵਿੱਚ ਮਨ ਦੀਆਂ ਖਹਿਸ਼ਾਂ ਨੂੰ ਦਬਾਉਣ ਦੀ ਸ਼ਕਤੀ ਹੈ। ਹਰ ਸਾਲ ਰਮਜ਼ਾਨ ਦਾ ਮਹੀਨਾ ਆਉਂਦਾ ਹੈ ਤਾਂ ਕਿ ਪੂਰੇ ਤੀਹ ਦਿਨ ਤੱਕ ਇਹ ਰੋਜ਼ੇ ਤੁਹਾਨੂੰ ਸਿੱਖਿਅਤ ਕਰਨ ਅਤੇ ਤੁਹਾਡੇ ਵਿੱਚ ਉਹ ਸਾਰੀਆਂ ਵਿਸ਼ੇਸ਼ਤਾਵਾਂ ਉਤਪੰਨ ਕਰਨ ਦੀ ਕੋਸ਼ਿਸ਼ ਕਰਨ ਜਿਨ੍ਹਾਂ ਸਦਕਾ ਤੁਸੀਂ ਪੂਰਨ ਤੇ ਪੱਕੇ ਮੁਸਲਮਾਨ ਬਣੋ। ਇਹ ਵਿਸ਼ੇਸ਼ਤਾਵਾਂ (ਗੁਣ) ਆਪ ਨੂੰ ਉਸ ਇਬਾਦਤ ਦੇ ਯੋਗ ਬਣਾਉਣ ਜਿਹੜੀ ਇੱਕ ਮੁਸਲਮਾਨ ਨੂੰ ਆਪਣੇ ਜੀਵਨ ਵਿੱਚ ਹਰ ਸਮੇਂ ਕਰਨੀ ਚਾਹੀਦੀ ਹੈ।

ਹੋਰ ਦੇਖੋ, ਅੱਲਾਹ ਨੇ ਸਾਰੇ ਮੁਸਲਮਾਨਾਂ ਲਈ ਰੋਜ਼ਾ ਇੱਕੋ ਵਿਸ਼ੇਸ਼ ਮਹੀਨੇ ਵਿੱਚ ਜ਼ਰੂਰੀ ਕੀਤਾ ਹੈ ਤਾਂ ਕਿ ਸਾਰੇ ਮਿਲਕੇ ਰੋਜ਼ਾ ਰੱਖਣ, ਅਲੱਗ-ਅਲੱਗ ਨਾ ਰੱਖਣ। ਇਸ ਦੇ ਅਣਗਿਣਤ ਦੂਜੇ ਲਾਭ ਵੀ ਹਨ। ਸਾਰੀ ਇਸਲਾਮੀ ਅਬਾਦੀ ਵਿੱਚ ਪੂਰਾ ਇੱਕ ਮਹੀਨਾ ਪਵਿੱਤਰਤਾ ਦਾ ਮਹੀਨਾ ਹੁੰਦਾ ਹੈ। ਸਾਰੇ ਵਾਤਾਵਰਣ ਉੱਤੇ ਈਮਾਨ, ਈਸ਼ਵਰ ਦਾ ਭੈ, ਆਦੇਸ਼ਾਂ ਦਾ ਪਾਲਣ, ਨੈਤਿਕ ਪਵਿੱਤਰਤਾ ਅਤੇ ਸੋਹਣਾ ਆਚਰਣ ਛਾ ਜਾਂਦਾ ਹੈ।ਇਸ ਵਾਤਾਵਰਣ ਵਿੱਚ ਬੁਰਾਈਆਂ ਦਬ ਜਾਂਦੀਆਂ ਹਨ ਤੇ ਨੇਕੀਆਂ ਉਭਰਦੀਆਂ ਹਨ।ਭਲੇ ਲੋਕ ਕਲਿਆਣਕਾਰੀ ਕੰਮਾਂ ਵਿੱਚ ਇੱਕ ਦੂਜੇ ਦੀ ਸਹਾਇਤਾ ਕਰਦੇ ਹਨ।ਭੈੜੇ ਲੋਕ ਬੁਰੇ ਕੰਮ ਕਰਦੇ ਹੋਏ ਸ਼ਰਮਾਉਂਦੇ ਹਨ। ਧਨਵਾਨ ਲੋਕਾਂ ਵਿੱਚ ਗ਼ਰੀਬਾਂ ਦੀ ਸਹਾਇਤਾ ਦੀ ਭਾਵਨਾ ਜਾਗਦੀ ਹੈ।ਰੱਬ ਦੇ ਰਾਹ ਵਿੱਚ ਮਾਲ ਖ਼ਰਚ ਕੀਤਾ ਜਾਂਦਾ ਹੈ। ਸਾਰੇ ਮੁਸਲਮਾਨ ਇੱਕ ਹਾਲਤ ਵਿੱਚ ਹੁੰਦੇ ਹਨ।ਇੱਕ ਹਾਲਤ ਵਿੱਚ ਹੋਣਾ ਉਹਨਾਂ ਵਿੱਚ ਇਹ ਅਹਿਸਾਸ ਪੈਦਾ ਕਰਦਾ ਹੈ ਕਿ ਅਸੀਂ ਸਾਰੇ ਇੱਕ ਜਮਾਤ ਹਾਂ।ਉਹਨਾਂ ਵਿੱਚ ਬਰਾਦਰੀ, ਹਮਦਰਦੀ, ਪ੍ਰਸਪਰ ਏਕਤਾ ਉਤਪੰਨ ਕਰਨਾ ਦਾ ਇੱਕ ਗੁਣਕਾਰੀ ਉਪਾਅ ਹੈ।

ਇਹ ਸਾਰੇ ਸਾਡੇ ਹੀ ਲਾਭ ਹਨ।ਸਾਨੂੰ ਭੁੱਖਾ ਰੱਖਣ ਵਿੱਚ ਈਸ਼ਵਰ ਦਾ ਕੋਈ ਲਾਭ ਨਹੀਂ। ਉਸਨੇ ਸਾਡੀ ਭਲਾਈ ਲਈ ਰਮਜ਼ਾਨ ਦੇ ਰੋਜ਼ੇ ਸਾਡੇ ਲਈ ਜ਼ਰੂਰੀ ਕੀਤੇ ਹਨ। ਬਿਨਾਂ ਕਿਸੇ ਉਚਿੱਤ ਕਾਰਨ ਦੇ ਜਿਹੜੇ ਲੋਕ ਰੋਜ਼ੇ ਨਹੀਂ ਰੱਖਦੇ ਉਹ ਆਪਣੇ ਉੱਪਰ ਆਪ ਜ਼ੁਲਮ ਕਰਦੇ ਹਨ ਅਤੇ ਸਭ ਤੋਂ ਵੱਧ ਸ਼ਰਮਨਾਕ ਨੀਤੀ ਉਹਨਾਂ ਦੀ ਹੈ ਜਿਹੜੇ ਰਮਜ਼ਾਨ ਵਿੱਚ ਖੁੱਲ੍ਹਮ-ਖੁੱਲ੍ਹਾ ਖਾਂਦੇ ਪੀਂਦੇ ਹਨ।ਭਾਵ ਉਹ ਇਸ ਗੱਲ ਦਾ ਐਲਾਨ ਕਰਦੇ ਹਨ ਕਿ ਅਸੀਂ ਮੁਸਲਮਾਨਾਂ ਦੇ ਸਮੁਦਾਇ ਵਿੱਚੋਂ ਨਹੀਂ ਹਾਂ।ਸਾਨੂੰ ਇਸਲਾਮ ਦੇ ਆਦੇਸ਼ਾਂ ਦੀ ਕੋਈ ਪਰਵਾਹ ਨਹੀਂ ਹੈ।ਅਸੀਂ ਇੰਨੇ ਨਿਡਰ ਹਾਂ ਕਿ ਜਿਸਨੂੰ ਈਸ਼ਵਰ ਮੰਨਦੇ ਹਾਂ ਉਸਦੇ ਆਗਿਆ ਪਾਲਣ ਤੋਂ ਵੀ

Scanned with CamScanner

ਖੁੱਲ੍ਹਮ-ਖੁੱਲ੍ਹਾ ਮੂੰਹ ਮੋੜ ਜਾਂਦੇ ਹਾਂ। ਦੱਸੋ, ਜਿਨ੍ਹਾਂ ਲੋਕਾਂ ਲਈ ਆਪਣੇ ਸਮੁਦਾਇ ਤੋਂ ਅਲੱਗ ਹੋਣਾ ਇੱਕ ਸੌਖੀ ਜਿਹੀ ਗੱਲ ਹੋਵੇ। ਜਿਨ੍ਹਾਂ ਨੂੰ ਆਪਣੇ ਸਿਰਜਣਹਾਰ ਦੀ ਬਗ਼ਾਵਤ ਕਰਦੇ ਹੋਏ ਰਤਾ ਵੀ ਸ਼ਰਮ ਨਾ ਆਵੇ ਅਤੇ ਜਿਹੜੇ ਆਪਣੇ ਧਰਮ ਤੇ ਸਭ ਤੋਂ ਵੱਡੇ ਪੇਸ਼ਵਾ ਦੇ ਨਿਯਤ ਕੀਤੇ ਹੋਏ ਕਾਨੂੰਨ ਨੂੰ ਖੁੱਲ੍ਹਮ-ਖੁੱਲ੍ਹਾ ਤੋੜ ਦੇਣ ਉਨ੍ਹਾਂ ਤੋਂ ਕੋਈ ਵਿਅਕਤੀ ਕਿਸ ਪ੍ਰਤਿਗਿਆ ਪੂਰਤੀ, ਕਿਸ ਸਦਾਚਾਰ, ਕਿਸ ਭਰੋਸੇਯੋਗਤਾ, ਕਿਸ ਤਰ੍ਹਾਂ ਦੀ ਕਰਤੱਵ ਪਾਲਣਾ ਅਤੇ ਕਾਨੂੰਨ ਦੇ ਪਾਲਣ ਦੀ ਉਮੀਦ ਕਰ ਸਕਦਾ ਹੈ।

**ਜ਼ਕਾਤ**—ਤੀਜੀ ਜ਼ਰੂਰੀ ਚੀਜ਼ ਜ਼ਕਾਤ ਹੈ। ਅੱਲਾਹ ਨੇ ਹਰੇਕ ਮੁਲਮਾਨ ਧਨਵਾਨ ਵਿਅਕਤੀ ਲਈ ਜ਼ਰੂਰੀ ਕੀਤਾ ਹੈ ਕਿ ਜੇਕਰ ਉਸ ਕੋਲ ਘੱਟ-ਘੱਟ ਸਾਢੇ ਬਵੰਜਾ ਤੋਲੇ ਚਾਂਦੀ ਹੋਵੇ ਤੇ ਉਸ ਕੋਲ ਰੱਖੀ ਹੋਈ ਨੂੰ ਪੂਰਾ ਇੱਕ ਵਰ੍ਹਾ ਬੀਤ ਜਾਵੇ ਤਾਂ ਉਹ ਉਸ ਵਿੱਚੋਂ ਚਾਲੀਵਾਂ ਭਾਗ ਆਪਣੇ ਕਿਸੇ ਗ਼ਰੀਬ ਰਿਸ਼ਤੇਦਾਰ ਜਾਂ ਕਿਸੇ ਮੁਥਾਜ, ਕਿਸੇ ਬੇਸਹਾਰਾ ਗ਼ਰੀਬ, ਕਿਸੇ ਨਵੇਂ ਬਣੇ ਮੁਸਲਮਾਨ, ਕਿਸੇ ਮੁਸਾਫ਼ਰ ਜਾਂ ਕਿਸੇ ਕਰਜ਼ਦਾਰ ਵਿਅਕਤੀ ਨੂੰ ਦੇਵੇ।[1]

ਇਸ ਤਰ੍ਹਾਂ ਈਸ਼ਵਰ ਨੇ ਧਨਵਾਨਾਂ ਦੀ ਦੌਲਤ ਵਿੱਚ ਗ਼ਰੀਬਾ ਲਈ ਘੱਟੋ-ਘੱਟ ਢਾਈ ਪ੍ਰਤੀਸ਼ਤ ਭਾਗ ਨਿਸ਼ਚਿਤ ਰਰ ਦਿੱਤਾ ਹੈ।[2] ਇਸ ਤੋਂ ਵੱਧ ਜੇਕਰ ਕੋਈ ਕੁਝ ਦੇ ਦੇਵੇ ਤਾਂ ਇਹ ਅਹਿਸਾਨ ਹੈ ਜਿਸ ਦਾ ਹੋਰ ਵਧੇਰੇ ਸਵਾਬ ਉਸਨੂੰ (ਪੁੰਨ) ਹੋਵੇਗਾ।

ਦੇਖੋ, ਇਹ ਹਿੱਸਾ ਅੱਲਾਹ ਕੋਲ ਨਹੀਂ ਪਹੁੰਚਦਾ। ਉਸ ਨੂੰ ਤੁਹਾਡੀ ਕਿਸੇ ਚੀਜ਼ ਦੀ ਜ਼ਰੂਰਤ ਨਹੀਂ। ਪਰੰਤੂ ਉਹ ਕਹਿੰਦਾ ਹੈ ਕਿ ਤੁਸੀਂ ਜੇਕਰ ਪ੍ਰਸੰਨਤਾਪੂਰਨਵਕ ਮੇਰੇ

*(1) ਜ਼ਕਾਤ ਕੇਵਲ ਚਾਂਦੀ ਉੱਤੇ ਹੀ ਨਹੀਂ ਸਗੋਂ ਸੋਨੇ, ਚਾਂਦੀ, ਵਿਉਪਾਰਕ ਮਾਲ ਧਨ ਤੇ ਪਸ਼ੂਆਂ ਉੱਤੇ ਵੀ ਹੈ। ਇਹਨਾਂ ਸਭ ਚੀਜ਼ਾਂ ਦੀ ਕਿੰਨੀ ਮਿਕਦਾਰ ਉੱਤੇ ਕਿੰਨੀ ਜ਼ਕਾਤ ਹੈ ਇਹ ਧਰਮ ਸ਼ਾਸਤਰ ਦੇ ਗ੍ਰੰਥਾਂ 'ਚੋ ਪਤਾ ਕੀਤੀ ਜਾ ਸਕਦੀ ਹੈ। ਇੱਥੇ ਕੇਵਲ ਜ਼ਕਾਤ ਦੇ ਸ਼ੁੱਭ ਹੋਣ ਤੇ ਉਸ ਦੇ ਲਾਭ ਦੱਸਣੇ ਮਕਸਦ ਹੈ। ਇਸ ਲਈ ਕੇਵਲ ਚਾਂਦੀ ਨੂੰ ਉਦਾਹਰਣ ਵਜੋਂ ਬਿਆਨ ਕੀਤਾ ਗਿਆ ਹੈ।*

*(2) ਇਹ ਗੱਲ ਯਾਦ ਰੱਖਣ ਯੋਗ ਹੈ ਕਿ ਅੱਲਾਹ ਦੇ ਰਸੂਲ (ਸ:) ਨੇ ਆਪਣੇ ਵੰਸ਼ ਦੇ ਲੋਕਾਂ ਭਾਵ ਸੱਯਦਾਂ ਅਤੇ ਹਾਸ਼ਮੀਆਂ ਦੇ ਲਈ ਜ਼ਕਾਤ ਲੈਣਾ ਹਰਾਮ ਕਰ ਦਿੱਤਾ ਹੈ। ਸੱਯਦਾਂ ਤੇ ਹਾਸ਼ਮੀਆਂ ਦੇ ਜ਼ਕਾਤ ਦੇਣਾ ਤਾਂ ਲਾਜ਼ਮੀ ਹੈ, ਪਰੰਤੂ ਜ਼ਕਾਤ ਲੈਣਾ ਉਹਨਾਂ ਲਈ ਵਰਜਿਤ ਹੈ। ਜਿਹੜਾ ਵਿਅਕਤੀ ਕਿਸੇ ਗਰੀਬ ਸੱਯਦ ਜਾਂ ਹਾਸ਼ਮੀ ਦੀ ਸਹਾਇਤਾ ਕਰਨਾ ਚਾਹੁੰਦਾ ਹੈ ਤਾਂ ਉਹ ਭੇਂਟ ਜਾਂ ਉਪਹਾਰ ਦੇ ਸਕਦਾ ਹੈ। ਸਦਕਾ ਅਤੇ ਜਕਾਤ ਨਹੀਂ ਦੇ ਸਕਦਾ।*

Scanned with CamScanner

ਲਈ ਆਪਣੇ ਕਿਸੇ ਗ਼ਰੀਬ ਭਰਾ ਨੂੰ ਕੁੱਝ ਦਿੱਤਾ ਤਾਂ ਸਮਝੋ ਮੈਨੂੰ ਦਿੱਤਾ।ਉਸ ਵੱਲੋਂ ਮੈਂ ਤੁਹਾਨੂੰ ਕਈ ਗੁਣਾ ਅਧਿਕ ਬਦਲਾ ਦੇਵਾਗਾਂ ਪਰ ਸ਼ਰਤ ਇਹ ਹੈ ਕਿ ਉਸ ਨੂੰ ਦੇ ਕੇ ਤੁਸੀਂ ਕੋਈ ਅਹਿਸਾਨ ਨਾ ਜਤਾਓ। ਉਸ ਦਾ ਅਪਮਾਨ ਨਾ ਕਰੋ। ਉਸ ਵੱਲੋਂ ਧੰਨਵਾਦ ਕੀਤੇ ਜਾਣ ਦੀ ਵੀ ਆਸ ਨਾ ਰੱਖੋ।ਇਹ ਵੀ ਜਤਨ ਨਾ ਕਰੋ ਕਿ ਤੁਹਾਡੇ ਦਿੱਤੇ ਇਸ ਦਾਨ ਦੀ ਲੋਕਾਂ ਵਿੱਚ ਚਰਚਾ ਹੋਵੇ ਤੇ ਲੋਕ ਤੁਹਾਡੀ ਪ੍ਰਸ਼ੰਸਾ ਕਰਨ ਕਿ ਅਮਕਾ ਸੱਜਣ ਵੱਡਾ ਦਾਨੀ ਹੈ। ਜੇਕਰ ਤੁਸੀਂ ਇਨ੍ਹਾਂ ਸਾਰੇ ਨਾਪਾਕ ਵਿਚਾਰਾਂ ਤੋਂ ਆਪਣੇ ਮਨ ਨੂੰ ਸ਼ੁੱਧ ਰੱਖੋਗੇ ਅਤੇ ਕੇਵਲ ਮੇਰੀ ਪ੍ਰਸੰਨਤਾ ਲਈ ਆਪਣੇ ਧਨ ਵਿੱਚੋਂ ਗਰੀਬਾਂ ਨੂੰ ਹਿੱਸਾ ਦਿਉਗੇ ਤਾਂ ਮੈਂ ਆਪਣੀ ਅਥਾਹ ਦੌਲਤ ਵਿੱਚੋਂ ਤੁਹਾਨੂੰ ਉਹ ਹਿੱਸਾ ਦਿਆਂਗਾ ਜਿਹੜਾ ਕਦੇ ਸਮਾਪਤ ਨਹੀਂ ਹੋਵੇਗਾ।

ਅੱਲਾਹ ਨੇ ਇਸ ਜ਼ਕਾਤ ਨੂੰ ਵੀ ਸਾਡੇ ਲਈ ਉਸੇ ਤਰ੍ਹਾਂ ਜ਼ਰੂਰੀ ਕੀਤਾ ਹੈ ਜਿਸ ਤਰ੍ਹਾਂ ਨਮਾਜ਼ ਤੇ ਰੋਜ਼ੇ ਨੂੰ ਜ਼ਰੂਰੀ ਕੀਤਾ ਹੈ।ਇਹ ਇਸਲਾਮ ਦਾ ਬਹੁਤ ਵੱਡਾ ਥੰਮ੍ਹ ਹੈ ਤੇ ਇਸ ਨੂੰ ਥੰਮ੍ਹ ਇਸ ਲਈ ਮੰਨਿਆ ਗਿਆ ਹੈ ਇਹ ਮੁਸਲਮਾਨਾਂ ਵਿੱਚ ਈਸ਼ਵਰ ਦੀ ਪ੍ਰਸੰਨਤਾ ਲਈ ਬਲੀਦਾਨ ਤੇ ਤਿਆਗ ਦਾ ਗੁਣਾ ਪੈਦਾ ਕਰਦਾ ਹੈ, ਸੁਆਰਥ, ਥੁੜ ਦਿਲੀ ਤੇ ਧਨ-ਪ੍ਰੇਮ ਦੇ ਬੁਰੇ ਗੁਣਾਂ ਨੂੰ ਦੂਰ ਕਰਦਾ ਹੈ।ਧਨ ਦਾ ਪੁਜਾਰੀ, ਰੁਪਏ ਲਈ ਜਾਨ ਦੇਣ ਵਾਲਾ ਲੋਭੀ ਤੇ ਕੰਜੂਸ ਵਿਅਕਤੀ ਇਸਲਾਮ ਦੇ ਕਿਸੇ ਕੰਮ ਦਾ ਨਹੀਂ। ਜਿਹੜਾ ਵਿਅਕਤੀ ਈਸ਼ਵਰ ਦੇ ਆਦੇਸ਼ 'ਤੇ ਆਪਣੀ ਖ਼ੂਨ-ਪਸੀਨੇ ਦੀ ਕਮਾਈ ਬਿਨਾਂ ਕਿਸੇ ਨਿੱਜੀ ਸੁਆਰਥ ਦੇ ਨਿਛਾਵਰ ਕਰ ਸਕਦਾ ਹੋਵੇ ਉਹੀ ਇਸਲਾਮ ਦੇ ਸਿੱਧੇ ਮਾਰਗ 'ਤੇ ਚਲ ਸਕਦਾ ਹੈ। ਜ਼ਕਾਤ ਮੁਸਲਮਾਨਾਂ ਨੂੰ ਇਸ ਬਲੀਦਾਨ ਤੇ ਤਿਆਗ ਦਾ ਅਭਿਆਸ ਕਰਵਾਉਂਦੀ ਹੈ। ਉਹਨਾਂ ਨੂੰ ਇਸ ਯੋਗ ਬਣਾਉਂਦੀ ਹੈ ਕਿ ਈਸ਼ਵਰ ਦੇ ਰਾਹ ਵਿੱਚ ਜਦੋਂ ਮਾਲ ਖ਼ਰਚ ਕਰਨ ਦੀ ਜ਼ਰੂਰਤ ਹੋਵੇ ਤਾਂ ਉਹ ਆਪਣੇ ਧਨ ਨੂੰ ਸੀਨੇ ਨਾਲ ਹੀ ਨਾ ਲਾਈ ਬੈਠੇ ਰਹਿਣ ਸਗੋਂ ਉਦਾਰਤਾ ਨਾਲ ਖ਼ਰਚ ਕਰਨ।

ਜ਼ਕਾਤ ਦਾ ਸੰਸਾਰਕ ਲਾਭ ਇਹ ਹੈ ਕਿ ਮੁਸਲਮਾਨ ਆਪਸ ਵਿੱਚ ਇੱਕ ਦੂਜੇ ਦੀ ਸਹਾਇਤਾ ਕਰਨ।ਕੋਈ ਮੁਸਲਮਾਨ ਨੰਗਾ, ਭੁੱਖਾ, ਅਪਮਾਨਤ ਤੇ ਪ੍ਰੇਸ਼ਾਨ ਨਾ ਹੋਵੇ। ਜਿਹੜੇ ਧਨਵਾਨ ਹਨ ਉਹ ਗ਼ਰੀਬਾਂ ਨੂੰ ਸੰਭਾਲਣ ਅਤੇ ਜਿਹੜੇ ਨਿਰਧਨ ਹਨ ਉਹ ਭੀਖ ਮੰਗਦੇ ਨਾ ਫਿਰਨ।ਕੋਈ ਆਪਣੇ ਧਨ ਨੂੰ ਕੇਵਲ ਆਪਣੇ ਭੋਗ-ਵਿਲਾਸ ਅਤੇ ਠਾਠ-ਬਾਠ ਉੱਤੇ ਹੀ ਨਾ ਉਡਾਵੇ। ਸਗੋਂ ਉਹ ਇਹ ਵੀ ਚੇਤੇ ਰੱਖੇ

Scanned with CamScanner

ਕਿ ਉਸ ਧਨ ਵਿੱਚ ਉਸਦੀ ਜਾਤੀ ਦੇ ਅਨਾਥਾਂ, ਵਿਧਵਾ ਇਸਤਰੀਆਂ ਅਤੇ ਗ਼ਰੀਬਾਂ ਦਾ ਵੀ ਹੱਕ ਹੈ। ਉਸ ਵਿੱਚ ਉਹਨਾਂ ਲੋਕਾਂ ਦਾ ਵੀ ਹੱਕ ਹੈ ਜਿਹੜੇ ਕੰਮ ਕਰਨ ਦੀ ਯੋਗਤਾ ਰੱਖਦੇ ਹਨ ਪਰੰਤੂ ਪੂੰਜੀ ਨਾ ਹੋਣ ਕਰਕੇ ਮਜਬੂਰ ਹਨ। ਇਸ ਵਿੱਚ ਉਹਨਾਂ ਬੱਚਿਆਂ ਦਾ ਵੀ ਹੱਕ ਹੈ ਜਿਨ੍ਹਾਂ ਨੂੰ ਰੱਬ ਨੇ ਦਿਮਾਗ਼ ਤੇ ਯੋਗਤਾ ਬਖ਼ਸ਼ੀ ਹੈ ਪਰੰਤੂ ਨਿਰਧਨ ਹੋਣ ਕਾਰਨ ਸਿੱਖਿਆ ਗ੍ਰਹਿਣ ਨਹੀਂ ਕਰ ਸਕਦੇ। ਇਸ ਵਿੱਚ ਉਹਨਾਂ ਦਾ ਵੀ ਹੱਕ ਹੈ ਜਿਹੜੇ ਅਪੰਗ ਹੋ ਗਏ ਹਨ ਤੇ ਕੋਈ ਕੰਮ ਕਰ ਸਕਣ ਦੇ ਯੋਗ ਨਹੀਂ ਰਹੇ। ਜਿਹੜਾ ਵਿਅਕਤੀ ਇਸ ਹੱਕ ਨੂੰ ਨਹੀਂ ਮੰਨਦਾ ਉਹ ਜ਼ਾਲਮ ਹੈ। ਇਸ ਤੋਂ ਵੱਧ ਕੇ ਕੀ ਜ਼ੁਲਮ ਹੋਵੇਗਾ ਕਿ ਤੁਸੀਂ ਤਾਂ ਆਪਣੇ ਤਹਿਖ਼ਾਨੇ ਰੁਪਿਆਂ ਨਾਲ ਭਰੀ ਬੈਠੇ ਰਹੋ, ਕੋਠੀਆਂ ਵਿੱਚ ਐਸ਼ ਕਰੋ, ਕਾਰਾਂ ਵਿੱਚ ਘੁੰਮਦੇ ਫਿਰੋ ਅਤੇ ਤੁਹਾਡੇ ਸਮੁਦਾਇ ਦੇ ਹਜ਼ਾਰਾਂ ਵਿਅਕਤੀ ਰੋਟੀ ਲਈ ਭੀ ਤਰਸਦੇ ਹੋਣ, ਹਜ਼ਾਰਾਂ ਕੰਮ ਦੇ ਆਦਮੀ ਮਾਰੇ-ਮਾਰੇ ਫਿਰਨ, ਇਸਲਾਮ ਅਜਿਹੀ ਖ਼ੁਦਗਰਜ਼ੀ ਦਾ ਦੁਸ਼ਮਣ ਹੈ। ਕਾਫ਼ਰਾਂ ਨੂੰ ਉਹਨਾਂ ਦੀ ਸੱਭਿਅਤਾ ਇਹ ਸਿਖਾਉਂਦੀ ਹੈ ਕਿ ਜਿਹੜਾ ਧਨ ਉਹਨਾਂ ਦੇ ਹਥ ਲੱਗੇ ਉਸ ਨੂੰ ਸਮੇਟ-ਸਮੇਟ ਕੇ ਰੱਖਣ ਅਤੇ ਉਸ ਨੂੰ ਵਿਆਜ ਉੱਤੇ ਦੇ ਕੇ ਨੇੜੇ-ਤੇੜੇ ਦੇ ਲੋਕਾਂ ਦੀ ਕਮਾਈ ਵੀ ਆਪਣੇ ਕੋਲ ਇਕੱਠੀ ਕਰ ਲੈਣ ਪਰੰਤੂ ਮੁਸਲਮਾਨਾਂ ਨੂੰ ਉਹਨਾਂ ਦਾ ਧਰਮ ਇਹ ਸਿਖਾਉਂਦਾ ਹੈ ਕਿ ਜੇਕਰ ਅਲੱਾਹ ਤੁਹਾਨੂੰ ਇੰਨੀ ਰੋਜ਼ੀ ਦੇਵੇ ਜਿਹੜੀ ਤੁਹਾਡੀਆਂ ਲੋੜਾਂ ਤੋਂ ਵੱਧ ਹੋਵੇ ਤਾਂ ਉਸ ਨੂੰ ਸਮੇਟ ਕੇ ਨਾ ਰੱਖੋ, ਸਗੋਂ ਆਪਣੇ ਦੂਜੇ ਭਰਾਵਾਂ ਨੂੰ ਦਿਓ ਤਾਂ ਕਿ ਜੋ ਉਹਨਾਂ ਦੀਆਂ ਜ਼ਰੂਰਤਾਂ ਪੂਰੀਆਂ ਹੋਣ ਤੇ ਉਹ ਭੀ ਤੁਹਾਡੇ ਵਾਂਗ ਕਮਾਉਣ ਤੇ ਕੰਮ ਕਰਨ ਯੋਗ ਹੋ ਜਾਣ।

## ਹੱਜ

ਚੌਥੀ ਜ਼ਰੂਰੀ ਚੀਜ਼ ਹੱਜ ਹੈ। ਇਸ ਨੂੰ ਪੂਰੇ ਜੀਵਨ ਵਿੱਚ ਕੇਵਲ ਇੱਕ ਵਾਰ ਅਦਾ ਕਰਨਾ ਜ਼ਰੂਰੀ ਹੈ ਅਤੇ ਉਹ ਵੀ ਕੇਵਲ ਉਹਨਾਂ ਲਈ ਜ਼ਰੂਰੀ ਹੈ। ਜਿਹੜੇ ਮੱਕੇ ਤੱਕ ਆਉਣ ਜਾਣ ਦਾ ਖ਼ਰਚ (ਹੱਜ ਤੇ ਆਉਣ ਵਾਲਾ ਖ਼ਰਚ) ਸਹਿਣ ਕਰ ਸਕਦੇ ਹੋਣ।

ਜਿੱਥੇ ਹੁਣ ਮੱਕਾ ਵਸਿਆ ਹੋਇਆ ਹੈ, ਇੱਥੇ ਅੱਜ ਤੋਂ ਹਜ਼ਾਰਾਂ ਵਰ੍ਹੇ ਪਹਿਲਾਂ ਹਜ਼ਰਤ ਇਬਰਾਹੀਮ (ਅ.) ਨੇ ਇੱਕ ਛੋਟਾ ਜਿਹਾ ਘਰ ਅੱਲਾਹ ਦੀ ਇਬਾਦਤ ਦੇ ਲਈ ਬਣਾਇਆ ਸੀ। ਅੱਲਾਹ ਤਆਲਾ ਨੇ ਉਹਨਾਂ ਦੇ ਸ਼ੁੱਧ ਸਨੇਹ ਤੇ ਮਹੱਬਤ ਦੀ ਇਹ ਕਦਰ ਕੀਤੀ ਕਿ ਉਸ ਘਰ ਨੂੰ ਆਪਣਾ ਘਰ ਕਿਹਾ ਅਤੇ ਅਖਿਆ ਕਿ ਜਿਸ ਨੇ ਵੀ ਇਬਾਦਤ ਕਰਨੀ ਹੋਵੇ ਉਹ ਇਸੇ ਘਰ ਵੱਲ ਮੂੰਹ ਕਰਕੇ ਇਬਾਦਤ ਕਰੇ। ਹਰ

Scanned with CamScanner

ਮੁਸਲਮਾਨ ਚਾਹੇ ਉਹ ਦੁਨੀਆਂ ਦੇ ਕਿਸੇ ਵੀ ਭਾਗ ਵਿੱਚ ਹੋਵੇ ਜੇਕਰ ਸਮਰਥਾ ਰੱਖਦਾ ਹੈ ਤਾਂ ਜੀਵਨ ਵਿੱਚ ਘੱਟੋ-ਘੱਟ ਇੱਕ ਵਾਰ ਇਸ ਘਰਦੇ ਦਰਸ਼ਨਾਂ ਲਈ ਆਵੇ। ਉਸੇ ਪ੍ਰੇਮ ਨਾਲ ਸਾਡੇ ਇਸ ਘਰ ਦੀ ਪਰਕਰਮਾ ਕਰੇ ਜਿਸ ਪ੍ਰੇਮ ਨਾਲ ਮੇਰਾ ਪਿਆਰਾ ਬੰਦਾ ਇਬਰਾਹੀਮ ਕਰਦਾ ਸੀ। ਨਾਲੋ-ਨਾਲ ਇਹ ਹੁਕਮ ਵੀ ਦਿੱਤਾ ਕਿ ਜਦੋਂ ਸਾਡੇ ਘਰ ਵੱਲ ਆਉ ਤਾਂ ਆਪਣੇ ਮਨ ਨੂੰ ਸ਼ੁੱਧ ਕਰੋ; ਵਾਸ਼ਨਾਵਾਂ ਨੂੰ ਰੋਕੋ, ਖ਼ੂਨ ਖ਼ਰਾਬੇ, ਕੁਕਰਮਾਂ ਤੇ ਕੁਬੋਲਾਂ ਤੋਂ ਬਚੋ। ਉਸੇ ਆਦਰ ਤੇ ਨਿਮਰਤਾ ਨਾਲ ਆਉ ਜਿਸ ਨਾਲ ਤੁਹਾਨੂੰ ਆਪਣੇ ਮਾਲਕ ਦੇ ਦਰਬਾਰ ਵਿੱਚ ਹਾਜ਼ਰ ਹੋਣਾ ਚਾਹੀਦਾ ਹੈ। ਇਹ ਸਮਝੋ ਕਿ ਅਸੀਂ ਉਸ ਬਾਦਸ਼ਾਹ ਦੀ ਸੇਵਾ ਵਿੱਚ ਜਾ ਰਹੇ ਹਾਂ ਜਿਹੜਾ ਧਰਤੀ ਤੇ ਅਕਾਸ਼ ਦਾ ਸ਼ਾਸ਼ਕ ਹੈ। ਜਿਸ ਦੇ ਸਾਹਮਣੇ ਸਾਰੇ ਮਨੁੱਖ ਭਿਖਾਰੀ ਹਨ। ਇਸ ਨਿਮਰਤਾ ਨਾਲ ਜਦੋਂ ਆਉਗੇ ਤੇ ਸੁਹਿਰਦ ਹੋ ਕੇ ਮੇਰੀ ਇਬਾਦਤ ਕਰੋਗੇ ਤਾਂ ਮੈਂ ਤੁਹਾਨੂੰ ਆਪਣੀਆਂ ਨਿਆਮਤਾਂ ਨਾਲ ਮਾਲਾ-ਮਾਲ ਕਰ ਦਿਆਗਾਂ।

ਇੱਕ ਪੱਖੋਂ ਦੇਖੀਏ ਤਾਂ ਹੱਜ ਸਭ ਤੋਂ ਵੱਡੀ ਇਬਾਦਤ ਹੈ। ਈਸ਼ਵਰ-ਪ੍ਰੇਮ ਜੇਕਰ ਮਨੁੱਖ ਦੇ ਹਿਰਦੇ ਵਿੱਚ ਨਾ ਹੋਵੇ ਤਾਂ ਉਹ ਆਪਣੇ ਕਾਰੋਬਾਰ ਛੱਡ ਕੇ , ਆਪਣੇ ਪਿਆਰੇ ਸੰਬੰਧੀਆਂ ਤੇ ਮਿੱਤਰਾਂ ਤੋਂ ਅਲੱਗ ਹੋ ਕੇ ਇੰਨੀ ਲੰਬੀ ਯਾਤਰਾ ਦਾ ਕਸ਼ਟ ਹੀ ਕਿਉਂ ਕਰੇਗਾ। ਇਸ ਲਈ ਹੱਜ ਦਾ ਇਰਾਦਾ ਖ਼ੁਦ ਪ੍ਰੇਮ ਤੇ ਸ਼ਰਧਾ ਦਾ ਪ੍ਰਮਾਣ ਹੈ। ਫੇਰ ਜਦ ਮਨੁੱਖ ਇਸ ਯਾਤਰਾ ਲਈ ਨਿੱਕਲਦਾ ਹੈ ਤਾਂ ਉਸ ਦੀ ਹਾਲਤ ਆਮ ਮੁਸਾਫ਼ਰਾਂ ਵਰਗੀ ਨਹੀਂ ਹੁੰਦੀ। ਇਸ ਯਾਤਰਾ ਵਿੱਚ ਉਸਦਾ ਅਧਿਕ ਧਿਆਨ ਈਸ਼ਵਰ ਵੱਲ ਰਹਿੰਦਾ ਹੈ। ਉਸ ਦੇ ਦਿਲ ਵਿੱਚ ਉਤਸ਼ਾਹ ਤੇ ਸ਼ੌਕ ਵਧਦਾ ਚਲਿਆ ਜਾਂਦਾ ਹੈ। ਜਿਉਂ-ਜਿਉਂ ਕਾਬਾ ਨੇੜੇ ਹੁੰਦਾ ਜਾਂਦਾ ਹੈ ਮੁਹੱਬਤ ਦਾ ਜੋਸ਼ ਹੋਰ ਅਧਿਕ ਭੜਕਦਾ ਹੈ। ਪਾਪਾਂ ਤੇ ਅਵੱਗਿਆ ਤੋਂ ਦਿਲ ਆਪਣੇ ਆਪ ਘ੍ਰਿਣਾ ਕਰਨ ਲੱਗਦਾ ਹੈ ਪਿਛਲੇ ਅਪਰਾਧਾਂ 'ਤੇ ਸ਼ਰਮਿੰਦਗੀ ਹੁੰਦੀ ਹੈ, ਅੱਗੋਂ ਲਈ ਉਹ ਈਸ਼ਵਰ ਤੋਂ ਪ੍ਰਾਰਥਨਾ ਕਰਦਾ ਹੈ ਕਿ ਉਹ ਆਗਿਆ ਪਾਲਣ ਦਾ ਬਲ ਬਖ਼ਸ਼ੇ। ਇਬਾਦਤ, ਰੱਬ ਦੇ ਸਿਮਰਨ ਤੇ ਗੁਣਗਾਣ ਵਿੱਚ ਅਨੰਦ ਆਉਣ ਲਗਦਾ ਹੈ। ਸਜਦੇ[1] ਲੰਬੇ-

---

*(1) ਝੁਕਨਾ, ਸਿਰ ਜ਼ਮੀਨ ਤੇ ਰੱਖ ਦੇਣਾ, ਮੂੰਹ ਦੇ ਬਲ ਬਿਛ ਜਾਣਾ, ਸਜਦਾ ਨਮਾਜ਼ ਦਾ ਇੱਕ ਵਿਸ਼ੇਸ਼ ਭਾਗ ਹੈ ਜਿਸ ਵਿੱਚ ਮਨੁੱਖ ਈਸ਼ਵਰ ਦੀ ਪ੍ਰਸ਼ੰਸਾ ਕਰਦਾ ਹੈ ਅਤੇ ਉਸ ਦੀ ਮਹਾਨਤਾ ਦੇ ਅੱਗੇ ਆਪਣਾ ਸਿਰ ਜ਼ਮੀਨ ਤੇ ਰੱਖ ਦਿੰਦਾ ਹੈ।*

ਲੰਬੇ ਹੋਣ ਲਗਦੇ ਹਨ ਤੇ ਦੇਰ ਤੱਕ ਸਿਰ ਚੁੱਕਣ ਨੂੰ ਜੀ ਨਹੀਂ ਕਰਦਾ। ਕੁਰਆਨ ਦਾ ਪਾਠ ਕਰਦਾ ਹੈ ਤਾਂ ਉਸ ਵਿੱਚ ਕੁੱਝ ਅਨੰਦ ਹੀ ਹੋਰ ਆਉਂਦਾ ਹੈ। ਰੋਜ਼ਾ ਰੱਖਦਾ ਹੈ ਤਾਂ ਉਹਦੀ ਮਿਠਾਸ ਹੀ ਕੁਝ ਹੋਰ ਹੁੰਦੀ ਹੈ। ਫੇਰ ਜਦ ਉਹ ਹਿਜਾਜ਼ ਦੇ ਭੂ-ਭਾਗ ਵਿੱਚ ਪ੍ਰਵੇਸ਼ ਕਰਦਾ ਹੈ ਤਾਂ ਇਸਲਾਮ ਦਾ ਸਾਰਾ ਪ੍ਰਾਰੰਭਕ ਇਤਿਹਾਸ ਉਸ ਦੀਆਂ ਅੱਖਾਂ ਸਾਹਮਣੇ ਫਿਰ ਜਾਂਦਾ ਹੈ। ਪੈਰ-ਪੈਰ ਉੱਤੇ ਈਸ਼ਵਰ ਪ੍ਰੇਮੀਆਂ ਤੇ ਉਸਦੇ ਨਾਂ ਤੇ ਪ੍ਰਾਣ ਨਿਛਾਵਰ ਕਰਨ ਵਾਲਿਆਂ ਦੇ ਚਿੰਨ੍ਹ ਵਿਖਾਈ ਦਿੰਦੇ ਹਨ। ਉਥੋਂ ਦੀ ਰੇਤ ਦਾ ਇੱਕ-ਇੱਕ ਕਣ ਇਸਲਾਮ ਦੀ ਮਹਾਨਤਾ ਦਾ ਗਵਾਹ ਹੈ ਅਤੇ ਉੱਥੋਂ ਦੀ ਹਰੇਕ ਕੰਕਰੀ ਪੁਕਾਰਦੀ ਹੈ ਕਿ ਇਹ ਹੈ ਉਹ ਧਰਤੀ, ਜਿੱਥੋਂ ਖ਼ੁਦਾ ਦਾ ਕਲਮਾ ਬੁਲੰਦ ਹੋਇਆ ਹੈ। ਇਸ ਤਰ੍ਹਾਂ ਮੁਸਲਮਾਨ ਦਾ ਦਿਲ ਖ਼ੁਦਾ ਦੀ ਮੁਹੱਬਤ ਅਤੇ ਇਸਲਾਮ ਦੇ ਪ੍ਰੇਮ ਨਾਲ ਭਰ ਜਾਂਦਾ ਹੈ। ਉੱਥੋਂ ਇਹ ਅਜਿਹਾ ਡੂੰਘਾ ਪ੍ਰਭਾਵ ਲੈ ਕੇ ਪਰਤਦਾ ਹੈ ਜਿਹੜਾ ਜੀਵਨ ਦੇ ਆਖ਼ਰੀ ਪਲ ਤੱਕ ਦਿਲ ਤੋਂ ਦੂਰ ਨਹੀਂ ਹੁੰਦਾ।

ਦੀਨ ਦੇ ਲਾਭਾਂ ਦੇ ਨਾਲ-ਨਾਲ ਅੱਲਾਹ ਨੇ ਹੱਜ ਵਿੱਚ ਅਣਗਿਣਤ ਸੰਸਾਰਕ ਲਾਭ ਵੀ ਰੱਖੇ ਹਨ। ਹੱਜ ਕਾਰਨ ਮੱਕਾ ਸੰਪੂਰਨ ਸੰਸਾਰ ਦੇ ਮੁਸਲਮਾਨਾਂ ਦਾ ਕੇਂਦਰ ਬਣਾ ਦਿੱਤਾ ਗਿਆ ਹੈ। ਧਰਤੀ ਦੇ ਹਰੇਕ ਭਾਗ 'ਚੋਂ ਅੱਲਾਹ ਦਾ ਨਾ ਲੈਣ ਵਾਲੇ ਇੱਕੋ ਸਮੇਂ ਵਿੱਚ ਉੱਥੇ ਇਕੱਤਰ ਹੋ ਜਾਂਦੇ ਹਨ। ਇੱਕ ਦੂਜੇ ਨੂੰ ਮਿਲਦੇ ਹਨ, ਆਪਸ ਵਿੱਚ ਇਸਲਾਮੀ ਪ੍ਰੇਮ ਦੀ ਸਥਾਪਨਾ ਹੋ ਜਾਂਦੀ ਹੈ ਅਤੇ ਇਹ ਗੱਲ ਦਿਲ ਵਿੱਚ ਉੱਤਰ ਜਾਂਦੀ ਹੈ ਮੁਸਲਮਾਨ ਭਾਵੇਂ ਕਿਸੇ ਦੇਸ ਜਾਂ ਕਿਸੇ ਵੰਸ਼ ਦੇ ਹੋਣ, ਸਭ ਇੱਕ ਦੂਜੇ ਦੇ ਭਾਈ ਹਨ ਅਤੇ ਇੱਕ ਜਾਤੀ ਹਨ। ਇਸ ਤਰ੍ਹਾਂ ਹੱਜ ਇੱਕ ਪਾਸੇ ਅੱਲਾਹ ਦੀ ਇਬਾਦਤ ਹੈ ਤੇ ਇਸ ਦੇ ਨਾਲ ਹੀ ਸੰਪੂਰਨ ਜਗਤ ਦੇ ਮੁਸਲਮਾਨਾਂ ਦੀ ਕਾਨਫਰੰਸ ਵੀ ਹੈ। ਇਸ ਦੇ ਨਾਲੋ-ਨਾਲ ਮੁਸਲਮਾਨਾਂ ਦੇ ਵਿਸ਼ਵ ਵਿਆਪੀ ਭਾਈਚਾਰੇ ਵਿੱਚ ਏਕਤਾ ਪੈਦਾ ਕਰਨ ਦਾ ਸਭ ਤੋਂ ਵੱਡਾ ਸਾਧਨ ਵੀ।

## ਇਸਲਾਮ ਦੀ ਸਹਾਇਤਾ

ਆਖਰੀ ਜ਼ਰੂਰੀ ਚੀਜ਼ ਜਿਹੜੀ ਤੁਹਾਡੇ ਲਈ ਨਿਸ਼ਚਿਤ ਕੀਤੀ ਗਈ ਹੈ ਉਹ ਇਸਲਾਮ ਦੀ ਸਹਾਇਤਾ ਹੈ। ਭਾਵੇਂ ਇਹ ਇਸਲਾਮ ਦੇ ਥੰਮ੍ਹਾਂ ਵਿੱਚੋਂ ਨਹੀਂ ਹੈ ਪਰੰਤੂ ਇਹ ਇਸਲਾਮ ਦੀਆਂ ਜ਼ਰੂਰੀ ਚੀਜ਼ਾਂ ਵਿੱਚੋਂ ਇੱਕ ਮਹੱਤਵਪੂਰਨ ਚੀਜ਼ ਹੈ। ਕੁਰਆਨ ਤੇ ਹਦੀਸ ਵਿੱਚ ਇਸ ਚੀਜ਼ ਉੱਤੇ ਬਹੁਤ ਜ਼ੋਰ ਦਿੱਤਾ ਗਿਆ ਹੈ।

Scanned with CamScanner

ਇਸਲਾਮ ਦੀ ਸਹਾਇਤਾ ਕੀ ਚੀਜ਼ ਹੈ ਤੇ ਕਿਉਂ ਇਸ ਨੂੰ ਜ਼ਰੂਰੀ ਕੀਤਾ ਗਿਆ ਹੈ ?ਇਸਨੂੰ ਤੁਸੀਂ ਇੱਕ ਉਦਾਹਰਣ ਰਾਹੀਂ ਅਸਾਨੀ ਨਾਲ ਸਮਝ ਸਕਦੇ ਹੋ। ਮੰਨ ਲਉ ਇੱਕ ਵਿਅਕਤੀ ਤੁਹਾਡੇ ਨਾਲ ਮਿੱਤਰਤਾ ਗੰਢਦਾ ਹੈ ਪਰੰਤੂ ਹਰ ਪ੍ਰੀਖਿਆ ਸਮੇਂ ਇਹ ਸਿੱਧ ਹੁੰਦਾ ਹੈ ਕਿ ਉਸਨੂੰ ਤੁਹਾਡੇ ਨਾਲ ਕੋਈ ਹਮਦਰਦੀ ਨਹੀਂ। ਉਹ ਤੁਹਾਡੇ ਲਾਭ-ਹਾਨੀ ਦੀ ਕੋਈ ਚਿੰਤਾ ਨਹੀਂ ਕਰਦਾ। ਜਿਸ ਕੰਮ ਵਿੱਚ ਤੁਹਾਨੂੰ ਹਾਨੀ ਹੁੰਦੀ ਹੋਵੇ ਉਸ ਨੂੰ ਉਹ ਆਪਣੇ ਨਿੱਜੀ ਲਾਭ ਦੇ ਲਈ ਬਿਨਾਂ ਝਿਜਕ ਕਰ ਸੁਟਦਾ ਹੈ। ਜਿਸ ਕੰਮ ਵਿੱਚ ਤੁਹਾਨੂੰ ਲਾਭ ਹੁੰਦਾ ਹੋਵੇ ਉਸ ਵਿੱਚ ਸਹਿਯੋਗ ਕਰਨ ਤੋਂ ਉਹ ਕੇਵਲ ਇਸ ਲਈ ਬਚਦਾ ਹੈ ਕਿ ਉਸ ਵਿੱਚ ਉਹਦਾ ਆਪਣਾ ਕੋਈ ਲਾਭ ਨਹੀਂ। ਤੁਸੀਂ ਕਿਸੇ ਸੰਕਟ ਵਿੱਚ ਘਿਰ ਜਾਉ ਤਾਂ ਤੁਹਾਡੀ ਕੋਈ ਸਹਾਇਤਾ ਨਹੀਂ ਕਰਦਾ। ਤੁਹਾਡੀ ਕਿਧਰੇ ਬੁਰਾਈ ਕੀਤੀ ਜਾ ਰਹੀ ਹੋਵੇ ਤਾਂ ਉਹ ਆਪਣੀ ਬੁਰਾਈ ਕਰਨ ਵਾਲਿਆਂ ਵਿੱਚ ਰਲ ਜਾਂਦਾ ਹੈ ਜਾਂ ਘੱਟੋ-ਘੱਟ ਤੁਹਾਡੀ ਬੁਰਾਈ ਨੂੰ ਚੁੱਪਚਾਪ ਸੁਣਦਾ ਹੈ। ਤੁਹਾਡੇ ਦੁਸ਼ਮਣ ਤੁਹਾਡੇ ਵਿਰੁੱਧ ਕੋਈ ਕਾਰਵਾਈ ਕਰਨ ਤਾਂ ਉਹ ਉਹਨਾਂ ਨਾਲ ਮਿਲ ਜਾਂਦਾ ਹੈ ਜਾਂ ਘੱਟੋ-ਘੱਟ ਤੁਹਾਨੂੰ ਉਹਨਾਂ ਦੀਆਂ ਚਾਲਾਂ ਤੋਂ ਬਚਾਉਣ ਲਈ ਰੱਤੀ ਭਰ ਵੀ ਕੋਸ਼ਿਸ਼ ਨਹੀਂ ਕਰਦਾ। ਦੱਸੋ! ਕੀ ਤੁਸੀਂ ਅਜਿਹੇ ਵਿਅਕਤੀ ਨੂੰ ਆਪਣਾ ਮਿੱਤਰ ਸਮਝੋਗੇ ? ਆਪ ਨਿਸ਼ਚਿਤ ਰੂਪ 'ਚ ਕਹੋਗੇ ਬਿਲਕੁਲ ਵੀ ਨਹੀਂ। ਇਸ ਲਈ ਕਿ ਉਹ ਕੇਵਲ ਮੂੰਹ ਨਾਲ ਮਿੱਤਰਤਾ ਦਾ ਦਾਅਵਾ ਜ਼ਰੂਰ ਕਰਦਾ ਹੈ ਪਰੰਤੂ ਵਾਸਤਵ ਵਿੱਚ ਮਿੱਤਰਤਾ ਉਹਦੇ ਮਨ ਵਿੱਚ ਨਹੀਂ। ਮਿੱਤਰਤਾ ਦਾ ਅਰਥ ਤਾਂ ਇਹ ਹੈ ਮਨੁੱਖ ਜਿਸਦਾ ਮਿੱਤਰ ਹੋਵੇ ਉਹਦੇ ਨਾਲ ਉਸਨੂੰ ਸਨੇਹ ਹੋਵੇ ਹਮਦਰਦੀ ਹੋਵੇ, ਉਸ ਦਾ ਭਲਾ ਚਾਹੇ, ਸਮੇਂ 'ਤੇ ਉਸ ਦੇ ਕੰਮ ਆਵੇ, ਦੁਸ਼ਮਣ ਦੇ ਮੁਕਾਬਲੇ ਵਿੱਚ ਉਸਦੀ ਸਹਾਇਤਾ ਕਰੇ, ਉਸ ਦੀ ਬੁਰਾਈ ਸੁਣਨ ਲਈ ਤਿਆਰ ਨਾ ਹੋਵੇ। ਜੇਕਰ ਇਹ ਗੁਣ ਉਸ ਵਿੱਚ ਨਹੀਂ ਤਾਂ ਉਹ ਕਪਟੀ ਹੈ। ਉਸਦੀ ਮਿੱਤਰਤਾ ਦਾ ਦਾਅਵਾ ਝੂਠਾ ਹੈ।

ਇਸ ਉਦਾਹਰਣ ਦੁਆਰਾ ਤੁਸੀਂ ਸਮਝ ਸਕਦੇ ਹੋ ਕਿ ਜਦੋਂ ਤੁਸੀਂ ਮੁਸਲਮਾਨ ਹੋਣ ਦਾ ਦਾਵ੍ਹਾ ਕਰਦੇ ਹੋ ਤਾਂ ਤੁਹਾਡੇ ਲਈ ਕਿਹੜੀ ਚੀਜ਼ ਜ਼ਰੂਰੀ ਹੁੰਦੀ ਹੈ। ਮੁਸਲਮਾਨ ਹੋਣ ਦਾ ਅਰਥ ਹੈ ਕਿ ਤੁਹਾਡੇ ਵਿੱਚ ਇਸਲਾਮੀ ਅਣਖ ਤੇ ਈਮਾਨੀ ਆਤਮ ਸੱਮਾਨ ਹੋਵੇ। ਇਸਲਾਮ ਨਾਲ ਸਨੇਹ ਅਤੇ ਆਪਣੇ ਮੁਸਲਮਾਨ ਭਰਾਵਾਂ ਨਾਲ ਸੱਚੀ ਹਮਦਰਦੀ ਹੋਵੇ। ਤੁਸੀਂ ਭਾਵੇਂ ਸੰਸਾਰ ਦਾ ਕੋਈ ਵੀ ਕੰਮ ਕਰੋ, ਉਸ

Scanned with CamScanner

ਵਿੱਚ ਮੁਸਲਮਾਨਾਂ ਦੀ ਭਲਾਈ ਤੇ ਇਸਲਾਮ ਦਾ ਲਾਭ ਹਮੇਸ਼ਾ ਤੁਹਾਡੇ ਸਾਹਮਣੇ ਰਹੇ।ਆਪਣੇ ਕਿਸੇ ਨਿੱਜੀ ਲਾਭ ਲਈ ਜਾਂ ਆਪਣੀ ਕਿਸੇ ਨਿਜੀ ਹਾਨੀ ਤੋਂ ਬਚਣ ਲਈ ਕਦੇ ਕੋਈ ਅਜਿਹਾ ਕੰਮ ਨਾ ਕਰੋ ਜਿਹੜਾ ਇਸਲਾਮ ਦੇ ਉਦੇਸ਼ ਅਤੇ ਮੁਸਲਮਾਨਾਂ ਦੇ ਹਿਤ ਦੇ ਵਿਰੁੱਧ ਹੋਵੇ।ਹਰੇਕ ਉਸ ਕੰਮ ਵਿੱਚ ਤਨ, ਮਨ ਅਤੇ ਧਨ ਨਾਲ ਹਿੱਸਾ ਲਉ ਜਿਹੜਾ ਇਸਲਾਮ ਤੇ ਮੁਸਲਮਾਨਾਂ ਲਈ ਲਾਭਕਾਰੀ ਹੋਵੇ।ਉਸ ਹਰੇਕ ਕੰਮ ਤੋਂ ਦੂਰ ਰਹੋ ਜਿਹੜਾ ਇਸਲਾਮ ਤੇ ਮੁਸਲਮਾਨਾਂ ਲਈ ਹਾਨੀਕਾਰਕ ਹੋਵੇ।ਆਪਣੇ ਧਰਮ ਅਤੇ ਆਪਣੇ ਧਾਰਮਿਕ ਭਾਈਚਾਰੇ ਦੇ ਮਾਣ ਨੂੰ ਆਪਣਾ ਅਪਮਾਣ ਸਹਿਣ ਨਹੀਂ ਕਰ ਸਕਦੇ ਉਸੇ ਤਰ੍ਹਾਂ ਇਸਲਾਮ ਅਤੇ ਮੁਸਲਮਾਨਾਂ ਦੇ ਅਪਮਾਣ ਨੂੰ ਵੀ ਨਾ ਸਹਿਣ ਕਰੋ। ਜਿਸ ਤਰ੍ਹਾਂ ਤੁਸੀਂ ਆਪਣੇ ਵਿਰੁੱਧ ਆਪਣੇ ਦੁਸ਼ਮਣ ਦਾ ਸਾਥ ਨਹੀਂ ਦਿੰਦੇ ਉਸੇ ਤਰ੍ਹਾਂ ਇਸਲਾਮ ਤੇ ਮੁਸਲਮਾਨਾਂ ਦੇ ਦੁਸ਼ਮਣ ਦਾ ਵੀ ਸਾਥ ਨਾ ਦਿਉ। ਜਿਸ ਤਰ੍ਹਾਂ ਤੁਸੀਂ ਆਪਣੇ ਧਨ, ਪ੍ਰਾਣ ਤੇ ਇੱਜ਼ਤ ਦੀ ਰੱਖਿਆ ਲਈ ਹਰ ਤਰ੍ਹਾਂ ਦੀ ਕੁਰਬਾਨੀ ਲਈ ਤਿਆਰ ਹੋ ਜਾਂਦੇ ਹੋ ਉਸੇ ਤਰ੍ਹਾਂ ਮੁਸਲਮਾਨਾਂ ਤੇ ਇਸਲਾਮ ਦੀ ਰੱਖਿਆ ਲਈ ਵੀ ਹਰ ਤਰ੍ਹਾਂ ਦਾ ਬਲੀਦਾਨ ਦੇਣ ਲਈ ਤਿਆਰ ਰਹੋ। ਇਹ ਗੁਣ ਉਸ ਹਰ ਵਿਅਕਤੀ ਵਿੱਚ ਹੋਣੇ ਚਾਹੀਦੇ ਹਨ ਜਿਹੜਾ ਆਪਣੇ ਆਪ ਨੂੰ ਮੁਸਲਮਾਨ ਕਹਿੰਦਾ ਹੈ ਨਹੀਂ ਤਾਂ ਉਸ ਦੀ ਗਿਣਤੀ ਮੁਨਾਫ਼ਕਾਂ (ਕਪਟਾ ਚਾਰੀਆਂ) ਵਿੱਚ ਹੋਵੇਗੀ। ਉਸਦਾ ਆਚਰਣ ਖ਼ੁਦ ਉਸ ਦੇ ਮੌਖਿਕ ਦਾਅਵੇ ਨੂੰ ਝੂਠਾ ਸਿੱਧ ਕਰ ਦੇਵੇਗਾ।

ਇਸ ਇਸਲਾਮ ਦੀ ਸਹਾਇਤਾ ਦੀ ਇੱਕ ਸ਼ਾਖ ਉਹ ਹੈ ਜਿਸਨੂੰ ਸ਼ਰੀਅਤ (ਧਰਮ-ਸ਼ਾਸਤਰ) ਦੀ ਭਾਸ਼ਾ ਵਿੱਚ ਜਿਹਾਦ ਕਹਿੰਦੇ ਹਨ। ਜਿਹਾਦ ਦਾ ਸ਼ਬਦੀ ਅਰਥ ਹੈ ਕਿਸੇ ਕੰਮ ਵਿੱਚ ਆਪਣੀ ਸੰਪੂਰਨ ਸ਼ਕਤੀ ਲਗਾ ਦੇਣਾ। ਇਸ ਅਰਥ ਪੱਖੋਂ ਜਿਹੜਾ ਵਿਅਕਤੀ ਅੱਲਾਹ ਦੇ ਕਲਮੇ ਨੂੰ ਉੱਚਾ ਚੁੱਕਣ ਲਈ ਰੁਪਏ ਨਾਲ, ਜ਼ੁਬਾਨ ਨਾਲ, ਕਲਮ ਨਾਲ ਤੇ ਹੱਥਾਂ ਪੈਰਾਂ ਨਾਲ ਕੋਸ਼ਿਸ਼ ਕਰਦਾ ਹੈ, ਉਹ ਵੀ ਜਿਹਾਦ ਹੀ ਕਰਦਾ ਹੈ ਪਰੰਤੂ ਵਿਸ਼ੇਸ਼ ਕਰਕੇ ਜਿਹਾਦ ਸ਼ਬਦ ਉਸ ਜੰਗ ਲਈ ਪ੍ਰਯੋਗ ਕੀਤਾ ਜਾਂਦਾ ਹੈ ਜਿਹੜੀ ਸਾਰੇ ਸੰਸਾਰਕ ਸੁਆਰਥਾਂ ਤੋਂ ਹਟਕੇ ਕੇਵਲ ਅੱਲਾਹ ਲਈ ਇਸਲਾਮ ਦੇ ਦੁਸ਼ਮਣਾਂ ਨਾਲ ਕੀਤੀ ਜਾਵੇ। ਸ਼ਰੀਅਤ ਵਿੱਚ ਇਸ ਜਿਹਾਦ ਨੂੰ 'ਫ਼ਰਜ਼ ਕਿਫ਼ਾਯਾ' ਕਹਿੰਦੇ ਹਨ ਅਰਥ ਇਹ ਅਜਿਹਾ ਜ਼ਰੂਰੀ ਕੰਮ ਹੈ ਜਿਹੜਾ ਸਮੁੱਚੇ

ਮੁਸਲਮਾਨਾਂ ਲਈ ਤਾਂ ਹੈ, ਪਰੰਤੂ ਜੇਕਰ ਇੱਕ ਵਰਗ ਇਸ ਦੀ ਪਾਲਣਾ ਕਰ ਦੇਵੇ ਤਾਂ ਬਾਕੀ ਲੋਕਾਂ ਤੋਂ ਵੀ ਇਸ ਦੇ ਪਾਲਣ ਕਰਨ ਦਾ ਭਾਰ ਲੱਥ ਜਾਂਦਾ ਹੈ। ਹਾਂ, ਜੇਕਰ ਕਿਸੇ ਇਸਲਾਮੀ ਦੇਸ਼ ਉੱਤੇ ਦੁਸ਼ਮਣਾਂ ਦਾ ਹਮਲਾ ਹੋਵੇ ਤਾਂ ਇਸ ਅਵਸਥਾ ਵਿੱਚ ਉਸ ਦੇਸ਼ ਦੇ ਸਾਰੇ ਵਾਸੀਆਂ ਲਈ ਨਮਾਜ਼ ਤੇ ਰੋਜ਼ੇ ਵਾਂਗ ਜ਼ਰੂਰੀ ਹੋ ਜਾਂਦਾ ਹੈ। ਉਹ ਜੇਕਰ ਮੁਕਾਬਲੇ ਦੀ ਸਮਰਥਾ ਨਾ ਰੱਖਦੇ ਹੋਣ ਤਾਂ ਉਹਨਾਂ ਦੇ ਨੇੜੇ ਜਿਹੜੇ ਮੁਸਲਮਾਨ ਦੇਸ ਸਥਿਤ ਹੋਣ ਉੱਥੋਂ ਦੇ ਹਰੇਕ ਮੁਸਲਮਾਨ ਲਈ ਲਾਜ਼ਮੀ ਹੋ ਜਾਂਦਾ ਹੈ ਕਿ ਜਾਨ ਤੇ ਮਾਲ ਨਾਲ ਉਹਨਾਂ ਦੀ ਸਹਾਇਤਾ ਕਰੇ ਜੇਕਰ ਉਹਨਾਂ ਦੀ ਸਹਾਇਤਾ ਨਾਲ ਦੁਸ਼ਮਣ ਦੇ ਹਮਲੇ ਨੂੰ ਰੋਕਿਆ ਨਾ ਜਾ ਸਕੇ ਤਾਂ ਸਾਰੇ ਜਗਤ ਦੇ ਮੁਸਲਮਾਨਾਂ ਲਈ ਉਹਨਾਂ ਦੀ ਸਹਾਇਤਾ ਕਰਨੀ ਉਸੇ ਤਰ੍ਹਾਂ ਜ਼ਰੂਰੀ ਹੋ ਜਾਂਦੀ ਹੈ ਜਿਸ ਤਰ੍ਹਾਂ ਨਮਾਜ਼, ਰੋਜ਼ਾ ਜ਼ਰੂਰੀ ਹੈ। ਅਰਥਾਤ ਜੇਕਰ ਕੋਈ ਇੱਕ ਵਿਅਕਤੀ ਵੀ ਇਸ ਕਰਤੱਵ ਦੀ ਪਾਲਣਾ ਤੋਂ ਕੁਤਾਹੀ ਕਰੇਗਾ ਤਾਂ ਗੁਨਾਹਗਾਰ (ਪਾਪੀ) ਹੋਵੇਗਾ। ਇਸ ਤਰ੍ਹਾਂ ਦੀਆਂ ਹਾਲਤਾਂ ਵਿੱਚ ਜਿਹਾਦ ਦਾ ਮਹੱਤਵ ਨਮਾਜ਼ ਤੇ ਰੋਜ਼ੇ ਨਾਲੋਂ ਵੀ ਅਧਿਕ ਹੋ ਜਾਂਦਾ ਹੈ। ਇਸ ਲਈ ਕਿ ਉਹ ਸਮਾਂ ਈਮਾਨ ਦੀ ਪਰੀਖਿਆ ਦਾ ਹੁੰਦਾ ਹੈ। ਜਿਹੜਾ ਵਿਅਕਤੀ ਸੰਕਟ ਸਮੇਂ ਇਸਲਾਮ ਦੇ ਤੇ ਮੁਸਲਮਾਨਾਂ ਦਾ ਸਾਥ ਨਾ ਦੇਵੇ ਉਸਦਾ ਈਮਾਨ ਹੀ ਸ਼ੱਕੀ ਹੈ। ਫੇਰ ਉਸ ਦੀ ਨਮਾਜ਼ ਤੇ ਰੋਜ਼ਾ ਕਿਸ ਕੰਮ ਦੇ ਹਨ ਤੇ ਉਹਨਾਂ ਦੀ ਕੀ ਕੀਮਤ ਹੈ ? ਜੇਕਰ ਕੋਈ ਕੋਈ ਬੇਭਾਗਾ ਅਜਿਹਾ ਹੋਵੇ ਕਿ ਉਸ ਸਮੇਂ ਇਸਲਾਮ ਤੇ ਮੁਸਲਮਾਨਾਂ ਦੇ ਵਿਰੁੱਧ ਦੁਸ਼ਮਣਾਂ ਦਾ ਸਾਥ ਦੇਵੇ ਤਾਂ ਉਹ ਨਿਰਸੰਦੇਹ ਮੁਨਾਫ਼ਕ (ਕਪਟਾਚਾਰੀ) ਹੈ। ਉਸ ਦੀ ਨਮਾਜ਼ ਉਸ ਦਾ ਰੋਜ਼ਾ, ਉਸ ਦੀ ਜ਼ਕਾਤ ਤੇ ਉਸ ਦਾ ਹੱਜ ਸਭ ਕੁੱਝ ਬੇਕਾਰ ਹੈ।

★ ★ ★ ★ ★

Scanned with CamScanner

# ਅਧਿਆਇ—6

# ਦੀਨ ਅਤੇ ਸ਼ਰੀਅਤ

ਹੁਣ ਤੱਕ ਅਸੀਂ ਤੁਹਾਨੂੰ ਜਿਹੜੀਆਂ ਗੱਲਾਂ ਦੱਸੀਆਂ ਹਨ, ਉਹ ਸਾਰੀਆਂ ਦੀਨ ਦੀਆਂ ਗੱਲਾਂ ਸਨ। ਹੁਣ ਅਸੀਂ ਹਜ਼ਰਤ ਮੁਹੰਮਦ (ਸ.) ਦੀ ਸ਼ਰੀਅਤ (ਨੈਤਿਕ ਆਚਰਣ ਸ਼ਾਸਤਰ) ਦੇ ਬਾਰੇ ਤੁਹਾਨੂੰ ਕੁੱਝ ਦੱਸਾਂਗੇ ਪਰੰਤੂ ਸਭ ਤੋਂ ਪਹਿਲਾਂ ਤੁਹਾਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਸ਼ਰੀਅਤ ਕਿਸ ਨੂੰ ਆਖਦੇ ਹਨ। ਸ਼ਰੀਅਤ ਤੇ ਦੀਨ ਵਿੱਚ ਕੀ ਅੰਤਰ ਹੈ।

## ਦੀਨ ਤੇ ਸ਼ਰੀਅਤ ਦਾ ਅੰਤਰ

ਪਿਛਲੇ ਪਾਠਾਂ ਵਿੱਚ ਤੁਹਾਨੂੰ ਦੱਸਿਆ ਜਾ ਚੁਕਿਆ ਹੈ ਕਿ ਸਾਰੇ ਨਬੀ ਇਸਲਾਮ ਧਰਮ ਦੀ ਸਿੱਖਿਆ ਦਿੰਦੇ ਚਲੇ ਆਏ ਹਨ। ਧਰਮ ਇਸਲਾਮ ਇਹ ਹੈ ਕਿ ਤੁਸੀਂ ਈਸ਼ਵਰ ਦੀ ਹਕੂਮਤ ਤੇ ਉਸ ਦੇ ਗੁਣਾਂ, ਆਖ਼ਰਤ ਦੇ (ਦਿਨ ਮਿਲਣ ਵਾਲੇ) ਪੁਰਸਕਾਰ ਤੇ ਦੰਡ ਉੱਤੇ ਉਸੇ ਤਰ੍ਹਾਂ ਈਮਾਨ ਲਿਆਉ ਜਿਸ ਤਰ੍ਹਾਂ ਈਸ਼ਵਰ ਦੇ ਸੱਚੇ ਪੈਗ਼ੰਬਰਾਂ ਨੇ ਸਿੱਖਿਆ ਦਿੱਤੀ ਹੈ। ਈਸ਼ਵਰ ਦੇ ਗ੍ਰੰਥਾਂ ਨੂੰ ਮੰਨੋ, ਸਾਰੇ ਮਨਮਾਨੇ ਤਰੀਕੇ ਛੱਡਕੇ ਉਸੇ ਤਰੀਕੇ ਨੂੰ ਸੱਚਾ ਸਮਝੋ ਜਿਸ ਵੱਲ ਉਹਨਾਂ ਗ੍ਰੰਥਾਂ ਵਿੱਚ ਮਾਰਗ ਦਰਸ਼ਨ ਕੀਤਾ ਗਿਆ ਹੈ। ਈਸ਼ਵਰ ਦੇ ਪੈਗ਼ੰਬਰ ਦੇ ਆਦੇਸ਼ਾਂ ਦਾ ਪਾਲਣ ਕਰੋ ਹੋਰ ਸਭ ਨੂੰ ਛੱਡ ਕੇ ਉਹਨਾਂ ਦੀ ਹੀ ਪੈਰਵੀ ਕਰੋ। ਅੱਲਾਹ ਦੀ ਇਬਾਦਤ ਵਿੱਚ ਕਿਸੇ ਨੂੰ ਸ਼ਰੀਕ ਨਾ ਕਰੋ। ਇਸੇ ਈਮਾਨ ਤੇ ਇਬਾਦਤ ਦਾ ਨਾਂ ਦੀਨ ਹੈ ਅਤੇ ਇਹ ਚੀਜ਼ ਸਾਰੇ ਨਬੀਆਂ ਦੀ ਸਿੱਖਿਆ ਵਿੱਚ ਸਮਾਨ ਹੈ।

ਇਸ ਪਿੱਛੋਂ ਇੱਕ ਚੀਜ਼ ਦੂਸਰੀ ਵੀ ਹੈ ਜਿਸ ਨੂੰ ਸ਼ਰੀਅਤ ਕਹਿੰਦ ਹਨ। ਅਰਥਾਤ ਇਬਾਦਤ ਦੇ ਤਰੀਕੇ, ਸਮਾਜਿਕ ਸਿਧਾਂਤ ਆਪਸ ਦੇ ਮਾਮਲਿਆਂ ਤੇ ਸਬੰਧਾਂ ਦੇ ਕਾਨੂੰਨ, ਹਰਾਮ ਤੇ ਹਲਾਲ (ਵਰਜਿਤ ਤੇ ਅਵਰਜਿਤ) ਦੀਆਂ ਸੀਮਾਵਾਂ ਆਦਿ। ਇਹਨਾਂ ਚੀਜ਼ਾਂ ਬਾਰੇ ਈਸ਼ਵਰ ਨੇ ਅਰੰਭ ਵਿੱਚ ਵਿਭਿੰਨ ਯੁੱਗਾਂ ਤੇ ਵਿਭਿੰਨ ਜਾਤੀਆਂ ਦੀ ਅਵਸਥਾ ਅਨੁਸਾਰ ਆਪਣੇ ਪੈਗ਼ੰਬਰਾਂ ਕੋਲ ਵਿਭਿੰਨ ਸ਼ਰੀਅਤਾਂ ਭੇਜੀਆਂ ਸਨ ਤਾਂ ਕਿ ਹਰੇਕ ਜਾਤੀ ਨੂੰ ਅੱਲਗ ਅਲੱਗ ਸ਼ਿਸ਼ਟਾਚਾਰ, ਸੱਭਿਅਤਾ ਤੇ

ਨੈਤਿਕ ਵਿਵਹਾਰ ਦੀ ਸਿੱਖਿਆ ਦੇ ਕੇ ਇੱਕ ਕਾਨੂੰਨ ਦੀ ਪੈਰਵੀ ਲਈ ਤਿਆਰ ਕਰਦੇ ਰਹਿਣ।ਜਦੋਂ ਇਹ ਕੰਮ ਮੁਕੰਮਲ ਹੋ ਗਿਆ ਤਾਂ ਅੱਲਾਹ ਨੇ ਹਜ਼ਰਤ ਮੁਹੰਮਦ (ਸ.) ਨੂੰ ਇੱਕ ਵੱਡਾ ਕਾਨੂੰਨ ਦੇ ਕੇ ਭੇਜ ਦਿੱਤਾ ਜਿਸ ਦੀਆਂ ਸਾਰੀਆਂ ਧਾਰਾਵਾਂ ਸਮੁੱਚੇ ਸੰਸਾਰ ਲਈ ਹਨ।ਹੁਣ ਦੀਨ ਤਾਂ ਉਹ ਹੀ ਹੈ ਜਿਹੜਾ ਪਿਛਲੇ ਨਬੀਆਂ ਨੇ ਸਿਖਾਇਆ ਸੀ ਪਰੰਤੂ ਪੁਰਾਣੀਆਂ ਸ਼ਰੀਅਤਾਂ ਰੱਦ ਕਰ ਦਿੱਤੀਆਂ ਗਈਆਂ ਹਨ ਅਤੇ ਉਹਨਾਂ ਦੀ ਥਾਂ ਅਜਿਹੀ ਸ਼ਰੀਅਤ ਸਥਾਪਤ ਕੀਤੀ ਗਈ ਹੈ ਜਿਸ ਵਿੱਚ ਸਾਰੇ ਮਨੁੱਖਾਂ ਲਈ ਇਬਾਦਤ ਦੇ ਤਰੀਕੇ, ਸਮਾਜਿਕ ਸਿਧਾਂਤ, ਆਪਸੀ ਮਾਮਲਿਆਂ ਦੇ ਕਾਨੂੰਨ ਤੇ ਹਲਾਲ, ਹਰਾਮ (ਵਰਜਿਤ, ਅਵਰਜਿਤ) ਦੀਆਂ ਹੱਦਾਂ ਸਮਾਨ ਹਨ।

## ਸ਼ਰੀਅਤ ਦੇ ਆਦੇਸ਼ ਪਤਾ ਕਰਨ ਦੇ ਸਾਧਨ

ਹਜ਼ਰਤ ਮੁਹੰਮਦ (ਸ.) ਦੀ ਸ਼ਰੀਅਤ ਦੇ ਸਿਧਾਂਤ ਤੇ ਆਦੇਸ਼ ਗਿਆਤ ਕਰਨ ਲਈ ਸਾਡੇ ਕੋਲ ਦੋ ਸਾਧਨ ਹਨ; ਇੱਕ ਕੁਰਆਨ ਤੇ ਦੂਜਾ ਹਦੀਸ। ਕੁਰਆਨ ਸੰਬਧੀ ਤਾਂ ਤੁਸੀਂ ਜਾਣਦੇ ਹੋ ਕਿ ਉਹ ਅੱਲਾਹ ਦਾ ਕਲਾਮ ਹੈ ਅਤੇ ਉਸਦਾ ਹਰੇਕ ਸ਼ਬਦ ਅੱਲਾਹ ਵੱਲੋਂ ਹੈ। ਰਹੀ ਹਦੀਸ ਤਾਂ ਇਸ ਦਾ ਮਤਲਬ ਉਹ ਗੱਲਾਂ ਹਨ ਜਿਹੜੀਆਂ ਅੱਲਾਹ ਦੇ ਰਸੂਲ (ਸ.) ਤੋਂ ਸਾਡੇ ਤੱਕ ਪਹੁੰਚਦੀਆਂ ਹਨ।ਅੱਲਾਹ ਦੇ ਰਸੂਲ (ਸ.) ਦਾ ਸਾਰਾ ਜੀਵਨ ਕੁਰਆਨ ਦੀ ਵਿਆਖਿਆ ਸੀ। ਨਬੀ (ਪੈਗੰਬਰ) ਹੋਣ ਤੋਂ ਲੈ ਕੇ 23 ਵਰ੍ਹਿਆਂ ਦੇ ਸਮੇਂ ਤੱਕ ਆਪ ਸਿੱਖਿਆ ਤੇ ਮਾਰਗ ਦਰਸ਼ਨ ਵਿੱਚ ਲੱਗੇ ਰਹੇ ਆਪਣੀ ਬਾਣੀ, ਆਪਣੇ ਵਿਵਹਾਰ ਨਾਲ ਲੋਕਾਂ ਨੂੰ ਦੱਸਦੇ ਰਹੇ ਕਿ ਅੱਲਾਹ ਦੀ ਇੱਛਾ ਅਨੁਸਾਰ ਜੀਵਨ ਬਤੀਤ ਕਰਨ ਦਾ ਤਰੀਕਾ ਕੀ ਹੈ ? ਇਸ ਮਹੱਤਵਪੂਰਨ ਜੀਵਨ ਵਿੱਚ ਸਹਾਬੀ[1] ਪੁਰਸ਼ ਤੇ ਇਸਤਰੀਆਂ ਤੇ ਖ਼ੁਦ ਮੁਹੰਮਦ (ਸ.) ਦੇ ਨਾਤੇਦਾਰ ਅਤੇ ਆਪਦੀਆਂ ਪਤਨੀਆਂ ਸਾਰੇ ਦੇ ਸਾਰੇ ਆਪ ਹੀ ਹਰੇਕ ਗੱਲ ਨੂੰ ਧਿਆਨ ਨਾਲ ਸੁਣਦੇ ਸਨ। ਹਰ ਕੰਮ ਉੱਤੇ ਨਿਗ੍ਹਾ ਰੱਖਦੇ ਸਨ, ਹਰ ਮਾਮਲੇ ਵਿੱਚ ਜੋ ਕੁੱਝ ਉਹਨਾਂ ਨੂੰ ਪੇਸ਼ ਆਉਂਦਾ ਸੀ। ਆਪ ਤੋਂ ਸ਼ਰੀਅਤ ਦਾ ਆਦੇਸ਼ ਪਤਾ ਕਰਦੇ ਸਨ।ਕਦੇ ਆਪ ਕਹਿੰਦੇ ਅਮਕਾ ਕੰਮ ਕਰੋ ਤੇ ਅਮਕਾ ਕੰਮ ਨਾ ਕਰੋ।ਜਿਹੜੇ ਲੋਕ ਹਾਜ਼ਰ ਹੁੰਦੇ ਸਨ ਉਹ ਇਸ ਆਦੇਸ਼ ਨੂੰ ਯਾਦ ਕਰ ਲੈਂਦੇ ਸਨ ਅਤੇ ਉਹਨਾਂ ਲੋਕਾਂ ਨੂੰ ਸੁਣਾ ਦਿੰਦੇ ਸਨ ਜਿਹੜੇ ਇਸ ਸਮੇਂ ਹਾਜ਼ਰ ਨਹੀਂ ਹੁੰਦੇ ਸਨ। ਇਸ ਤਰ੍ਹਾਂ ਕਦੇ ਕੋਈ ਕੰਮ ਆਪ ਕਿਸੇ ਵਿਸ਼ੇਸ਼ ਢੰਗ ਨਾਲ ਕਰਿਆ ਕਰਦੇ ਸਨ, ਦੇਖਣ ਵਾਲੇ ਉਸ ਨੂੰ ਵੀ ਚੇਤੇ ਰੱਖਦੇ ਸਨ।ਜਿਨ੍ਹਾਂ ਨੂੰ ਇਹ ਨਹੀਂ ਵੇਖਿਆ ਹੁੰਦਾ ਸੀ

Scanned with CamScanner

ਉਹਨਾਂ ਨੂੰ ਉਹ ਦੱਸ ਦਿਆ ਕਰਦੇ ਸਨ ਕਿ ਆਪਨੇ ਅਮਕਾ ਕੰਮ ਅਮਕੇ ਢੰਗ ਨਾਲ ਕੀਤਾ ਸੀ। ਇਸੇ ਤਰ੍ਹਾਂ ਕਦੇ ਕੋਈ ਵਿਅਕਤੀ ਆਪ (ਸ.) ਦੇ ਸਾਹਮਣੇ ਕੋਈ ਕੰਮ ਕਰਦਾ ਤਾਂ ਆਪ ਜਾਂ ਤਾਂ ਉਸ ਉੱਤੇ ਚੁੱਪ ਰਹਿੰਦੇ ਜਾਂ ਪ੍ਰਸੰਨਤਾ ਪ੍ਰਗਟ ਕਰਦੇ ਜਾਂ ਰੋਕ ਦਿੰਦੇ ਸਨ। ਇਹਨਾਂ ਸਾਰੀਆਂ ਗੱਲਾਂ ਨੂੰ ਵੀ ਲੋਕ ਸੁਰੱਖਿਅਤ ਕਰ ਲੈਂਦੇ ਸਨ। ਅਜਿਹੀਆਂ ਜਿੰਨੀਆਂ ਗੱਲਾਂ ਸਹਾਬੀ[1] ਪੁਰਸ਼ਾਂ ਤੇ ਇਸਤਰੀਆਂ ਤੋਂ ਲੋਕਾਂ ਨੇ ਸੁਣੀਆਂ ਉਹਨਾਂ ਨੂੰ ਕੁੱਝ ਲੋਕਾਂ ਨੇ ਯਾਦ ਕਰ ਲਿਆ, ਕੁੱਝ ਲੋਕਾਂ ਨੇ ਲਿਖ ਲਿਆ ਅਤੇ ਇਹ ਵੀ ਯਾਦ ਕਰ ਲਿਆ ਕਿ ਇਹ ਸੂਚਨਾ ਸਾਨੂੰ ਕਿਸ ਦੁਆਰਾ ਪਹੁੰਚੀ ਹੈ। ਫੇਰ ਇਹਨਾਂ ਸਾਰੇ ਉਲੇਖਾਂ ਨੂੰ ਹੌਲੀ-ਹੌਲੀ ਗ੍ਰੰਥਾਂ ਵਿੱਚ ਇਕੱਤਰ ਕਰ ਲਿਆ ਗਿਆ। ਇਸ ਤਰ੍ਹਾ ਹਦੀਸ ਦਾ ਵੱਡਾ ਭੰਡਾਰ ਹੋ ਗਿਆ, ਜਿਸ ਵਿੱਚ ਵਿਸ਼ੇਸ਼ ਰੂਪ ਨਾਲ ਇਮਾਮ ਮਾਲਿਕ, ਇਮਾਮ ਬੁਖ਼ਾਰੀ, ਇਮਾਮ ਮੁਸਲਿਮ, ਇਮਾਮ ਤਿਰਮਿਜ਼ੀ, ਇਮਾਮ ਅਬੂਦਾਊਦ, ਇਮਾਮ ਨਸਾਈ ਅਤੇ ਇਮਾਮ ਇਬਨੇ ਮਾਜਹ (ਇਹਨਾਂ ਸਾਰਿਆਂ ਉੱਪਰ ਅੱਲਾਹ ਦੀ ਦਇਆ ਹੋਵੇ) ਦੇ ਗ੍ਰੰਥ ਅਧਿਕ ਪ੍ਰਮਾਣਿਤ ਸਮਝੇ ਜਾਂਦੇ ਹਨ।

## ਫ਼ਿਕਹ

ਕੁਰਆਨ ਤੇ ਹਦੀਸ ਦੇ ਆਦੇਸ਼ਾਂ ਉੱਤੇ ਸੋਚ-ਵਿਚਾਰ ਕਰਕੇ ਕੁੱਝ ਧਰਮ ਦੇ ਵਿਸ਼ੇਸ਼ ਗਿਆਤਾ ਮਹਾਂਪੁਰਖਾਂ ਨੇ ਆਮਲੋਕਾਂ ਦੀ ਸੁਵਿਧਾ ਲਈ ਵਿਸਥਾਰਪੂਰਬਕ ਨਿਯਮ ਤੇ ਕਾਨੂੰਨ ਬਣਾ ਦਿੱਤੇ ਹਨ। ਜਿਹਨਾਂ ਨੂੰ ਫ਼ਿਕਹ ਕਿਹਾ ਜਾਂਦਾ ਹੈ। ਕਿਉਂਕਿ ਹਰ ਵਿਅਕਤੀ ਕੁਆਨ ਦੀਆਂ ਸਾਰੀਆਂ ਬਰੀਕੀਆਂ ਨੂੰ ਨਹੀਂ ਸਮਝ ਸਕਦਾ ਤੇ ਨਾ ਹਰ ਵਿਅਕਤੀ ਕੋਲ ਹਦੀਸ ਦਾ ਅਜਿਹਾ ਗਿਆਨ ਹੈ ਕਿ ਉਹ ਆਪ ਹੀ ਸ਼ਰੀਅਤ ਦੇ ਆਦੇਸ਼ ਪਤਾ ਕਰ ਸਕੇ। ਇਸ ਲਈ ਦੀਨ ਦੇ ਗਿਆਤਾ ਮਹਾਂਪੁਰਖਾਂ ਨੇ ਵਰ੍ਹਿਆਂ ਦੀ ਘਾਲਣਾ, ਸੋਚ-ਵਿਚਾਰ ਤੇ ਖੋਜ ਪਿੱਛੋਂ ਫ਼ਿਕਹ ਨੂੰ ਸੰਕਲਿਤ ਕੀਤਾ ਹੈ, ਉਹਨਾਂ ਦੇ ਇਸ ਅਹਿਸਾਨ ਤੇ ਭਾਰ ਤੋਂ ਸੰਸਾਰ ਦੇ ਸਾਰੇ ਮੁਸਲਮਾਨ ਕਦੇ ਭਾਰ ਮੁਕਤ ਨਹੀਂ ਹੋ ਸਕਦੇ। ਇਹ ਉਹਨਾਂ ਦੀ ਹੀ ਮਿਹਨਤ ਦਾ ਨਤੀਜਾ ਹੈ ਕਿ ਅੱਜ ਕਰੋੜਾਂ ਮੁਸਲਮਾਨ ਬਿਨਾਂ ਕਿਸੇ ਕਠਨਾਈ ਤੇ ਸ਼ਰੀਅਤ ਦਾ ਪਾਲਣ ਕਰ ਰਹੇ ਹਨ। ਕਿਸੇ ਨੂੰ ਅੱਲਾਹ ਦੇ ਰਸੂਲ ਦੇ ਆਦੇਸ਼ ਪਤਾ ਕਰਨ ਵਿੱਚ ਔਕੜ ਨਹੀਂ ਆਉਂਦੀ।

---

*(1) ਹਜ਼ਰਤ ਮੁਹੰਮਦ (ਸ.) ਦੇ ਸਾਥੀ।*

Scanned with CamScanner

ਅਰੰਭ ਵਿੱਚ ਬਹੁਤ ਸਾਰੇ ਮਹਾਂਪੁਰਖਾਂ ਨੇ ਫ਼ਿਕਹ ਦਾ ਆਪਣੇ-ਆਪਣੇ ਢੰਗ ਨਾਲ ਸੰਕਲਨ ਕੀਤਾ ਸੀ।ਪਰੰਤੂ ਹੌਲੀ-ਹੌਲੀ ਚਾਰ ਫ਼ਿਕਹ ਦੁਨੀਆਂ ਵਿੱਚ ਬਾਕੀ ਰਹਿ ਗਈਆਂ ਅਤੇ ਸੰਸਾਰ ਦੇ ਵਧੇਰੇ ਮੁਸਲਮਾਨ ਇਹਨਾਂ ਚਾਰਾਂ ਦਾ ਹੀ ਪਾਲਣ ਕਰਦੇ ਹਨ।

(1) ਇਮਾਮ ਅਬੂ ਹਨੀਫ਼ਾ ਦੀ ਫ਼ਿਕਹ ਜਿਸ ਦੇ ਸੰਕਲਨ ਵਿੱਚ ਇਮਾਮ ਅਬੂ ਯੂਸੁਫ, ਇਮਾਮ ਮੁਹੰਮਦ, ਇਮਾਮ ਜ਼ੁਫਰ ਅਤੇ ਅਜਿਹੇ ਹੀ ਕੁੱਝ ਹੋਰ ਵੱਡੇ-ਵੱਡੇ ਵਿਦਵਾਨਾਂ ਦੀ ਰਾਇ ਵੀ ਸ਼ਾਮਲ ਸੀ।ਇਸ ਨੂੰ ਹਨਫ਼ੀ ਫ਼ਿਕਹ ਕਿਹਾ ਜਾਂਦਾ ਹੈ।

(2) ਇਮਾਮ ਮਾਲਿਕ (ਰਹਿ.) ਦੀ ਫ਼ਿਕਹ ਇਹ ਫ਼ਿਕਹ ਏ ਮਾਲਿਕੀ ਦੇ ਨਾਂ ਨਾਲ ਪ੍ਰਸਿੱਧ ਹੈ।[2]

(3) ਇਮਾਮ ਸ਼ਾਫ਼ਈ ਦੀ ਫ਼ਿਕਹ ਇਹ ਫ਼ਿਕਹ-ਏ-ਸਾਫ਼ਈ ਕਹਾਉਂਦੀ ਹੈ।[3]

(4) ਇਮਾਮ ਅਹਿਮਦ ਬਿਨ ਹੰਬਲ (ਰਹਿ.) ਦੀ ਫ਼ਿਕਹ।ਇਸ ਨੂੰ ਫ਼ਿਕਹ-ਏ-ਹੰਬਲੀ ਕਹਿੰਦੇ ਹਨ।[4]

ਇਹ ਚਾਰੇ ਫ਼ਿਕਹ ਅੱਲਾਹ ਦੇ ਰਸੂਲ (ਸ.) ਪਿੱਛੋਂ ਦੋ ਸੌ ਵਰ੍ਹਿਆਂ ਦੇ ਅੰਦਰ-ਅੰਦਰ ਸੰਕਲਤ ਹੋ ਗਈਆਂ ਸਨ।[1] ਇਹਨਾਂ ਵਿੱਚ ਜਿਹੜੇ ਮਤ-ਭੇਦ ਪਾਏ ਜਾਂਦੇ ਹਨ।ਉਹ ਸਾਰੇ ਸੁਭਾਵਿਕ ਮਤ-ਭੇਦ ਹਨ।ਕੁੱਝ ਆਦਮੀ ਜਦੋਂ ਕਿਸੇ ਮਾਮਲੇ ਦੀ

---

*(1) ਹਜ਼ਰਤ ਅਬੂ ਹਨੀਫ਼ਾ ਸੰਨ 80 ਹਿਜਰੀ (611 ਈ:) ਵਿੱਚ ਪੈਦਾ ਹੋਏ। ਆਪ ਦਾ ਦਿਹਾਂਤ 150 ਹਿਜਰੀ (767 ਈ:) ਵਿੱਚ ਹੋਇਆ। ਇਸ ਫ਼ਿਕਹ ਨੂੰ ਮੰਨਣ ਵਾਲੇ ਅਧਿਕਤਰ ਤੁਰਕੀ, ਪਾਕਿਸਤਾਨ, ਭਾਰਤ, ਅਫ਼ਗਾਨਸਤਾਨ, ਟ੍ਰਾਂਸਜੋਰਡਨ, ਇੰਡੋਚੀਨ, ਚੀਨ ਸੋਵੀਅਤ ਸੰਘ ਵਿੱਚ ਮਿਲਦੇ ਹਨ।*

*(2) ਹਜ਼ਰਤ ਮਾਲਿਕ ਬਿਨ ਅਨਸ 93 ਹਿਜਰੀ (714 ਈ:) ਵਿੱਚ ਪੈਦਾ ਹੋਏ। ਆਪ ਦਾ ਦੇਹਾਂਤ 179 ਹਿਜਰੀ (798 ਇ: ਵਿੱਚ ਹੋਇਆ) ਇਸ ਫ਼ਿਕਹ ਦੀ ਪੈਰਵੀ ਕਰਨ ਵਾਲੇ ਵਿਸ਼ੇਸ਼ ਰੂਪ ਵਿੱਜ ਮਰਾਕਸ਼, ਅਲਜੀਰੀਆ, ਟਿਊਨਿਸ਼, ਸੂਡਾਨ, ਕੁਵੈਤ ਅਤੇ ਬਹਰੈਨ ਵਿੱਚ ਮਿਲਦੇ ਹਨ।*

*(3) ਹਜ਼ਰਤ ਮੁਹੰਮਦ ਬਿਨ ਇਦਰੀਸ ਅਲ-ਸਾਫ਼ਈ ਸੰਨ 150 ਹਿਜਰੀ (767 ਈ:) ਵਿੱਚ ਪੈਦਾ ਹੋਏ ਅਤੇ ਦਿਹਾਂਤ 240 ਹਿਜਰੀ (854 ਈ:) ਵਿੱਚ ਹੋਇਆ। ਆਪਦੇ ਅਨੁਯਾਈ ਅਧਿਕਤਰ ਫ਼ਲਸਤੀਨ, ਲਬਨਾਨ, ਮਿਸਰ, ਇਰਾਕ, ਸਾਊਦੀ ਅਰਬ, ਯਮਨ ਅਤੇ ਇੰਡੋਨੇਸ਼ੀਆ ਵਿੱਚ ਰਹਿੰਦੇ ਹਨ।*

*(4) ਹਜ਼ਰਤ ਇਮਾਮ ਅਹਮਦ ਬਿਨ ਹੰਬਲ ਸੰਨ 164 ਜਿਹਰੀ (780 ਈ:) ਵਿੱਚ ਪੈਦਾ ਹੋਏ। ਆਪਦਾ ਦਿਹਾਂਤ ਸੰਨ 241 ਹਿਜਰੀ (855 ਈ:) ਵਿੱਚ ਹੋਇਆ। ਆਪ ਦੀ ਫ਼ਿਕਰ ਦਾ ਪਾਲਣ ਕਰਨ ਵਾਲੇ ਵਧੇਰੇ ਕਰਕੇ ਸਾਊਦੀ ਅਰਬ, ਲਬਨਾਨ ਅਤੇ ਸੀਰੀਆ ਵਿੱਚ ਰਹਿੰਦੇ ਹਨ।*

Scanned with CamScanner

ਖੋਜ ਕਰਦੇ ਹਨ ਜਾਂ ਕਿਸੇ ਗੱਲ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਨ ਤਾਂ ਉਹਨਾਂ ਦੀ ਖੋਜ ਤੇ ਸਮਝ ਵਿੱਚ ਥੋੜ੍ਹਾ-ਬਹੁਤਾ ਮਤਭੇਦ ਜ਼ਰੂਰ ਹੁੰਦਾ ਹੈ। ਪਰੰਤੂ ਸਾਰੇ ਮੁਸਲਮਾਨ ਇਹਨਾਂ ਚਾਰਾਂ ਨੂੰ ਸੱਚ ਮੰਨਦੇ ਹਨ। ਕਿਉਂਕਿ ਇਹਨਾਂ ਦੇ ਸੰਕਲਨ ਕਰਤਾ ਸੱਚ-ਪ੍ਰੇਮੀ, ਸ਼ੁਭ ਸੰਕਲਪ ਵਾਲੇ, ਮੁਸਲਮਾਨਾਂ ਦੇ ਹਿਤੈਸ਼ੀ ਅਤੇ ਮਹਾਨ ਲੋਕ ਸਨ।

ਹਾਂ, ਇਹ ਸਪਸ਼ਟ ਹੈ ਕਿ ਇੱਕ ਮਾਮਲੇ ਵਿੱਚ ਇੱਕ ਹੀ ਤਰੀਕੇ ਦਾ ਪਾਲਣ ਕੀਤਾ ਜਾ ਸਕਦਾ ਹੈ। ਚਾਰ ਵੱਖ-ਵੱਖ ਤਰੀਕਿਆਂ ਦਾ ਪਾਲਣ ਨਹੀਂ ਕੀਤਾ ਜਾ ਸਕਦਾ। ਇਸ ਲਈ ਵਧੇਰੇ ਵਿਦਵਾਨ ਇਹ ਕਹਿੰਦੇ ਹਨ ਕਿ ਮੁਸਲਮਾਨਾਂ ਨੂੰ ਇਹਨਾਂ ਚਾਰਾਂ ਵਿਚੋਂ ਕਿਸੇ ਇੱਕ ਦਾ ਅਨੁਸਰਨ ਕਰਨਾ ਚਾਹੀਦਾ ਹੈ। ਇਹਨਾਂ ਤੋਂ ਹਟਕੇ ਵਿਦਵਾਨਾਂ ਦਾ ਇੱਕ ਵਰਗ ਅਜਿਹਾ ਵੀ ਹੈ ਜਿਹੜਾ ਇਹ ਕਹਿੰਦਾ ਹੈ ਕਿ ਕਿਸੇ ਵਿਸ਼ੇਸ਼ ਫ਼ਿਕਹ ਦੇ ਅਨੁਸਾਰ ਵਿਵਹਾਰ ਕਰਨ ਦੀ ਜ਼ਰੂਰਤ ਨਹੀਂ ਹੈ। ਗਿਆਨਵਾਨ ਵਿਅਕਤੀਆਂ ਨੂੰ ਸਿੱਧੇ ਕੁਰਆਨ ਤੇ ਹਦੀਸ ਤੋਂ ਆਦੇਸ਼ ਪਤਾ ਕਰਨੇ ਚਾਹੀਦੇ ਹਨ ਅਤੇ ਜਿਹੜੇ ਲੋਕ ਗਿਆਨਵਾਨ ਨਾ ਹੋਣ ਉਹਨਾਂ ਨੂੰ ਚਾਹੀਦਾ ਹੈ ਕਿ ਜਿਸ ਵਿਦਵਾਨ ਉੱਤੇ ਵੀ ਉਹਨਾਂ ਦਾ ਵਿਸ਼ਵਾਸ ਹੋਵੇ, ਉਸ ਦਾ ਅਨੁਸਰਨ ਕਰਨ। ਇਹ ਲੋਕ ਅਹਿਲੇ ਹਦੀਸ ਅਖਵਾਉਂਦੇ ਹਨ ਉਪਰੋਕਤ ਚਾਰੇ ਵਰਗਾਂ ਵਾਂਗ ਇਹ ਵੀ ਹੱਕ ਪਰ ਹਨ।

**ਤਸਵੁੱਫ਼**—ਫ਼ਿਕਹ ਦਾ ਸਬੰਧ ਮਨੁੱਖ ਦੇ ਸਪਸ਼ਟ ਵਿਵਹਾਰ ਨਾਲ ਹੈ। ਉਹ ਕੇਵਲ ਇਹ ਵੇਖਦੀ ਹੈ ਕਿ ਤੁਹਾਨੂੰ ਜਿਹੜਾ ਤੇ ਜਿਸ ਤਰ੍ਹਾਂ ਦਾ ਹੁਕਮ ਦਿੱਤਾ ਗਿਆ ਸੀ ਉਸਦਾ ਤੁਸੀਂ ਪਾਲਣ ਕੀਤਾ ਜਾਂ ਨਹੀਂ। ਜੇਕਰ ਪਾਲਣ ਕੀਤਾ ਤਾਂ ਫ਼ਿਕਹ ਇਸ ਤੇ ਕੁਝ ਵੀ ਬਹਿਸ ਨਹੀਂ ਕਰਦੀ ਕਿ ਤੁਹਾਡੇ ਮਨ ਦੀ ਕੀ ਹਾਲਤ ਸੀ। ਮਨੋਦਸ਼ਾ ਤੇ ਜਿਹੜੀ ਚੀਜ਼ ਵਿਚਾਰ ਕਰਦੀ ਹੈ ਉਸਦਾ ਨਾਂ ਤੱਸਵੁਫ਼ ਹੈ।[1] ਜਿਵੇਂ ਕਿ ਤੁਸੀਂ ਨਮਾਜ਼ ਪੜ੍ਹਦੇ ਹੋ। ਇਸ ਇਬਾਦਤ ਵਿੱਚ ਫ਼ਿਕਹ ਕੇਵਲ ਇਹ ਦੇਖਦੀ ਹੈ ਕਿ ਤੁਸਾਂ ਵਜ਼ੂ ਠੀਕ ਕੀਤਾ ਹੈ, ਕਾਬੇ ਵੱਲ ਨੂੰ ਮੂੰਹ ਕਰਕੇ ਖੜ੍ਹੇ ਹੋਏ ਹੋ। ਨਮਾਜ਼ ਦੇ ਸਾਰੇ ਅਰਕਾਨ ਦਾ ਪਾਲਣ ਕੀਤਾ, ਜਿਹੜੀਆਂ ਚੀਜ਼ਾਂ ਨਮਾਜ਼ ਵਿੱਚ ਪੜ੍ਹੀਆਂ ਜਾਂਦੀਆਂ

*(1) ਕੁਰਆਨ ਵਿੱਚ ਇਸ ਚੀਜ਼ ਦਾ ਨਾਂ ਤਜ਼ਕੀਆ (ਆਤਮਾ ਦੀ ਸ਼ੁੱਧਤਾ ਤੇ ਵਿਕਾਸ) ਅਤੇ ਹਿਕਮਤ ਹੈ। ਹਦੀਸ ਵਿੱਚ ਇਹਨੂੰ ਅਹਿਸਾਨ ਕਿਹਾ ਗਿਆ ਹੈ। ਬਾਦ ਦੇ ਲੋਕਾਂ ਵਿੱਚ ਇਹ ਚੀਜ਼ ਤਸਵੁਫ਼ੇ ਦੇ ਨਾਂ ਨਾਲ ਪ੍ਰਸਿੱਧ ਹੋਈ।*

Scanned with CamScanner

ਹਨ ਉਹਨਾਂ ਸਭਨਾਂ ਨੂੰ ਪੜ੍ਹ ਲਿਆ ਹੈ, ਜਿਸ ਸਮੇਂ ਜਿੰਨੀਆਂ ਰਕਾਤਾਂ ਨਿਸ਼ਚਤ ਕੀਤੀਆਂ ਗਈਆਂ ਹਨ, ਠੀਕ ਉਸੇ ਸਮੇਂ ਉਨ੍ਹੀਆਂ ਹੀ ਰਕਾਤਾਂ ਪੜ੍ਹੀਆਂ ਹਨ। ਜਦੋਂ ਇਹ ਸੱਭ ਕੁਝ ਤੁਸਾਂ ਕਰ ਦਿੱਤਾ ਤਾਂ ਫ਼ਿਕਹ ਦੀ ਨਿਗ੍ਹਾ 'ਚ ਆਪ ਦੀ ਨਮਾਜ਼ ਪੂਰੀ ਹੋ ਗਈ, ਪਰੰਤੂ ਤੱਸਵੁਫ਼ ਇਹ ਵੇਖਦਾ ਹੈ ਕਿ ਇਸ ਇਬਾਦਤ ਵਿੱਚ ਆਪਦੇ ਮਨ ਦੀ ਕੀ ਹਾਲਤ ਰਹੀ ?ਤੁਹਾਡੀ ਬਿਰਤੀ ਈਸ਼ਵਰ ਵਲ ਲੱਗੀ ਰਹੀ ਜਾਂ ਨਹੀਂ ? ਤੁਹਾਡਾ ਮਨ ਸੰਸਾਰਕ ਵਿਚਾਰਾਂ ਤੋਂ ਪਵਿੱਤਰ ਹੋਇਆ ਜਾਂ ਨਹੀਂ ? ਤੁਹਾਡੇ ਮਨ ਵਿੱਚ ਈਸ਼ਵਰ ਦਾ ਭੈ ਅਤੇ ਉਸ ਦੇ ਸਰਬਵਿਆਪੀ, ਸਰਬਗਿਆਤਾ, ਕੇਵਲ ਉਸੇ ਦੀ ਪ੍ਰਸੰਨਤਾ ਚਾਹੁਣ ਦੀ ਭਾਵਨਾ ਪੈਦਾ ਹੋਈ ਜਾਂ ਨਹੀਂ ? ਇਸ ਨਮਾਜ਼ ਨੇ ਤੁਹਾਡੀ ਆਤਮਾ ਨੂੰ ਕਿੰਨਾ ਪਵਿੱਤਰ ਕੀਤਾ ? ਤੁਹਾਡੇ ਵਿਵਹਾਰ ਤੇ ਸੁਭਾ ਵਿੱਚ ਕਿੰਨਾ ਕੁ ਸੁਧਾਰ ਹੋਇਆ ? ਤੁਹਾਨੂੰ ਕਿੰਨਾ ਕੁ ਪੱਕਾ-ਸੱਚਾ ਤੇ ਕਿਰਿਆਸ਼ੀਲ ਮੁਸਲਮਾਨ ਬਣਾ ਦਿੱਤਾ ? ਇਹ ਸਾਰੀਆਂ ਗੱਲਾਂ ਜਿਹੜੀਆਂ ਨਮਾਜ਼ ਦੇ ਅਸਲ ਉਦੇਸ਼ ਨਾਲ ਸਬੰਧ ਰੱਖਦੀਆਂ ਹਨ ਜਿੰਨੀਆਂ ਵੱਧ ਪੂਰਨਤਾ ਨਾਲ ਪ੍ਰਾਪਤ ਹੋਣਗੀਆਂ ਤਸੱਵੁਫ਼ ਦੀ ਨਿਗ੍ਹਾ ਵਿੱਚ ਤੁਹਾਡੀ ਨਮਾਜ਼ ਉਨ੍ਹੀ ਹੀ ਵਧੇਰੇ ਪੂਰਨ ਹੋਵੇਗੀ। ਜਿੰਨੀ ਇਸ ਵਿੱਚ ਕਮੀ ਹੋਵੇਗੀ ਉਸੇ ਅਨੁਸਾਰ ਉਹ ਤੁਹਾਡੀ ਨਮਾਜ਼ ਨੂੰ ਅਪੂਰਨ ਮੰਨੇਗਾ। ਇਸ ਪ੍ਰਕਾਰ ਸ਼ਰੀਅਤ ਦੇ ਜਿੰਨੇ ਆਦੇਸ਼ ਹਨ ਉਹਨਾਂ ਸਭਨਾਂ ਵਿੱਚ ਫ਼ਿਕਹ ਕੇਵਲ ਇਹ ਵੇਖਦੀ ਹੈ ਕਿ ਤੁਹਾਨੂੰ ਜਿਹੜਾ ਆਦੇਸ਼ ਜਿਸ ਰੂਪ ਵਿੱਚ ਦਿੱਤਾ ਗਿਆ ਸੀ ਉਸੇ ਰੂਪ ਵਿੱਚ ਤੁਸਾਂ ਉਸਦਾ ਪਾਲਣ ਕੀਤਾ ਜਾਂ ਨਹੀਂ ? ਤਸੱਵੁਫ਼ ਇਹ ਵੇਖਦਾ ਹੈ ਕਿ ਉਸ ਆਦੇਸ਼ ਦੇ ਪਾਲਣ ਕਰਨ ਵਿੱਚ ਤੁਹਾਡੇ ਅੰਦਰ ਸ਼ੁਭ ਸੰਕਲਪ, ਸੱਚਾ ਆਗਿਆਪਾਲਣ ਤੇ ਸ਼ੁਭ-ਭਾਵਨਾ ਕਿੰਨੀ ਸੀ ?

ਇਸ ਅੰਤਰ ਨੂੰ ਤੁਸੀਂ ਇੱਕ ਮਿਸਾਲ ਨਾਲ ਭਲੀ ਪ੍ਰਕਾਰ ਸਮਝ ਸਕਦੇ ਹੋ। ਜਦੋਂ ਕੋਈ ਵਿਅਕਤੀ ਤੁਹਾਨੂੰ ਮਿਲਦਾ ਹੈ ਤਾਂ ਤੁਸੀਂ ਉਸ ਨੂੰ ਦੋ ਹੈਸੀਅਤਾਂ ਨਾਲ ਵੇਖਦੇ ਹੋ। ਇੱਕ ਹੈਸੀਅਤ ਤਾਂ ਇਹ ਹੁੰਦੀ ਹੈ ਕਿ ਉਹ ਠੀਕ ਤੇ ਨਿਰੋਗ ਹੈ ਜਾਂ ਨਹੀਂ। ਅੰਨ੍ਹਾ, ਲੰਗੜਾ, ਲੂੰਜਾ ਤਾਂ ਨਹੀਂ ? ਸੁੰਦਰ ਹੈ ਜਾਂ ਕਰੂਪ ਸੋਹਣੇ ਬਸਤਰ ਪਾਏ ਹੋਏ ਹਨ ਜਾਂ ਮੈਲਾ-ਕੁਚੈਲਾ ਹੈ ? ਦੂਜੀ ਹੈਸੀਅਤ ਇਹ ਹੁੰਦੀ ਹੈ ਕਿ ਉਸ ਦੀ ਮਨੋਬਿਰਤੀ ਤੇ ਵਿਵਹਾਰ ਕਿਹੋ ਜਿਹਾ ਹੈ ? ਉਸ ਦਾ ਸੁਭਾ ਕਿਹੋ ਜਿਹਾ ਹੈ ? ਉਸ ਦੀ ਬੁੱਧੀ ਤੇ ਸਮਝ ਬੂਝ ਕਿਹੋ ਜਿਹੀ ਹੈ ? ਉਹ ਵਿਦਵਾਨ ਹੈ ਜਾਂ ਅਗਿਆਨੀ ? ਭਲਾ ਹੈ ਜਾਂ

Scanned with CamScanner

ਬੁਰਾ ? ਇਹਨਾਂ ਵਿੱਚ ਪਹਿਲੀ ਨਿਗ੍ਹਾ ਫ਼ਿਕਹ ਦੀ ਨਿਗ੍ਹਾ ਹੈ ਦੂਜੀ ਨਿਗ੍ਹਾ ਤਸੱਵੁਫ਼ ਦੀ ਨਿਗ੍ਹਾ ਹੈ। ਮਿੱਤਰਤਾ ਲਈ ਜਦੋਂ ਤੁਸੀਂ ਕਿਸੇ ਵਿਅਕਤੀ ਨੂੰ ਪਸੰਦ ਕਰਨਾ ਚਾਹੋਗੇ ਤਾਂ ਉਸ ਦੇ ਵਿਅਕਤੀਤਵ ਦੇ ਦੋਵੇਂ ਪਹਿਲੂਆਂ ਨੂੰ ਵੇਖੋਗੇ। ਤੁਸੀਂ ਚਾਹੋਗੇ ਕਿ ਉਸ ਦਾ ਬਾਹਰੀ ਰੂਪ ਵੀ ਚੰਗਾ ਹੋਵੇ ਤੇ ਅੰਦਰੋਂ ਵੀ ਭਲਾ ਹੋਵੇ। ਇਸੇ ਤਰ੍ਹਾਂ ਇਸਲਾਮ ਵੀ ਉਸੇ ਜੀਵਨ ਨੂੰ ਪਸੰਦ ਕਰਦਾ ਹੈ ਜਿਸ ਵਿੱਚ ਸ਼ਰੀਅਤ ਦੇ ਆਦੇਸ਼ਾਂ ਦਾ ਪਾਲਣ ਬਾਹਰੀ ਰੂਪ ਵਿੱਚ ਵੀ ਠੀਕ ਹੋਵੇ ਤੇ ਅੰਦਰੂਨੀ ਤੌਰ ਤੇ ਵੀ ਠੀਕ ਹੋਵੇ। ਜਿਸ ਵਿਅਕਤੀ ਦਾ ਬਾਹਰੀ ਆਗਿਆਪਾਲਣ ਠੀਕ ਹੈ ਪਰੰਤੂ ਅੰਦਰੂਨੀ ਆਗਿਆਪਣ ਦੀ ਭਾਵਨਾ ਤੋਂ ਕੋਰਾ ਹੈ ਉਸ ਦੇ ਕੰਮਾਂ ਦੀ ਮਿਸਾਲ ਅਜਿਹੀ ਹੈ ਜਿਵੇਂ ਕੋਈ ਵਿਅਕਤੀ ਸੁੰਦਰ ਹੋਵੇ ਪਰੰਤੂ ਮੁਰਦਾ ਹੋਵੇ ਅਤੇ ਜਿਸ ਵਿਅਕਤੀ ਦੇ ਕੰਮਾਂ ਵਿੱਚ ਸਾਰੇ ਅੰਦਰੂਨੀ ਗੁਣ ਪਾਏ ਜਾਂਦੇ ਹੋਣ ਪਰੰਤੂ ਬਾਹਰੀ ਆਗਿਆ ਪਾਲਣ ਠੀਕ ਨਾ ਹੋਵੇ ਉਸ ਦੀ ਮਿਸਾਲ ਅਜਿਹੀ ਹੈ ਜਿਵੇਂ ਕੋਈ ਵਿਅਕਤੀ ਬਹੁਤ ਸੱਜਣ ਤੇ ਭਲਾ ਹੋਵੇ ਪਰੰਤੂ ਕਰੂਪ ਤੇ ਅਪਾਹਜ ਹੋਵੇ।

ਇਸ ਮਿਸਾਲ ਨਾਲ ਤੁਹਾਨੂੰ ਫ਼ਿਕਹ ਤੇ ਤਸਵੁੱਫ਼ ਦਾ ਪ੍ਰਸਪਰ ਸਬੰਧ ਵੀ ਪਤਾ ਲੱਗ ਗਿਆ ਹੋਵੇਗਾ। ਪਰੰਤੂ ਅਫ਼ਸੋਸ ਦੀ ਗੱਲ ਹੈ ਕਿ ਬਾਅਦ ਦੇ ਜ਼ਮਾਨਿਆਂ ਵਿੱਚ ਗਿਆਨ ਤੇ ਨੈਤਿਕਤਾ ਵਿੱਚ ਆਈ ਗਿਰਾਵਟ ਨਾਲ ਜਿੱਥੇ ਹੋਰ ਬਹੁਤ ਸਾਰੀਆਂ ਖ਼ਰਾਬੀਆਂ ਪੈਦਾ ਹੋਈਆਂ ਉੱਥੇ ਤਸਵੁੱਫ਼ ਦੇ ਪਵਿੱਤਰ ਸਰੋਤ ਨੂੰ ਵੀ ਗੰਦਾ ਕਰ ਦਿੱਤਾ ਗਿਆ। ਲੋਕਾਂ ਨੇ ਭਿੰਨ-ਭਿੰਨ ਪ੍ਰਕਾਰ ਦੇ ਗ਼ੈਰ ਇਸਲਾਮੀ ਫ਼ਲਸਫ਼ੇ (ਦਰਸ਼ਨ) ਗੁਮਰਾਹ ਜਾਤੀਆਂ ਤੋਂ ਸਿੱਖੇ ਤੇ ਉਹਨਾਂ ਨੂੰ ਤੱਸਵੁਫ਼ ਦੇ ਨਾਂ ਨਾਲ ਇਸਲਾਮ ਵਿੱਚ ਦਾਖ਼ਲ ਕਰ ਦਿੱਤਾ। ਅਦਭੁਤ ਕਿਸਮਾਂ ਦੀਆਂ ਧਾਰਨਾਵਾਂ ਤੇ ਰੀਤੀਆਂ ਨੂੰ ਤਸਵੁੱਫ਼ ਕਿਹਾ ਗਿਆ ਜਿਨ੍ਹਾਂ ਦਾ ਕੋਈ ਅਧਾਰ ਕੁਰਆਨ ਤੇ ਹਦੀਸ ਵਿੱਚ ਨਹੀਂ ਪਾਇਆ ਜਾਂਦਾ। ਫੇਰ ਇਸ ਤਰ੍ਹਾਂ ਦੇ ਲੋਕਾਂ ਨੇ ਹੌਲੀ-ਹੌਲੀ ਆਪਣੇ ਆਪ ਨੂੰ ਸ਼ਰੀਅਤ ਦੀ ਪਾਬੰਦੀ ਤੋਂ ਵੀ ਅਜ਼ਾਦ ਕਰ ਲਿਆ। ਉਹ ਕਹਿੰਦੇ ਹਨ ਤਸਵੁੱਫ਼ ਦਾ ਸ਼ਰੀਅਤ ਨਾਲ ਕੋਈ ਵਾਸਤਾ ਨਹੀਂ ਇਹ ਮਾਰਗ ਹੀ ਦੂਸਰਾ ਹੈ। ਸੂਫ਼ੀ ਨੇ ਕਾਨੂੰਨ ਤੇ ਨਿਯਮ ਦੇ ਪਾਲਣ ਤੋਂ ਕੀ ਲੈਣਾ ਦੇਣਾ ਹੈ ? ਇਸ ਤਰ੍ਹਾਂ ਦੀ ਗੱਲ ਅਕਸਰ ਆਗਿਆਨੀ ਸੂਫ਼ੀਆਂ ਤੋਂ ਸੁਣਨ ਨੂੰ ਮਿਲਦੀ ਹੈ। ਪਰੰਤੂ ਅਸਲ ਵਿੱਚ ਇਹ ਬਿਲਕੁਲ ਗ਼ਲਤ ਹੈ। ਇਸਲਾਮ ਵਿੱਚ ਕਿਸੇ ਅਜਿਹੇ ਤਸਵੁੱਫ਼ ਦੀ

Scanned with CamScanner

ਗੁੰਜਾਇਸ਼ ਨਹੀਂ ਹੈ ਜਿਸ ਦਾ ਇਸਲਾਮ ਦੇ ਆਦੇਸਾਂ ਨਾਲ ਕੋਈ ਸਬੰਧ ਨਾ ਹੋਵੇ। ਕਿਸੇ ਸੂਫ਼ੀ ਨੂੰ ਇਹ ਹੱਕ ਨਹੀਂ ਹੈ ਕਿ ਨਮਾਜ਼, ਰੋਜ਼ੇ, ਹੱਜ ਅਤੇ ਜ਼ਕਾਤ ਦੀ ਪਾਬੰਦੀ ਤੋਂ ਅਜ਼ਾਦ ਹੋ ਜਾਵੇ। ਕੋਈ ਸੂਫ਼ੀ ਉਹਨਾਂ ਕਾਨੂੰਨਾਂ ਦੇ ਵਿਰੁੱਧ ਵਿਵਹਾਰ ਕਰਨ ਦਾ ਹੱਕ ਨਹੀਂ ਰੱਖਦਾ ਜਿਹੜੇ ਸਮਾਜ ਉਪਜੀਵਕਾ, ਅਰਥ, ਨੈਤਿਕਤਾ ਅਤੇ ਆਧਿਕਾਰ; ਕਰਤੱਵ, ਹਲਾਲ, ਹਰਾਮ ਦੀਆਂ ਸੀਮਾਵਾਂ ਦੇ ਸਬੰਧ ਵਿੱਚ ਈਸ਼ਵਰ ਤੇ ਰਸੂਲ ਨੇ ਦੱਸੇ ਹਨ। ਕੋਈ ਅਜਿਹਾ ਵਿਅਕਤੀ ਜਿਹੜਾ ਅੱਲਾਹ ਦੇ ਰਸੂਲ ਦੀ ਸੱਚੀ ਪੈਰਵੀ ਨਾ ਕਰਦਾ ਹੋਵੇ ਅਤੇ ਆਪ (ਸ.) ਦੇ ਨਿਸ਼ਚਿਤ ਕੀਤੇ ਤਰੀਕੇ ਦਾ ਪਾਬੰਦ ਨਾ ਹੋਵੇ ਮੁਸਲਮਾਨ ਸੂਫ਼ੀ ਅਖਵਾਉਣ ਦਾ ਹੱਕ ਵੀ ਨਹੀਂ ਰੱਖਦਾ। ਤਸਵੁੱਫ਼ ਤਾਂ ਅਸਲ ਵਿੱਚ ਅੱਲਾਹ ਤੇ ਰਸੂਲ ਦੇ ਸੱਚੇ ਪ੍ਰੇਮ ਤੇ ਇਸ਼ਕ ਦਾ ਨਾਉਂ ਹੈ। ਇਸ਼ਕ ਦਾ ਤਕਾਜ਼ਾ ਇਹ ਹੈ ਕਿ ਖ਼ੁਦਾ ਦੇ ਹੁਕਮਾਂ ਅਤੇ ਉਸਦੇ ਰਸੂਲ ਦੀ ਪੈਰਵੀ ਤੋਂ ਵਾਲ ਬਰਾਬਰ ਵੀ ਨਾ ਹਟਿਆ ਜਾਵੇ। ਇਸ ਲਈ ਇਸਲਾਮੀ ਤਸਵੁੱਫ਼ ਸ਼ਰੀਅਤ ਤੋਂ ਅਲੱਗ ਕੋਈ ਚੀਜ਼ ਨਹੀਂ ਹੈ। ਸਗੋਂ ਸ਼ਰੀਅਤ ਦੇ ਆਦੇਸ਼ਾਂ ਦਾ ਅਤਿਅੰਤ ਸ਼ਰਧਾ ਨਾਲ ਪਾਲਣ ਕਰਨ ਅਤੇ ਆਗਿਆਪਾਲਣ ਵਿੱਚ ਈਸ਼ ਪ੍ਰੇਮ ਅਤੇ ਉਸਦੇ ਭੈ ਦੀ ਰੂਹ ਭਰ ਦੇਣ ਦਾ ਹੀ ਨਾਂ ਤਸਵੁੱਫ਼ ਹੈ।

★ ★ ★ ★ ★

Scanned with CamScanner

# ਅਧਿਆਇ—7

# ਸ਼ਰੀਅਤ ਦੇ ਆਦੇਸ਼

ਇਸ ਅੰਤਮ ਅਧਿਆਇ ਵਿਚ ਅਸੀਂ ਸ਼ਰੀਅਤ ਦੇ ਸਿਧਾਂਤ ਅਤੇ ਵਿਸ਼ੇਸ਼ ਨਿਯਮਾਂ ਦਾ ਵਰਣਨ ਕਰਾਂਗੇ ਜਿਨ੍ਹਾਂ ਤੋਂ ਤੁਹਾਨੂੰ ਪਤਾ ਲੱਗੇਗਾ ਕਿ ਇਸਲਾਮੀ ਸ਼ਰੀਅਤ ਮਨੁੱਖੀ ਜੀਵਨ ਨੂੰ ਕਿਵੇਂ ਇੱਕ ਜ਼ਾਬਤੇ ਦਾ ਪਾਬੰਦ ਬਣਾਉਂਦੀ ਹੈ ਅਤੇ ਇਸ ਵਿੱਚ ਕਿਹੋ ਜਿਹੀਆਂ ਹਿਕਮਤਾਂ (ਫ਼ਿਲਾਸਫ਼ੀਆਂ) ਰੱਖੀਆਂ ਹਨ।

## ਸ਼ਰੀਅਤ ਦੇ ਸਿਧਾਂਤ

ਤੁਸੀਂ ਆਪਣੀ ਅਵਸਥਾ 'ਤੇ ਵਿਚਾਰ ਕਰੋਗੇ ਤਾਂ ਗਿਆਤ ਹੋਵੇਗਾ ਕਿ ਸੰਸਾਰ ਵਿੱਚ ਤੁਸੀਂ ਬਹੁਤ ਸਾਰੀਆਂ ਸ਼ਕਤੀਆਂ ਲੈ ਕੇ ਆਏ ਹੋ ਅਤੇ ਹਰ ਸ਼ਕਤੀ ਚਾਹੁੰਦੀ ਹੈ ਕਿ ਉਸ ਤੋਂ ਕੰਮ ਲਿਆ ਜਾਵੇ। ਤੁਹਾਡੇ ਵਿੱਚ ਅਕਲ ਹੈ, ਸੰਕਲਪ ਹੈ, ਇੱਛਾ ਹੈ, ਵੇਖਣ ਸ਼ਕਤੀ ਹੈ, ਸੁਣਨ ਸ਼ਕਤੀ ਹੈ, ਸੁਆਦ ਸ਼ਕਤੀ ਹੈ, ਹੱਥ-ਪੈਰ ਦੀ ਸ਼ਕਤੀ ਹੈ, ਘ੍ਰਿਣਾ ਤੇ ਕ੍ਰੋਧ ਹੈ, ਰੁਚੀ ਤੇ ਪ੍ਰੇਮ ਹੈ, ਸਹਿਮ ਤੇ ਲੋਭ ਹੈ ਇਹਨਾਂ ਵਿਚੋਂ ਕੋਈ ਵੀ ਚੀਜ਼ ਅਕਾਰਥ ਨਹੀਂ। ਹਰ ਚੀਜ਼ ਤੁਹਾਨੂੰ ਇਸ ਲਈ ਦਿੱਤੀ ਗਈ ਹੈ ਕਿ ਤੁਹਾਨੂੰ ਉਸ ਦੀ ਜ਼ਰੂਰਤ ਹੈ। ਦੁਨੀਆਂ ਵਿੱਚ ਤੁਹਾਡਾ ਜੀਵਨ ਤੇ ਜੀਵਨ ਦੀ ਸਫਲਤਾ ਇਸੇ ਉੱਤੇ ਨਿਰਭਰ ਹੈ ਕਿ ਤੁਹਾਡੀ ਮਨੋਬਿਰਤੀ ਤੇ ਪ੍ਰਵਿਰਤੀ ਜੋ ਕੁਝ ਮੰਗਦੀ ਹੈ ਉਸ ਨੂੰ ਪੂਰਾ ਕਰੋ। ਇਹ ਉਸ ਸਮੇਂ ਹੀ ਸੰਭਵ ਹੋ ਸਕਦਾ ਹੈ ਜਦੋਂਕਿ ਤੁਸੀਂ ਉਹਨਾਂ ਸਮੁੱਚੀਆਂ ਸ਼ਕਤੀਆਂ ਤੋਂ ਕੰਮ ਲਉ ਜਿਹੜੀਆਂ ਤੁਹਾਨੂੰ ਅੱਲਾਹ ਨੇ ਦਿੱਤੀਆਂ ਹਨ।

ਫੇਰ ਤੁਸੀਂ ਦੇਖੋਗੇ ਕਿ ਜਿੰਨੀਆਂ ਸ਼ਕਤੀਆਂ ਤੁਹਾਡੇ ਅੰਦਰ ਰੱਖੀਆਂ ਗਈਆਂ ਹਨ, ਉਹਨਾਂ ਤੋਂ ਕੰਮ ਲੈਣ ਦੇ ਸਾਧਨ ਵੀ ਤੁਹਾਨੂੰ ਦਿੱਤੇ ਗਏ ਹਨ। ਸਭ ਤੋਂ ਪਹਿਲਾਂ ਤਾਂ ਤੁਹਾਡਾ ਆਪਣਾ ਸਰੀਰ ਹੈ ਜਿਸ ਵਿੱਚ ਸਾਰੇ ਜ਼ਰੂਰੀ ਉਪਕਰਨ ਮੌਜੂਦ ਹਨ। ਇਸ ਪਿੱਛੋਂ ਤੁਹਾਡੇ ਚਾਰੇ ਪਾਸਿਆਂ ਦਾ ਸੰਸਾਰ ਹੈ ਜਿਸ ਵਿੱਚ ਹਰ ਤਰ੍ਹਾਂ ਦੇ ਅਣਗਿਣਤ ਸਾਧਨ ਫੈਲੇ ਹੋਏ ਹਨ। ਤੁਹਾਡੀ ਸਹਾਇਤਾ ਲਈ ਖੁਦ ਤੁਹਾਡੇ ਸਹਿਜਾਤੀ ਮਨੁੱਖ ਹਨ। ਤੁਹਾਡੀ ਸੇਵਾ ਲਈ ਪਸ਼ੂ ਹਨ, ਬਨਸਪਤੀਆਂ ਤੇ ਜੜ੍ਹ



Scanned with CamScanner

ਪਦਾਰਥ ਹਨ। ਭੂਮੀ, ਜਲ, ਹਵਾ, ਤਾਪ, ਪ੍ਰਕਾਸ਼ ਤੇ ਅਜਿਹੀ ਹੀ ਕਿਸਮ ਦੀਆਂ ਅਸੀਮਤ ਚੀਜ਼ਾਂ ਹਨ। ਅੱਲਾਹ ਨੇ ਇਹਨਾਂ ਸਭਨਾਂ ਨੂੰ ਇਸੇ ਲਈ ਪੈਦਾ ਕੀਤਾ ਹੈ ਕਿ ਤੁਸੀਂ ਇਹਨਾਂ ਤੋਂ ਕੰਮ ਲਉ ਅਤੇ ਜੀਵਨ ਬਤੀਤ ਕਰਨ ਲਈ ਇਹਨਾਂ ਤੋਂ ਸਹਾਇਤਾ ਪ੍ਰਾਪਤ ਕਰੋ।

ਹੁਣ ਇੱਕ ਦੂਜੇ ਦ੍ਰਿਸ਼ਟੀਕੋਣ ਤੋਂ ਦੇਖੋ, ਤੁਹਾਨੂੰ ਜਿਹੜੀਆਂ ਸ਼ਕਤੀਆਂ ਦਿੱਤੀਆਂ ਗਈਆਂ ਹਨ ਉਹ ਲਾਭ ਲਈ ਦਿੱਤੀਆਂ ਗਈਆਂ ਹਨ, ਹਾਨੀ ਲਈ ਨਹੀਂ ਦਿੱਤੀਆਂ ਗਈਆਂ। ਇਹਨਾਂ ਦੇ ਉਪਯੋਗ ਦਾ ਉਚਿੱਤ ਢੰਗ ਉਹ ਹੀ ਹੋ ਸਕਦਾ ਹੈ ਜਿਸ ਤੋਂ ਕੇਵਲ ਲਾਭ ਹੋਵੇ ਅਤੇ ਹਾਨੀ ਜਾਂ ਤਾਂ ਬਿਲਕੁਲ ਨਾ ਹੋਵੇ, ਜੇਕਰ ਹੋਵੇ ਵੀ ਤਾਂ ਘੱਟੋ-ਘੱਟ ਹੋਵੇ ਜਿਹੜੀ ਅਟੱਲ ਹੈ। ਇਸ ਤੋਂ ਛੁੱਟ ਜਿੰਨੇ ਢੰਗ ਹਨ, ਅਕਲ ਕਹਿੰਦੀ ਹੈ ਕਿ ਉਹ ਅਣਉਚਿਤ ਹੋਣੇ ਚਾਹੀਦੇ ਹਨ। ਜਿਵੇਂ, ਤੁਸੀਂ ਕੋਈ ਅਜਿਹਾ ਕੰਮ ਕਰੋ ਜਿਸ ਨਾਲ ਖ਼ੁਦ ਤੁਹਾਨੂੰ ਕੋਈ ਹਾਨੀ ਪੁੱਜੇ ਤਾਂ ਇਹ ਅਣਉਚਿਤ ਹੋਵੇਗਾ। ਜੇਕਰ ਤੁਸੀਂ ਆਪਣੀ ਕਿਸੇ ਸ਼ਕਤੀ ਤੋਂ ਅਜਿਹਾ ਕੰਮ ਲਉ ਜਿਸ ਨਾਲ ਦੂਜੇ ਲੋਕਾਂ ਨੂੰ ਹਾਣ ਪੁੱਜੇ ਤਾਂ ਇਹ ਵੀ ਅਣਉਚਿਤ ਹੋਵੇਗਾ। ਜੇਕਰ ਤੁਸੀਂ ਆਪਣੀ ਕਿਸੇ ਸ਼ਕਤੀ ਨੂੰ ਇੰਜ ਪ੍ਰਯੋਗ ਕਰੋ ਕਿ ਜਿਹੜੇ ਸਾਧਨ ਤੇ ਉਪਕਰਨ ਤੁਹਾਨੂੰ ਦਿੱਤੇ ਗਏ ਹਨ ਉਹ ਵਿਅਰਥ ਹੀ ਨਸ਼ਟ ਹੋਣ ਤਾਂ ਇਹ ਵੀ ਅਣਉਚਿਤ ਹੋਵੇਗਾ। ਤੁਹਾਡੀ ਬੁੱਧੀ ਖ਼ੁਦ ਇਸ ਗੱਲ ਦੀ ਗਵਾਹੀ ਦੇ ਸਕਦੀ ਹੈ ਕਿ ਹਾਨੀ ਭਾਵੇਂ ਕਿਸੇ ਪ੍ਰਕਾਰ ਦੀ ਹੋਵੇ ਉਸ ਤੋਂ ਬਚਣਾ ਹੀ ਚਾਹੀਦਾ ਹੈ। ਉਸ ਨੂੰ ਜੇਕਰ ਸਹਿਣ ਕੀਤਾ ਜਾ ਸਕਦਾ ਹੈ ਤਾਂ ਕੇਵਲ ਇਸ ਅਵਸਥਾ ਵਿੱਚ ਜਦੋਂਕਿ ਉਸ ਤੋਂ ਬਚਣਾ ਸੰਭਵ ਹੀ ਨਾ ਹੋਵੇ ਜਾਂ ਉਸ ਦੀ ਤੁਲਨਾ ਵਿੱਚ ਕੋਈ ਬਹੁਤ ਵੱਡਾ ਲਾਭ ਹੋਵੇ।

ਇਸ ਤੋਂ ਬਾਦ ਹੋਰ ਅੱਗੇ ਚੱਲੋ। ਸੰਸਾਰ ਵਿੱਚ ਦੋ ਪ੍ਰਕਾਰ ਦੇ ਮਨੁੱਖ ਮਿਲਦੇ ਹਨ। ਇੱਕ ਤਾਂ ਉਹ ਜਿਹੜੇ ਜਾਣ-ਬੁੱਝ ਕੇ ਆਪਣੀਆਂ ਕੁਝ ਸ਼ਕਤੀਆਂ ਨੂੰ ਇਸ ਤਰ੍ਹਾਂ ਪ੍ਰਯੋਗ ਕਰਦੇ ਹਨ ਜਿਨ੍ਹਾਂ ਨਾਲ ਜਾਂ ਤਾਂ ਉਹਨਾਂ ਦੀਆਂ ਹੀ ਕੁਝ ਹੋਰ ਸ਼ਕਤੀਆਂ ਨੂੰ ਹਾਨੀ ਪਹੁੰਚ ਜਾਂਦੀ ਹੈ ਜਾਂ ਉਹਨਾਂ ਹੱਥੋਂ ਉਹ ਚੀਜ਼ਾਂ ਵਿਅਰਥ ਨਸ਼ਟ ਹੋ ਜਾਂਦੀਆਂ ਹਨ ਜਿਹੜੀਆਂ ਕੇਵਲ ਲਾਭ ਉਠਾਉਣ ਲਈ ਉਹਨਾਂ ਨੂੰ ਦਿੱਤੀਆਂ ਗਈਆਂ ਹਨ ਨਾ ਕਿ ਬਰਬਾਦ ਕਰਨ ਦੇ ਲਈ। ਦੂਜੇ ਲੋਕ ਉਹ ਹਨ ਜਿਹੜੇ ਜਾਣ-ਬੁੱਝ ਕੇ ਤਾਂ ਇਸ ਤਰ੍ਹਾਂ ਨਹੀਂ ਕਰਦੇ ਪਰੰਤੂ ਅਗਿਆਨ ਦੇ ਕਾਰਨ ਅਜਿਹੀਆਂ ਭੁੱਲਾਂ ਉਹਨਾਂ ਤੋਂ ਹੋ ਜਾਂਦੀਆਂ ਹਨ। ਪਹਿਲੀ ਕਿਸਮ ਦੇ ਲੋਕ ਸ਼ਰਾਰਤੀ ਹਨ ਅਤੇ ਉਹਨਾਂ ਦੇ ਲਈ ਅਜਿਹੇ ਕਾਨੂੰਨ ਤੇ ਜ਼ਾਬਤੇ ਦੀ ਜ਼ਰੂਰਤ ਹੈ ਜਿਹੜੇ ਉਹਨਾਂ ਨੂੰ

Scanned with CamScanner

ਕਾਬੂ ਵਿੱਚ ਰੱਖਣ, ਦੂਜੀ ਕਿਸਮ ਦੇ ਲੋਕ ਅਗਿਆਨੀ ਹਨ ਅਤੇ ਉਹਨਾਂ ਦੇ ਲਈ ਅਜਿਹੇ ਗਿਆਨ ਦੀ ਜ਼ਰੂਰਤ ਹੈ ਜਿਸ ਨਾਲ ਆਪਣੀਆਂ ਸ਼ਕਤੀਆਂ ਦੇ ਪ੍ਰਯੋਗ ਦਾ ਉਚਿਤ ਢੰਗ ਦਾ ਪਤਾ ਲਗ ਜਾਵੇ।

ਅੱਲਾਹ ਨੇ ਜਿਹੜੀ ਸ਼ਰੀਅਤ ਆਪਣੇ ਪੈਗ਼ੰਬਰ ਕੋਲ ਭੇਜੀ ਹੈ ਉਹ ਇਸੇ ਜ਼ਰੂਰਤ ਨੂੰ ਪੂਰਾ ਕਰਦੀ ਹੈ। ਉਹ ਤੁਹਾਡੀ ਸ਼ਕਤੀ ਨੂੰ ਨਸ਼ਟ ਕਰਨਾ ਨਹੀਂ ਚਾਹੁੰਦੀ, ਨਾ ਹੀ ਕਿਸੇ ਇੱਛਾ ਨੂੰ ਮਿਟਾਉਣਾ ਚਾਹੁੰਦੀ ਹੈ, ਨਾ ਕਿਸੇ ਭਾਵਨਾ ਨੂੰ ਖ਼ਤਮ ਕਰਨਾ ਚਾਹੁੰਦੀ ਹੈ। ਉਹ ਤੁਹਾਥੋਂ ਇਹ ਨਹੀਂ ਚਾਹੁੰਦੀ ਕਿ ਤੁਸੀਂ ਸੰਸਾਰ ਨੂੰ ਤਿਆਗ ਦਿਉ, ਜੰਗਲਾਂ ਤੇ ਪਹਾੜਾਂ ਵਿੱਚ ਜਾ ਕੇ ਰਹੋ, ਭੁੱਖੇ ਮਰੋ ਤੇ ਨੰਗੇ ਫਿਰੋ, ਮਨ ਨੂੰ ਮਾਰਕੇ ਆਪਣੇ ਆਪ ਨੂੰ ਕਸ਼ਟਾਂ ਵਿੱਚ ਪਾਉ ਅਤੇ ਸੰਸਾਰਕ ਸੁੱਖ-ਅਰਾਮ ਨੂੰ ਆਪਣੇ ਉੱਪਰ ਹਰਾਮ ਕਰ ਲਉ। ਬਿਲਕੁਲ ਵੀ ਨਹੀਂ, ਇਹ ਅੱਲਾਹ ਦੀ ਬਣਾਈ ਹੋਈ ਸ਼ਰੀਅਤ ਹੈ ਅਤੇ ਅੱਲਾਹ ਉਹ ਹੈ ਜਿਸਨੇ ਇਹ ਸੰਸਾਰ ਮਨੁੱਖ ਲਈ ਬਣਾਇਆ ਹੈ। ਉਹ ਆਪਣੇ ਇਸ ਕਾਰਖ਼ਾਨੇ ਨੂੰ ਮਿਟਾਉਣਾ ਜਾ ਸ਼ੋਭਾਹੀਣ ਕਰਨਾ ਕਿਵੇਂ ਪਸੰਦ ਕਰੇਗਾ। ਉਸ ਨੇ ਮਨੁੱਖ ਵਿੱਚ ਕੋਈ ਸ਼ਕਤੀ ਬੇਕਾਰ ਤੇ ਗ਼ੈਰ-ਜ਼ਰੂਰੀ ਨਹੀਂ ਰੱਖੀ। ਨਾ ਧਰਤੀ ਤੇ ਅਕਾਸ਼ ਵਿੱਚ ਕੋਈ ਚੀਜ਼ ਇਸ ਲਈ ਪੈਦਾ ਕੀਤੀ ਹੈ ਕਿ ਉਸ ਤੋਂ ਕੋਈ ਕੰਮ ਨਾ ਲਿਆ ਜਾਵੇ। ਉਹ ਤਾਂ ਖ਼ੁਦ ਇਹ ਚਾਹੁੰਦਾ ਹੈ ਕਿ ਉਸਦਾ ਇਹ ਕਾਰਖ਼ਾਨਾ ਪੂਰਨ ਰੌਣਕ ਸਹਿਤ ਚੱਲੇ। ਹਰ ਇੱਕ ਸ਼ਕਤੀ ਤੋਂ ਮਨੁੱਖ ਪੂਰਾ-ਪੂਰਾ ਕੰਮ ਲਵੇ, ਸੰਸਾਰ ਦੀ ਹਰ ਚੀਜ਼ ਤੋਂ ਲਾਭ ਉਠਾਵੇ, ਸਾਰੇ ਸਾਧਨਾਂ ਦਾ ਪ੍ਰਯੋਗ ਕਰੇ ਜਿਹੜੇ ਧਰਤੀ ਤੇ ਅਕਾਸ਼ 'ਚ ਪਾਏ ਜਾਂਦੇ ਹਨ। ਪਰੰਤੂ ਇਸ ਤਰ੍ਹਾਂ ਪ੍ਰਯੋਗ ਕਰੇ ਕਿ ਅਗਿਆਨ ਤੇ ਸ਼ਰਾਰਤ ਨਾਲ ਵਰਤੋਂ ਕਰਕੇ ਨਾ ਖ਼ੁਦ ਹਾਨੀ ਉਠਾਵੇ ਤੇ ਨਾ ਦੂਜਿਆਂ ਨੂੰ ਨੁਕਸਾਨ ਪਹੁੰਚਾਵੇ। ਖ਼ੁਦਾ ਨੇ ਸ਼ਰੀਅਤ ਦੇ ਸਾਰੇ ਜ਼ਾਬਤੇ ਇਸੇ ਉਦੇਸ਼ ਲਈ ਬਣਾਏ ਹਨ। ਜਿੰਨੀਆਂ ਚੀਜ਼ਾਂ ਮਨੁੱਖ ਨੂੰ ਹਾਨੀ ਪਹੁੰਚਾਉਣ ਵਾਲੀਆਂ ਹਨ ਉਹਨਾਂ ਸਭਨਾਂ ਨੂੰ ਸ਼ਰੀਅਤ ਵਿੱਚ ਹਰਾਮ ਕਰ ਦਿੱਤਾ ਗਿਆ ਹੈ। ਜਿਹੜੀਆਂ ਚੀਜ਼ਾਂ ਲਾਭਦਾਇਕ ਹਨ ਉਹਨਾਂ ਨੂੰ ਹਲਾਲ ਕਿਹਾ ਗਿਆ ਹੈ। ਜਿਨ੍ਹਾਂ ਕੰਮਾਂ ਨਾਲ ਮਨੁੱਖ ਖ਼ੁਦ ਆਪਣੇ ਆਪ ਨੂੰ ਜਾਂ ਦੂਜਿਆਂ ਨੂੰ ਹਾਨੀ ਪਹੁੰਚਾਉਂਦਾ ਹੈ ਉਹਨਾਂ ਤੋਂ ਸ਼ਰੀਅਤ ਮਨ੍ਹਾਂ ਕਰਦੀ ਹੈ ਅਤੇ ਅਜਿਹੇ ਸਾਰੇ ਕੰਮਾਂ ਦੀ ਆਗਿਆ ਦਿੰਦੀ ਹੈ ਜਿਹੜੇ ਉਹਦੇ ਲਈ ਲਾਭਕਾਰੀ ਹੋਣ ਤੇ ਕਿਸੇ ਲਈ ਹਾਨੀਕਾਰਕ ਨਾ ਹੋਣ। ਉਸ ਦੇ ਸਾਰੇ ਕਾਨੂੰਨ ਇਸੇ ਸਿਧਾਂਤ ਉੱਤੇ ਬਣੇ ਹਨ ਕਿ ਮਨੁੱਖ ਨੂੰ ਸੰਸਾਰ ਵਿੱਚ ਸਾਰੀਆਂ ਇੱਛਾਵਾਂ ਤੇ ਜ਼ਰੂਰਤਾਂ ਪੂਰੀਆਂ ਕਰਨ ਅਤੇ ਆਪਣੇ ਫਾਇਦੇ ਲਈ ਹਰ ਪ੍ਰਕਾਰ ਦੀ

Scanned with CamScanner

ਕੋਸ਼ਿਸ਼ ਕਰਨ ਦਾ ਹੱਕ ਹੈ। ਪਰੰਤੂ ਇਸ ਹੱਕ ਤੋਂ ਉਹਨੂੰ ਇੰਜ ਲਾਭ ਉਠਾਉਣਾ ਚਾਹੀਦਾ ਹੈ ਕਿ ਅਵੱਗਿਆ ਜਾਂ ਸ਼ਰਾਰਤ ਨਾਲ ਉਹ ਦੂਜਿਆਂ ਦੇ ਹੱਕ ਨਾ ਮਾਰੇ ਬਲਕਿ ਜਿੱਥੋਂ ਤੱਕ ਸੰਭਵ ਹੋਵੇ ਦੂਜਿਆਂ ਦਾ ਸਹਿਯੋਗੀ ਤੇ ਸਹਾਇਕ ਬਣੇ। ਫੇਰ ਜਿਨ੍ਹਾਂ ਕੰਮਾਂ ਵਿੱਚ ਇੱਕ ਪੱਖ ਲਾਭਦਾਇਕ ਤੇ ਦੂਜਾ ਪੱਖ ਹਾਨੀਕਾਰਕ ਹੋਵੇ ਉਸ ਪ੍ਰਤੀ ਸ਼ਰੀਅਤ ਦਾ ਸਿਧਾਂਤ ਇਹ ਹੈ ਕਿ ਵੱਡੇ ਲਾਭ ਲਈ ਛੋਟੀ ਹਾਨੀ ਨੂੰ ਕਬੂਲ ਕਰ ਲਿਆ ਜਾਵੇ ਅਤੇ ਭਾਰੀ ਹਾਨੀ ਤੋਂ ਬਚਣ ਲਈ ਛੋਟੇ ਲਾਭ ਨੂੰ ਤਿਆਗ ਦਿੱਤਾ ਜਾਵੇ।

ਹਰ ਵਿਅਕਤੀ, ਹਰ ਯੁੱਗ ਵਿੱਚ, ਹਰ ਚੀਜ਼ ਤੇ ਹਰ ਕੰਮ ਬਾਰੇ ਇਹ ਨਹੀਂ ਜਾਣਦਾ ਕਿ ਉਸ ਵਿੱਚ ਕੀ ਲਾਭ ਤੇ ਕੀ ਹਾਨੀ ਹੈ। ਇਸ ਲਈ ਅੱਲਾਹ ਨੇ ਜਿਸ ਦੇ ਗਿਆਨ ਤੋਂ ਦੁਨੀਆਂ ਦਾ ਕੋਈ ਭੇਦ ਲੁਕਿਆ ਹੋਇਆ ਨਹੀਂ ਹੈ, ਮਨੁੱਖ ਦੇ ਸਮੁੱਚੇ ਜੀਵਨ ਲਈ ਇੱਕ ਵਧੀਆ ਨਿਯਮਾਵਲੀ ਬਣਾ ਦਿੱਤੀ ਹੈ। ਇਸ ਨਿਯਮਾਵਲੀ ਦੀਆਂ ਬਹੁਤ ਸਾਰੀਆਂ ਭਲਾਈਆਂ ਅੱਜ ਤੋਂ ਸਦੀਆਂ ਪਹਿਲਾਂ ਲੋਕਾਂ ਦੀ ਸਮਝ ਵਿੱਚ ਨਹੀਂ ਆਈਆਂ ਸਨ ਪਰੰਤੂ ਹੁਣ ਗਿਆਨ ਦੇ ਵਿਕਾਸ ਨੇ ਉਹਨਾਂ ਤੋਂ ਪਰਦਾ ਹਟਾ ਦਿੱਤਾ ਹੈ। ਬਹੁਤ ਸਾਰੀਆਂ ਗੁੱਝੀਆਂ ਭਲਾਈਆਂ ਨੂੰ ਲੋਕ ਅੱਜ ਵੀ ਨਹੀਂ ਸਮਝਦੇ ਪਰੰਤੂ ਜਿਉਂ ਜਿਉਂ ਗਿਆਨ ਵਿਕਾਸ ਕਰੇਗਾ ਉਹ ਵੀ ਸਪਸ਼ਟ ਹੋ ਜਾਣਗੀਆਂ। ਜਿਹੜੇ ਲੋਕ ਆਪਣੇ ਅਪੂਰਨ ਗਿਆਨ ਤੇ ਆਪਣੀ ਅਧੂਰੀ ਅਕਲ 'ਤੇ ਭਰੋਸਾ ਕਰਦੇ ਹਨ, ਉਹ ਸਦੀਆਂ ਤੱਕ ਗ਼ਲਤੀਆਂ ਕਰਨ ਅਤੇ ਠੋਕਰਾਂ ਖਾਣ ਪਿੱਛੋਂ ਅੰਤ ਇਸੇ ਸ਼ਰੀਅਤ ਦੇ ਕਿਸੇ ਨਾ ਕਿਸੇ ਨਿਯਮ ਨੂੰ ਆਪਣਾਉਣ ਲਈ ਮਜਬੂਰ ਹੋਏ ਹਨ। ਜਿਨ੍ਹਾਂ ਲੋਕਾਂ ਨੇ ਅੱਲਾਹ ਦੇ ਰਸੂਲ ਉੱਤੇ ਭਰੋਸਾ ਕੀਤਾ ਉਹ ਅਗਿਆਨਤਾ ਤੇ ਅਣਜਾਣਪੁਣੇ ਦੀਆਂ ਹਾਨੀਆਂ ਤੋਂ ਸੁਰੱਖਿਅਤ ਹਨ ਕਿਉਂਕਿ ਉਹਨਾਂ ਨੂੰ ਭਾਵੇਂ ਗੁੱਝੀਆਂ ਭਲਾਈਆਂ ਦਾ ਗਿਆਨ ਹੋਵੇ ਜਾਂ ਨਾ ਹੋਵੇ ਉਹ ਹਰ ਅਵਸਥਾ ਵਿੱਚ ਕੇਵਲ ਅੱਲਾਹ ਦੇ ਰਸੂਲ (ਸ.) ਉੱਤੇ ਵਿਸ਼ਵਾਸ ਕਰਕੇ ਇੱਕ ਅਜਿਹੇ ਕਾਨੂੰਨ ਦਾ ਪਾਲਣ ਕਰਦੇ ਹਨ ਜਿਹੜਾ ਸ਼ੁੱਧ ਤੇ ਯਥਾਰਥ ਗਿਆਨ ਅਨੁਸਾਰ ਬਣਾਇਆ ਗਿਆ ਹੈ।

## ਚਾਰ ਪ੍ਰਕਾਰ ਦੇ ਹੱਕ

ਸ਼ਰੀਅਤ ਦੀ ਦ੍ਰਿਸ਼ਟੀ ਤੋਂ ਹਰ ਵਿਅਕਤੀ ਉੱਤੇ ਚਾਰ ਪ੍ਰਕਾਰ ਦੇ ਹੱਕ ਹੁੰਦੇ ਹਨ। ਇੱਕ ਅੱਲਾਹ ਦਾ ਹੱਕ, ਦੂਜਾ ਖ਼ੁਦ ਉਸਦੀਆਂ ਆਪਣੀਆਂ ਇੰਦਰੀਆਂ ਤੇ ਸ਼ਰੀਰ ਦਾ ਹੱਕ, ਤੀਜਾ ਲੋਕਾਂ ਦਾ ਹੱਕ, ਚੌਥੇ ਉਹਨਾਂ ਚੀਜ਼ਾਂ ਦਾ ਹੱਕ ਜਿਨ੍ਹਾਂ ਨੂੰ

Scanned with CamScanner

ਅੱਲਾਹ ਨੇ ਉਸ ਦੇ ਅਧਿਕਾਰ ਵਿੱਚ ਦਿੱਤਾ ਹੈ ਤਾਂ ਕਿ ਉਹ ਉਹਨਾਂ ਤੋਂ ਕੰਮ ਲਵੇ ਤੇ ਲਾਭ ਉਠਾਵੇ। ਇਹਨਾਂ ਹੀ ਚਾਰ ਪ੍ਰਕਾਰ ਦੇ ਹੱਕਾਂ ਨੂੰ ਸਮਝਣਾ ਤੇ ਠੀਕ ਅਦਾ ਕਰਨਾ ਇੱਕ ਸੱਚੇ ਮੁਸਲਮਾਨ ਦਾ ਕਰਤੱਵ ਹੈ। ਸ਼ਰੀਅਤ ਇਹਨਾਂ ਸਾਰੇ ਹੱਕਾਂ ਨੂੰ ਅਲੱਗ-ਅਲੱਗ ਬਿਆਨ ਕਰਦੀ ਹੈ ਤੇ ਉਹਨਾਂ ਨੂੰ ਅਦਾ ਕਰਨ ਦੇ ਲਈ ਅਜਿਹੇ ਤਰੀਕੇ ਨਿਸ਼ਚਤ ਕਰਦੀ ਹੈ ਕਿ ਇਕੱਠੇ ਹੀ ਸਾਰੇ ਹੱਕ ਅਦਾ ਹੋਣ ਅਤੇ ਜਿੱਥੋਂ ਤੱਕ ਹੋ ਸਕੇ ਕੋਈ ਹੱਕ ਮਾਰਿਆ ਨਾ ਜਾਵੇ।

## ਅੱਲਾਹ ਦਾ ਹੱਕ

ਅੱਲਾਹ ਦਾ ਸਭ ਤੋਂ ਪਹਿਲਾ ਹੱਕ ਇਹ ਹੈ ਕਿ ਮਨੁੱਖ ਕੇਵਲ ਉਸੇ ਨੂੰ ਅੱਲਾਹ ਮੰਨੇ ਤੇ ਉਹਦੇ ਨਾਲ ਕਿਸੇ ਨੂੰ ਸ਼ਰੀਕ ਨਾ ਕਰੇ। ਇਹ ਹੱਕ ਲਾ ਇਲਾਹ ਇੱਲਲਾਹ ਉੱਤੇ ਈਮਾਨ ਲਿਆਉਣ ਨਾਲ ਅਦਾ ਹੋ ਜਾਂਦਾ ਹੈਂ ਜਿਹਾ ਕਿ ਅਸੀਂ ਪਹਿਲਾਂ ਤੁਹਾਨੂੰ ਦੱਸ ਚੁੱਕੇ ਹਾਂ।

ਅੱਲਾਹ ਦਾ ਦੂਸਰਾ ਹੱਕ ਇਹ ਹੈ ਕਿ ਜਿਹੜਾ ਮਾਰਗ ਦਰਸ਼ਨ ਤੇ ਆਦੇਸ਼ ਉਸ ਵੱਲੋਂ ਆਵੇ ਉਸ ਨੂੰ ਸੱਚੇ ਦਿਲੋਂ ਮੰਨਿਆ ਜਾਵੇ। ਇਹ ਹੱਕ ਮੁਹੱਮਦੁਰ ਰਸੂਲੁੱਲਾਹ ਉੱਤੇ ਈਮਾਨ ਲਿਆਉਣ ਨਾਲ ਅਦਾ ਹੁੰਦਾ ਹੈ ਤੇ ਇਸਦਾ ਵਿਸਥਾਰਪੂਰਵਕ ਵਰਣਨ ਪਹਿਲਾਂ ਆ ਚੁੱਕਿਆ ਹੈ।[1]

ਅੱਲਾਹ ਦਾ ਤੀਸਰਾ ਹੱਕ ਇਹ ਹੈ ਕਿ ਉਸ ਦਾ ਆਗਿਆਪਾਲਣ ਕੀਤਾ ਜਾਵੇ। ਇਹ ਹੱਕ ਉਸ ਕਾਨੂੰਨ ਉੱਤੇ ਚੱਲਣ ਨਾਲ ਅਦਾ ਹੁੰਦਾ ਜਿਹੜਾ ਅੱਲਾਹ ਦੀ ਕਿਤਾਬ ਤੇ ਰਸੂਲ ਦੀ ਸੁੰਨਤ ਵਿੱਚ ਬਿਆਨ ਹੋਇਆ। ਹੈ। ਇਸ ਵੱਲ ਵੀ ਅਸੀਂ ਪਹਿਲਾਂ ਸੰਕੇਤ ਕਰ ਚੁੱਕੇ ਹਾਂ।[2]

ਅੱਲਾਹ ਦਾ ਚੌਥਾ ਹੱਕ ਇਹ ਹੈ ਕਿ ਉਸਦੀ ਇਬਾਦਤ ਕੀਤੀ ਜਾਵੇ। ਇਸੇ ਹੱਕ ਨੂੰ ਅਦਾ ਕਰਨ ਦੇ ਲਈ ਉਹ ਚੀਜ਼ਾਂ ਜ਼ਰੂਰੀ ਕੀਤੀਆਂ ਗਈਆਂ ਹਨ ਜਿਨ੍ਹਾਂ ਦਾ ਵਰਣਨ ਪਿਛਲੇ ਅਧਿਆਇ ਵਿੱਚ ਕੀਤਾ ਗਿਆ ਹੈ ?

ਇਸ ਹੱਕ ਨੂੰ ਸਾਰੇ ਹੱਕਾਂ 'ਤੇ ਪ੍ਰਧਾਨਤਾ ਪ੍ਰਾਪਤ ਹੈ। ਇਸ ਲਈ ਇਸ ਨੂੰ ਅਦਾ ਕਰਨ ਵਿੱਚ ਦੂਜੇ ਹੱਕਾਂ ਦਾ ਬਲੀਦਾਨ ਕਿਸੇ ਨਾ ਕਿਸੇ ਹੱਦ ਤੱਕ ਜ਼ਰੂਰੀ ਹੈ। ਜਿਵੇਂ

*(1) ਦੇਖੋ ਅਧਿਆਇ 3.*

*(2) ਦੇਖੋ ਆਧਿਆਇ 4.*

*ਸੁੰਨਤ ਹਜ਼ਰਤ ਮੁਹੰਮਦ (ਸ.) ਦੇ ਸਾਰੇ ਕਥਨਾਂ, ਕੰਮਾਂ ਤੇ ਵਿਵਹਾਰਾਂ ਦਾ ਨਾਂ ਹੈ ਅਤੇ ਉਨ੍ਹਾਂ (ਸ.) ਨੇ ਮਾਰਗ ਦਰਸ਼ਨ ਲਈ ਜੋ ਕੁਝ ਵੀ ਕੀਤਾ ਉਹ ਮੁਸਲਮਾਨਾਂ ਲਈ ਆਦਰਸ਼ ਹੈ।*

Scanned with CamScanner

ਨਮਾਜ਼, ਰੋਜ਼ਾ ਆਦਿ ਜ਼ਰੂਰੀ ਚੀਜ਼ਾਂ ਨੂੰ ਅਦਾ ਕਰਨ ਵਿੱਚ ਮਨੁੱਖ ਖ਼ੁਦ ਆਪਣੀਆਂ ਇੰਦਰੀਆਂ ਤੇ ਸਰੀਰ ਦੇ ਬਹੁਤ ਸਾਰੇ ਹੱਕ ਕੁਰਬਾਨ ਕਰਦਾ ਹੈ। ਨਮਾਜ਼ ਲਈ ਮਨੁੱਖ ਸਵੇਰੇ ਉੱਠਦਾ ਹੈ ਤੇ ਠੰਢੇ ਪਾਣੀ ਨਾਲ ਵਜ਼ੂ ਕਰਦਾ ਹੈ। ਦਿਨ ਤੇ ਰਾਤ ਵਿੱਚ ਕਈ ਵਾਰ ਆਪਣੇ ਜ਼ਰੂਰੀ ਕੰਮਾਂ ਤੇ ਦਿਲਚਸਪ ਮਨੋਰੰਜਨ ਨੂੰ ਛੱਡਦਾ ਹੈ। ਰਮਜ਼ਾਨ ਵਿੱਚ ਮਹੀਨਾ ਭਰ ਭੁੱਖ-ਤ੍ਰੇਹ ਤੇ ਇਛਾਵਾਂ ਨੂੰ ਰੋਕਣ ਦਾ ਕਸ਼ਟ ਸਹਿਣ ਕਰਦਾ ਹੈ। ਜ਼ਕਾਤ ਅਦਾ ਕਰਨ ਵਿੱਚ ਆਪਣੇ ਮਾਲ ਦੇ ਮੋਹ ਨੂੰ ਅੱਲਾਹ ਦੇ ਮੋਹ ਤੇ ਨਿਛਾਵਰ ਕਰ ਦਿੰਦਾ ਹੈ। ਹੱਜ ਵਿੱਚ ਸਫ਼ਰ ਦੀਆਂ ਤਕਲੀਫ਼ਾਂ ਸਹਿਣ ਕਰਦਾ ਤੇ ਮਾਲ ਦੀ ਕੁਰਬਾਨੀ ਦਿੰਦਾ ਹੈ। ਜਿਹਾਦ ਵਿੱਚ ਖ਼ੁਦ ਆਪਣੇ ਪ੍ਰਾਣ ਤੇ ਧਨ ਕੁਰਬਾਨ ਕਰ ਦਿੰਦਾ ਹੈ। ਇਸੇ ਤਰ੍ਹਾਂ ਦੂਜੇ ਲੋਕਾਂ ਦੇ ਹੱਕ ਵੀ ਅੱਲਾਹ ਦੇ ਹੱਕ ਉੱਤੇ ਥੋੜ੍ਹਾ ਬਹੁਤ ਕਰੁਬਾਨ ਕੀਤੇ ਜਾਂਦੇ ਹਨ। ਜਿਵੇਂ ਨਮਾਜ਼ ਵਿੱਚ ਇੱਕ ਨੌਕਰ ਆਪਣੇ ਮਾਲਕ ਦਾ ਕੰਮ ਛੰਡ ਕੇ ਆਪਣੇ ਵੱਡੇ ਮਾਲਕ ਦੀ ਇਬਾਦਤ ਲਈ ਜਾਂਦਾ ਹੈ। ਹੱਜ ਵਿੱਚ ਇੱਕ ਵਿਅਕਤੀ ਸਾਰੇ ਕਾਰੋਬਾਰ ਛੱਡੇ ਕੇ ਮੱਕੇ ਦੀ ਯਾਤਰਾ ਕਰਦਾ ਹੈ ਤੇ ਇਹਦਾ ਬਹੁਤ ਸਾਰੇ ਲੋਕਾਂ ਦੇ ਹੱਕਾਂ 'ਤੇ ਪ੍ਰਭਾਵ ਪੈਂਦਾ ਹੈ। ਜਿਹਾਦ ਵਿੱਚ ਮਨੁੱਖ ਕੇਵਲ ਅੱਲਾਹ ਦੇ ਲਈ ਜਾਨ ਲੈਂਦਾ ਤੇ ਜਾਨ ਦਿੰਦਾ ਹੈ। ਇਸ ਤਰ੍ਹਾਂ ਬਹੁਤ ਸਾਰੀਆਂ ਉਹ ਚੀਜ਼ਾਂ ਵੀ ਅੱਲਾਹ ਦੇ ਹੱਕ ਲਈ ਨਿਛਾਵਰ ਕੀਤੀਆਂ ਜਾਂਦੀਆਂ ਹਨ ਜਿਹੜੀਆਂ ਮਨੁੱਖ ਦੇ ਬਸ ਦੇ ਅਧਿਕਾਰ ਵਿੱਚ ਹਨ। ਜਿਵੇਂ ਪਸ਼ੂਆਂ ਦੀ ਕੁਰਬਾਨੀ ਅਤੇ ਧਨ ਖ਼ਰਚ ਕਰਨਾ।

ਪਰੰਤੂ ਅੱਲਾਹ ਦੇ ਆਪਣੇ ਹੱਕ ਲਈ ਅਜਿਹੀਆਂ ਹੱਦਾਂ ਨਿਸ਼ਚਤ ਕਰ ਦਿੱਤੀਆਂ ਹਨ ਕਿ ਉਸਦੇ ਹੱਕਾਂ ਦੀ ਪੂਰਤੀ ਲਈ ਦੂਜੇ ਦੇ ਹੱਕਾਂ ਦੀ ਜਿੰਨੀ ਕੁਰਬਾਨੀ ਜ਼ਰੂਰੀ ਹੈ, ਉਸ ਤੋਂ ਵਧ ਨਾ ਕੀਤੀ ਜਾਵੇ। ਉਦਾਹਰਣ ਵਜੋਂ ਨਮਾਜ਼ ਨੂੰ ਲਉ। ਅੱਲਾਹ ਨੇ ਜਿਨ੍ਹਾਂ ਨਮਾਜ਼ਾਂ ਨੂੰ ਤੁਹਾਡੇ ਲਈ ਜ਼ਰੂਰੀ ਕੀਤਾ ਹੈ ਉਹਨਾਂ ਨੂੰ ਅਦਾ ਕਰਨ ਵਿੱਚ ਹਰ ਪ੍ਰਕਾਰ ਦੀਆਂ ਸੁਵਿਧਾਵਾਂ ਰੱਖੀਆਂ ਗਈਆਂ ਹਨ। ਵਜ਼ੂ ਲਈ ਪਾਣੀ ਨਾ ਮਿਲੇ ਜਾਂ ਬਿਮਾਰ ਹੋਵੋ ਤਾਂ ਤਯੱਮੁਮ ਕਰ ਲਉ।[1] ਸਫ਼ਰ ਵਿੱਚ ਹੋਵੋ ਤਾਂ ਨਮਾਜ਼ ਕਸਰ (ਸੰਖੇਪ) ਕਰ ਦਿਉ। ਬਿਮਾਰ ਹੋ ਤਾਂ ਬੈਠ ਕੇ ਜਾਂ ਲੰਮੇ ਪੈ ਕੇ ਪੜ੍ਹ ਲਉ। ਫੇਰ ਨਮਾਜ਼ ਵਿੱਚ ਕੁਝ ਪੜ੍ਹਿਆ ਜਾਂਦਾ ਹੈ ਉਹ ਵੀ ਇੰਨਾ ਨਹੀਂ ਹੈ ਕਿ ਇੱਕ ਵੇਲੇ ਦੀ ਨਮਾਜ਼ ਵਿੱਚ ਕੁੱਝ ਮਿੰਟਾਂ ਤੋਂ ਵੱਧ ਸਮਾਂ ਲੱਗੇ। ਹਰ ਪੱਖੋਂ ਸੰਤੁਸ਼ਟੀ ਦੀ ਅਵਸਥਾ ਵਿੱਚ ਮਨੁੱਖ ਚਾਹੇ ਤਾਂ ਪੂਰੀ ਸੂਰਤ ਬਕਰਹ ਪੜ੍ਹ ਲਵੇ ਪਰੰਤੂ ਕਾਰੋਬਾਰ ਦੇ ਸਮੇਂ ਵਿੱਚ ਲੰਬੀ ਨਮਾਜ਼ ਪੜ੍ਹਨ ਤੋਂ ਰੋਕ ਦਿੱਤਾ ਗਿਆ ਹੈ। ਫੇਰ ਫ਼ਰਜ਼ ਨਮਾਜ਼ਾਂ ਤੋਂ

ਬਿਨਾਂ ਜੇਕਰ ਕੋਈ ਵਿਅਕਤੀ ਨਫ਼ਲ ਨਮਾਜ਼ਾਂ ਪੜ੍ਹਨੀਆਂ ਚਾਹੇ ਤਾਂ ਅੱਲਾਹ ਉਸ ਤੋਂ ਖ਼ੁਸ਼ ਹੁੰਦਾ ਹੈ। ਅੱਲਾਹ ਇਹ ਨਹੀਂ ਚਾਹੁੰਦਾ ਕਿ ਤੁਸੀਂ ਰਾਤਾਂ ਦੀ ਨੀਂਦ ਤੇ ਦਿਨ ਦਾ ਚੈਨ ਆਪਣੇ ਉੱਪਰ ਹਰਾਮ ਕਰ ਲਉ . ਜਾਂ ਆਪਣੀ ਰੋਜ਼ੀ ਕਮਾਉਣ ਦੇ ਸਮੇਂ ਨੂੰ ਨਮਾਜ਼ਾਂ ਪੜ੍ਹਨ ਵਿੱਚ ਹੀ ਲਗਾ ਦਿਉ। ਜਾਂ ਲੋਕਾਂ ਦੇ ਹੱਕਾਂ ਨੂੰ ਬਰਬਾਦ ਕਰਕੇ ਨਮਾਜ਼ਾਂ ਹੀ ਪੜ੍ਹਦੇ ਰਹੋ।

ਇਸੇ ਤਰ੍ਹਾਂ ਰੋਜ਼ੇ ਵਿੱਚ ਵੀ ਹਰ ਪ੍ਰਕਾਰ ਦੀਆਂ ਸੁਵਿਧਾਵਾਂ ਰੱਖੀਆਂ ਗਈਆਂ ਹਨ। ਇੱਕ ਸਾਲ ਵਿੱਚ ਕੇਵਲ ਇੱਕ ਮਹੀਨੇ ਦੇ ਰੋਜ਼ੇ ਫ਼ਰਜ਼ (ਜ਼ਰੂਰੀ) ਕੀਤੇ ਗਏ ਹਨ, ਉਹ ਵੀ ਯਾਤਰਾ ਜਾਂ ਬਿਮਾਰੀ ਸਮੇਂ ਛੱਡੇ ਜਾ ਸਕਦੇ ਹਨ। ਜੇਕਰ ਰੋਜ਼ੇਦਾਰ ਬਿਮਾਰ ਹੋ ਜਾਵੇ ਅਤੇ ਜਾਨ ਜਾਣ ਦਾ ਖ਼ਤਰਾ ਹੋ ਜਾਵੇ ਤਾਂ ਰੋਜ਼ਾ ਤੋੜਿਆ ਜਾ ਸਕਦਾ ਹੈ। ਰੋਜ਼ੇ ਲਈ ਜਿੰਨਾ ਸਮਾਂ ਨਿਸ਼ਚਤ ਕੀਤਾ ਗਿਆ ਹੈ ਉਸ ਵਿੱਚ ਇੱਕ ਮਿੰਟ ਵਧਾਉਣਾ ਵੀ ਠੀਕ ਨਹੀਂ। ਸਹਰੀ[1] ਦੇ ਆਖਰੀ ਸਮੇਂ ਤੱਕ ਖਾਣ-ਪੀਣ ਦੀ ਆਗਿਆ ਹੈ ਅਤੇ ਅਫ਼ਤਾਰ ਦਾ ਸਮਾਂ ਹੁੰਦੇ ਹੀ ਤੁਰੰਤ ਰੋਜ਼ਾ ਖੋਲ੍ਹਣ ਦਾ ਆਦੇਸ਼ ਦਿੱਤਾ ਗਿਆ ਹੈ। ਫ਼ਰਜ਼ ਰੋਜ਼ਿਆਂ ਤੋਂ ਬਿਨਾਂ ਜੇਕਰ ਕੋਈ ਵਿਅਕਤੀ ਨਫ਼ਲ ਰੋਜ਼ਾ ਵੀ ਰੱਖੇ ਤਾਂ ਇਹ ਹੋਰ ਵੀ ਖ਼ੁਦਾ ਦੀ ਪ੍ਰਸੰਨਤਾ ਦਾ ਕਾਰਨ ਹੋਵੇਗਾ। ਪਰੰਤੂ ਅੱਲਾਹ ਇਹਨੂੰ ਪਸੰਦ ਨਹੀਂ ਕਰਦਾ ਕਿ ਤੁਸੀਂ ਨਿਰੰਤਰ ਰੋਜ਼ੇ ਰਖਦੇ ਚਲੇ ਜਾਉ ਅਤੇ ਆਪਣੇ ਆਪ ਨੂੰ ਇੰਨਾ ਕਮਜ਼ੋਰ ਕਰ ਲਉ ਕਿ ਦੁਨੀਆਂ ਦੇ ਕੰਮ-ਕਾਰ ਵੀ ਨਾ ਕਰ ਸਕੋ।

ਜ਼ਕਾਤ ਲਈ ਵੀ ਅੱਲਾਂਹ ਨੇ ਘੱਟੋ-ਘੱਟ ਮਾਤਰਾ ਨਿਸ਼ਚਿਤ ਕੀਤੀ ਹੈ ਤੇ ਇਹ ਵੀ ਉਹਨਾਂ ਲੋਕਾਂ ਉੱਤੇ ਫ਼ਰਜ਼ (ਜ਼ਰੂਰੀ) ਕੀਤੀ ਹੈ ਜਿਨ੍ਹਾਂ ਕੋਲ ਇੱਕ ਨਿਸ਼ਚਿਤ ਧਨ ਰਾਸੀ ਹੋਵੇ।

ਇਸ ਤੋਂ ਵਧੇਰੇ ਜੇਕਰ ਕੋਈ ਵਿਅਕਤੀ ਅੱਲਾਹ ਦੀ ਰਾਹ ਵਿੱਚ ਸਦਕਾ ਜਾਂ ਖ਼ੈਰਾਤ ਕਰੇ ਤਾਂ ਅੱਲਾਹ ਉਸ ਤੋਂ ਪ੍ਰਸੰਨ ਹੁੰਦਾ ਹੈ। ਪਰੰਤੂ ਅੱਲਾਹ ਇਹ ਨਹੀਂ ਚਾਹੁੰਦਾ ਕਿ ਤੁਸੀਂ ਆਪਣੇ ਜਾਂ ਆਪਣੇ ਪਰਿਵਾਰ ਦੇ ਹੱਕ ਕੁਰਬਾਨ ਕਰਕੇ ਸਾਰਾ ਕੁੱਝ ਸਦਕਾ ਤੇ ਖ਼ੈਰਾਤ ਵਿੱਚ ਦੇ ਦਿਉ ਅਤੇ ਆਪ ਕੰਗਾਲ ਹੋ ਕੇ ਬੈਠ ਜਾਉ। ਇਸ ਵਿੱਚ ਵੀ ਮੱਧ-ਮਾਰਗ ਅਪਨਾਉਣ ਦਾ ਆਦੇਸ਼ ਦਿੱਤਾ ਗਿਆ ਹੈ।

---

*(1) ਅਰਥਾਤ ਪਾਕ ਮਿੱਟੀ ਉੱਤੇ ਹੱਥ ਮਾਰਕੇ ਉਸ ਨੂੰ ਮੂੰਹ ਤੇ ਹੱਥਾਂ ਉੱਤੇ ਫੇਰਨਾ। ਇਸ ਦਾ ਪਰੀਭਾਸ਼ਕ ਸ਼ਬਦ ਤਯੱਸੁਮ ਹੈ। ਇਹ ਨਮਾਜ਼ ਦੇ ਆਦਰ ਤੇ ਪਵਿਤਰਤਾ ਦੀ ਭਾਵਨਾ ਬਾਕੀ ਰੱਖਣ ਦੀ ਇੱਕ ਉੱਤਮ ਵਿਧੀ ਹੈ।*

Scanned with CamScanner

ਫੇਰ ਹੱਜ ਨੂੰ ਵੇਖੋ। ਪਹਿਲਾਂ ਤਾਂ ਇਹ ਫ਼ਰਜ਼ ਉਹਨਾਂ ਲੋਕਾਂ ਲਈ ਕੀਤਾ ਗਿਆ ਹੈ ਜਿਹੜੇ ਯਾਤਰਾ-ਸਮਗਰੀ ਦੀ ਸਮਰਥਾ ਰੱਖਦੇ ਹੋਣ ਅਤੇ ਯਾਤਰਾ ਦੀਆਂ ਔਕੜਾਂ ਸਹਿਣ ਕਰਨ ਦੇ ਯੋਗ ਹੋਣ। ਫੇਰ ਇਸ ਵਿੱਚ ਇਹ ਸੁਵਿਧਾ ਵੀ ਰੱਖੀ ਗਈ ਹੈ ਕਿ ਜੀਵਨ ਵਿੱਚ ਕੇਵਲ ਇੱਕ ਵਾਰ ਜਦੋਂ ਸਹੂਲਤ ਹੋਵੇ ਜਾ ਸਕਦੇ ਹੋ ਪਰ ਜੇਕਰ ਰਸਤੇ ਵਿੱਚ ਯੁੱਧ ਹੋ ਰਿਹਾ ਹੋਵੇ ਜਾਂ ਅਸ਼ਾਂਤੀ ਫੈਲੀ ਹੋਵੇ ਜਿਸ ਤੋਂ ਜਾਨ ਨੂੰ ਵਧੇਰੇ ਖ਼ਤਰੇ ਦੀ ਸ਼ੰਕਾ ਹੋਵੇ ਤਾਂ ਹੱਜ ਦਾ ਵਿਚਾਰ ਅੱਗੇ ਪਾਇਆ ਜਾ ਸਕਦਾ ਹੈ। ਇਸ ਦੇ ਨਾਲ-ਨਾਲ ਮਾਤਾ-ਪਿਤਾ ਦੀ ਆਗਿਆ ਵੀ ਜ਼ਰੂਰੀ ਦੱਸੀ ਗਈ ਹੈ ਤਾਂ ਜੋ ਬੁੱਢੇ ਮਾਪਿਆਂ ਨੂੰ ਤੁਹਾਡੀ ਗ਼ੈਰਹਾਜ਼ਰੀ ਵਿੱਚ ਕਸ਼ਟ ਦਾ ਸਾਹਮਣਾ ਨਾ ਕਰਨਾ ਪਵੇ। ਇਹਨਾਂ ਸਾਰੀਆਂ ਗੱਲਾਂ ਤੋਂ ਪਤਾ ਲੱਗਦਾ ਹੈ ਕਿ ਅੱਲਾਹ ਦੇ ਆਪਣੇ ਹੱਕ ਵਿੱਚ ਦੂਜਿਆਂ ਦੇ ਹੱਕਾਂ ਦਾ ਕਿੰਨਾ ਧਿਆਨ ਰੱਖਿਆ ਹੈ।

ਅੱਲਾਹ ਦੇ ਹੱਕ ਲਈ ਮਨੁੱਖੀ ਹੱਕਾਂ ਦੀ ਸਭ ਤੋਂ ਵੱਡੀ ਕੁਰਬਾਨੀ ਜਿਹਾਦ ਵਿੱਚ ਕੀਤੀ ਜਾਂਦੀ ਹੈ। ਇਸ ਵਿੱਚ ਮਨੁੱਖ ਆਪਣੇ ਪ੍ਰਾਣਾਂ ਦੇ ਨਾਲ ਨਾਲ ਧਨ ਵੀ ਅੱਲਾਹ ਦੇ ਰਾਹ ਵਿੱਚ ਨਿਛਾਵਰ ਕਰਦਾ ਹੈ ਅਤੇ ਦੂਜਿਆਂ ਦੀ ਜਾਨ ਤੇ ਮਾਲ ਨੂੰ ਵੀ ਇਸ ਦੀ ਭੇਟ ਚੜ੍ਹਾ ਦਿੰਦਾ ਹੈ ਪਰੰਤੂ ਜਿਵੇਂ ਕਿ ਉੱਪਰ ਦੱਸਿਆ ਗਿਆ ਹੈ, ਇਸਲਾਮ ਦਾ ਸਿਧਾਂਤ ਇਹ ਹੈ ਕਿ ਵੱਡੀ ਹਾਨੀ ਤੋਂ ਬਚਣ ਲਈ ਛੋਟੀ ਹਾਨੀ ਨੂੰ ਸਹਿਣ ਕਰਨਾ ਚਾਹੀਦਾ ਹੈ। ਇਸੇ ਸਿਧਾਂਤ ਨੂੰ ਸਾਹਮਣੇ ਰੱਖਕੇ ਦੇਖੋ ਕਿ ਕੁਝ ਸੌ ਜਾਂ ਕੁੱਝ ਹਜ਼ਾਰ ਜਾਂ ਕੁੱਝ ਲੱਖ ਮਨੁੱਖਾਂ ਦੀ ਜਾਨ ਦੀ ਤੁਲਨਾ ਵਿੱਚ ਇਹ ਕਿਤੇ ਵਧੇਰੇ ਹਾਨੀਕਾਰਕ ਹੈ ਕਿ ਹੱਕ ਦੇ ਮੁਕਾਬਲੇ ਵਿੱਚ ਅਸਤਿ ਦਾ ਵਿਕਾਸ ਹੋਵੇ, ਅੱਲਾਹ ਦਾ ਦੀਨ (ਧਰਮ) ਕੁਫ਼ਰ ਤੇ ਸ਼ਿਰਕ ਅਤੇ ਨਾਸਤਿਕਤਾ ਦੇ ਮੁਕਾਬਲੇ ਵਿੱਚ ਦਬਕੇ ਰਹੇ। ਸੰਸਾਰ ਵਿੱਚ ਗੁਮਰਾਹੀਆਂ ਤੇ ਅਨੈਤਿਕਤਾ ਪਸਰ ਜਾਵੇ। ਇਸ ਲਈ ਇਸ ਬੜੀ ਹਾਨੀ ਤੋਂ ਬਚਣ ਦੇ ਲਈ ਅੱਲਾਹ ਨੇ ਮੁਸਲਮਾਨਾਂ ਨੂੰ ਹੁਕਮ ਦਿੱਤਾ ਹੈ ਕਿ ਪ੍ਰਾਣ ਤੇ ਧਨ ਦੀ ਤੁਛ ਜਿਹੀ ਹਾਨੀ ਨੂੰ ਮੇਰੀ ਪ੍ਰਸੰਨਤਾ ਲਈ ਸਹਿਣ ਕਰ ਲਉ ਪਰੰਤੂ ਇਸ ਦੇ ਨਾਲ ਇਹ ਵੀ ਆਖ ਦਿੱਤਾ ਕਿ ਜਿੰਨਾ ਖ਼ੂਨ-ਖ਼ਰਾਬਾ ਜ਼ਰੂਰੀ ਹੈ ਉਸ ਤੋਂ ਵੱਧ ਨਾ ਕਰੋ। ਬਿਰਧਾਂ, ਬੱਚਿਆਂ, ਇਸਤਰੀਆਂ ਫੱਟੜਾਂ ਤੇ ਬਿਮਾਰਾਂ ਉੱਤੇ ਹੱਥ ਨਾ ਚੁੱਕੋ। ਕੇਵਲ ਉਹਨਾਂ ਲੋਕਾਂ ਨਾਲ ਭਿੜੋ ਜਿਹੜੇ ਅਸਤਿ ਦੇ ਪੱਖ ਵਿੱਚ

*(1) ਪਹੁ-ਫੁੱਟਣ ਤੋਂ ਪਹਿਲਾਂ ਦਾ ਸਮਾਂ।*

Scanned with CamScanner

ਤਲਵਾਰ ਉਠਾਉਂਦੇ ਹਨ। ਦੁਸ਼ਮਣ ਦੇ ਦੇਸ਼ ਵਿੱਚ ਅਕਾਰਨ ਤਬਾਹੀ ਤੇ ਬਰਬਾਦੀ ਨਾ ਕਰੋ, ਤਾਂ ਉਹਨਾਂ ਨਾਲ ਨਿਆਂ ਕਰੋ। ਕਿਸੇ ਗੱਲ 'ਤੇ ਜਿੱਤ ਪ੍ਰਾਪਤ ਕਰ ਲਵੋ। ਉਹਨਾਂ ਨਾਲ ਸੰਧੀ ਹੋ ਜਾਵੇ ਤਾਂ ਉਸ ਦਾ ਪਾਲਣ ਕਰੋ। ਜਦੋਂ ਉਹ ਸਤਿ ਦੀ ਦੁਸ਼ਮਣੀ ਤਿਆਗ ਦੇਣ ਤਾਂ ਯੁੱਧ ਬੰਦ ਕਰ ਦਿਉ। ਇਹਨਾਂ ਸਾਰੀਆਂ ਗੱਲਾਂ ਤੋਂ ਸਪਸ਼ਟ ਹੁੰਦਾ ਹੈ ਕਿ ਅੱਲਾਹ ਦਾ ਹੱਕ ਅਦਾ ਕਰਨ ਲਈ ਮਨੁੱਖੀ ਹੱਕ ਦਾ ਜਿੰਨਾ ਬਲੀਦਾਨ ਜ਼ਰੂਰੀ ਹੈ ਉਸ ਤੋਂ ਵੱਧ ਨੂੰ ਜਾਇਜ਼ ਨਹੀਂ ਸਮਝਿਆ ਗਿਆ।

## ਆਪਣਾ ਹੱਕ

ਹੁਣ ਦੂਸਰੀ ਤਰ੍ਹਾਂ ਦੇ ਹੱਕਾਂ ਨੂੰ ਲਉ, ਅਰਥਾਤ ਮਨੁੱਖ ਉੱਪਰ ਉਸ ਦਾ ਆਪਣਾ ਤੇ ਆਪਣੇ ਸਰੀਰ ਦਾ ਹੱਕ ਹੈ।

ਸ਼ਾਇਦ ਤੁਹਾਨੂੰ ਇਹ ਸੁਣਕੇ ਹੈਰਾਨੀ ਹੋਵੇਗੀ ਕਿ ਮਨੁੱਖ ਸਭ ਤੋਂ ਵਧ ਆਪਣੇ ਉੱਤੇ ਜ਼ੁਲਮ ਕਰਦਾ ਹੈ। ਇਹ ਵਾਸਤਵ ਵਿੱਚ ਹੈਰਾਨੀਜਨਕ ਹੈ ਵੀ, ਕਿਉਂਕਿ ਪ੍ਰਤੱਖ ਰੂਪ ਵਿੱਚ ਤਾਂ ਹਰੇਕ ਵਿਅਕਤੀ ਇਹ ਸਮਝਦਾ ਹੈ ਕਿ ਉਹਨੂੰ ਸਭ ਤੋਂ ਵਧ ਆਪਣੇ ਆਪ ਨਾਲ ਮੁਹੱਬਤ ਹੈ ਸ਼ਾਇਦ ਕੋਈ ਵਿਅਕਤੀ ਵੀ ਇਹ ਗੱਲ ਨਹੀਂ ਮੰਨੇਗਾ ਕਿ ਉਹ ਆਪਣਾ ਆਪ ਹੀ ਦੁਸ਼ਮਣ ਹੈ। ਪਰੰਤੂ ਤੁਸੀਂ ਰਤਾ ਵਿਚਾਰ ਕਰੋਗੇ ਤਾਂ ਇਸ ਦੀ ਹਕੀਕਤ ਤੁਹਾਨੂੰ ਪਤਾ ਲਗ ਜਾਵੇਗੀ।

ਮਨੁੱਖ ਦੀ ਇੱਕ ਵੱਡੀ ਕਮਜ਼ੋਰੀ ਇਹ ਹੈ ਕਿ ਉਸ ਉੱਪਰ ਜਦ ਕੋਈ ਇੱਛਾ ਭਾਰੂ ਹੋ ਜਾਂਦੀ ਹੈ ਤਾਂ ਉਹ ਉਸ ਦਾ ਦਾਸ ਬਣ ਜਾਂਦਾ ਹੈ। ਉਸ ਦੇ ਲਈ ਜਾਣ ਬੁੱਝ ਕੇ ਅਣਜਾਣੇ ਵਿੱਚ ਆਪਣਾ ਬਹੁਤ ਨੁਕਸਾਨ ਕਰ ਬੈਠਦਾ ਹੈ। ਤੁਸੀਂ ਵੇਖਦੇ ਹੋ ਕਿ ਇੱਕ ਵਿਅਕਤੀ ਨੂੰ ਨਸ਼ੇ ਦੀ ਆਦਤ ਪੈ ਗਈ ਤਾਂ ਉਹ ਉਹਦੇ ਪਿੱਛੇ ਪਾਗਲ ਹੋਇਆ ਰਹਿੰਦਾ ਹੈ। ਸਿਹਤ ਦੀ ਹਾਨੀ, ਰੁਪਏ ਦੀ ਹਾਨੀ, ਆਦਰ ਸਤਿਕਾਰ ਦੀ ਹਾਨੀ ਇੱਥੋਂ ਤੱਕ ਕਿ ਹਰ ਚੀਜ਼ ਦੀ ਹਾਨੀ ਬਰਦਾਸ਼ਤ ਕਰੀ ਜਾਂਦਾ ਹੈ। ਇੱਕ ਦੂਜਾ ਵਿਅਕਤੀ ਖਾਣ ਪੀਣ ਦਾ ਅਜਿਹਾ ਪ੍ਰੇਮੀ ਹੈ ਕਿ ਹਰ ਪ੍ਰਕਾਰ ਦਾ ਅੱਲਮ-ਗੱਲਮ ਛਕ ਜਾਂਦਾ ਹੈ ਤੇ ਆਪਣੇ ਆਪ ਨੂੰ ਦੁਖ ਪਹੁੰਚਾਉਂਦਾ ਹੈ। ਇੱਕ ਤੀਜਾ ਵਿਅਕਤੀ ਕਾਮ ਇੱਛਾ ਦਾ ਦਾਸ ਬਣ ਗਿਆ ਹੈ ਅਤੇ ਅਜਿਹੀਆਂ ਹਰਕਤਾਂ ਕਰ ਰਿਹਾ ਹੈ ਜਿਨ੍ਹਾਂ ਦਾ ਲਾਜ਼ਮੀ ਸਿੱਟਾ ਉਸਦੀ ਤਬਾਹੀ ਹੈ। ਇੱਕ ਚੌਥੇ ਵਿਅਕਤੀ ਉੱਤੇ ਆਤਮਕ ਵਿਕਾਸ ਦੀ ਧੁਨ ਸਵਾਰ ਹੈ ਤੇ ਉਹ ਆਪਣੀ ਜਾਨ ਦੇ ਪਿੱਛੇ ਹੱਥ ਧੋ ਕੇ ਪੈ ਗਿਆ ਹੈ। ਆਪਣੀਆਂ ਸਾਰੀਆਂ ਮਾਨਸਕ ਇੱਛਾਵਾਂ ਨੂੰ ਦਬਾ ਰਿਹਾ ਹੈ ਆਪਣੇ ਸਰੀਰ ਦੀਆਂ ਲੋੜਾਂ ਪੂਰੀਆਂ ਕਰਨ ਤੋਂ ਇਨਕਾਰ ਕਰ ਰਿਹਾ ਹੈ, ਵਿਆਹ ਕਰਵਾਉਣ

Scanned with CamScanner

ਤੋਂ ਬਚਦਾ ਹੈ, ਖਾਣ-ਪੀਣ ਤੋਂ ਪ੍ਰਹੇਜ਼ ਕਰਦਾ ਹੈ, ਕੱਪੜੇ ਪਹਿਨਣ ਤੋਂ ਇਨਕਾਰ ਕਰਦਾ ਹੈ ਇੱਥੋਂ ਤੱਕ ਕਿ ਸਾਹ ਵੀ ਲੈਣਾ ਨਹੀਂ ਚਾਹੁੰਦਾ। ਜੰਗਲਾਂ ਤੇ ਪਹਾੜਾਂ ਵਿੱਚ ਜਾ ਬੈਠਦਾ ਹੈ। ਇਹ ਸਮਝਦਾ ਹੈ ਕਿ ਸੰਸਾਰ ਦਾ ਨਿਰਮਾਣ ਉਹਦੇ ਲਈ ਨਹੀਂ ਹੋਇਆ ਹੈ। ਮਿਸਾਲ ਵਜੋਂ ਮਨੁੱਖ ਵੱਲੋਂ ਚੁੱਕੀ ਅਤਿ ਤੇ ਇਹ ਕੁਝ ਕੁ ਨਮੂਨੇ ਪੇਸ਼ ਕੀਤੇ ਹਨ ਜਦੋਂ ਕਿ ਇਸ ਦੇ ਅਣਗਿਣਤ ਰੂਪ ਹਨ ਜਿਨ੍ਹਾਂ ਨੂੰ ਅਸੀਂ ਦਿਨ-ਰਾਤ ਆਪਣੇ ਚਾਰੇ ਪਾਸੇ ਵੇਖ ਰਹੇ ਹਾਂ। ਇਸਲਾਮੀ ਸ਼ਰੀਅਤ ਮਨੁੱਖੀ-ਭਲਾਈ ਤੇ ਕਲਿਆਣ ਚਾਹੁੰਦੀ ਹੈ। ਇਸ ਲਈ ਉਹ ਮਨੁੱਖ ਨੂੰ ਸੁਚੇਤ ਕਰਦੀ ਹੈ। ਤੇਰੇ ਉੱਪਰ ਖ਼ੁਦ ਤੇਰੇ ਆਪਣੇ ਵੀ ਹੱਕ ਹਨ।"

ਉਹ ਉਹਨਾਂ ਸਾਰੀਆਂ ਚੀਜ਼ਾਂ ਤੋਂ ਉਸ ਨੂੰ ਵਰਜਦੀ ਹੈ ਜਿਹੜੀਆਂ ਉਹਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਹਨ ਜਿਵੇਂ ਸ਼ਰਾਬ, ਤਾੜੀ, ਅਫ਼ੀਮ ਤੇ ਹੋਰ ਨਸ਼ੇ ਵਾਲੀਆਂ ਚੀਜ਼ਾਂ, ਸੂਰ ਦਾ ਮਾਸ, ਹਿੰਸਕ ਤੇ ਜ਼ਹਿਰੀਲੇ ਜਾਨਵਰ, ਅਪਵਿੱਤਰ ਜਾਨਵਰ, ਖ਼ੂਨ ਤੇ ਮੁਰਦਾ ਜਾਨਵਰ ਆਦਿ ਇਸ ਲਈ ਕਿ ਮਨੁੱਖ ਦੀ ਸਿਹਤ, ਸਦਾਚਾਰ , ਬੌਧਿਕ ਤੇ ਆਤਮਕ ਸ਼ਕਤੀਆਂ ਉੱਪਰ ਇਹਨਾਂ ਚੀਜ਼ਾਂ ਦਾ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ। ਇਹਨਾਂ ਦੀ ਤੁਲਨਾ ਵਿੱਚ ਉਹ ਪਵਿੱਤਰ ਤੇ ਲਾਭਕਾਰੀ ਚੀਜ਼ਾਂ ਨੂੰ ਉਸਦੇ ਲਈ ਹਲਾਲ ਕਰਦੀ ਹੈ ਤੇ ਉਸ ਨੂੰ ਆਖਦੀ ਹੈ ਕਿ ਤੂੰ ਆਪਣੇ ਸ਼ਰੀਰ ਨੂੰ ਪਵਿੱਤਰ ਖਾਧ-ਸਮਗਰੀ ਤੋਂ ਵਾਂਝਾ ਨਾ ਰੱਖ, ਕਿਉਂਕਿ ਤੇਰੇ ਸਰੀਰ ਦਾ ਤੇਰੇ ਉੱਪਰ ਹੱਕ ਹੈ।

ਉਹ ਉਸ ਨੂੰ ਨੰਗਾ ਰਹਿਣ ਤੋਂ ਰੋਕਦੀ ਹੈ ਤੇ ਹੁਕਮ ਦਿੰਦੀ ਹੈ ਕਿ ਅੱਲਾਹ ਨੇ ਤੇਰੇ ਸਰੀਰ ਲਈ ਜੋ ਸ਼ੋਭਾ (ਬਸਤਰ) ਉਤਾਰੀ ਹੈ. ਉਸ ਤੋਂ ਲਾਭ ਉਠਾ, ਆਪਣੇ ਸ਼ਰੀਰ ਦੇ ਉਹਨਾਂ ਅੰਗਾਂ ਨੂੰ ਢਕ ਕੇ ਰੱਖ ਜਿਨ੍ਹਾਂ ਨੂੰ ਨੰਗਾ ਰੱਖਣਾ ਅਸ਼ਲੀਲਤਾ ਹੈ।

ਉਹ ਉਸ ਨੂੰ ਰੋਜ਼ੀ ਕਮਾਉਣ ਦੀ ਆਗਿਆ ਦਿੰਦੀ ਹੈ ਅਤੇ ਉਸ ਨੂੰ ਆਖਦੀ ਹੈ ਕਿ ਬੇਕਾਰ ਨਾ ਬੈਠ, ਭੀਖ ਨਾ ਮੰਗ, ਭੁੱਖਾ ਨਾ ਮਰ। ਈਸ਼ਵਰ ਨੇ ਜਿਹੜੀਆਂ ਸ਼ਕਤੀਆਂ ਤੈਨੂੰ ਦਿੱਤੀਆਂ ਹਨ, ਉਹਨਾਂ ਤੋਂ ਕੰਮ ਲੈ। ਜਿੰਨੇ ਸਾਧਨ ਧਰਤੀ ਤੇ ਅਕਾਸ਼ ਵਿੱਚ ਤੇਰੇ ਪਾਲਣ-ਪੋਸ਼ਣ, ਸੁਵਿਧਾ ਤੇ ਸੁੱਖ ਲਈ ਉਤਪੰਨ ਕੀਤੇ ਹਨ ਉਹਨਾਂ ਨੂੰ ਉਚਿਤ ਉਪਾ ਕਰਕੇ ਪ੍ਰਾਪਤ ਕਰ।

ਉਹ ਉਸ ਨੂੰ ਕਾਮ ਇੱਛਾ ਦਬਾਉਣ ਤੋਂ ਰੋਕਦੀ ਹੈ ਅਤੇ ਉਸ ਨੂੰ ਹੁਕਮ ਦਿੰਦੀ ਹੈ ਕਿ ਆਪਣੀਆਂ ਇੱਛਾਵਾਂ ਦੀ ਪੂਰਤੀ ਲਈ ਵਿਆਹ ਕਰਵਾ।

ਉਹ ਉਸ ਨੂੰ ਮਨ ਮਾਰਨ ਤੋਂ ਰੋਕਦੀ ਹੈ ਅਤੇ ਉਸ ਨੂੰ ਆਖਦੀ ਹੈ ਕਿ ਤੂੰ

Scanned with CamScanner

ਅਰਾਮ ਸੁੱਖ ਅਤੇ ਜੀਵਨ ਅਨੰਦ ਨੂੰ ਆਪਣੇ ਲਈ ਹਰਾਮ ਨਾ ਕਰ। ਜੇਕਰ ਤੂੰ ਆਤਮਕ ਵਿਕਾਸ, ਈਸ਼ਵਰ ਦੀ ਨੇੜਤਾ ਅਤੇ ਆਖ਼ਰਤ ਵਿੱਚ ਮੁਕਤੀ ਚਾਹੁੰਦਾ ਹੈ ਤਾਂ ਇਹਦੇ ਲਈ ਦੁਨੀਆਂ ਤਿਆਗਣ ਦੀ ਜ਼ਰੂਰਤ ਨਹੀਂ। ਇਸੇ ਸੰਸਾਰ ਵਿੱਚ ਸੰਪੂਰਨ ਗ੍ਰਹਿਸਤੀ ਜੀਵਨ ਬਤੀਤ ਕਰਦੇ ਹੋਏ ਈਸ਼ਵਰ ਦਾ ਸਿਮਰਨ ਕਰਨਾ ਉਸਦੀ ਅਵੱਗਿਆ ਤੋਂ ਡਰਨਾ, ਉਸ ਦੇ ਬਣਾਏ ਕਾਨੂੰਨ ਦਾ ਪਾਲਣ ਕਰਨਾ ਲੋਕ-ਪਰਲੋਕ ਦੀਆਂ ਸਾਰੀਆਂ ਸਫਲਤਾਵਾਂ ਦਾ ਸਾਧਨ ਹੈ। ਉਹ ਆਤਮ-ਹੱਤਿਆ ਨੂੰ ਹਰਾਮ ਕਰਦੀ ਹੈ। ਮਨੁੱਖ ਨੂੰ ਆਖਦੀ ਹੈ ਕਿ ਤੇਰੀ ਜਾਨ ਅਸਲ ਵਿੱਚ ਈਸ਼ਵਰ ਦੀ ਅਮਾਨਤ ਹੈ ਤੇ ਇਹ ਤੈਨੂੰ ਇਸ ਲਈ ਦਿੱਤੀ ਗਈ ਹੈ ਕਿ ਤੂੰ ਈਸ਼ਵਰ ਦੀ ਨਿਸ਼ਚਿਤ ਕੀਤੀ ਹੋਈ ਮੁੱਦਤ ਤਕ ਉਸ ਤੋਂ ਕੰਮ ਲੈ, ਇਸ ਲਈ ਨਹੀਂ ਕਿ ਤੂੰ ਉਸ ਨੂੰ ਨਸ਼ਟ ਕਰ ਦੇਵੇਂ।

## ਲੋਕਾਂ ਦਾ ਹੱਕ

ਇੱਕ ਪਾਸੇ ਸ਼ਰੀਅਤ ਨੇ ਮਨੁੱਖ ਨੂੰ ਆਪਣੀ ਆਤਮਾ ਤੇ ਸਰੀਰ ਦਾ ਹੱਕ ਪੂਰਾ ਕਰਨ ਦਾ ਆਦੇਸ਼ ਦਿੱਤਾ ਹੈ ਤੇ ਦੂਜੇ ਪਾਸੇ ਇਹ ਰੋਕ ਵੀ ਲਗਾਈ ਹੈ ਕਿ ਇਹਨਾਂ ਹੱਕਾਂ ਨੂੰ ਪੂਰਨ ਕਰਨ ਵਿੱਚ ਉਹ ਕੋਈ ਅਜਿਹਾ ਢੰਗ ਨਾ ਅਪਣਾਵੇ ਜਿਸ ਨਾਲ ਦੂਸਰੇ ਲੋਕਾਂ ਦੇ ਹੱਕਾਂ ਨੂੰ ਠੇਸ ਪਹੁੰਚੇ ਕਿਉਂ ਜੋ ਇਸ ਤਰ੍ਹਾਂ ਆਪਣੀਆਂ ਇੱਛਾਵਾਂ ਤੇ ਲੋੜਾਂ ਨੂੰ ਪੂਰਾ ਕਰਨ ਨਾਲ ਮਨੁੱਖ ਦੀ ਆਪਣੀ ਆਤਮਾ ਵੀ ਅਪਵਿੱਤਰ ਹੋ ਜਾਂਦੀ ਹੈ ਤੇ ਦੂਜਿਆਂ ਨੂੰ ਵੀ ਤਰ੍ਹਾਂ-ਤਰ੍ਹਾਂ ਦੀਆਂ ਹਾਨੀਆਂ ਪਹੁੰਚਾਉਂਦੀ ਹੈ। ਇਸੇ ਲਈ ਸ਼ਰੀਅਤ ਨੇ ਚੋਰੀ, ਲੁੱਟ-ਮਾਰ, ਵਿਸ਼ਵਾਸਘਾਤ, ਵਿਆਜ, ਛਲ-ਕਪਟ ਅਤੇ ਰਿਸ਼ਵਤ ਨੂੰ ਹਰਾਮ ਕੀਤਾ ਹੈ ਕਿਉਂਕਿ ਇਹ ਸਾਰੇ ਕੰਮ ਦੂਜਿਆਂ ਲਈ ਹਾਨੀਕਾਰਕ ਹਨ। ਝੂਠ, ਚੁਗ਼ਲੀ, ਝੂਠਾ ਦੋਸ਼ ਲਗਾਉਣ ਨੂੰ ਹਰਾਮ ਕੀਤਾ ਹੈ ਕਿਉਂਕਿ ਇਹ ਸਾਰੇ ਵੀ ਦੂਜਿਆਂ ਲਈ ਹਾਨੀਕਾਰਕ ਹਨ। ਜੂਏ, ਸੱਟੇ, ਲਾਟਰੀ ਨੂੰ ਹਰਾਮ ਕੀਤਾ ਹੈ ਕਿਉਂਕਿ ਇਸ ਵਿੱਚ ਇੱਕ ਵਿਅਕਤੀ ਦਾ ਲਾਭ ਹਜ਼ਾਰਾਂ ਵਿਅਕਤੀਆਂ ਦੀ ਹਾਨੀ ਉੱਤੇ ਅਧਾਰਤ ਹੈ। ਧੋਖੇ ਛਲ ਦੇ ਲੈਣ ਦੇਣ ਅਤੇ ਅਜਿਹੇ ਵਿਉਪਾਰਕ ਸਮਝੌਤੇ ਨੂੰ ਹਰਾਮ ਕੀਤਾ ਹੈ ਜਿਸ ਨਾਲ ਕਿਸੇ ਇੱਕ ਧਿਰ ਨੂੰ ਹਾਨੀ ਹੋਣ ਦੀ ਸੰਭਾਵਨਾ ਹੋਵੇ। ਹੱਤਿਆ ਫ਼ਸਾਦ ਤੇ ਵਿਗਾੜ ਨੂੰ ਵੀ ਹਰਾਮ ਕੀਤਾ ਹੈ ਕਿਉਂਕਿ ਇੱਕ ਵਿਅਕਤੀ ਨੂੰ ਆਪਣੇ ਕਿਸੇ ਲਾਭ ਜਾਂ ਆਪਣੀ ਕਿਸੇ ਇੱਛਾ ਦੀ ਪੂਰਤੀ ਲਈ ਇੱਕ ਦੂਜੇ ਦੀ ਜਾਨ ਲੈਣ ਜਾਂ ਉਹਨਾਂ ਨੂੰ ਕਸ਼ਟ ਦੇਣ ਦਾ ਅਧਿਕਾਰ ਨਹੀਂ ਹੈ। ਵਿਭਚਾਰ ਅਤੇ ਅਪ੍ਰਾਕਿਰਤਕ ਮੈਥਨ (ਮੁੰਡੇਬਾਜ਼ੀ) ਨੂੰ ਹਰਾਮ ਕੀਤਾ ਹੈ ਕਿਉਂਕਿ

Scanned with CamScanner

ਇਹ ਕੰਮ ਇੱਕ ਪਾਸੇ ਤਾਂ ਖ਼ੁਦ ਉਸ ਵਿਅਕਤੀ ਦੀ ਸਿਹਤ ਨੂੰ ਨਸ਼ਟ ਤੇ ਆਚਰਣ ਨੂੰ ਭ੍ਰਿਸ਼ਟ ਕਰਦੇ ਹਨ। ਦੂਜੇ ਪਾਸੇ ਇਸ ਨਾਲ ਪੂਰੇ ਸਮਾਜ ਵਿੱਚ ਬੇਸ਼ਰਮੀ ਤੇ ਅਨੈਤਿਕਤਾ ਪਸਰ ਜਾਂਦੀ ਹੈ। ਗੰਦੀਆਂ ਬਿਮਾਰੀਆਂ ਪੈਦਾ ਹੁੰਦੀਆਂ ਹਨ, ਨਸਲਾਂ ਵਿਗੜਦੀਆਂ ਹਨ, ਫਸਾਦ ਫੁੱਟਦੇ ਹਨ, ਸੱਭਿਅਤਾ ਤੇ ਸੰਸਕ੍ਰਿਤੀ ਦੀ ਜੜ੍ਹ ਵੱਢੀ ਜਾਂਦੀ ਹੈ।

ਇਹ ਤਾਂ ਉਹ ਪਾਬੰਦੀਆਂ ਹਨ ਜਿਹੜੀਆਂ ਸ਼ਰੀਅਤ ਨੇ ਇਸ ਲਈ ਲਗਾਈਆਂ ਹਨ ਕਿ ਇੱਕ ਵਿਅਕਤੀ ਆਪਣੇ ਤੇ ਆਪਣੇ ਸਰੀਰ ਦੇ ਹੱਕ ਪੂਰੇ ਕਰਨ ਦੇ ਲਈ ਦੂਜੇ ਦੇ ਹੱਕਾਂ ਦਾ ਘਾਣ ਨਾ ਕਰੇ ਪਰੰਤੂ ਮਨੁੱਖੀ ਸੱਭਿਅਤਾ ਦੇ ਵਿਕਾਸ, ਭਲਾਈ ਤੇ ਕਲਿਆਣ ਲਈ ਕੇਵਲ ਇੰਨਾ ਕੁ ਹੀ ਕਾਫ਼ੀ ਨਹੀਂ ਹੈ ਕਿ ਇੱਕ ਵਿਅਕਤੀ ਦੂਜੇ ਵਿਅਕਤੀ ਨੂੰ ਹਾਨੀ ਨਾ ਪਹੁੰਚਾਵੇ ਸਗੋਂ ਇਹਦੇ ਲਈ ਇਹ ਵੀ ਜ਼ਰੂਰੀ ਹੈ ਕਿ ਲੋਕਾਂ ਆਪਸੀ ਸਬੰਧ ਇਸ ਤਰ੍ਹਾਂ ਸਥਾਪਤ ਕੀਤੇ ਜਾਣ ਕਿ ਉਹ ਸਾਰੇ ਇੱਕ ਦੂਜੇ ਦੀ ਪ੍ਰਸਪਰ ਭਲਾਈ ਵਿੱਚ ਸਹਾਇਕ ਹੋਣ। ਇਸ ਉਦੇਸ਼ ਨਾਲ ਸ਼ਰੀਅਤ ਨੇ ਜਿਹੜੇ ਕਾਨੂੰਨ ਬਣਾਏ ਹਨ ਉਹਨਾਂ ਦਾ ਕੇਵਲ ਸਾਰਅੰਸ਼ ਹੀ ਅਸੀਂ ਇੱਥੇ ਵਰਣਨ ਕਰਦੇ ਹਾਂ।

ਮਨੁੱਖੀ ਸੰਬੰਧਾਂ ਦਾ ਅਰੰਭ ਪਰਿਵਾਰ ਨਾਲ ਹੁੰਦਾ ਹੈ। ਇਸ ਲਈ ਸੱਭ ਤੋਂ ਪਹਿਲਾਂ ਇਸ ਉੱਤੇ ਵਿਚਾਰ ਕਰਦੇ ਹਾਂ। ਪਰਿਵਾਰ ਅਸਲ ਵਿੱਚ ਉਸ ਸਮੂਹ ਨੂੰ ਕਹਿੰਦੇ ਹਨ ਜਿਹੜਾ ਪਤੀ, ਪਤਨੀ ਤੇ ਬੱਚਿਆਂ ਉੱਤੇ ਅਧਾਰਤ ਹੁੰਦਾ ਹੈ। ਇਸ ਲਈ ਇਸਲਾਮੀ ਨਿਯਮ ਇਹ ਹੈ ਕਿ ਰੋਜ਼ੀ ਕਮਾਉਣਾ, ਪਰਿਵਾਰ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਪਤਨੀ ਤੇ ਬੱਚਿਆਂ ਦੀ ਰੱਖਿਆ ਕਰਨਾ ਪੁਰਸ਼ ਦਾ ਕਰਤੱਵ ਹੈ। ਇਸਤਰੀ ਦਾ ਕਰਤੱਵ ਇਹ ਹੈ ਕਿ ਪੁਰਸ਼ ਜੋ ਕੁੱਝ ਕਮਾ ਕੇ ਲਿਆਵੇ ਉਸ ਨਾਲ ਉਹ ਘਰ ਦਾ ਪ੍ਰਬੰਧ ਕਰੇ। ਪਤੀ ਤੇ ਬੱਚਿਆਂ ਲਈ ਵੱਧ ਤੋਂ ਵੱਧ ਅਰਾਮ ਤੇ ਸੁਵਿਧਾਵਾਂ ਜੁਟਾਵੇ। ਬੱਚਿਆਂ ਦਾ ਪਾਲਣ-ਪੋਸ਼ਣ ਕਰੇ ਤੇ ਉਹਨਾਂ ਨੂੰ ਚੰਗੀ ਸਿੱਖਿਆ ਦੇਵੇ। ਬੱਚਿਆਂ ਦਾ ਕਰਤੱਵ ਇਹ ਹੈ ਕਿ ਮਾਤਾ-ਪਿਤਾ ਦੀ ਆਗਿਆ ਮੰਨਣ, ਉਹਨਾਂ ਦਾ ਸਤਿਕਾਰ ਕਰਨ ਅਤੇ ਜਦੋਂ ਵੱਡੇ ਹੋ ਜਾਣ ਤਾਂ ਉਹਨਾਂ ਦੀ ਸੇਵਾ ਕਰਨ। ਪਰਿਵਾਰ ਦੀ ਵਿਵਸਥਾ ਨੂੰ ਠੀਕ ਰੱਖਣ ਲਈ ਇਸਲਾਮ ਨੇ ਦੋ ਨਿਯਮ ਆਪਣਾਏ ਹਨ। ਇੱਕ ਇਹ ਕਿ ਪਤੀ ਤੇ ਪਿਤਾ ਨੂੰ ਘਰ ਦਾ ਪ੍ਰਮੁੱਖ ਅਧਿਕਾਰੀ ਨਿਯਤ ਕਰ ਦਿੱਤਾ ਹੈ। ਜਿਵੇਂ ਇੱਕ ਸ਼ਹਿਰ ਦਾ ਪ੍ਰਬੰਦ ਇੱਕ ਹਾਕਮ ਤੋਂ ਬਿਨਾਂ, ਇੱਕ ਸਕੂਲ ਦਾ ਪ੍ਰਬੰਧ ਇੱਕ ਮੁੱਖ ਅਧਿਆਪਕ ਤੋਂ ਬਿਨਾਂ ਠੀਕ ਨਹੀਂ ਰਹਿ ਸਕਦਾ ਉਸੇ ਤਰ੍ਹਾਂ ਘਰ ਦਾ ਪ੍ਰਬੰਦ ਵੀ ਇੱਕ ਹਾਕਮ ਤੋਂ ਬਿਨਾਂ ਠੀਕ ਨਹੀ ਰਹਿ ਸਕਦਾ।

Scanned with CamScanner

ਜਿਸ ਘਰ ਵਿੱਚ ਹਰੇਕ ਵਿਅਕਤੀ ਆਪਣੀਆਂ ਇੱਛਾਵਾਂ ਲਈ ਸੁਤੰਤਰ ਹੋਵੇ ਉਸ ਘਰ ਵਿੱਚ ਹਰ ਹਾਲ ਵਿੱਚ ਗੜਬੜ ਰਹੇਗੀ। ਸੁੱਖ ਤੇ ਪ੍ਰਸੰਨਤਾ ਨਾ ਮਾਤਰ ਵੀ ਨਹੀਂ ਰਹੇਗੀ। ਪਤੀ ਜਿਸ ਰਾਹ ਚੱਲੇਗਾ ਪਤਨੀ ਉਸ ਦੇ ਉਲਟ ਦੂਜਾ ਰਾਹ ਆਪਣਾਏਗੀ। ਬੱਚਿਆਂ ਦੀ ਦੁਰਦਸ਼ਾ ਹੋਵੇਗੀ। ਇਹਨਾਂ ਸਾਰੀਆਂ ਬੁਰਾਈਆਂ ਨੂੰ ਦੂਰ ਕਰਨ ਲਈ ਘਰ ਦਾ ਇੱਕ ਹਾਕਮ ਹੋਣਾ ਜ਼ਰੂਰੀ ਹੈ ਤੇ ਉਹ ਮਰਦ ਹੀ ਹੋ ਸਕਦਾ ਹੈ ਕਿਉਂਕਿ ਉਹ ਘਰ ਵਾਲਿਆਂ ਦੇ ਪਾਲਣ-ਪੋਸ਼ਣ ਤੇ ਸੁਰੱਖਿਆ ਲਈ ਜ਼ਿੰਮੇਵਾਰ ਹੈ। ਦੂਜਾ ਉਪਾ ਇਹ ਹੈ ਕਿ ਘਰ ਤੋਂ ਬਾਹਰਲੇ ਸਾਰੇ ਕੰਮਾਂ ਦਾ ਬੋਝ ਪੁਰਸ਼ 'ਤੇ ਪਾਕੇ ਇਸਤਰੀ ਨੂੰ ਆਦੇਸ਼ ਦਿੱਤਾ ਗਿਆ ਹੈ ਕਿ ਬਿਨਾਂ ਜ਼ਰੂਰਤ ਘਰ ਤੋਂ ਬਾਹਰ ਨਾ ਜਾਵੇ। ਉਸ ਨੂੰ ਘਰ ਤੋਂ ਬਾਹਰਲੇ ਕੰਮਾਂ ਤੋਂ ਇਸ ਲਈ ਛੋਟ ਦਿੱਤੀ ਗਈ ਹੈ ਤਾਂ ਕਿ ਉਹ ਘਰ ਦੇ ਕੰਮ ਸ਼ਾਂਤੀਪੂਰਵਕ ਕਰ ਸਕੇ। ਉਸ ਦੇ ਘਰੋਂ ਬਾਹਰ ਜਾਣ ਕਾਰਨ ਘਰ ਦੀ ਸੁੱਖ-ਸੁਵਿਧਾ, ਬੱਚਿਆਂ ਦੇ ਪਾਲਣ-ਪੋਸ਼ਣ ਤੇ ਉਹਨਾਂ ਦੀ ਤਰਬੀਅਤ ਵਿੱਚ ਕੋਈ ਅੜਿੱਕਾ ਨਾ ਪਵੇ। ਇਸਦਾ ਅਰਥ ਇਹ ਨਹੀਂ ਹੈ ਕਿ ਇਸਤਰੀਆਂ ਘਰ ਤੋਂ ਬਾਹਰ ਬਿਲਕੁਲ ਪੈਰ ਹੀ ਨਾ ਕੱਢਣ। ਜ਼ਰੂਰਤ ਆ ਪੈਣ ਤੇ ਉਹਨਾਂ ਨੂੰ ਬਾਹਰ ਜਾਣ ਦਾ ਅਧਿਕਾਰ ਪ੍ਰਾਪਤ ਹੈ, ਪਰੰਤੂ ਸ਼ਰੀਅਤ ਦਾ ਉਦੇਸ ਇਹ ਹੈ ਕਿ ਉਸ ਦਾ ਕਾਰਜ-ਖੇਤਰ ਘਰ ਹੀ ਹੋਣਾ ਚਾਹੀਦਾ ਹੈ ਅਤੇ ਉਹਨਾਂ ਦੀ ਪੂਰੀ ਸ਼ਕਤੀ ਘਰੇਲੂ ਜੀਵਨ ਨੂੰ ਸੁੰਦਰ ਬਣਾਉਣ ਵਿੱਚ ਹੀ ਲੱਗਣੀ ਚਾਹੀਦੀ ਹੈ। ਖ਼ੂਨ ਦੇ ਰਿਸ਼ਤਿਆਂ ਤੇ ਸ਼ਾਦੀ-ਵਿਆਹ ਦੇ ਸੰਬੰਧਾਂ ਨਾਲ ਪਰਿਵਾਰ ਦਾ ਘੇਰਾ ਵਿਸਤ੍ਰਿਤ ਹੁੰਦਾ ਹੈ। ਇਸ ਘੇਰੇ ਵਿੱਚ ਜਿਹੜੇ ਲੋਕ ਇੱਕ ਦੂਜੇ ਨਾਲ ਜੁੜਦੇ ਹਨ। ਉਹਨਾਂ ਦੇ ਸੰਬੰਧਾਂ ਨੂੰ ਠੀਕ ਰੱਖਣ ਤੇ ਉਹਨਾਂ ਨੂੰ ਇੱਕ ਦੂਜੇ ਦਾ ਸਹਿਯੋਗੀ ਬਣਾਉਣ ਲਈ ਸ਼ਰੀਅਤ ਨੇ ਭਿੰਨ-ਭਿੰਨ ਨਿਯਮ ਨਿਸ਼ਚਤ ਕੀਤੇ ਹਨ ਜਿਹੜੇ ਬੜੀ ਸੂਝ ਬੂਝ 'ਤੇ ਅਧਾਰਤ ਹਨ ਉਹਨਾਂ ਵਿਚੋਂ ਕੁੱਝ ਨਿਯਮ ਹੇਠ ਲਿਖੇ ਹਨ—

(1) ਜਿਨ੍ਹਾਂ ਇਸਤਰੀਆਂ ਤੇ ਪੁਰਸ਼ਾਂ ਨੂੰ ਸੁਭਾਵਿਕ ਰੂਪ ਵਿੱਚ ਇੱਕ ਦੂਜੇ ਨਾਲ ਘੁਲ-ਮਿਲ ਕੇ ਰਹਿਣਾ ਪੈਂਦਾ ਹੈ ਉਹਨਾਂ ਨੂੰ ਇੱਕ ਦੂਜੇ ਲਈ ਹਰਾਮ ਕਰ ਦਿੱਤਾ ਹੈ। ਜਿਵੇਂ ਮਾਤਾ ਤੇ ਪੁੱਤਰ ਪਿਤਾ ਤੇ ਪੁੱਤਰੀ, ਮਤਰੇਆ ਬਾਪ ਤੇ ਮਤਰੇਈ ਧੀ, ਮਤਰੇਈ ਮਾਂ ਤੇ ਮਤਰੇਆ ਪੁੱਤਰ, ਭਾਈ ਤੇ ਭੈਣ, ਚਾਚਾ ਤੇ ਭਤੀਜੀ, ਭੂਆ ਤੇ ਭਤੀਜਾ, ਮਾਮਾ ਤੇ ਭਾਣਜੀ, ਮਾਸੀ ਤੇ ਭਾਣਜਾ, ਸੱਸ ਤੇ ਜਵਾਈ, ਸਹੁਰਾ ਤੇ ਨੂੰਹ। ਇਹਨਾਂ ਸਾਰੇ ਰਿਸ਼ਤਿਆਂ ਨੂੰ ਆਪਸ ਵਿੱਚ ਹਰਾਮ ਕਰਨ ਦੇ ਅਣਗਿਣਤ ਲਾਭਾਂ ਵਿਚੋਂ

Scanned with CamScanner

ਇੱਕ ਲਾਭ ਇਹ ਹੈ, ਅਜਿਹੇ ਪੁਰਸ਼ਾਂ ਤੇ ਇਸਤਰੀਆਂ ਦੇ ਸੰਬੰਧ ਅਤਿਅੰਤ ਪਵਿੱਤਰ ਰਹਿੰਦੇ ਹਨ। ਉਹ ਸ਼ੁੱਧ ਪ੍ਰੇਮ ਸਹਿਤ ਨਿਰਸੰਕੋਚ ਇੱਕ ਦੂਜੇ ਨੂੰ ਮਿਲ ਸਕਦੇ ਹਨ।

(2) ਹਰਾਮ ਰਿਸ਼ਤਿਆਂ[1] ਤੋਂ ਬਿਨਾਂ ਘਰਾਣੇ ਦੇ ਦੂਜੇ ਪੁਰਸ਼ਾਂ ਤੇ ਇਸਤਰੀਆਂ ਦੇ ਸ਼ਾਦੀ-ਵਿਆਹ ਨੂੰ ਜਾਇਜ਼ ਕੀਤਾ ਗਿਆ ਹੈ ਤਾਂਕਿ ਆਪਸੀ ਸੰਬੰਧ ਹੋਰ ਵਧੇਰੇ ਵੱਧਣ। ਜਿਹੜੇ ਲੋਕ ਇੱਕ ਦੂਜੇ ਦੀ ਪ੍ਰਵਿਰਤੀ ਤੇ ਸੁਭਾਅ ਤੋਂ ਜਾਣੂੰ ਹੁੰਦੇ ਹਨ ਉਹਨਾਂ ਵਿੱਚ ਸ਼ਾਦੀ-ਵਿਆਹ ਦੇ ਸੰਬੰਧ ਵਧੇਰੇ ਸਫਲ ਹੁੰਦਾ ਹੈ। ਅਨਭੜ ਘਰਾਣਿਆਂ ਨਾਲ ਸ਼ਾਦੀ ਵਿਆਹ ਦੇ ਸਬੰਧ ਸਥਾਪਤ ਕਰਨ ਨਾਲ ਅਕਸਰ ਪ੍ਰਸਪਰ ਵਿਰੋਧ ਪੈਦਾ ਹੋ ਜਾਂਦਾ ਹੈ। ਇਸੇ ਲਈ ਇਸਲਾਮ ਵਿੱਚ ਕੁਫ਼ੂ ਵਾਲੇ (ਬਰਾਬਰੀ ਵਾਲੇ) ਨੂੰ ਗ਼ੈਰ ਕੁਫ਼ੂ[1] ਵਾਲੇ ਦੇ ਮੁਕਾਬਲੇ ਵਿੱਚ ਚੰਗਾ ਸਮਝਿਆ ਜਾਂਦਾ ਹੈ।

(3) ਪਰਿਵਾਰ ਵਿੱਚ ਨਿਰਧਨ ਤੇ ਧਨਵਾਨ, ਖ਼ੁਸ਼ਹਾਲ ਤੇ ਕੰਗਾਲ ਸਭ ਤਰ੍ਹਾਂ ਦੇ ਲੋਕ ਹੁੰਦੇ ਹਨ। ਇਸਲਾਮ ਦਾ ਆਦੇਸ਼ ਇਹ ਹੈ ਕਿ ਹਰੇਕ ਵਿਅਕਤੀ ਉੱਪਰ ਸਭ ਤੋਂ ਵੱਧ ਹੱਕ ਉਸਦੇ ਸੰਬੰਧੀਆਂ ਦਾ ਹੈ। ਇਸ ਦਾ ਨਾਂ ਸ਼ਰੀਅਤ ਦੀ ਭਾਸ਼ਾ ਵਿੱਚ ਸਿਲਾ ਰਹਿਮੀ (ਵਧੀਆ ਸਲੂਕ ਕਰਨਾ) ਹੈ, ਜਿਸ ਦੀ ਪਾਲਣਾ ਕਰਨ ਦੀ ਬੜੀ ਤਾਕੀਦ ਕੀਤੀ ਗਈ ਹੈ। ਸੰਬੰਧੀਆਂ ਨਾਲ ਵਿਸ਼ਵਾਸਘਾਤ ਕਰਨ ਨੂੰ ਕਤਅ ਰਹਿਮੀ (ਰਿਸ਼ਤੇ ਤੋੜਦੇ) ਕਹਿੰਦੇ ਹਨ। ਇਹ ਇਸਲਾਮ ਵਿੱਚ ਬੱਜਰ ਪਾਪ ਹੈ। ਕੋਈ ਸੰਬੰਧੀ ਗ਼ਰੀਬ ਹੋਵੇ ਜਾਂ ਉਸ ਉੱਪਰ ਕੋਈ ਮੁਸਬੀਤ ਆ ਜਾਵੇ ਤਾਂ ਖ਼ੁਸ਼ਹਾਲ ਸੰਬੰਧੀਆਂ ਦਾ ਕਰਤੱਵ ਹੈ ਕਿ ਉਸ ਦੀ ਸਹਾਇਤਾ ਕਰਨ। ਸਦਕਾ, ਖ਼ੈਰਾਤ ਦੇਣ ਵਿੱਚ ਵੀ ਵਿਸ਼ੇਸ਼ ਕਰਕੇ ਰਿਸ਼ਤੇਦਾਰਾਂ ਦੇ ਹੱਕ ਨੂੰ ਪਹਿਲ ਦਿੱਤੀ ਗਈ ਹੈ।

(4) ਵਿਰਾਸਤ ਦਾ ਕਾਨੂੰਨ ਵੀ ਇਸੇ ਤਰ੍ਹਾਂ ਬਣਾਇਆ ਗਿਆ ਹੈ ਕਿ ਜਿਹੜਾ ਵਿਅਕਤੀ ਕੁਝ ਧਨ ਛੱਡ ਕੇ ਮਰੇ ਚਾਹੇ ਉਹ ਘੱਟ ਹੋਵੇ ਜਾਂ ਵੱਧ ਇੱਕ ਥਾਂ ਸਿਮਟ ਕੇ ਨਾ ਰਹਿ ਜਾਵੇ ਸਗੋਂ ਉਸ ਦੇ ਸੰਬੰਧੀਆਂ ਨੂੰ ਥੋੜ੍ਹਾ ਜਾਂ ਬਹੁਤਾ ਹਿੱਸਾ ਪਹੁੰਚ ਜਾਵੇ। ਪੁੱਤ-ਧੀ, ਪਤੀ-ਪਤਨੀ, ਮਾਤਾ-ਪਿਤਾ, ਭਾਈ-ਭੈਣ ਮਨੁੱਖ ਦੇ ਸਭ ਤੋਂ ਵੱਧ ਨੇੜਲੇ ਹੱਕਦਾਰ ਹਨ। ਇਸ ਲਈ ਵਿਰਾਸਤ ਵਿੱਚ ਪਹਿਲਾਂ ਇਹਨਾਂ ਦੇ ਹਿੱਸੇ ਨਿਸ਼ਚਤ ਕੀਤੇ ਗਏ ਹਨ। ਇਹ ਜੇਕਰ ਨਾ ਹੋਣ ਤਾਂ ਇਹਨਾਂ ਤੋਂ ਬਾਅਦ ਜਿਹੜੇ ਸੰਬੰਧੀ ਵਧੇਰੇ ਨੇੜੇ ਹੋਣ ਉਹਨਾਂ ਨੂੰ ਹਿੱਸਾ ਮਿਲਦਾ ਹੈ। ਇਸ ਤਰ੍ਹਾ ਮਰਨ ਤੋਂ ਬਾਅਦ ਉਸ ਦਾ ਛੱਡਿਆ ਹੋਇਆ ਧਨ ਬਹੁਤ ਸਾਰੇ ਨਾਤੇਦਾਰਾਂ ਦੇ ਕੰਮ ਆਉਂਦਾ

*(1) ਅਰਥਾਤ ਜਿਨ੍ਹਾਂ ਦਾ ਆਪੋ ਵਿੱਚ ਸ਼ਾਦੀ-ਵਿਆਹ ਨਹੀਂ ਹੋ ਸਕਦਾ ਜਿਵੇਂ—ਪਿਤਾ, ਧੀ ਤੇ ਭੈਣ, ਭਾਈ ਆਦਿ।*

ਹੈ।ਇਸਲਾਮ ਦਾ ਇਹ ਕਾਨੂੰਨ ਸੰਸਾਰ ਵਿੱਚ ਅਦੁੱਤੀ ਹੈ ਹੁਣ ਦੂਜੀਆਂ ਜਾਤੀਆਂ ਵੀ ਇਸ ਦੀ ਨਕਲ ਕਰਨ ਲਗ ਰਹੀਆਂ ਹਨ। ਪਰੰਤੂ ਦੁੱਖ ਦੀ ਗੱਲ ਹੈ ਕਿ ਮੁਸਲਮਾਨ ਅਗਿਆਨ ਤੇ ਨਾ ਸਮਝੀ ਕਾਰਨ ਅਕਸਰ ਇਸ ਕਾਨੂੰਨ ਦੀ ਉਲੰਘਣਾ ਕਰਨ ਲੱਗੇ ਹਨ ਵਿਸ਼ੇਸ਼ ਕਰਕੇ ਲੜਕੀਆਂ ਨੂੰ ਵਿਰਾਸਤ ਵਿਚੋਂ ਹਿੱਸਾ ਨਾ ਦੇਣ ਦੀ ਰੀਤ ਪਾਕਿਸਤਾਨ ਤੇ ਭਾਰਤ ਦੇ ਮੁਸਲਮਾਨਾਂ ਵਿੱਚ ਬਹੁਤ ਫੈਲੀ ਹੋਈ ਹੈ ਜਦੋਂ ਕਿ ਇਹ ਇੱਕ ਬਹੁਤ ਵੱਡਾ ਜ਼ੁਲਮ ਹੈ ਅਤੇ ਕੁਰਆਨ ਦੇ ਸਪਸ਼ਟ ਆਦੇਸ਼ਾਂ ਦੇ ਵਿਰੁੱਧ ਹੈ।

ਪਰਿਵਾਰ ਅਤੇ ਘਰਾਣੇ ਤੋਂ ਬਿਨਾਂ ਮਨੁੱਖ ਦੇ ਸਬੰਧ ਆਪਣੇ ਮਿੱਤਰਾਂ, ਗੁਆਂਢੀਆਂ ਮੁਹੱਲੇਦਾਰਾਂ, ਸ਼ਹਿਰ ਵਾਸੀਆਂ ਤੇ ਉਹਨਾਂ ਲੋਕਾਂ ਨਾਲ ਹੁੰਦੇ ਹਨ ਜਿਨ੍ਹਾਂ ਨਾਲ ਉਹਨੂੰ ਕਿਸੇ ਨਾ ਕਿਸੇ ਤਰ੍ਹਾਂ ਦੇ ਮਾਮਲੇ ਪੇਸ਼ ਆਉਂਦੇ ਹਨ। ਇਹਨਾਂ ਪ੍ਰਤੀ ਇਸਲਾਮ ਦਾ ਆਦੇਸ਼ ਇਹ ਹੈ ਕਿ ਸਭਨਾਂ ਨਾਲ ਸਚਾਈ, ਨਿਆਂ ਤੇ ਨੈਤਿਕਤਾ ਦਾ ਵਿਵਹਾਰ ਕਰੋ। ਕਿਸੇ ਨੂੰ ਦੁਖੀ ਨਾ ਕੋਰ, ਕਿਸੇ ਦੇ ਦਿਲ ਨੂੰ ਠੇਸ ਨਾ ਪਹੁੰਚਾਉ, ਅਸ਼ਲੀਲ ਗੱਲਾਂ ਤੋਂ ਬਚੋ। ਇੱਕ ਦੂਜੇ ਦੀ ਸਹਾਇਤਾ ਕਰੋ, ਰੋਗੀਆਂ ਦੀ ਖ਼ਬਰ-ਸਾਰ ਲਈ ਜਾਉ, ਕਿਸੇ ਦਾ ਦਿਹਾਂਤ ਹੋ ਜਾਵੇ ਤਾਂ ਉਹਦੇ ਜਨਾਜ਼ੇ ਵਿੱਚ ਸ਼ਾਮਲ ਹੋਵੇ, ਕਿਸੇ ਉੱਤੇ ਮੁਸੀਬਤ ਆ ਪਵੇ ਤਾਂ ਉਹਦੇ ਨਾਲ ਹਮਦਰਦੀ ਦਾ ਵਿਵਹਾਰ ਕਰੋ। ਜਿਹੜੇ ਗ਼ਰੀਬ, ਮੁਥਾਜ ਤੇ ਅਪੰਗ ਹਨ ਉਹਨਾਂ ਦੀ ਗੁਪਤ ਰੂਪ ਵਿੱਚ ਸਹਾਇਤਾ ਕਰੋ ਅਨਾਥਾਂ ਤੇ ਵਿਧਵਾ ਇਸਤਰੀਆਂ ਦਾ ਧਿਆਨ ਰੱਖੋ। ਭੁੱਖਿਆ ਨੂੰ ਭੋਜਨ ਕਰਵਾਉ, ਨੰਗਿਆਂ ਨੂੰ ਬਸਤਰ ਪਹਿਨਾਉ, ਬੇਰੁਜ਼ਗਾਰਾਂ ਨੂੰ ਕੰਮ ਤੇ ਲਗਾਉਣ ਵਿੱਚ ਸਹਾਇਤਾ ਕਰੋ। ਅੱਲਾਹ ਨੇ ਜੇਕਰ ਤੁਹਾਨੂੰ ਧਨ ਦਿੱਤਾ ਹੈ ਤਾਂ ਉਸ ਨੂੰ ਕੇਵਲ ਆਪਣੇ ਸੁੱਖ-ਅਰਾਮ ਵਿੱਚ ਹੀ ਨਾ ਉਡਾਓ। ਚਾਂਦੀ, ਸੋਨੇ ਦੇ ਭਾਂਡਿਆਂ ਦਾ ਪ੍ਰਯੋਗ ਕਰਨ, ਰੇਸ਼ਮੀ ਬਸਤਰ ਪਹਿਨਣ, ਆਪਣੇ ਧਨ ਨੂੰ ਵਿਅਰਥ ਮਨੋਰੰਜਨਾਂ, ਅਰਾਮ ਤੇ ਸੁਵਿਧਾਵਾਂ ਬਟੋਰਨ ਵਿੱਚ ਨਸ਼ਟ ਕਰਨ ਦੀ ਇਸਲਾਮ ਵਿੱਚ ਇਸ ਲਈ ਮਨਾਹੀ ਹੈ ਕਿ ਜਿਸ ਧਨ ਨਾਲ ਅੱਲਾਹ ਦੇ ਹਜ਼ਾਰਾਂ ਬੰਦਿਆਂ ਨੂੰ ਰੋਟੀ-ਰੋਜ਼ੀ ਮਿਲ ਸਕਦੀ ਹੈ ਉਸ ਨੂੰ ਕੋਈ ਵਿਅਕਤੀ ਕੇਵਲ ਆਪਣੇ ਹੀ ਉੱਪਰ ਖ਼ਰਚ ਨਾ ਕਰ ਦੇਵੇ। ਇਹ ਇੱਕ ਅਨਿਆਂ ਹੈ ਕਿ ਜਿਸ ਧਨ ਨਾਲ ਬਹੁਤ ਸਾਰਿਆਂ ਦੇ ਪੇਟ ਪਲ ਸਕਦੇ ਹਨ ਉਹ ਇੱਕ ਗਹਿਣੇ ਦੇ ਰੂਪ ਵਿੱਚ ਤੁਹਾਡੇ ਸ਼ਰੀਰ ਤੇ

---

*(1) ਜਿਹੜਾ ਬਰਾਬਰੀ ਤੇ ਜੋੜ ਦਾ ਨਾ ਹੋਵੇ।*

Scanned with CamScanner

ਲਟਕਿਆ ਰਹੇ, ਇੱਕ ਬਰਤਨ ਦੇ ਰੂਪ ਵਿੱਚ ਤੁਹਾਡੀ ਮੇਜ਼ ਉੱਤੇ ਸਜਿਆ ਰਹੇ, ਇੱਕ ਕਾਲੀਨ ਬਣਿਆਂ ਤੁਹਾਡੇ ਕਮਰੇ ਵਿੱਚ ਪਿਆ ਰਹੇ ਜਾਂ ਆਤਿਸ਼ਬਾਜ਼ੀ ਬਣਕੇ ਅੱਗ ਦੀ ਭੇਂਟ ਚੜ੍ਹ ਜਾਵੇ। ਇਸਲਾਮ ਤੁਹਾਥੋਂ ਤੁਹਾਡਾ ਧਨ ਖੋਹਣਾ ਨਹੀਂ ਚਾਹੁੰਦਾ ਜੋ ਕੁੱਝ ਤੁਸਾਂ ਕਮਾਇਆਂ ਹੈ ਜਾਂ ਵਿਰਾਸਤ ਵਿੱਚ ਪ੍ਰਾਪਤ ਕੀਤਾ ਹੈ ਉਸ ਦੇ ਮਾਲਕ ਤੁਸੀਂ ਹੀ ਹੋ। ਉਹ ਤੁਹਾਨੂੰ ਇਹ ਪੂਰਾ ਅਧਿਕਾਰ ਦਿੰਦਾ ਹੈ ਕਿ ਆਪਣੇ ਧਨ ਨਾਲ ਅਨੰਦ ਮਾਣੋ। ਉਹ ਇਸ ਦੀ ਵੀ ਆਗਿਆ ਦਿੰਦਾ ਹੈ ਕਿ ਜਿਹੜੀਆਂ ਨਿਆਮਤਾਂ ਅੱਲਾਹ ਨੇ ਤੁਹਾਨੂੰ ਦਿੱਤੀਆਂ ਹਨ ਉਹ ਤੁਹਾਡੇ ਬਸਤਰ, ਮਕਾਨ ਤੇ ਸਵਾਰੀ ਤੋਂ ਪ੍ਰਗਟ ਹੋਣੀਆਂ ਚਾਹੀਦੀਆਂ ਹਨ। ਇਸਲਾਮ ਦੀ ਇਸ ਸਿੱਖਿਆ ਦਾ ਭਾਵ ਇਹ ਹੈ ਕਿ ਤੁਸੀਂ ਇੱਕ, ਸਾਦਾ-ਸਰਲ ਤੇ ਮਧਵਰਤੀ ਜੀਵਨ ਨੂੰ ਆਪਣਾਉ। ਆਪਣੀਆਂ ਲੋੜਾਂ ਨੂੰ ਹੱਦੋਂ ਨਾ ਵਧਾਓ ਅਤੇ ਆਪਣੇ ਨਾਲ-ਨਾਲ ਆਪਣੇ ਰਿਸ਼ਤੇਦਾਰਾਂ, ਮਿੱਤਰਾਂ, ਗੁਆਂਢੀਆਂ, ਜਾਤੀ ਵਾਲਿਆਂ ਦੇਸ਼ ਵਾਸੀਆਂ ਤੇ ਸਧਾਰਨ ਲੋਕਾਂ ਦੇ ਅਧਿਕਾਰਾਂ ਦਾ ਵੀ ਧਿਆਨ ਰੱਖੋ।

ਇਸ ਛੋਟੇ ਜਿਹੇ ਖੇਤਰ 'ਚੋਂ ਨਿਕਲ ਕੇ ਹੁਣ ਵਿਸਤ੍ਰਿਤ ਖੇਤਰ 'ਤੇ ਨਿਗ੍ਹਾ ਮਾਰੋ ਜਿਸ ਵਿੱਚ ਵਿਸ਼ਵ ਦੇ ਸਾਰੇ ਮੁਸਲਮਾਨ ਆ ਜਾਂਦੇ ਹਨ। ਇਸ ਖੇਤਰ ਲਈ ਇਸਲਾਮ ਨੇ ਅਜਿਹੇ ਕਾਨੂੰਨ ਤੇ ਜ਼ਾਬਤੇ ਨਿਸ਼ਚਤ ਕੀਤੇ ਹਨ ਜਿਨ੍ਹਾਂ ਸਦਕਾ ਮੁਸਲਮਾਨ ਇੱਕ ਦੂਜੇ ਦੀ ਭਲਾਈ ਵਿੱਚ ਸਹਾਇਕ ਹੋਣ ਤੇ ਬੁਰਾਈਆਂ ਪ੍ਰਗਟ ਹੋਣ ਦੀਆਂ ਸੰਭਾਵਨਾਵਾਂ ਪੈਦਾ ਹੀ ਨਾ ਹੋਣ ਦਿੱਤੀਆਂ ਜਾਣ। ਉਦਾਹਰਣ ਵਜੋਂ ਇਥੇ ਅਸੀਂ ਉਹਨਾਂ ਵਿਚੋਂ ਕੁਝ ਕੁ ਵੱਲ ਸੰਕੇਤ ਕਰਦੇ ਹਾਂ

(1) ਕੌਮੀ ਨੈਤਿਕਤਾ ਦੀ ਸੁਰੱਖਿਆ ਲਈ ਇਹ ਨਿਯਤ ਕੀਤਾ ਗਿਆ ਕਿ ਜਿਨ੍ਹਾਂ ਇਸਤਰੀਆਂ ਤੇ ਪੁਰਸ਼ਾਂ ਵਿਚਕਾਰ ਵਿਆਹ ਵਰਜਿਤ ਨਹੀਂ ਹੈ ਉਹ ਇੱਕ ਦੂਜੇ ਨਾਲ ਸੁਤੰਤਰ ਮੇਲ ਜੋਲ ਨਾ ਰੱਖਣ, ਇਸਤਰੀਆਂ ਦੀ ਸੁਸਾਇਟੀ ਅੱਲਗ ਰਹੇ ਤੇ ਪੁਰਸ਼ਾਂ ਦੀ ਅਲੱਗ। ਇਸਤਰੀਆਂ ਵਧੇਰੇ ਕਰਕੇ ਘਰੇਲੂ ਜੀਵਨ ਪ੍ਰਤੀ ਆਪਣੇ ਕਰਤੱਵਾਂ ਵੱਲ ਧਿਆਨ ਦੇਣ। ਜੇਕਰ ਲੋੜ ਪੈਣ ਤੇ ਘਰੋਂ ਬਾਹਰ ਨਿਕਲਣ ਤਾਂ ਹਾਰ-ਸ਼ਿੰਗਾਰ ਕਰਕੇ ਨਾ ਨਿਕਲਣ। ਸਾਧਾਰਨ ਕਪੜੇ ਪਾ ਕੇ ਨਿਕਲਣ, ਸਰੀਰ ਨੂੰ ਚੰਗੀ ਤਰ੍ਹਾਂ ਢਕ ਕੇ ਰੱਖਣ। ਚਿਹਰਾ ਹੱਥ ਨੰਗੇ ਰੱਖਣ ਦੀ ਜੇਕਰ ਸਖ਼ਤ ਜ਼ਰੂਰਤ ਨਾ

Scanned with CamScanner

ਹੋਵੇ ਤਾਂ ਉਹਨਾਂ ਨੂੰ ਵੀ ਢਕ ਕੇ ਰੱਖਣ। ਜੇਕਰ ਵਾਸਤਵ ਵਿੱਚ ਕੋਈ ਜ਼ਰੂਰਤ ਪੈ ਜਾਵੇ ਤਾਂ ਕੇਵਲ ਉਸਦੀ ਪੂਰਤੀ ਲਈ ਹੱਥ-ਮੂੰਹ ਪਰਦੇ 'ਚੋਂ ਕੱਢਣ। ਇਸ ਦੇ ਨਾਲ ਹੀ ਪੁਰਸ਼ਾਂ ਲਈ ਹੁਕਮ ਹੈ ਕਿ ਪਰਾਈਆਂ ਇਸਤਰੀਆਂ ਵੱਲ ਨਾ ਤੱਕਣ। ਅਚਾਨਕ ਨਿਗ੍ਹਾ ਪੈ ਜਾਵੇ ਤਾਂ ਨਿਗ੍ਹਾ ਹਟਾ ਲੈਣ। ਦੁਬਾਰਾ ਦੇਖਣ ਦਾ ਯਤਨ ਕਰਨਾ ਬੁਰਾ ਹੈ ਅਤੇ ਉਹਨਾਂ ਨੂੰ ਮਿਲਣ ਤੇ ਯਤਨ ਕਰਨਾ ਬਹੁਤ ਹੀ ਬੁਰਾ ਹੈ। ਹਰੇਕ ਪੁਰਸ਼ ਤੇ ਇਸਤਰੀ ਦਾ ਕਰਤੱਵ ਹੈ ਕਿ ਉਹ ਆਪਣੇ ਚਰਿੱਤਰ ਦੀ ਰੱਖਿਆ ਕਰੇ ਅਤੇ ਈਸ਼ਵਰ ਨੇ ਕਾਮਵਾਸ਼ਨਾ ਦੀ ਪੂਰਤੀ ਲਈ ਵਿਆਹ ਦੀ ਜਿਹੜੀ ਸੀਮਾ ਨਿਯਤ ਕਰ ਦਿੱਤੀ ਹੈ ਉਸ ਤੋਂ ਬਾਹਰ ਨਿਕਲਣ ਦੀ ਕੋਸ਼ਿਸ਼ ਕਰਨਾ ਤਾਂ ਦੂਰ ਦੀ ਗੱਲ ਹੈ, ਇਸਦੀ ਖ਼ਾਹਿਸ਼ ਵੀ ਮਨ ਵਿੱਚ ਪੈਦਾ ਨਾ ਹੋਣ ਦੇਵੇ।

(2) ਕੌਮੀ ਨੈਤਿਕਤਾ ਦੀ ਰੱਖਿਆ ਲਈ ਇਹ ਨਿਯਤ ਕੀਤਾ ਗਿਆ ਕਿ ਕੋਈ ਪੁਰਸ਼ ਗੋਡਿਆਂ ਤੋਂ ਧੁੰਨ ਦੇ ਵਿਚਕਾਰਲਾ ਭਾਗ ਅਤੇ ਕੋਈ ਇਸਤਰੀ ਚਿਹਰੇ ਤੇ ਹੱਥ ਤੋਂ ਬਿਨਾਂ ਆਪਣੇ ਸਰੀਰ ਦਾ ਕੋਈ ਵੀ ਅੰਗ ਕਿਸੇ ਸਾਹਮਣੇ ਨਾ ਖੋਲ੍ਹੇ ਭਾਵੇਂ ਉਹ ਉਸਦਾ ਨੇੜਲਾ ਸਬੰਧੀ ਹੀ ਕਿਉਂ ਨਾ ਹੋਵੇ। ਇਸ ਨੂੰ ਸ਼ਰੀਅਤ ਦੀ ਭਾਸ਼ਾ ਵਿੱਚ ਸਤਰ ਕਹਿੰਦੇ ਹਨ ਤੇ ਇਸ ਨੂੰ ਢੱਕ ਕੇ ਰੱਖਣਾ ਹਰੇਕ ਪੁਰਸ਼ ਤੇ ਇਸਤਰੀ ਲਈ ਜ਼ਰੂਰੀ ਹੈ। ਇਸਲਾਮ ਦਾ ਉਦੇਸ਼ ਇਹ ਹੈ ਕਿ ਲੋਕਾਂ ਵਿੱਚ ਸ਼ਰਮ (ਲੱਜਾ) ਦੀ ਭਾਵਨਾ ਪੈਦਾ ਹੋਵੇ, ਅਸ਼ਲੀਲਤਾ ਨਾ ਪਸਰ ਸਕੇ ਜਿਸ ਨਾਲ ਅੰਤ ਵਿੱਚ ਦੁਰਾਚਾਰ ਤੇ ਅਨੈਤਿਕਤਾ ਪੈਦਾ ਹੁੰਦੀ ਹੈ।

(3) ਇਸਲਾਮ ਅਜਿਹੇ ਮਨੋਰੰਜਨ ਤੇ ਸ਼ੌਕ ਨੂੰ ਵੀ ਪਸੰਦ ਨਹੀਂ ਕਰਦਾ ਜਿਹੜੇ ਚਰਿੱਤਰ ਨੂੰ ਵਿਗਾੜਨ ਵਾਲੇ, ਬੁਰੀਆਂ ਇੱਛਾਵਾਂ ਨੂੰ ਭੜਕਾਉਣ ਵਾਲੇ, ਧਨ, ਸਮਾਂ ਤੇ ਸਿਹਤ ਨੂੰ ਨਸ਼ਟ ਕਰਨ ਵਾਲੇ ਹੋਣ। ਮਨੋਰੰਜਨ ਆਪਣੀ ਥਾਂ ਇੱਕ ਬਹੁਤ ਜ਼ਰੂਰੀ ਚੀਜ਼ ਹੈ। ਮਨੁੱਖ ਵਿੱਚ ਜ਼ਿੰਦਗੀ ਦੀ ਰੂਹ ਅਤੇ ਕੰਮ ਕਰਨ ਦਾ ਬਲ ਉਤਪੰਨ ਕਰਨ ਲਈ ਕੰਮ ਤੇ ਮਿਹਨਤ ਦੇ ਨਾਲ-ਨਾਲ ਇਹਦਾ ਹੋਣਾ ਵੀ ਭਾਵੇਂ ਬਹੁਤ ਜ਼ਰੂਰੀ ਹੈ। ਪਰੰਤੂ ਇਹ ਮਨੋਰੰਜਨ ਅਜਿਹੇ ਹੋਣੇ ਚਾਹੀਦੇ ਹਨ ਜਿਹੜੇ ਰੂਹ ਨੂੰ ਤਾਜ਼ਾ ਕਰਨ ਵਾਲੇ ਹੋਣ ਨਾ ਕਿ ਉਸ ਨੂੰ ਅਪਵਿੱਤਰ ਤੇ ਮਲੀਨ ਬਣਾ ਦੇਣ ਵਾਲੇ। ਬੇਹੂਦਾ ਮਨੋਰੰਜਨ ਜਿਨ੍ਹਾਂ ਵਿੱਚ ਹਜ਼ਾਰਾਂ ਆਦਮੀ ਇਕੱਠੇ ਬੈਠਕੇ ਅਪਰਾਧਾਂ ਦੀਆਂ

Scanned with CamScanner

ਕਲਪਤ ਘਟਨਾਵਾਂ ਤੇ ਬੇਸ਼ਰਮੀ ਦੇ ਦ੍ਰਿਸ਼ ਵੇਖਦੇ ਹਨ, ਸਮੁੱਚੀ ਮਨੁੱਖੀ ਜਾਤੀ ਦੇ ਚਰਿੱਤਰ ਤੇ ਆਦਤਾਂ ਨੂੰ ਵਿਗਾੜਨ ਵਾਲੀਆਂ ਚੀਜ਼ਾਂ ਹਨ।ਵੇਖਣ ਨੂੰ ਭਾਵੇਂ ਉਹ ਜਿੰਨੀਆਂ ਮਰਜ਼ੀ ਸ਼ੋਭਾ ਭਰਪੂਰ ਤੇ ਸੋਹਣੀਆਂ ਜਾਪਣ।

(4) ਕੌਮੀ ਏਕਤਾ, ਭਲਾਈ ਤੇ ਕਲਿਆਣ ਲਈ ਮੁਸਲਮਾਨਾਂ ਨੂੰ ਤਾਕੀਦ ਕੀਤੀ ਗਈ ਹੈ ਕਿ ਪ੍ਰੰਸਪਰ ਵਿਰੋਧ ਤੋਂ ਬਚੋ, ਫਿਰਕਾ ਪ੍ਰਸਤੀ ਤੋਂ ਪ੍ਰਹੇਜ਼ ਕਰੋ, ਕਿਸੇ ਮਾਮਲੇ 'ਚ ਮਤਭੇਦ ਹੋ ਜਾਵੇ ਤਾਂ ਸੱਚੇ ਮਨੋ ਕੁਰਆਨ ਤੇ ਹਦੀਸ ਦੀ ਆਗਵਾਈ 'ਚ ਇਸ ਦਾ ਫੈਸਲਾ ਕਰਨ ਦਾ ਉਪਰਾਲਾ ਕਰੋ।ਜੇਕਰ ਮਸਲਾ ਨਜਿੱਠਿਆ ਨਾ ਜਾ ਸਕੇ ਤਾਂ ਆਪਸ ਵਿੱਚ ਲੜਨ ਦੀ ਥਾਂ ਅੱਲਾਹ ਉੱਤੇ ਉਹਦਾ ਫੈਸਲਾ ਛੱਡ ਦਿਉ।ਕੌਮੀ ਭਲਾਈ ਦੇ ਕੰਮਾਂ ਵਿੱਚ ਇੱਕ ਦੂਜੇ ਨੂੰ ਸਹਿਯੋਗ ਦਿਉ।ਆਪਣੀ ਕੌਮ ਦੇ ਸਰਦਾਰਾਂ ਦੀ ਆਗਿਆ ਪਾਲਣ ਕਰਦੇ ਰਹੋ।ਝਗੜਾ ਕਰਨ ਵਾਲਿਆਂ ਤੋਂ ਵੱਖ ਹੋ ਜਾਉ। ਆਪਸੀ ਲੜਾਈਆਂ ਵਿੱਚ ਆਪਣੀ ਸ਼ਕਤੀ ਨੂੰ ਨਸ਼ਟ ਤੇ ਕੌਮ ਨੂੰ ਕਲੰਕਤ ਨਾ ਕਰੋ।

(5) ਮੁਸਲਮਾਨਾਂ ਨੂੰ ਗ਼ੈਰ ਮੁਸਲਮਾਨ ਜਾਤੀਆਂ ਤੋਂ ਸਿੱਖਿਆ, ਕਲਾ ਆਦਿ ਪ੍ਰਾਪਤ ਕਰਨ ਤੇ ਉਹਨਾਂ ਦੇ ਉਪਯੋਗੀ ਢੰਗ ਸਿੱਖਣ ਦੀ ਪੂਰਨ ਆਗਿਆ ਹੈ।ਪਰ ਜੀਵਨ ਵਿੱਚ ਉਹਨਾਂ ਦੀ ਰੀਸ ਕਰਨ ਤੋਂ ਰੋਕ ਦਿੱਤਾ ਗਿਆ ਹੈ।ਇੱਕ ਕੌਮ ਦੂਜੀ ਕੌਮ ਦੀ ਨਕਲ (ਸੰਸਕ੍ਰਿਤੀ ਤੇ ਸਭਿਆਚਾਰ ਵਿੱਚ) ਉਸੇ ਸਮੇਂ ਕਰਦੀ ਹੈ ਜਦੋਂ ਉਹ ਆਪਣੀ ਹੀਣਤਾ ਤੇ ਨਿਮਾਣੀ ਹੋਣਾ ਸਵੀਕਾਰ ਕਰ ਲੈਂਦੀ ਹੈ।ਇਹ ਅਧੀਨਤਾ ਦੀ ਅਤਿ ਭੈੜੀ ਕਿਸਮ ਹੈ।ਆਪਣੀ ਹਾਰ ਦਾ ਖੁਲ੍ਹੱਮ-ਖੁੱਲ੍ਹਾ ਐਲਾਨ ਹੈ।ਅੰਤ ਇਸ ਦਾ ਨਤੀਜਾ ਇਹ ਹੁੰਦਾ ਹੈ ਕਿ ਨਕਲ ਕਰਨ ਵਾਲੀ ਜਾਤੀ ਦੀ ਸੱਭਿਅਤਾ ਨਸ਼ਟ ਹੋ ਜਾਂਦੀ ਹੈ।ਇਸ ਲਈ ਅੱਲਾਹ ਦੇ ਰਸੂਲ (ਸ.) ਨੇ ਦੂਜੀਆਂ ਜਾਤੀਆਂ ਦੇ ਰਹਿਣ-ਸਹਿਣ ਨੂੰ ਧਾਰਨ ਕਰਨ ਤੋਂ ਸਖਤੀ ਨਾਲ ਰੋਕਿਆ ਹੈ।ਇਹ ਗੱਲ ਸਧਾਰਨ ਬੁੱਧੀ ਵਾਲਾ ਆਦਮੀ ਵੀ ਸਮਝ ਸਕਦਾ ਹੈ। ਕਿਸੇ ਜਾਤੀ ਦੀ ਸ਼ਕਤੀ ਉਸਦੇ ਬਸਤਰ ਜਾਂ ਰਹਿਣ ਸਹਿਣ ਦੇ ਢੰਗ ਨਾਲ ਨਹੀਂ ਹੁੰਦੀ ਸਗੋਂ ਉਸਦੇ ਗਿਆਨ, ਉਸ ਦੀ ਏਕਤਾ ਅਤੇ ਕਾਰਜਸ਼ੀਲਤਾ ਦੇ ਬਲ ਕਾਰਨ ਹੁੰਦੀ ਹੈ। ਇਸ ਲਈ ਜੇਕਰ ਸ਼ਕਤੀ ਪ੍ਰਾਪਤ ਕਰਨੀ ਚਾਹੁੰਦੇ ਹੋ ਤਾਂ ਉਹ ਚੀਜ਼ਾਂ ਗ੍ਰਹਿਣ ਕਰੋ ਜਿਨ੍ਹਾਂ ਤੋਂ ਜਾਤੀਆਂ ਸ਼ਕਤੀ ਪ੍ਰਾਪਤ ਕਰਦੀਆਂ ਹਨ ਨਾ ਕਿ ਉਹ ਚੀਜ਼ਾਂ ਜਿਸ ਨਾਲ ਜਾਤੀਆਂ ਗ਼ੁਲਾਮ

Scanned with CamScanner

ਹੁੰਦੀਆਂ ਹਨ। ਅਖ਼ੀਰ ਦੂਜਿਆਂ ਵਿੱਚ ਸਮਾਕੇ ਆਪਣੀ ਕੌਮੀ ਹੋਂਦ ਹੀ ਗੁਆ ਬੈਠਦੀਆਂ ਹਨ।

ਗ਼ੈਰ-ਮੁਸਲਮਾਨਾਂ ਨਾਲ ਵਿਵਹਾਰ ਕਰਨ ਲਈ ਮੁਸਲਮਾਨਾਂ ਨੂੰ ਪਖਪਾਤ ਤੇ ਸੌੜੀ ਸੋਚ ਰੱਖਣ ਦੀ ਸਿੱਖਿਆ ਨਹੀਂ ਦਿੱਤੀ ਗਈ। ਉਹਨਾਂ ਦੇ ਮਹਾਂਪੁਰਖਾਂ ਨੂੰ ਬੁਰਾ ਕਹਿਣ ਜਾਂ ਉਹਨਾਂ ਦੇ ਧਰਮ ਦਾ ਅਪਮਾਨ ਕਰਨ ਤੋਂ ਰੋਕਿਆ ਗਿਆ ਹੈ। ਉਹਨਾਂ ਨਾਲ ਝਗੜਾ ਕਰਨ ਤੋਂ ਵੀ ਰੋਕਿਆ ਗਿਆ ਹੈ। ਉਹ ਜੇਕਰ ਸਾਡੇ ਨਾਲ ਮੇਲ ਮਿਲਾਪ ਰੱਖਣ ਸਾਡੇ ਅਧਿਕਾਰਾਂ 'ਤੇ ਹਥ ਨਾ ਮਾਰਨ ਤਾਂ ਸਾਨੂੰ ਵੀ ਉਹਨਾਂ ਨਾਲ ਮੇਲ-ਜੋਲ ਰੱਖਣ, ਮਿੱਤਰਤਾ ਭਰਿਆ ਵਿਵਹਾਰ ਕਰਨ ਤੇ ਨਿਆਂਪੂਰਬਕ ਪੇਸ਼ ਆਉਣ ਦੀ ਸਿੱਖਿਆ ਦਿੱਤੀ ਗਈ ਹੈ। ਸਾਡੀ ਇਸਲਾਮੀ ਸ਼ਰਾਫ਼ਤ ਚਾਹੁੰਦੀ ਹੈ ਕਿ ਅਸੀਂ ਸਭ ਤੋਂ ਵੱਧਕੇ ਮਨੁੱਖੀ ਹਮਦਰਦੀ ਤੇ ਸਦ ਵਿਵਹਾਰ ਅਪਣਾਈਏ। ਸੁਭਾ ਤੇ ਆਚਰਣ ਵਿੱਚ ਕਠੋਰਤਾ, ਜ਼ੁਲਮ, ਥੁੜ-ਦਿਲੀ ਮੁਸਲਮਾਨ ਨੂੰ ਸ਼ੋਭਾ ਨਹੀਂ ਦਿੰਦੀ ਤੇ ਇਹ ਚੀਜ਼ਾਂ ਮੁਸਲਮਾਨ ਵਿੱਚ ਨਹੀਂ ਮਿਲਦੀਆਂ। ਮੁਸਲਮਾਨ ਸੰਸਾਰ ਵਿੱਚ ਇਸ ਲਈ ਪੈਦਾ ਕੀਤਾ ਗਿਆ ਹੈ ਕਿ ਚੰਗੇ ਸੁਭਾ, ਸੱਜਣਤਾ ਤੇ ਨੇਕੀ ਦਾ ਵਧੀਆ ਆਦਰਸ਼ ਪੇਸ਼ ਕਰੇ ਅਤੇ ਆਪਣੇ ਸਿਧਾਤਾਂ ਨਾਲ ਲੋਕਾਂ ਦੇ ਦਿਲ ਜਿੱਤ ਲਵੇ।

## ਸ਼ਰਿਸ਼ਟੀ ਦੀਆਂ ਸਮੂਹ ਵਸਤਾਂ ਦਾ ਹੱਕ

ਹੁਣ ਅਸੀਂ ਸੰਖੇਪ ਵਿੱਚ ਚੌਥੀ ਕਿਸਮ ਦੇ ਹੱਕ ਬਿਆਨ ਕਰਾਂਗੇ। ਈਸ਼ਵਰ ਨੇ ਸਰਿਸ਼ਟੀ ਦੇ ਅਣਗਿਣਤ ਜੀਵ-ਜੰਤੂ ਆਦਿ ਉੱਤੇ ਮਨੁੱਖ ਨੂੰ ਅਧਿਕਾਰ ਦਿੱਤੇ ਹਨ। ਮਨੁੱਖ ਆਪਣੀ ਸ਼ਕਤੀ ਨਾਲ ਉਹਨਾਂ ਨੂੰ ਅਧੀਨ ਕਰਦਾ ਹੈ। ਉਹਨਾਂ ਤੋਂ ਕੰਮ ਲੈਂਦਾ ਹੈ। ਉਹਨਾਂ ਤੋਂ ਲਾਭ ਪ੍ਰਾਪਤ ਕਰਦਾ ਹੈ। ਸਰਬਉੱਚ ਪ੍ਰਾਣੀ ਹੋਣ ਕਰਕੇ ਉਸ ਨੂੰ ਅਜਿਹਾ ਕਰਨ ਦਾ ਪੂਰਾ ਹੱਕ ਪ੍ਰਾਪਤ ਹੈ। ਪਰ ਨਾਲ ਨਾਲ ਉਹਨਾਂ ਚੀਜ਼ਾਂ ਪ੍ਰਤੀ ਮਨੁੱਖ ਦੇ ਵੀ ਕੁੱਝ ਕਰਤੱਵ ਹਨ ਉਹ ਇਹ ਹਨ ਮਨੁੱਖ ਉਹਨਾਂ ਨੂੰ ਵਿਅਰਥ ਨਸ਼ਟ ਨਾ ਕਰੇ। ਉਹਨਾਂ ਨੂੰ ਬਿਨਾਂ ਕਿਸੇ ਜ਼ਰੂਰਤ ਦੇ ਨੁਕਸਾਨ ਜਾਂ ਤਕਲੀਫ਼ ਨਾ ਪਹੁੰਚਾਵੇ। ਆਪਣੇ ਫਾਇਦੇ ਲਈ ਉਹਨਾਂ ਨੂੰ ਘੱਟ ਤੋਂ ਘੱਟ ਹਾਨੀ ਪਹੁੰਚਾਵੇ ਜਿਹੜੀ ਜ਼ਰੂਰੀ ਹੋਵੇ। ਉਹਨਾਂ ਦਾ ਉਪਯੋਗ ਕਰਨ ਲਈ ਸਰਵ ਉਤਮ, ਉੱਤਮ ਵਿਧੀ ਅਪਣਾਵੇ।

Scanned with CamScanner

ਸ਼ਰੀਅਤ (ਧਰਮ-ਸ਼ਾਸਤਰ) ਵਿੱਚ ਇਹਨਾਂ ਬਾਰੇ ਵੱਡੀ ਮਾਤਰਾ ਵਿੱਚ ਹੁਕਮ ਦਿੱਤੇ ਗਏ ਹਨ। ਜਿਵੇਂ ਜਾਨਵਰਾਂ ਨੂੰ ਕੇਵਲ ਉਸ ਸਮੇਂ ਮਾਰਨ ਦੀ ਆਗਿਆ ਦਿੱਤੀ ਹੈ ਜਦੋਂ ਕਿ ਉਹਨਾਂ ਤੋਂ ਹਾਨੀ ਪੁੱਜਣ ਦਾ ਡਰ ਹੋਵੇ ਜਾਂ ਫੇਰ ਖ਼ੁਰਾਕ ਵਜੋਂ ਵਰਤਨ ਲਈ ਮਾਰਿਆ ਜਾ ਸਕਦਾ ਹੈ। ਪਰੰਤੂ ਅਕਾਰਨ ਹੀ ਖੇਡ ਤੇ ਮਨੋਰੰਜਨ ਲਈ ਉਹਨਾਂ ਦੀ ਜਾਨ ਲੈਣ ਤੋਂ ਰੋਕਿਆ ਗਿਆ ਹੈ। ਖਾਣ ਵਾਲੇ ਜਾਨਵਰਾਂ ਨੂੰ (ਜ਼ਿਬਾਹ) ਹਲਾਕ ਕਰਨ ਦਾ ਢੰਗ ਨਿਯਤ ਕੀਤਾ ਗਿਆ ਹੈ ਜਿਹੜਾ ਜਾਨਵਰਾਂ ਤੋਂ ਮਾਸ ਪ੍ਰਾਪਤ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ। ਇਸ ਤੋਂ ਬਿਨਾਂ ਜਿੰਨੇ ਤਰੀਕੇ ਹਨ ਉਹ ਭਾਵੇਂ ਘੱਟ ਦੁਖਦਾਈ ਹਨ ਪਰੰਤੂ ਉਹਨਾਂ ਨਾਲ ਮਾਸ ਦੇ ਅਨੇਕ ਲਾਭਕਾਰੀ ਗੁਣ ਨਸ਼ਟ ਹੋ ਜਾਂਦੇ ਹਨ। ਜੇਕਰ ਉਹ ਮਾਸ ਤੇ ਲਾਭਕਾਰੀ ਗੁਣਾਂ ਨੂੰ ਸੁਰੱਖਿਅਤ ਰੱਖਣ ਵਾਲੇ ਹਨ ਤਾਂ ਜ਼ਿਬਾਹ ਦੇ ਤਰੀਕੇ ਤੋਂ ਅਧਿਕ ਕਸ਼ਟਦਾਇਕ ਹਨ। ਇਸਲਾਮ ਇਹਨਾਂ ਦੋਹਾਂ ਪੱਖਾਂ ਤੋਂ ਬਚਣਾ ਚਾਹੁੰਦਾ ਹੈ। ਇਸਲਾਮ ਵਿੱਚ ਜਾਨਵਰਾਂ ਨੂੰ ਕਸ਼ਟ ਦੇ-ਦੇ ਕੇ ਬੇਰਹਿਮੀ ਨਾਲ ਮਾਰਨ ਦੀ ਸਖ਼ਤ ਮਨਾਹੀ ਹੈ। ਉਹ ਜ਼ਹਿਰੀਲੇ ਜਾਨਵਰਾਂ ਤੇ ਹਿੰਸਕ ਪਸ਼ੂਆਂ ਨੂੰ ਕੇਵਲ ਇਸ ਲਈ ਮਾਰਨ ਦੀ ਆਗਿਆ ਦਿੰਦਾ ਹੈ ਕਿ ਮਨੁੱਖ ਦੀ ਜਾਨ ਉਹਨਾਂ ਦੇ ਮੁਕਾਬਲੇ ਵਿੱਚ ਵਧੇਰੇ ਕੀਮਤੀ ਹੈ, ਪਰੰਤੂ ਉਹਨਾਂ ਨੂੰ ਵੀ ਤਸੀਹੇ ਦੇ ਕੇ ਮਾਰਨ ਤੋਂ ਰੋਕਦਾ ਹੈ। ਜਿਹੜੇ ਜਾਨਵਰ ਸਵਾਰੀ ਤੇ ਬੋਝ ਢੋਣ ਦੇ ਕੰਮ ਆਉਂਦੇ ਹਨ ਉਹਨਾਂ ਨੂੰ ਭੁੱਖਾ ਰੱਖਣ, ਉਹਨਾਂ ਤੋਂ ਅਤਿ ਸਖਤ ਕੰਮ ਲੈਣ ਅਤੇ ਬੇਰਹਿਮੀ ਨਾਲ ਮਾਰਨ ਕੁੱਟਣ ਤੋਂ ਮਨ੍ਹਾਂ ਕਰਦਾ ਹੈ। ਪੰਛੀਆਂ ਨੂੰ ਅਕਾਰਨ ਹੀ ਕੈਦ ਕਰਨ ਨੂੰ ਬੁਰਾ ਕਹਿੰਦਾ ਹੈ। ਜਾਨਵਰ ਤਾਂ ਜਾਨਵਰ ਇਸਲਾਮ ਇਸ ਨੂੰ ਵੀ ਪਸੰਦ ਨਹੀਂ ਕਰਦਾ ਕਿ ਰੁੱਖਾਂ ਨੂੰ ਵਿਅਰਥ ਹਾਨੀ ਪਹੁੰਚਾਈ ਜਾਵੇ। ਤੁਸੀਂ ਉਹਨਾਂ ਦੇ ਫਲ ਤੋੜ ਸਕਦੇ ਹੋ ਪਰੰਤੂ ਉਹਨਾਂ ਨੂੰ ਬਿਨਾਂ ਕਾਰਨ ਕੱਟਣ ਦਾ ਤੁਹਾਨੂੰ ਹੱਕ ਨਹੀਂ। ਬਨਸਪਤੀ ਵਿੱਚ ਤਾਂ ਫੇਰ ਵੀ ਪ੍ਰਾਣ ਹੁੰਦੇ ਹਨ। ਇਸਲਾਮ ਕਿਸੇ ਨਿਰਜੀਵ ਵਸਤੂ ਨੂੰ ਵੀ ਵਿਅਰਥ ਨਸ਼ਟ ਕਰਨ ਤੋਂ ਰੋਕਦਾ ਹੈ। ਇਥੋਂ ਤੱਕ ਕਿ ਪਾਣੀ ਨੂੰ ਅਜਾਈਂ ਡੋਲ੍ਹਣ ਤੋਂ ਮਨਾ ਕਰਦਾ ਹੈ।

## ਵਿਸ਼ਵ ਵਿਆਪੀ ਤੇ ਸਦੀਵੀ ਸ਼ਰੀਅਤ

ਇਹ ਉਸ ਸ਼ਰੀਅਤ ਦੇ ਹੁਕਮਾਂ ਤੇ ਕਾਨੂੰਨਾਂ ਦਾ ਇੱਕ ਬਹੁਤ ਹੀ ਸਰਸਰੀ

Scanned with CamScanner

ਸਾਰ-ਅੰਸ਼ ਹੈ ਜਿਹੜੀ ਹਜ਼ਰਤ ਮੁਹੰਮਦ (ਸ.) ਦੁਆਰ ਸਮੁੱਚੇ ਵਿਸ਼ਵ ਲਈ ਤੇ ਸਦਾ ਲਈ ਭੇਜੀ ਗਈ ਹੈ। ਇਸ ਸ਼ਰੀਅਤ ਵਿੱਚ ਮਨੁੱਖ ਤੇ ਮਨੁੱਖ ਵਿੱਚ ਵਿਚਾਰਧਾਰਾ ਤੇ ਵਿਵਹਾਰ ਤੇ ਫ਼ਰਕ ਤੋਂ ਬਿਨਾਂ ਕਿਸੇ ਹੋਰ ਚੀਜ਼ ਤੇ ਅਧਾਰ ਤੇ ਫ਼ਰਕ ਨਹੀਂ ਕੀਤਾ ਗਿਆ ਹੈ। ਜਿਨ੍ਹਾਂ ਧਰਮਾਂ ਤੇ ਸ਼ਰੀਅਤਾਂ ਵਿੱਚ ਦੇਸ਼, ਨਸਲ ਤੇ ਰੰਗ ਦੇ ਅਧਾਰ ਤੇ ਮਨੁੱਖਾਂ ਵਿੱਚ ਫ਼ਰਕ ਕੀਤਾ ਗਿਆ ਹੈ ਉਹ ਕਦੇ ਵੀ ਵਿਸ਼ਵ ਵਿਆਪੀ ਸ਼ਰੀਅਤ ਨਹੀਂ ਹੋ ਸਕਦੀ। ਕਿਉਂਕਿ ਇੱਕ ਵਿਸ਼ੇਸ਼ ਵੰਸ਼ ਦਾ ਮਨੁੱਖ ਦੂਜੇ ਵੰਸ਼ ਦਾ ਮਨੁੱਖ ਨਹੀਂ ਬਣ ਸਕਦਾ ਨਾਂ ਸਮੁੱਚਾ ਵਿਸ਼ਵ ਸਿਮਟ ਕੇ ਇੱਕ ਦੇਸ਼ ਵਿੱਚ ਸਮਾ ਸਕਦਾ ਹੈ। ਨਾ ਹਬਸ਼ੀ ਦੀ ਕਾਲਖ, ਚੀਨੀ ਦੀ ਪਿੱਲਤਣ ਤੇ ਫਰੰਗੀ ਦੀ ਸਫੈਦੀ ਬਦਲ ਸਕਦੀ ਹੈ। ਇਸ ਲਈ ਇਸ ਤਰ੍ਹਾਂ ਦੇ ਧਰਮ ਤੇ ਕਾਨੂੰਨ ਜ਼ਰੂਰ ਹੀ ਇੱਕੋ ਜਾਤੀ ਵਿੱਚ ਰਹਿੰਦੇ ਹਨ। ਉਹਨਾਂ ਦੀ ਤੁਲਨਾ ਵਿੱਚ ਇਸਲਾਮ ਦੀ ਸ਼ਰੀਅਤ ਇੱਕ ਵਿਸ਼ਵ ਵਿਆਪੀ ਸ਼ਰੀਅਤ ਹੈ। ਹਰੇਕ ਵਿਅਕਤੀ ਜਿਹੜਾ ਲਾ ਇਲਾਹ ਇੱਲਲਾਹ ਮੁਹੱਮਦੁੱਰ ਰਸੂਲੁੱਲਾਹ ਉੱਤੇ ਈਮਾਨ ਲਿਆਵੇ ਉਹ ਸ਼ਰੀਅਤ ਦੀ ਦ੍ਰਿਸ਼ਟੀ ਤੋਂ ਮੁਸਲਮਾਨ ਜਾਤੀ ਵਿੱਚ ਸਮਾਨ ਅਧਿਕਾਰ ਸਹਿਤ ਸ਼ਾਮਲ ਹੋ ਸਕਦਾ ਹੈ। ਇੱਥੇ ਵੰਸ਼, ਭਾਸ਼ਾ, ਦੇਸ਼ ਤੇ ਰੰਗ ਕਿਸੇ ਚੀਜ਼ ਲਈ ਵੀ ਕੋਈ ਵਿਸ਼ੇਸ਼ਤਾ ਨਹੀਂ ਹੈ।

ਫੇਰ ਇਹ ਸ਼ਰੀਅਤ ਸਦੀਵੀਂ ਸ਼ਰੀਅਤ ਵੀ ਹੈ। ਇਸ ਦੇ ਕਾਨੂੰਨ ਕਿਸੇ ਵਿਸ਼ੇਸ਼ ਜਾਤੀ, ਵਿਸ਼ੇਸ਼ ਯੁੱਗ ਦੇ ਰੀਤੀ-ਰਿਵਾਜਾਂ ਉੱਤੇ ਅਧਾਰਤ ਨਹੀਂ ਹਨ ਸਗੋਂ ਉਸ ਪ੍ਰਕਿਰਤੀ ਦੇ ਸਿਧਾਂਤ ਉੱਤੇ ਨਿਰਭਰ ਹਨ ਜਿਸ ਤੇ ਮਨੁੱਖ ਸੰਸਾਰ ਵਿੱਚ ਜਨਮ ਲੈਂਦਾ ਹੈ। ਜਦੋਂ ਇਹ ਪ੍ਰਕਿਰਤੀ ਹਰੇਕ ਯੁੱਗ ਤੇ ਹਰੇਕ ਅਵਸਥਾ 'ਚ ਸਥਿਰ ਹੈ ਤਾਂ ਉਹ ਕਾਨੂੰਨ ਤੇ ਨਿਯਮ ਵੀ ਹਰੇਕ ਅਵਸਥਾ ਵਿੱਚ ਕਾਇਮ ਰਹਿਣੇ ਚਾਹੀਦੇ ਹਨ ਜਿਹੜੇ ਇਸ 'ਤੇ ਅਧਾਰਤ ਹੋਣ।

★★★★★

Scanned with CamScanner